Ad Space
Available
Please call
Ph: 847-359-0746


ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Ad Space
Available
Please call
Ph: 847-359-0746



Twentieth Year of Publication | ਨਿਊ ਯਾਰਕ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 20, Issue 44, November 2, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਪੰਜਾਬ ਦੀ ਸਿਆਸਤ ਨੂੰ ਰਵਾਇਤੀ ਧਿਰਾਂ ਦਾ ਘੇਰਾ

### ਜ਼ਿਮਨੀ ਚੋਣਾਂ ਦਾ ਪੰਜਾਬ ਦੇ ਸਿਆਸੀ ਭਵਿਖ ਬਾਰੇ ਵੱਡਾ ਸੁਨੇਹਾ

**ਚੰਡੀਗੜ੍ਹ:** ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ- ਦਾਖਾ, ਮੁਕੇਰੀਆਂ, ਜਲਾਲਾਬਾਦ ਅਤੇ ਫਗਵਾੜਾ ਵਿਚ ਹੋਈਆਂ ਉਪ ਚੋਣਾਂ ਦੇ ਨਤੀਜਿਆਂ ਨੇ ਸਪਸ਼ਟ ਸੰਕੇਤ ਦੇ ਦਿੱਤੇ ਹਨ ਕਿ ਫਿਲਹਾਲ ਰਵਾਇਤੀ ਧਿਰਾਂ (ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ) ਹੀ ਪੰਜਾਬ ਦੀ ਸਿਆਸਤ ਦੀਆਂ ਝੰਡਾਬਰਦਾਰ ਰਹਿਣਗੀਆਂ। ਇਸ ਸੂਰਤ ਵਿਚ ਅਕਾਲੀ ਦਲ ਲਈ ਕਿਸੇ ਵੀ ਸਮੇਂ ਰਾਹ ਖੁੱਲ੍ਹਾ ਹੋ ਸਕਦਾ ਹੈ।

ਚੋਣਾਂ ਵਿਚ ਤੀਜੇ ਬਦਲ ਦੇ ਦਾਅਵੇ ਵਾਲਿਆਂ ਸਾਰੀਆਂ ਧਿਰਾਂ ਆਪਸੀ ਫੁੱਟ ਕਾਰਨ ਚੰਗਾ ਪ੍ਰਦਰਸ਼ਨ ਕਰਨ ਵਿਚ ਨਾਕਾਮ ਰਹੀਆਂ। ਇਥੋਂ ਤੱਕ ਕਿ ਵਿਧਾਨ ਸਭਾ ਚੋਣਾਂ ਵਿਚ ਵੱਡੀ ਧਿਰ ਬਣ ਕੇ ਉਭਰੀ ਆਮ ਆਦਮੀ ਪਾਰਟੀ ਦੇ ਚਾਰੇ ਸੀਟਾਂ ਤੋਂ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। 'ਆਪ' ਨੂੰ ਸਭ ਤੋਂ ਵੱਧ ਨਮੋਸ਼ੀ ਭਰੀ ਹਾਰ ਹਲਕਾ ਦਾਖਾ ਤੋਂ ਮਿਲੀ ਹੈ, ਜਿਥੋਂ ਪਾਰਟੀ ਦੇ ਉਮੀਦਵਾਰ ਅਮਨਦੀਪ ਸਿੰਘ ਮੋਹੀ ਨੂੰ ਸਿਰਫ 2,804 ਵੋਟਾਂ ਹੀ ਮਿਲੀਆਂ ਹਨ। ਜ਼ਿਕਰਯੋਗ ਹੈ ਕਿ ਦਾਖਾ ਹਲਕੇ ਦੀ ਸੀਟ 'ਆਪ' ਦੇ ਉਮੀਦਵਾਰ ਐਚ.ਐਸ. ਫੂਲਕਾ ਵਲੋਂ ਅਸਤੀਫਾ ਦੇਣ ਮਗਰੋਂ ਖਾਲੀ ਹੋਈ ਸੀ। 'ਆਪ' ਦਾ ਇਸ ਸੀਟ ਉਤੇ ਚੰਗਾ ਆਧਾਰ ਸੀ, ਪਰ ਇਸ ਵਾਰ ਆਜ਼ਾਦ ਉਮੀਦਵਾਰ ਤੋਂ ਵੀ ਘੱਟ ਵੋਟਾਂ ਪਈਆਂ।

'ਆਪ' ਦੀ ਸਮੁੱਚੀ ਲੀਡਰਸ਼ਿਪ ਚਾਰ ਹਲਕਿਆਂ ਤੋਂ ਕੁੱਲ 25,276 ਵੋਟਾਂ ਹੀ ਹਾਸਲ ਕਰ ਸਕੀ ਹੈ। 'ਆਪ' ਵਾਂਗ ਹੀ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਅਤੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੀ ਇਨ੍ਹਾਂ ਜ਼ਿਮਨੀ ਚੋਣਾਂ ਵਿਚ ਨਾਮਾਤਰ ਹੀ ਸਰਗਰਮੀ ਰਹੀ ਹੈ ਜਿਸ ਕਾਰਨ ਹੁਣ ਪੰਜਾਬੀਆਂ ਨੂੰ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾਉਣ ਲਈ ਕਿਸੇ ਹੋਰ ਧਿਰ ਦੀ ਤਲਾਸ਼ ਰਹੇਗੀ। ਪੀ.ਡੀ.ਏ. ਜ਼ਿਮਨੀ ਚੋਣਾਂ ਵਿਚ ਅਜਿਹਾ ਖਿੱਲਰਨਾ ਸ਼ੁਰੂ ਹੋਇਆ ਕਿ ਚੋਣ ਪ੍ਰਚਾਰ ਭਖਣ ਤੱਕ ਇਹ ਖੱਖੜੀਆਂ-ਕਰੇਲੇ ਹੋ ਗਿਆ। ਪੀ.ਡੀ.ਏ. ਵਿਚਲੀਆਂ 6 ਪਾਰਟੀਆਂ ਵਿਚੋਂ ਲੋਕ ਇਨਸਾਫ ਪਾਰਟੀ ਨੇ ਪਹਿਲਾਂ ਹੀ ਫਗਵਾੜਾ ਤੋਂ ਆਪਣਾ ਉਮੀਦਵਾਰ ਖੜ੍ਹਾ ਕਰ ਕੇ ਲੀਕ ਖਿੱਚ

*(ਬਾਕੀ ਸਫਾ 6 ਉਤੇ)*

## ਭਾਜਪਾ ਦਾ 'ਰਾਸ਼ਟਰਵਾਦ' ਐਤਕੀਂ ਕੰਮ ਨਾ ਆਇਆ

**ਨਵੀਂ ਦਿੱਲੀ:** ਹਰਿਆਣਾ ਤੇ ਮਹਾਰਾਸ਼ਟਰ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਭਾਜਪਾ ਦੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਹਨ। ਹਰਿਆਣਾ ਵਿਚ 75 ਤੇ ਮਹਾਰਾਸ਼ਟਰ ਵਿਚ 220 ਤੋਂ ਪਾਰ ਦਾ ਸੁਪਨਾ ਅਧੂਰਾ ਹੀ ਰਹਿ ਗਿਆ। ਭਾਜਪਾ ਨਾਲ ਸਭ ਤੋਂ ਵੱਧ ਮਾੜੀ ਹਰਿਆਣਾ ਵਿਚ ਹੋਈ ਤੇ ਮਹਿਜ਼ 40 ਸੀਟਾਂ ਹੀ ਜੁੜੀਆਂ।

ਭਾਜਪਾ ਦਾ ਲੋਕ ਸਭਾ ਚੋਣਾਂ ਵਾਂਗ 'ਰਾਸ਼ਟਰਵਾਦ' ਵਾਲਾ ਫਾਰਮੂਲਾ ਇਨ੍ਹਾਂ ਸੂਬਿਆਂ ਵਿਚ ਫੇਲ ਸਾਬਤ ਹੋਇਆ। ਇਨ੍ਹਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਧਾਰਾ 370 ਮਨਸੂਖ ਕਰਕੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡ ਕੇ ਰਾਸ਼ਟਰਵਾਦੀ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਕੀਤੀ। ਸਰਜੀਕਲ ਸਟਰਾਈਕ ਵੀ ਹੋਈ। ਮੋਹਨ ਭਾਗਵਤ ਨੇ ਭਾਰਤ ਦੇ ਹਿੰਦੂ ਰਾਸ਼ਟਰ ਹੋਣ ਦਾ ਹੋਕਾ ਦਿੱਤਾ। ਚੋਣਾਂ ਨੂੰ ਜਜ਼ਬਾਤੀ ਨੁਹਾਰ ਦੇ ਕੇ ਭਾਜਪਾ ਪਹਿਲਾਂ ਵਰਗੀਆਂ ਜਿੱਤਾਂ ਹਾਸਲ ਕਰਨਾ ਚਾਹੁੰਦੀ ਸੀ ਪਰ ਚੋਣਾਂ ਦੇ ਨਤੀਜੇ ਇਹ ਦੱਸਦੇ ਹਨ ਕਿ ਬੇਰੁਜ਼ਗਾਰੀ, ਕਿਸਾਨੀ ਸੰਕਟ ਅਤੇ ਆਰਥਿਕ ਮੰਦਵਾੜੇ ਕਾਰਨ ਲੋਕ ਇੰਨੇ ਪਰੇਸ਼ਾਨ ਹਨ ਕਿ ਉਨ੍ਹਾਂ ਨੇ ਕਾਂਗਰਸ ਤੇ ਨੈਸ਼ਨਲ ਕਾਂਗਰਸ ਪਾਰਟੀ ਜਿਨ੍ਹਾਂ ਨੇ ਸੁਚੱਜੀ ਤਰ੍ਹਾਂ ਚੋਣ ਪ੍ਰਚਾਰ ਵੀ ਨਹੀਂ ਸੀ ਕੀਤਾ, ਨੂੰ ਵੋਟਾਂ ਪਾ ਕੇ ਆਪਣਾ ਵਿਰੋਧ ਦਰਜ ਕਰਾਇਆ ਹੈ।

2014 ਵਿਚ ਭਾਜਪਾ ਨੂੰ ਹਰਿਆਣਾ ਵਿਚ 33.2 ਫੀਸਦੀ ਵੋਟਾਂ ਦੇ ਨਾਲ 47 ਸੀਟਾਂ ਮਿਲੀਆਂ ਸਨ, ਉਥੇ ਸਾਲ 2019 ਵਿਚ 36.22 ਫੀਸਦੀ ਵੋਟਾਂ ਦੇ ਨਾਲ ਸਿਰਫ 40 ਸੀਟਾਂ ਹੀ ਮਿਲੀਆਂ ਹਨ। ਮਹਾਰਾਸ਼ਟਰ ਵਿਚ ਦੋ ਹਲਕਿਆਂ ਵਿਚ ਨੋਟਾ (ਭਾਵ ਕਿਸੇ ਵੀ ਉਮੀਦਵਾਰ ਦੀ ਚੋਣ ਨਾ ਕਰਨੀ) ਦਾ ਦੂਜੇ ਨੰਬਰ 'ਤੇ ਰਹਿਣਾ ਲੋਕਾਂ ਦਾ ਸਿਆਸੀ ਜਮਾਤ ਤੋਂ ਨਿਰਾਸ਼ ਹੋਣ ਦਾ ਪ੍ਰਤੀਕ ਹੈ। ਲੋਕ

*(ਬਾਕੀ ਸਫਾ 6 ਉਤੇ)*

## ਪ੍ਰਕਾਸ਼ ਪੁਰਬ: ਇਮਰਾਨ ਵੱਲੋਂ ਸਿੱਖਾਂ ਨੂੰ ਤੋਹਫਾ


**ਲਾਹੌਰ:** ਪਾਕਿਸਤਾਨ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਾਪਤ ਕਰਨ ਦੇ ਅਮਲ ਦੀ ਰਸਮੀ ਸ਼ੁਰੂਆਤ ਕਰ ਦਿੱਤੀ ਹੈ। ਦਸ ਏਕੜ ਤੋਂ ਵੱਧ ਰਕਬੇ 'ਚ ਬਣਨ ਵਾਲੀ ਬਾਬਾ ਗੁਰੂ



ਨਾਨਕ ਦੇਵ ਕੌਮਾਂਤਰੀ ਯੂਨੀਵਰਸਿਟੀ ਦਾ ਨੀਂਹ ਪੱਥਰ ਵਜ਼ੀਰੇ ਆਜ਼ਮ ਇਮਰਾਨ ਖਾਨ ਨੇ ਰੱਖਿਆ। ਬਾਬੇ ਨਾਨਕ ਦੇ ਨਾਂ ਉਤੇ ਯੂਨੀਵਰਸਿਟੀ ਉਸਾਰਨ ਸਬੰਧੀ ਤਜਵੀਜ਼ ਡੇਢ ਦਹਾਕਾ ਪਹਿਲਾਂ ਸਾਹਮਣੇ ਆਈ ਸੀ। ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੇ ਇਸ ਸਾਲ ਜੁਲਾਈ ਵਿਚ ਯੂਨੀਵਰਸਿਟੀ ਦੀ ਨੀਂਹ ਰੱਖੀ ਸੀ।

ਇਸ ਮੌਕੇ ਖਾਨ ਨੇ ਕਿਹਾ ਕਿ ਸਿੱਖ ਭਾਈਚਾਰੇ ਲਈ ਕਰਤਾਰਪੁਰ ਜਿਥੇ ਮਦੀਨਾ ਹੈ, ਉਥੇ ਨਨਕਾਣਾ ਸਾਹਿਬ ਭਾਈਚਾਰੇ ਦਾ ਮੱਕਾ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦਾ ਨੀਂਹ ਪੱਥਰ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਨਿਮਾਣੀ ਜਿਹੀ ਸ਼ਰਧਾਂਜਲੀ ਹੈ।

ਯੂਨੀਵਰਸਿਟੀ ਵਿਚ ਪੰਜਾਬੀ ਤੇ ਖਾਲਸਾ ਭਾਸ਼ਾਵਾਂ ਪੜ੍ਹਾਈਆਂ ਜਾਣਗੀਆਂ। ਇਸ ਤੋਂ ਪਹਿਲਾਂ ਸੂਬਾ ਸਰਕਾਰ ਨੇ ਗੁਰੂ ਨਾਨਕ ਦੇ ਜਨਮ ਅਸਥਾਨ ਵਿਖੇ ਯੂਨੀਵਰਸਿਟੀ ਦੀ ਸਥਾਪਨਾ ਲਈ 70 ਏਕੜ ਜ਼ਮੀਨ ਅਲਾਟ ਕੀਤੀ ਸੀ। ਪਾਕਿਸਤਾਨ ਦੇ ਘੱਟ ਗਿਣਤੀ ਸਿੱਖ ਭਾਈਚਾਰੇ ਵਲੋਂ ਲੰਮੇ ਸਮੇਂ ਤੋਂ ਆਪਣੇ ਧਰਮ ਦੇ ਬਾਨੀ ਦੇ ਨਾਂ ਉਤੇ ਯੂਨੀਵਰਸਿਟੀ ਸਥਾਪਤ ਕੀਤੇ ਜਾਣ ਦੀ ਮੰਗ ਕੀਤੀ ਜਾ ਰਹੀ ਸੀ। ਸਾਲ 2003 ਵਿਚ ਪਰਵੇਜ਼ ਇਲਾਹੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਹਿਲੀ ਵਾਰ ਬਾਬੇ ਨਾਨਕ ਦੇ ਨਾਂ 'ਤੇ ਯੂਨੀਵਰਸਿਟੀ ਸਥਾਪਤ ਕਰਨ ਦੀ ਤਜਵੀਜ਼ ਰੱਖੀ ਸੀ। ਦੋ ਸਾਲ ਪਹਿਲਾਂ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਨੇ ਇਸ ਪ੍ਰਾਜੈਕਟ ਨੂੰ ਅੰਤਿਮ ਪ੍ਰਵਾਨਗੀ ਦਿੱਤੀ ਸੀ।


Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832



AVAILABLE AT SELECT INDIAN STORES NEAR YOU
CONTACT: SINGH & SINGH DISTRIBUTORS @ +1 (908) 279-6056

Ad Space
Available
Please call
Ph: 847-359-0746

# ਚਿੰਤਕ ਐਸ. ਪੀ. ਸਿੰਘ ਨੂੰ ਸ਼ਰਧਾਂਜਲੀ

**ਨਿਊ ਯਾਰਕ (ਬਿਊਰੋ):** ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਨੇ ਜ਼ਿੰਮੇਵਾਰ ਸ਼ਖਸੀਅਤ, ਚਿੰਤਕ, ਲੋਕ ਪੱਖੀ, ਸਮਾਜਕ ਬਰਾਬਰੀ ਦੇ ਝੰਡਾਬਰਦਾਰ ਸੁਰਿੰਦਰਪਾਲ (ਐਸ. ਪੀ.) ਸਿੰਘ ਦੇ ਅਕਾਲ ਚਲਾਣੇ ਉਤੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਹੈ।


*ਸੁਰਿੰਦਰਪਾਲ (ਐਸ. ਪੀ.) ਸਿੰਘ*

ਜ਼ਿਕਰਯੋਗ ਹੈ ਕਿ ਐਸ. ਪੀ. ਸਿੰਘ ਗਦਰ ਲਹਿਰ ਤਹਿਤ ਹਿੰਦੁਸਤਾਨ ਦੀ ਆਜ਼ਾਦੀ ਲਈ ਅੰਗਰੇਜ਼ਾਂ ਵਿਰੁਧ ਜੰਗ ਲੜਨ ਵਾਲੇ ਗਦਰੀਆਂ ਵਿਚੋਂ ਇਕ ਗਦਰੀ ਬਾਬਾ ਭਾਈ ਭਗਵਾਨ ਸਿੰਘ ਗਿਆਨੀ ਦੇ ਦੋਹਤੇ ਸਨ। ਉਨ੍ਹਾਂ ਨੇ ਭਾਈ ਭਗਵਾਨ ਸਿੰਘ ਗਿਆਨੀ ਅਤੇ ਹੋਰ ਗਦਰੀਆਂ ਨਾਲ ਸਬੰਧਤ ਅਣਛਪਿਆ ਸਾਹਿਤ ਲੋਕਾਂ ਤਕ ਪੁੱਜਦਾ ਕਰਨ ਦਾ ਵੱਡਾ ਹੀਲਾ ਕੀਤਾ। ਉਹ ਅਕਸਰ ਜ਼ਿਕਰ ਕਰਦੇ ਸਨ ਕਿ ਉਨ੍ਹਾਂ ਦੇ ਨਾਨਾ ਜੀ ਨੇ ਉਸ ਦੇ ਜ਼ਿੰਮੇ ਜੋ ਕੰਮ ਲਾਇਆ ਸੀ, ਉਹ ਉਸ ਨੂੰ ਨਿਭਾਉਣ ਲਈ ਸਦਾ ਯਤਨਸ਼ੀਲ ਰਹੇ। ਇਉਂ ਭਾਈ ਭਗਵਾਨ ਸਿੰਘ ਅਤੇ ਹੋਰ ਗਦਰੀਆਂ ਦੀਆਂ ਕਵਿਤਾਵਾਂ ਅਤੇ ਹੋਰ ਸਾਹਿਤ ਲੋਕਾਂ ਤਕ ਪੁੱਜਾ।

ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ (ਨਿਊ ਯਾਰਕ) ਨੇ ਸਵਰਗੀ ਐਸ. ਪੀ. ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸੰਸਥਾ ਉਨ੍ਹਾਂ ਵਲੋਂ ਕੀਤੇ ਕੰਮ ਬਦਲੇ ਉਨ੍ਹਾਂ ਦੀ ਪ੍ਰਸ਼ੰਸਾ ਕਰਦੀ ਹੈ। ਫਾਊਂਡੇਸ਼ਨ ਹਮੇਸ਼ਾ ਵਾਂਗ ਗਦਰੀ ਬਾਬਿਆਂ ਦੀ ਸੋਚ ਨੂੰ ਅੱਗੇ ਲੈ ਕੇ ਜਾਣ ਅਤੇ ਆਪਣੇ ਵਿਰਸੇ ਨੂੰ ਆਉਣ ਵਾਲੀ ਪੀੜ੍ਹੀ ਤਕ ਦੇਖਣ ਦੀ ਯਤਨਸ਼ੀਲ ਹੈ। ਇਸ ਕਾਰਜ ਵਿਚ ਸੰਸਥਾ ਨੂੰ ਐਸ. ਪੀ. ਸਿੰਘ ਦਾ ਸਦਾ ਸਾਥ ਮਿਲਿਆ। ਉਹ ਨਿਊ ਯਾਰਕ ਸੈਮੀਨਾਰ 'ਚ ਹਾਜ਼ਰੀ ਭਰਨ ਵੀ ਆਏ ਸਨ। ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ।

## ਡਾਕ ਵਿਭਾਗ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੋਨੇ ਤੇ ਚਾਂਦੀ ਦੇ ਸਿੱਕੇ ਜਾਰੀ

**ਲੁਧਿਆਣਾ:** ਡਾਕ ਵਿਭਾਗ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੋਨੇ ਅਤੇ ਚਾਂਦੀ ਦੇ ਸਿੱਕੇ ਜਾਰੀ ਕੀਤੇ ਗਏ ਹਨ।

ਸੀਨੀਅਰ ਸੁਪਰਡੈਂਟ ਡਾ. ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਡਾਕ ਵਿਭਾਗ ਭਾਰਤ ਸਰਕਾਰ ਵੱਲੋਂ ਪੰਜਾਬ ਦੀਆਂ ਛੋਟੀਆਂ ਸਨਅਤਾਂ ਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੇ ਸਹਿਯੋਗ ਨਾਲ 5 ਗਰਾਮ ਅਤੇ 10 ਗਰਾਮ ਦੇ 24 ਕੈਰਟ ਸ਼ੁੱਧਤਾ ਵਾਲੇ ਸਿੱਕੇ ਅਤੇ 50 ਗਰਾਮ ਦੇ ਚਾਂਦੀ ਦੇ 999 ਸ਼ੁੱਧਤਾ ਵਾਲੇ ਜਾਰੀ ਕਰ ਰਿਹਾ ਹੈ।

ਉਨ੍ਹਾਂ ਦੱਸਿਆ ਕਿ 5 ਗਰਾਮ ਵਾਲਾ ਸੋਨੇ ਦਾ ਸਿੱਕਾ 22500 ਰੁਪਏ, 10 ਗਰਾਮ ਵਾਲਾ ਸੋਨੇ ਦਾ ਸਿੱਕਾ 45 ਹਜ਼ਾਰ ਅਤੇ 50 ਗਰਾਮ ਚਾਂਦੀ ਵਾਲਾ ਸਿੱਕਾ 3300 ਰੁਪਏ ਵਿਚ ਉਪਲਬਧ ਹੈ।

## ਨਿਤਿਸ਼ ਨੇ ਦਿੱਲੀ ਲਈ ਮੰਗਿਆ ਪੂਰਨ ਰਾਜ ਦਾ ਦਰਜਾ

**ਨਵੀਂ ਦਿੱਲੀ:** ਅਗਲੇ ਸਾਲ ਦੇ ਸ਼ੁਰੂ ਵਿਚ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਲੜਨ ਦੀ ਤਿਆਰੀ ਕਰ ਰਹੇ ਜਨਤਾ ਦਲ (ਯੂਨਾਈਟਡ) ਦੇ ਮੁਖੀ ਤੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਹਮਾਇਤ ਕੀਤੀ ਹੈ।

ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਨਿਤਿਸ਼ ਕੁਮਾਰ ਨੇ ਬਿਹਾਰ ਨੂੰ ਵਿਸ਼ੇਸ਼ ਦਰਜਾ ਦੇਣ 'ਤੇ ਵੀ ਜ਼ੋਰ ਦਿੱਤਾ, ਜਦੋਂ ਕਿ ਮੋਦੀ ਸਰਕਾਰ ਪਹਿਲਾਂ ਹੀ ਇਸ ਮੰਗ ਨੂੰ ਰੱਦ ਕਰ ਚੁੱਕੀ ਹੈ। ਬਿਹਾਰ ਦੇ ਮੁੱਖ ਮੰਤਰੀ ਨੇ ਕਿਹਾ ਕਿ ਜਿਵੇਂ ਕਿ ਅਸੀਂ ਬਿਹਾਰ ਲਈ ਵਿਸ਼ੇਸ਼ ਦਰਜੇ ਦੀ ਮੰਗ ਕਰਦੇ ਹਾਂ, ਉਸੇ ਤਰ੍ਹਾਂ ਅਸੀਂ ਹਮੇਸ਼ਾ ਦਿੱਲੀ ਲਈ ਪੂਰਨ ਰਾਜ ਦੀ ਮੰਗ ਕੀਤੀ ਹੈ।


Gas Station with Convenience Store For Sale

Sunoco Aplus Gas Station with Convenience store (business only) for IMMEDIATE sale in Chester. PA. The store is very busy & located at a busy intersection.

The owner is absentee owner & has employees to operate 24 hours a day. Very high volume (1.2M gallons/year) of gas & in-store grocery sales (1M).

Asking $550,000 plus Inventory.
Serious inquiries only.

Please contact at 317-509-7163

Note: Please do not contact any employee at the store.

ਗੈਸ ਸਟੇਸ਼ਨ ਤੇ ਕਨਵੀਨੀਐਂਸ ਸਟੋਰ ਵਿਕਾਊ ਹੈ

ਚੈਸਟਰ, ਪੈਨਸਿਲਵੇਨੀਆ ਵਿਚ ਸੁਨੋਕੋ ਏ-ਪਲੱਸ ਗੈਸ ਸਟੇਸ਼ਨ ਅਤੇ ਕਨਵੀਨੀਐਂਸ ਸਟੋਰ (ਸਿਰਫ ਬਿਜਨਸ) ਫੌਰੀ ਤੌਰ 'ਤੇ ਵਿਕਾਊ ਹੈ। ਸਟੋਰ ਬਿਜ਼ੀ ਇੰਟਰਸੈਕਸ਼ਨ 'ਤੇ ਹੈ ਅਤੇ ਬਹੁਤ ਹੀ ਬਿਜ਼ੀ ਹੈ।
ਮਾਲਕ ਐਬਸੈਂਟੀ ਓਨਰ ਹੈ ਅਤੇ ਗੈਸ ਸਟੇਸ਼ਨ 24 ਘੰਟੇ ਮੁਲਾਜ਼ਮ ਚਲਾਉਂਦੇ ਹਨ। ਬਹੁਤ ਹਾਈ ਵਾਲਿਊਮ (1.2 ਮਿਲੀਅਨ ਗੈਲਨ ਸਾਲਾਨਾ) ਅਤੇ ਇਨ-ਸਟੋਰ ਸੇਲ ਗਰੌਸਰੀ ਸੇਲ (ਇਕ ਮਿਲੀਅਨ)

ਕੀਮਤ: $550,000 + ਗਰੌਸਰੀ
ਸਿਰਫ ਗੰਭੀਰ ਗਾਹਕ ਹੀ ਸੰਪਰਕ ਕਰਨ
ਫੋਨ: 317-509-7163

44-46



Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Manjit Singh Nagra
*Realtor/Broker*
Cell: 317-750-1900
6979 Hillsdale Court
Indianapolis, Indiana 46250

Gurdeep (Garry) Chhokar
Realtor/Broker
Cell: 317-500-1247

Star Alliance BROKERAGE



We do all type of Home and Commercial Loan. Same day loan approval...

# ਗੁਰਦੁਆਰਾ ਰਿਚਮੰਡ ਹਿੱਲ ਵਿਖੇ ਬੰਦੀ ਛੋੜ ਦਿਵਸ ਮਨਾਇਆ

## ਨਵੇਂ ਪ੍ਰਧਾਨ ਜਤਿੰਦਰ ਸਿੰਘ ਬੋਪਾਰਾਏ ਅਤੇ ਹੋਰ ਅਹੁਦੇਦਾਰਾਂ ਤੇ ਮੈਂਬਰਾਂ ਨੇ ਸਹੁੰ ਚੁੱਕੀ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰ ਸੁਸਾਇਟੀ, ਰਿਚਮੰਡ ਹਿੱਲ ਵਿਖੇ ਸਮੂਹ ਸੰਗਤਾਂ ਨੇ ਬੰਦੀ ਛੋੜ ਦਿਵਸ ਅਤੇ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਜਤਿੰਦਰ ਸਿੰਘ ਬੋਪਾਰਾਏ ਨੇ ਪ੍ਰਧਾਨਗੀ ਦੀ ਸਹੁੰ ਚੁਕੀ। ਇਸ ਤੋਂ ਇਲਾਵਾ ਨਵੇਂ ਬਿਲਡਿੰਗ ਚੇਤਨ ਸਿੰਘ, ਚੇਅਰਮੈਨ ਸਿੱਖਿਆ ਰੇਸ਼ਮ ਕੈਂਥ, ਮੀਡੀਆ ਤੇ ਲੋਕ ਸੰਪਰਕ ਬਲਵਿੰਦਰ ਸਿੰਘ, ਲੰਗਰ ਇੰਚਾਰਜ ਜਸਵਿੰਦਰ ਸਿੰਘ, ਸਾਹਇਕ ਲੰਗਰ ਇੰਚਾਰਜ ਬਲਬੀਰ ਜਸਵਿੰਦਰ ਸਿੰਘ, ਸੀਤਲ ਸਿੰਘ, ਦੀਦਾਰ ਸਿੰਘ, ਹਰਮੇਲ ਸਿੰਘ, ਜਸਬੀਰ ਸਿੰਘ ਗਿੱਲ ਸਤਨਾਮ ਸਿੰਘ, ਰਾਜਿੰਦਰ ਸਿੰਘ ਬਾਵਾ, ਬਲਬੀਰ ਸਿੰਘ, ਕੁਲਵੰਤ ਸਿੰਘ, ਰਸ਼ਪਾਲ ਸਿੰਘ ਨੌਰੰਗ ਸਿੰਘ, ਦਾ ਧੰਨਵਾਦ ਕਰਦਿਆਂ ਸੰਗਤ ਪ੍ਰਤੀ ਆਪਣੀਆਂ ਜਿੰਮੇਵਾਰੀਆਂ ਨਿਭਾਉਣ ਦਾ ਵਾਅਦਾ ਕੀਤਾ। ਸਾਬਕਾ ਪ੍ਰਧਾਨ ਕੁਲਦੀਪ ਸਿੰਘ ਢਿੱਲੋਂ ਅਤੇ ਹਿਊਮਨ ਰਾਈਟ ਕਮਿਸ਼ਨਰ ਤੇ ਸਾਬਕਾ ਪ੍ਰਧਾਨ



ਚੁਣੇ ਹੋਰ ਅਹੁਦੇਦਾਰਾਂ ਤੇ ਮੈਂਬਰਾਂ, ਜਿਨ੍ਹਾਂ ਵਿਚ ਮੀਤ ਪ੍ਰਧਾਨ ਕੁਲਵੰਤ ਸਿੰਘ, ਜਨਰਲ ਸਕੱਤਰ ਕੁਲਦੀਪ ਸਿੰਘ ਵੜੈਚ, ਸਹਾਇਕ ਸਕੱਤਰ ਬਲਾਕਾ ਸਿੰਘ, ਖਜਾਨਚੀ ਮਹਿੰਦਰ ਸਿੰਘ ਉਪਲ, ਸਹਾਇਕ ਖਜਾਨਚੀ ਸੁਖਵੀਰ ਸਿੰਘ, ਚੇਅਰਮੈਨ ਸਿੰਘ, ਚੋਣ ਕਮਿਸ਼ਨ ਸੁਖਜਿੰਦਰ ਸਿੰਘ ਨਿੱਜਰ, ਤਰਲੋਚਨ ਪਾਲ ਸਿੰਘ, ਪ੍ਰਿਤਪਾਲ ਸਿੰਘ ਬਾਵਾ, ਬੋਰਡ ਆਫ ਟਰੱਸਟੀ ਗੁਰਭੇਜ ਸਿੰਘ ਸੰਧੂ, ਕੁਲਦੀਪ ਸਿੰਘ ਢਿੱਲੋਂ, ਹਿਰਦੇਪਾਲ ਸਿੰਘ, ਮੁਖਤਿਆਰ ਸਿੰਘ ਘੁੰਮਣ, ਬੂਟਾ ਸਿੰਘ, ਨਰਿੰਦਰ ਸਿੰਘ ਅਤੇ ਰਾਜਿੰਦਰ ਸਿੰਘ ਨੇ ਵੀ ਸਹੁੰ ਚੁੱਕਣ ਦੀ ਰਸਮ ਨਿਭਾਈ।

ਇਸ ਮੌਕੇ ਜਤਿੰਦਰ ਸਿੰਘ ਬੋਪਾਰਾਏ ਨੇ ਸੰਗਤ, ਸਮੂਹ ਜਥੇਬੰਦੀਆਂ ਅਤੇ ਸੁਸਾਇਟੀਆਂ ਗੁਰਦੇਵ ਸਿੰਘ ਕੰਗ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ। ਇਸ ਮੌਕੇ ਨਿਊ ਯਾਰਕ ਦੇ ਹੋਰ ਗੁਰੂ ਘਰਾਂ ਦੀਆਂ ਕਮੇਟੀਆਂ ਤੇ ਪ੍ਰਬੰਧਕ ਵੀ ਹਾਜ਼ਰ ਸਨ।


## Matrimonials

### ਲੜਕੀ ਦੀ ਲੋੜ ਹੈ

ਰਾਮਗੜ੍ਹੀਆ ਸਿੱਖ, ਉਮਰ 29 ਸਾਲ, ਕੱਦ 6 ਫੁੱਟ, ਇੰਡੀਆ ਤੋਂ ਪੜ੍ਹੇ ਬੀ.ਟੈਕ ਮਕੈਨੀਕਲ ਮਾਸਟਰ ਇਨ ਡਿਜਾਈਨਿੰਗ, ਗਰੀਨ ਕਾਰਡ ਹੋਲਡਰ, ਟਰੱਕ ਡਰਾਈਵਰ ਲੜਕੇ ਲਈ ਲੜਕੀ (ਕੱਦ 5'-5" ਜਾਂ ਵੱਧ) ਦੀ ਲੋੜ ਹੈ। ਇੰਡੀਆ ਤੋਂ ਨਵੇਂ ਆਏ ਪਰਿਵਾਰ ਨੂੰ ਪਹਿਲ। ਸੰਪਰਕ ਕਰੋ, ਫੋਨ: 331-551-3111 44-47

Wanted suitable girl for US born Jatt Sikh very handsome teetotaler boy, 28 yrs, 6 feet, civil engineer, doing Job. The girl should be of medical line, US citizen or green card holder. Contact, Ph: 559-517-7044 41-44


## ਸੁਪਰੀਮ ਕੋਰਟ ਨੇ ਮਸਜਿਦਾਂ 'ਚ ਔਰਤਾਂ ਦੇ ਦਾਖਲੇ ਸਬੰਧੀ ਮੰਗਿਆ ਜਵਾਬ

**ਨਵੀਂ ਦਿੱਲੀ:** ਦੇਸ਼ ਦੀਆਂ ਸਾਰੀਆਂ ਮਸਜਿਦਾਂ 'ਚ ਔਰਤਾਂ ਦੇ ਦਾਖਲ ਹੋਣ ਦੀ ਮੰਗ ਨੂੰ ਲੈ ਕੇ ਸੁਪਰੀਮ ਕੋਰਟ 'ਚ ਦਾਇਰ ਜਨਹਿਤ ਪਟੀਸ਼ਨ ਉਤੇ ਅਦਾਲਤ ਨੇ ਕੇਂਦਰ ਤੋਂ ਜਵਾਬ ਮੰਗਿਆ ਹੈ। ਬੈਂਚ ਨੇ ਇਸ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੇਂਦਰੀ ਕਾਨੂੰਨ ਅਤੇ ਘੱਟ ਗਿਣਤੀਆਂ ਬਾਰੇ ਮੰਤਰਾਲੇ ਨੂੰ ਨੋਟਿਸ ਜਾਰੀ ਕੀਤਾ ਹੈ। 28 ਸਤੰਬਰ, 2018 ਨੂੰ ਸੁਪਰੀਮ ਕੋਰਟ ਵੱਲੋਂ ਸਰਬੀਮਾਲਾ ਮੰਦਰ 'ਚ ਹਰ ਉਮਰ ਦੀਆਂ ਔਰਤਾਂ ਦੇ ਦਾਖਲੇ ਬਾਰੇ ਦਿੱਤੇ ਫੈਸਲੇ ਨੂੰ ਆਧਾਰ ਬਣਾ ਕੇ ਪੂਣੇ ਦੇ ਇਕ ਜੋੜੇ ਨੇ ਇਹ ਪਟੀਸ਼ਨ ਦਾਇਰ ਕੀਤੀ ਹੈ। ਯਾਸਰੀਨ ਅਤੇ ਉਸ ਦੇ ਪਤੀ ਜ਼ੂਬੈਰ ਅਹਿਮਦ ਨੇ ਪਟੀਸ਼ਨ 'ਚ ਸਰਕਾਰੀ ਅਧਿਕਾਰੀਆਂ ਅਤੇ ਵਕਫ ਬੋਰਡ ਜਿਹੇ ਸੰਗਠਨਾਂ ਨੂੰ ਔਰਤਾਂ ਨੂੰ ਦੇਸ਼ ਦੀਆਂ ਸਾਰੀਆਂ ਮਸਜਿਦਾਂ 'ਚ ਦਾਖਲ ਹੋਣ ਦੇਣ ਦੀ ਅਪੀਲ ਕੀਤੀ ਹੈ।


## ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ



ਨਾਰਥ ਨਿਊ ਜਰਸੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਫਰੀ

ਸੰਪਰਕ ਕਰੋ, ਫੋਨ: 518-903-2019

646-610-2299

aman.gulati@yahoo.com

42-43


## ਰੇਲਵੇ ਦੀ ਢੋਆ-ਢੁਆਈ ਤੋਂ ਕਮਾਈ ਵਿਚ 3900 ਕਰੋੜ ਦਾ ਘਾਟਾ

**ਨਵੀਂ ਦਿੱਲੀ:** ਆਰਥਿਕ ਵਿਕਾਸ ਦਰ ਵਿਚ ਆਈ ਖੜੋਤ ਨੇ ਭਾਰਤੀ ਰੇਲਵੇ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਯਾਤਰੀ ਕਿਰਾਏ ਤੋਂ ਹੁੰਦੀ ਕਮਾਈ ਦੇ ਲਿਹਾਜ਼ ਨਾਲ ਇਸ ਕੌਮੀ ਟਰਾਂਸਪੋਰਟਰ ਨੂੰ 155 ਕਰੋੜ ਦਾ ਘਾਟਾ ਪਿਆ ਹੈ ਜਦਕਿ ਮਾਲ ਦੀ ਢੋਆ-ਢੁਆਈ ਨਾਲ ਹੁੰਦੀ ਕਮਾਈ ਵਿਚ ਘਾਟਾ 3,901 ਕਰੋੜ ਰੁਪਏ ਨੂੰ ਅੱਪੜ ਗਿਆ ਹੈ। ਇਹ ਘਾਟਾ ਮੌਜੂਦਾ ਵਿੱਤੀ ਵਰ੍ਹੇ ਦੇ ਦੂਜੇ ਕੁਆਰਟਰ ਵਿਚ ਪਿਆ ਹੈ।

ਇਸ ਦਾ ਖੁਲਾਸਾ ਇਕ ਆਰ.ਟੀ.ਆਈ. ਤਹਿਤ ਹੋਇਆ ਹੈ। ਮੱਧ ਪ੍ਰਦੇਸ਼ ਦੇ ਆਰ.ਟੀ.ਆਈ. ਕਾਰਕੁਨ ਚੰਦਰ ਸ਼ੇਖਰ ਗੌੜ ਵੱਲੋਂ ਸੂਚਨਾ ਦੇ ਅਧਿਕਾਰ ਕਾਨੂੰਨ (ਆਰ. ਟੀ. ਆਈ.) ਤਹਿਤ ਪਾਈ ਅਰਜ਼ੀ ਦੇ ਜਵਾਬ ਵਿਚ ਖੁਲਾਸਾ ਹੋਇਆ ਹੈ ਕਿ ਵਿੱਤੀ ਵਰ੍ਹੇ 2019-20 ਦੇ ਪਹਿਲੇ ਕੁਆਰਟਰ (ਅਪਰੈਲ-ਜੂਨ) ਤੱਕ ਰੇਲਵੇ ਨੇ ਯਾਤਰੀ ਕਿਰਾਏ ਤੋਂ 13,398 ਕਰੋੜ ਰੁਪਏ ਕਮਾਏ ਸਨ ਜਦਕਿ ਜੁਲਾਈ ਤੋਂ ਸਤੰਬਰ ਕੁਆਰਟਰ ਤੱਕ ਯਾਤਰੀ ਕਿਰਾਏ ਤੋਂ ਰੇਲਵੇ ਨੇ 13,243 ਕਰੋੜ ਰੁਪਏ ਕਮਾਏ ਹਨ।

ਇਸ ਤਰ੍ਹਾਂ ਇਹ ਪਾੜਾ 155 ਕਰੋੜ ਰੁਪਏ ਦੇ ਕਰੀਬ ਬਣਦਾ ਹੈ। ਇਸੇ ਤਰ੍ਹਾਂ ਪਹਿਲੇ ਕੁਆਰਟਰ ਵਿਚ ਰੇਲਵੇ ਨੇ ਮਾਲ ਦੀ ਢੋਆ-ਢੁਆਈ ਤੋਂ 29,066 ਕਰੋੜ ਰੁਪਏ ਕਮਾਏ ਸਨ ਜਦਕਿ ਦੂਜੇ ਕੁਆਰਟਰ ਵਿਚ ਕਮਾਈ ਘਟ ਕੇ 25,165 ਕਰੋੜ ਰੁਪਏ ਰਹਿ ਗਈ ਹੈ ਤੇ ਕਰੀਬ 3900 ਕਰੋੜ ਰੁਪਏ ਦਾ ਘਾਟਾ ਉੱਭਰ ਕੇ ਸਾਹਮਣੇ ਆਇਆ ਹੈ।

ਆਰਥਿਕ ਘਾਟੇ ਦਾ ਅਸਰ ਟਿਕਟ ਬੁਕਿੰਗ ਉਤੇ ਵੀ ਪਿਆ ਹੈ। ਪਿਛਲੇ ਸਾਲ ਦੇ ਮੁਕਾਬਲੇ ਮੌਜੂਦਾ ਵਰ੍ਹੇ ਦੇ ਅਪਰੈਲ-ਸਤੰਬਰ ਦੌਰਾਨ ਇਸ ਵਿਚ 1.27ਫੀਸਦੀ ਦੀ ਕਮੀ ਆਈ ਹੈ। ਉਪਨਗਰਾਂ ਦੇ ਰੇਲ ਅੰਕੜੇ ਵੀ 1.13ਫੀਸਦੀ ਦੀ ਕਮੀ ਦਰਜ ਕਰ ਰਹੇ ਹਨ। ਰੇਲਵੇ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਕੋਲਾ ਖਾਣਾ 'ਚ ਹੜ੍ਹ ਆਉਣ ਕਾਰਨ ਕੋਲੇ ਦੀ ਲੋਡਿੰਗ ਘਟੀ ਹੈ। ਮੰਦੀ ਕਾਰਨ ਸਟੀਲ ਤੇ ਸੀਮਿੰਟ ਸੈਕਟਰ ਵੀ ਪ੍ਰਭਾਵਿਤ ਹਨ।

## ਚੀਮਾ ਦੀ ਸੁਰੱਖਿਆ ਘਟਾਉਣ ਉਤੇ ਭੜਕਿਆ ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਦੀ ਸੁਰੱਖਿਆ ਵਾਪਸ ਲੈਣ ਦੇ ਦੋਸ਼ ਲਾਏ ਹਨ। ਛੋਟੇ ਬਾਦਲ ਨੇ ਦੱਸਿਆ ਕਿ ਸਰਕਾਰ ਨੇ ਡਾ. ਚੀਮਾ ਨੂੰ ਦਿੱਤੇ ਸੱਤ ਸੁਰੱਖਿਆ ਕਰਮਚਾਰੀਆਂ ਵਿਚੋਂ ਪੰਜ ਨੂੰ ਵਾਪਸ ਬੁਲਾ ਲਿਆ ਸੀ। ਇਹ ਫੈਸਲਾ ਸੂਬੇ ਅੰਦਰ ਜ਼ਿਮਨੀ ਚੋਣਾਂ ਵਾਸਤੇ ਪਈਆਂ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਉਤੇ ਲਿਆ ਗਿਆ। ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਜਾਣਬੁਝ ਕੇ ਆਪਣੇ ਵਿਰੋਧੀ ਆਗੂ ਦੀ ਜ਼ਿੰਦਗੀ ਖਤਰੇ ਵਿਚ ਪਾਉਣਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਮਹਿਸੂਸ ਕਰ ਲਿਆ ਹੈ ਕਿ ਕਾਂਗਰਸ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਅਕਾਲੀ ਲੀਡਰਸ਼ਿਪ ਤੇ ਵਰਕਰਾਂ ਵੱਲੋਂ ਵਿੱਢੀ ਲੜਾਈ ਦਾ ਉਹ ਟਾਕਰਾ ਨਹੀਂ ਕਰ ਸਕਦੇ। ਅਕਾਲੀ ਆਗੂ ਨੇ ਖਦਸ਼ਾ ਜਤਾਇਆ ਕਿ ਅਮਰਿੰਦਰ ਦੀ ਨਿੱਜੀ ਅਤੇ ਸਿਆਸੀ ਬਦਲਾਖੋਰੀ ਦੀ ਸਿਆਸਤ ਦਾ ਹੋਰ ਅਕਾਲੀ ਆਗੂਆਂ ਨੂੰ ਵੀ ਸਾਹਮਣਾ ਕਰਨਾ ਪੈ ਸਕਦਾ ਹੈ।


## Wanted Workers

Need workers for Restaurant and Gas stations In Eureka, CA.

*Housing and food provide.*

ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ

*ਰਿਹਾਇਸ਼ ਅਤੇ ਖਾਣਾ ਮੁਫਤ*

Call, Gurpreet Singh Sohal

Ph: 707-498-9325

redwoodpetroleum@gmail.com

42-45


## ਪ੍ਰਧਾਨ ਮੰਤਰੀ ਨੂੰ ਮਿਲੇ ਤੋਹਫਿਆਂ ਦੀ ਨੀਲਾਮੀ ਸਮਾਪਤ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ ਯਾਦਗਾਰੀ ਚਿੰਨ੍ਹਾਂ ਤੇ ਤੋਹਫਿਆਂ ਦੀ ਪ੍ਰਦਰਸ਼ਨੀ ਕਮ ਈ-ਨੀਲਾਮੀ ਸਮਾਪਤ ਹੋ ਗਈ।

ਸਰਕਾਰ ਵੱਲੋਂ ਜਾਰੀ ਬਿਆਨ ਅਨੁਸਾਰ ਪ੍ਰਧਾਨ ਮੰਤਰੀ ਦੀ ਮਹਾਤਮਾ ਗਾਂਧੀ ਨਾਲ ਪੇਂਟਿੰਗ ਦੀ ਨੀਲਾਮੀ ਸਭ ਤੋਂ ਵੱਧ 25 ਲੱਖ ਰੁਪਏ ਵਿਚ ਹੋਈ। ਈ-ਨੀਲਾਮੀ ਰਾਹੀਂ ਪ੍ਰਾਪਤ ਹੋਈ ਸਾਰੀ ਰਾਸ਼ੀ ਨਮਾਮੀਗੰਗੇ ਮਿਸ਼ਨ ਲਈ ਦਾਨ ਕੀਤੀ ਜਾਵੇਗੀ।


## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+

## ਵੀਹ ਘੰਟਿਆਂ 'ਚ ਤੈਅ ਹੋਵੇਗਾ ਆਕਲੈਂਡ ਤੋਂ ਅੰਮ੍ਰਿਤਸਰ ਦਾ ਸਫਰ

**ਅੰਮ੍ਰਿਤਸਰ:** ਆਸਟਰੇਲੀਆ ਤੇ ਅੰਮ੍ਰਿਤਸਰ ਵਿਚਾਲੇ ਹਵਾਈ ਯਾਤਰਾ ਵਧੇਰੇ ਸੌਖੀ ਹੋਣ ਮਗਰੋਂ ਹੁਣ ਨਿਊਜ਼ੀਲੈਂਡ ਵੀ ਇਸ ਵਿਚ ਸ਼ਾਮਲ ਹੋਣ ਜਾ ਰਿਹਾ ਹੈ। ਸਿੰਗਾਪੁਰ ਏਅਰਲਾਈਨ ਇਸ ਸਰਦ ਰੁੱਤ ਵਿਚ ਨਵੀਂ ਸ਼ੁਰੂ ਹੋਣ ਵਾਲੀ ਆਕਲੈਂਡ-ਸਿੰਗਾਪੁਰ ਉਡਾਣ ਨੂੰ ਆਪਣੀ ਭਾਈਵਾਲ ਘੱਟ ਕਿਰਾਏ ਵਾਲੀ ਸਕੂਟ ਦੀ ਸਿੰਗਾਪੁਰ-ਅੰਮ੍ਰਿਤਸਰ ਉਡਾਣ ਰਾਹੀਂ ਜੋੜਨ ਜਾ ਰਹੀ ਹੈ।

ਆਕਲੈਂਡ ਤੋਂ ਆਉਣ ਵਾਲੇ ਪੰਜਾਬੀਆਂ ਨੂੰ ਇਸ ਦਾ ਲਾਭ ਹੋਵੇਗਾ। ਸਿੰਗਾਪੁਰ ਏਅਰ ਦੀ ਵੈੱਬਸਾਈਟ ਅਨੁਸਾਰ ਅੰਮ੍ਰਿਤਸਰ ਤੋਂ ਆਕਲੈਂਡ ਦੀ ਦੂਰੀ ਸਿਰਫ 20 ਘੰਟੇ 20 ਮਿੰਟ ਵਿਚ ਪੂਰੀ ਹੋਵੇਗੀ। ਯਾਤਰੀਆਂ ਨੂੰ ਸਿੰਗਾਪੁਰ ਵਿਚ ਸਿਰਫ 4 ਘੰਟੇ 40 ਮਿੰਟ ਲਈ ਰੁਕਣਾ ਪਵੇਗਾ। ਆਕਲੈਂਡ ਤੋਂ ਅੰਮ੍ਰਿਤਸਰ ਦਾ ਸਫਰ ਦਿੱਲੀ ਆਉਣ ਦੀ ਥਾਂ ਸਿੰਗਾਪੁਰ ਦੇ ਛੈਂਗੀ ਹਵਾਈ ਅੱਡੇ ਰਾਹੀਂ 24 ਘੰਟੇ 55 ਮਿੰਟ ਵਿਚ ਪੂਰਾ ਹੋਵੇਗਾ। ਇਸ ਲਈ ਯਾਤਰੀਆਂ ਨੂੰ ਸਿੰਗਾਪੁਰ ਵਿਚ 8 ਘੰਟੇ 20 ਮਿੰਟ ਰੁਕਣਾ ਪਵੇਗਾ।

ਹਵਾਈ ਕੰਪਨੀਆਂ ਲਈ ਸਰਦੀਆਂ ਦਾ ਮੌਸਮ 27 ਅਕਤੂਬਰ ਤੋਂ ਸ਼ੁਰੂ ਹੋ ਕੇ ਮਾਰਚ ਮਹੀਨੇ ਦੇ ਅੰਤ ਤੱਕ ਹੁੰਦਾ ਹੈ। ਸਿੰਗਾਪੁਰ ਏਅਰ ਦੀ ਉਡਾਣ ਦਾ ਆਕਲੈਂਡ ਨਾਲ ਇਹ ਹਵਾਈ ਸੰਪਰਕ ਮਾਰਚ ਦੇ ਅਖੀਰ ਤੱਕ ਉਪਲਬਧ ਹੈ। ਜੇਕਰ ਪੰਜਾਬੀ ਇਨ੍ਹਾਂ ਉਡਾਣਾਂ ਤੋਂ ਵਧੇਰੇ ਸਫਰ ਕਰਨਗੇ ਤਾਂ ਹਵਾਈ ਕੰਪਨੀ ਨਾਲ ਆਕਲੈਂਡ ਲਈ ਇਸ ਹਵਾਈ ਸੰਪਰਕ ਨੂੰ 31 ਮਾਰਚ 2020 ਤੋਂ ਬਾਅਦ ਵੀ ਬੰਦ ਨਾ ਕਰਨ ਦੀ ਬੇਨਤੀ ਕੀਤੀ ਜਾ ਸਕਦੀ ਹੈ।

# ਜਗਤ ਗੁਰੂ ਨਾਨਕ ਦੇਵ ਓਪਨ 'ਵਰਸਿਟੀ ਬਣਾਉਣ ਦਾ ਫੈਸਲਾ




**ਬਟਾਲਾ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਬਟਾਲਾ 'ਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਕੁਝ ਅਹਿਮ ਫੈਸਲੇ ਲਏ ਗਏ। ਵਜ਼ਾਰਤ ਨੇ ਸੂਬੇ ਦੇ ਚਾਰ ਹੋਰ ਵਿਭਾਗਾਂ ਸਮਾਜਿਕ ਸੁਰੱਖਿਆ ਤੇ ਬਾਲ ਵਿਕਾਸ ਅਤੇ ਮਹਿਲਾ ਭਲਾਈ, ਟਰਾਂਸਪੋਰਟ, ਉਦਯੋਗ ਤੇ ਵਪਾਰ ਅਤੇ ਸਹਿਕਾਰਤਾ ਵਿਭਾਗ ਲਈ ਟਿਕਾਊ ਵਿਕਾਸ ਟੀਚੇ ਨਿਰਧਾਰਤ ਕਰਨ ਲਈ ਚਾਰ ਸਾਲਾ ਰਣਨੀਤਕ ਕਾਰਜ ਯੋਜਨਾ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ।

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਯਾਦਗਾਰੀ ਰੂਪ ਵਿਚ ਮਨਾਉਣ ਲਈ ਹੋ ਰਹੇ ਉਪਰਾਲਿਆਂ ਤਹਿਤ ਪਟਿਆਲਾ ਵਿਚ 'ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ' ਦੀ ਸਥਾਪਨਾ ਨੂੰ ਵੀ ਪ੍ਰਵਾਨ ਕਰ ਲਿਆ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ ਐਕਟ, 2019 ਨੂੰ ਪਾਸ ਕਰਨ ਲਈ ਬਿੱਲ ਪੰਜਾਬ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿਚ ਪੇਸ਼ ਕੀਤਾ ਜਾਵੇਗਾ। ਇਸ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੂੰ ਡਿਗਰੀ, ਡਿਪਲੋਮਾ ਤੇ ਸਰਟੀਫਿਕੇਟ ਕੋਰਸ ਕਰਵਾਏ ਜਾਣਗੇ। ਪੰਜਾਬ ਮੰਤਰੀ ਮੰਡਲ ਨੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਕ ਮੌਕੇ 6 ਨਵੰਬਰ ਨੂੰ 15ਵੀਂ ਵਿਧਾਨ ਸਭਾ ਦਾ ਇਕ ਰੋਜ਼ਾ ਵਿਸ਼ੇਸ਼ ਇਜਲਾਸ ਸੱਦਣ ਦਾ ਵੀ ਫੈਸਲਾ ਕੀਤਾ ਹੈ।

ਕੈਬਨਿਟ ਨੇ ਵਿਸ਼ੇਸ਼ ਇਜਲਾਸ ਸੱਦਣ ਲਈ ਰਾਜਪਾਲ ਨੂੰ ਸਿਫਾਰਸ਼ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਕ ਹੋਰ ਫੈਸਲੇ ਵਿਚ ਸੈਰ ਸਪਾਟੇ ਲਈ ਬੁਨਿਆਦੀ ਢਾਂਚਾ ਨਿਵੇਸ਼ ਪ੍ਰੋਗਰਾਮ ਅਧੀਨ ਭਾਗ-1 ਵਿਚ ਲਏ ਗਏ ਉਪ ਪ੍ਰੋਜੈਕਟਾਂ ਦੀ ਲਾਗਤ ਵਿਚ ਭਿੰਨਤਾ ਨੂੰ ਕਾਰਜ ਬਾਅਦ ਪ੍ਰਵਾਨਗੀ ਦੇ ਦਿੱਤੀ ਹੈ। ਦੱਸਿਆ ਕਿ ਇਹ ਫੈਸਲਾ ਏਸ਼ੀਅਨ ਵਿਕਾਸ ਬੈਂਕ ਦੀ ਸਹਾਇਤਾ ਵਾਲੇ ਆਈ.ਡੀ.ਆਈ.ਪੀ.ਟੀ. ਦੇ ਉਪ ਪ੍ਰੋਜੈਕਟਾਂ ਨੂੰ ਅਮਲ ਵਿਚ ਲਿਆਉਣ ਲਈ ਸੋਧੀ ਹੋਈ ਤਜਵੀਜ਼ ਮੁਤਾਬਕ ਲਿਆ ਗਿਆ ਹੈ।

ਇਕ ਹੋਰ ਫੈਸਲੇ ਵਿਚ ਵੱਖ-ਵੱਖ ਉਦਯੋਗਿਕ ਨੀਤੀਆਂ ਅਧੀਨ ਪ੍ਰਵਾਨ ਕੀਤੇ ਪੂੰਜੀ ਉਪਦਾਨ ਲਈ ਸੂਬੇ ਦੀ ਦੇਣਦਾਰੀ ਦਾ ਨਿਪਟਾਰਾ ਕਰਨ ਦੇ ਉਦੇਸ਼ ਨਾਲ ਮੰਤਰੀ ਮੰਡਲ ਨੇ ਸਾਲ 1978, 1987, 1989, 1992, 1996 ਅਤੇ 2003 ਦੀਆਂ ਉਦਯੋਗਿਕ ਨੀਤੀਆਂ ਅਧੀਨ ਸੂਬੇ ਵਿੱਚ ਬੰਦ ਪਏ ਸਨਅਤੀ ਯੂਨਿਟਾਂ ਨੂੰ ਪ੍ਰਵਾਨ ਕੀਤੀਆਂ ਪੂੰਜੀ ਸਬਸਿਡੀਆਂ/ ਨਿਵੇਸ਼ ਰਿਆਇਤਾਂ ਮੁਹੱਈਆ ਕਰਵਾਉਣ ਲਈ ਨਵੇਂ ਦਿਸ਼ਾ-ਨਿਰਦੇਸ਼ਾਂ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸੇ ਤਰ੍ਹਾਂ ਪੰਜਾਬ ਰਾਜ ਭਵਨ, ਚੰਡੀਗੜ੍ਹ ਵਿਚ ਡਰਾਈਵਰਾਂ ਦੀਆਂ ਦੋ ਅਸਾਮੀਆਂ ਮੁੜ ਸੁਰਜੀਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਮੰਤਰੀ ਮੰਡਲ ਨੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਸਾਲ 2017-18 ਦੀਆਂ ਗਤੀਵਿਧੀਆਂ ਨੂੰ ਦਰਸਾਉਂਦੀ ਸਾਲਾਨਾ ਪ੍ਰਸ਼ਾਸਨਿਕ ਰਿਪੋਰਟ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਕੈਬਨਿਟ ਨੇ ਇਕ ਆਰਡੀਨੈਂਸ ਲਿਆ ਕੇ 'ਦਿ ਪੰਜਾਬ ਪ੍ਰਾਈਵੇਟ ਹੈਲਥ ਸਾਇੰਸਜ਼ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਰੈਗੂਲੇਸ਼ਨ ਆਫ ਐਡਮਿਸ਼ਨ, ਫਿਕਸੇਸ਼ਨ ਆਫ ਫੀਸ ਐਂਡ ਮੇਕਿੰਗ ਆਫ ਰਿਜ਼ਰਵੇਸ਼ਨ) ਐਕਟ-2006' ਵਿਚ ਸੋਧ ਕਰਨ ਲਈ ਪ੍ਰਵਾਨਗੀ ਦਿੱਤੀ ਹੈ।

## ਸੁਲਤਾਨਪੁਰ ਲੋਧੀ ਦਾ ਨਾਂ 'ਸੁਲਤਾਨਪੁਰ ਲੋਧੀ ਸਾਹਿਬ' ਕਰਨ ਦੀ ਮੰਗ

**ਤਲਵੰਡੀ ਸਾਬੋ:** ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਧਰਤੀ ਸੁਲਤਾਨਪੁਰ ਲੋਧੀ ਦਾ ਨਾਂ 'ਸੁਲਤਾਨਪੁਰ ਲੋਧੀ ਸਾਹਿਬ' ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ 9 ਨਵੰਬਰ ਨੂੰ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹ ਜਾਣ ਉਤੇ ਖੁਸ਼ੀ ਪ੍ਰਗਟਾਈ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਰੇ ਗੁਰੂ ਨਾਨਕ ਦੇਵ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾ ਰਹੇ ਹਨ। ਸੁਲਤਾਨਪੁਰ ਲੋਧੀ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਵੱਡਾ ਅਸਥਾਨ ਹੈ ਤੇ ਉਥੇ ਹੀ ਸ਼ਤਾਬਦੀ ਨੂੰ ਸਮਰਪਿਤ ਸਾਰੇ ਵੱਡੇ ਸਮਾਗਮ ਕੀਤੇ ਜਾ ਰਹੇ ਹਨ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਸੁਲਤਾਨਪੁਰ ਲੋਧੀ ਦਾ ਨਾਂ ਸੁਲਤਾਨਪੁਰ ਲੋਧੀ ਸਾਹਿਬ ਰੱਖਿਆ ਜਾਵੇ। ਉਨ੍ਹਾਂ ਕਿਹਾ ਸੁਲਤਾਨਪੁਰ ਲੋਧੀ ਗੁਰੂ ਨਾਨਕ ਦੇਵ ਦੀ ਭੂਮੀ ਹੈ ਅਤੇ ਗੁਰੂ ਜੀ ਇਥੇ ਲੰਬਾ ਸਮਾਂ ਰਹੇ ਹਨ। ਇਸ ਕਰਕੇ ਸੁਲਤਾਨਪੁਰ ਲੋਧੀ ਸ਼ਹਿਰ ਨੂੰ ਸਤਿਕਾਰ ਨਾਲ ਬੁਲਾਉਣਾ ਸਾਡਾ ਫਰਜ਼ ਹੈ।

# ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਬੂਟੇ ਲਾਏ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ ਦੀ ਪਰਿਕਰਮਾ ਦੇ ਪੁਰਾਤਨ ਹਰਿਆਵਲ ਵਾਲੇ ਸਰੂਪ ਨੂੰ ਕਾਇਮ ਕਰਨ ਦੇ ਮੰਤਵ ਨਾਲ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਦਸ ਅੰਬ ਦੇ ਬੂਟੇ ਲਾਏ ਗਏ ਹਨ। ਇਸੇ ਤਰ੍ਹਾਂ ਤਰਨ ਤਾਰਨ ਅਤੇ ਮੁਕਤਸਰ ਦੇ ਗੁਰਦੁਆਰਿਆਂ ਦੀ ਪਰਿਕਰਮਾ ਵਿਚ ਵੀ ਬੂਟੇ ਲਾਉਣ ਦਾ ਫੈਸਲਾ ਕੀਤਾ ਗਿਆ ਹੈ।

ਵਾਤਾਵਰਨ ਸੰਭਾਲ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਛੋੜ ਦਿਵਸ (ਦੀਵਾਲੀ) ਨੂੰ ਹਰਿਆਵਲ ਲਹਿਰ ਨਾਲ ਜੋੜਿਆ ਗਿਆ ਹੈ। ਇਸ ਤਹਿਤ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਵੱਡ-ਆਕਾਰੀ ਦਸ ਗਮਲਿਆਂ ਵਿਚ ਦੇਸੀ ਅੰਬਾਂ ਦੇ ਬੂਟੇ ਲਾਏ ਗਏ ਹਨ। ਇਸ ਦੀ ਸ਼ੁਰੂਆਤ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਵੱਲੋਂ ਕੀਤੀ ਗਈ। ਇਹ ਉਪਰਾਲਾ ਵਾਤਾਵਰਨ ਪ੍ਰੇਮੀ ਬਾਬਾ ਗੁਰਮੀਤ ਸਿੰਘ ਖੋਸਾਕੋਟਲਾ ਤੇ ਡਾ. ਬਲਵਿੰਦਰ ਸਿੰਘ ਲੱਖੇਵਾਲੀ ਦੇ ਸਹਿਯੋਗ ਨਾਲ ਕੀਤਾ ਗਿਆ ਹੈ। ਇਨ੍ਹਾਂ ਗਮਲਿਆਂ ਨੂੰ ਇਕ ਤੋਂ ਦੂਜੀ ਥਾਂ ਲਿਜਾਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਇਸ ਸਬੰਧੀ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਆਖਿਆ ਕਿ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਇਹ ਵਿਰਾਸਤੀ ਬੂਟੇ ਲਾਉਣ ਦਾ ਮੰਤਵ ਸੰਗਤ ਵਿਚ ਵਾਤਾਵਰਨ ਸੰਭਾਲ ਪ੍ਰਤੀ ਚੇਤਨਾ ਤੇ ਪ੍ਰੇਰਨਾ ਪੈਦਾ ਕਰਨਾ ਹੈ। ਡਾ. ਰੂਪ ਸਿੰਘ ਨੇ ਆਖਿਆ ਕਿ ਦਰਬਾਰ ਸਾਹਿਬ ਤੋਂ ਮਿਲੇ ਸੰਦੇਸ਼ ਅਤੇ ਆਦੇਸ਼ ਸੰਗਤ ਲਈ ਵੱਡਾ ਅਰਥ ਰੱਖਦੇ ਹਨ।

ਉਨ੍ਹਾਂ ਕਿਹਾ ਕਿ ਬੇਸ਼ਕ ਬੰਦੀ ਛੋੜ ਦਿਵਸ ਮੌਕੇ ਇਥੇ ਆਤਿਸ਼ਬਾਜ਼ੀ ਦੀ ਪੁਰਾਣੀ ਰਵਾਇਤ ਹੈ, ਪਰ ਸਮੇਂ ਮੁਤਾਬਕ ਇਸ ਨੂੰ ਸੀਮਤ ਕਰ ਦਿੱਤਾ ਗਿਆ ਹੈ। ਪਰਿਕਰਮਾ ਨੂੰ ਦਰਾਕੇ ਪੁਰਾਣਾ ਸਰੂਪ ਦੇਣ ਲਈ ਇਥੇ ਇਹ ਦੇਸੀ ਅੰਬਾਂ ਦੇ ਬੂਟੇ ਲਾਏ ਗਏ ਹਨ। ਉਨ੍ਹਾਂ ਦੱਸਿਆ ਕਿ ਤਰਨ ਤਾਰਨ ਤੇ ਮੁਕਤਸਰ ਦੇ ਇਤਿਹਾਸਕ ਗੁਰਦੁਆਰਿਆਂ ਦੀ ਪਰਿਕਰਮਾ ਵਿਚ ਵੀ ਰਵਾਇਤੀ ਬੂਟੇ ਲਾਏ ਜਾਣਗੇ।

# ਪ੍ਰਕਾਸ਼ ਪੁਰਬ: ਡੇਰਾ ਬਾਬਾ ਨਾਨਕ ਦੀਆਂ ਦੀਵਾਰਾਂ 'ਤੇ ਚਿੱਤਰਕਾਰੀ



**ਡੇਰਾ ਬਾਬਾ ਨਾਨਕ (ਬਟਾਲਾ):** ਪਹਿਲੀ ਪਾਤਸ਼ਾਹੀ ਦੀ ਚਰਨ ਛੋਹ ਪ੍ਰਾਪਤ ਧਰਤੀ ਡੇਰਾ ਬਾਬਾ ਨਾਨਕ ਵਿਚ ਹੋ ਰਹੇ ਧਾਰਮਿਕ ਸਮਾਗਮ ਅਤੇ ਕਰਤਾਰਪੁਰ ਲਾਂਘੇ ਲਈ ਆ ਰਹੇ ਸ਼ਰਧਾਲੂਆਂ ਨੂੰ ਪ੍ਰਭਾਵਿਤ ਕਰਨ ਲਈ ਇਥੋਂ ਦੀਆਂ ਕੰਧਾਂ ਉਤੇ ਖੂਬਸੂਰਤ ਚਿੱਤਰਕਾਰੀ ਕੀਤੀ ਜਾ ਰਹੀ ਹੈ। ਇਹ ਚਿੱਤਰ ਗੁਰੂ ਨਾਨਕ ਦੇਵ ਦੇ ਜੀਵਨ ਦੀਆਂ ਘਟਨਾਵਾਂ ਨਾਲ ਸਬੰਧਤ ਹਨ। ਇਨ੍ਹਾਂ ਚਿੱਤਰਾਂ ਨਾਲ ਬਾਣੀ ਅਤੇ ਹੋਰ ਤੁਕਾਂ ਪਹਿਲੀ ਨਜ਼ਰੇ ਆਮ ਆਦਮੀ ਦਾ ਧਿਆਨ ਆਪਣੇ ਵੱਲ ਖਿੱਚ ਰਹੀਆਂ ਹਨ। ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਪਹਿਲੀ ਪਾਤਸ਼ਾਹੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਨਗਰ 'ਚ ਕਈ ਵਿਕਾਸ ਕਾਰਜ ਕੀਤੇ ਜਾ ਰਹੇ ਹਨ।

ਇਸੇ ਤਹਿਤ ਇਥੋਂ ਦੀ ਦਾਣਾ ਮੰਡੀ ਕੋਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦੇ ਬਾਹਰੀ ਕੰਧਾਂ ਉਤੇ ਸੁੰਦਰ ਚਿੱਤਰ ਬਣਾਏ ਜਾ ਰਹੇ ਹਨ। ਇਨ੍ਹਾਂ ਚਿੱਤਰਾਂ ਵਿਚ ਗੁਰੂ ਜੀ ਵੱਲੋਂ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣ, ਬ੍ਰਹਿਮੰਡ ਦੀ ਮਹਿਮਾ ਤੋਂ ਇਲਾਵਾ ਗੁਰੂ ਜੀ ਦੇ ਜੀਵਨ ਘਟਨਾਵਾਂ ਨਾਲ ਜਿਥੇ ਚਿੱਤਰ ਬਣਾਏ ਜਾ ਰਹੇ ਹਨ, ਉਥੇ ਇਨ੍ਹਾਂ ਚਿੱਤਰਾਂ ਨਾਲ ਗੁਰਬਾਣੀ ਦੀਆਂ ਤੁਕਾਂ ਵੀ ਲਿਖੀਆਂ ਜਾ ਰਹੀਆਂ ਹਨ। ਸੂਤਰਾਂ ਅਨੁਸਾਰ ਇਹ ਕਾਰਜ ਮਾਰਕਫੈੱਡ ਵਿਭਾਗ ਵੱਲੋਂ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਬਾਬਾ ਸੁਖਦੀਪ ਸਿੰਘ ਬੇਦੀ ਤੇ ਗੁਰਕਿਰਪਾਲ ਸਿੰਘ ਨੇ ਕਿਹਾ ਕਿ 11 ਮਹੀਨਿਆਂ ਵਿਚ ਨਗਰ ਦਾ ਵੱਡੇ ਪੱਧਰ 'ਤੇ ਵਿਕਾਸ ਹੋਇਆ ਹੈ।

# 1-13 ਨਵੰਬਰ ਦੌਰਾਨ ਮੂਲ ਮੰਤਰ ਦਾ ਜਾਪ ਕਰਨ ਦੀ ਅਪੀਲ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ 'ਗੁਰਬਾਣੀ ਗਾਵਹ ਭਾਈ' ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਲਈ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਨੇ ਸਮੁੱਚੇ ਗੁਰੂ ਪੰਥ ਦੇ ਨਾਂ ਸੰਦੇਸ਼ ਜਾਰੀ ਕਰਕੇ 1 ਤੋਂ 13 ਨਵੰਬਰ ਦੌਰਾਨ ਰੋਜ਼ ਸ਼ਾਮ ਨੂੰ ਭਾਰਤੀ ਸਮੇਂ ਅਨੁਸਾਰ ਸ਼ਾਮ 5 ਵਜੇ 10 ਮਿੰਟ ਲਈ ਮੂਲ ਮੰਤਰ ਦਾ ਜਾਪ ਕਰਨ ਦੀ ਅਪੀਲ ਕੀਤੀ ਹੈ। ਇਹ ਸੰਦੇਸ਼ ਸਿੰਘ ਸਾਹਿਬਾਨ ਵੱਲੋਂ ਵਿਸ਼ੇਸ਼ ਇਕੱਤਰਤਾ 'ਚ ਜਾਰੀ ਕੀਤਾ ਗਿਆ।

ਇਸ ਤੋਂ ਇਲਾਵਾ ਇਸ ਵਾਰ ਪ੍ਰਕਾਸ਼ ਪੁਰਬ ਮੌਕੇ ਪਹਿਲੀ ਵਾਰ ਸੋਸ਼ਲ ਮੀਡੀਆ ਦੀ ਵੀ ਵਰਤੋਂ ਕੀਤੀ ਜਾਵੇਗੀ। ਜਾਣਕਾਰੀ ਅਨੁਸਾਰ ਸਿੰਘ ਸਾਹਿਬ ਵੱਲੋਂ ਇਸ ਸਬੰਧੀ ਪੰਜ ਮੈਂਬਰੀ ਕਮੇਟੀ ਵੀ ਬਣਾਈ ਗਈ ਹੈ, ਜਿਸ 'ਚ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਤੋਂ ਇਲਾਵਾ ਸਾਬਕਾ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ, ਜਸਬੀਰ ਸਿੰਘ ਧਾਮ ਮੁੰਬਈ, ਭਾਈ ਪਰਮਜੀਤ ਸਿੰਘ ਖਾਲਸਾ ਤੇ ਭਾਈ ਮੇਜਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਵੇਰਵਿਆਂ ਅਨੁਸਾਰ ਇਸ ਕਮੇਟੀ ਵੱਲੋਂ ਵੱਖ-ਵੱਖ ਮੁਲਕਾਂ 'ਚ ਸੰਗਤਾਂ ਵੱਲੋਂ ਕੀਤੇ ਜਾਣ ਵਾਲੇ ਮੂਲ ਮੰਤਰ ਦੇ ਜਾਪ ਦਾ ਸਿੱਧਾ ਪ੍ਰਸਾਰਣ 'ਗੁਰਬਾਣੀ ਗਾਵਹ ਭਾਈ' ਨਾਂ ਦੇ ਵਿਸ਼ੇਸ਼ ਤੌਰ ਉਤੇ ਤਿਆਰ ਕੀਤੇ ਗਏ ਫੇਸਬੁੱਕ ਪੇਜ 'ਤੇ ਕੀਤਾ ਜਾਵੇਗਾ ਤੇ ਇਸ ਦੇ ਨਾਲ ਹੀ ਇਹ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ 'ਤੇ ਵੀ ਉਪਲਬਧ ਹੋਵੇਗਾ।

# ਪ੍ਰਕਾਸ਼ ਪੁਰਬ: ਮੁੱਖ ਮੰਤਰੀ ਕਰਨਗੇ 550 ਸ਼ਖਸੀਅਤਾਂ ਦਾ ਸਨਮਾਨ

**ਕਪੂਰਥਲਾ:** ਪ੍ਰਕਾਸ਼ ਪੁਰਬ ਸਬੰਧੀ ਕਰਵਾਏ ਜਾ ਰਹੇ ਸਮਾਗਮ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 550 ਸਿੱਖ ਤੇ ਨਾਨਕ ਨਾਮ ਲੇਵਾ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ। ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ 10 ਨਵੰਬਰ ਨੂੰ ਇਹ ਸਮਾਗਮ ਗੁਰੂ ਨਾਨਕ ਦੇਵ ਦੇ ਜੀਵਨ ਅਤੇ ਫਲਸਫੇ ਬਾਰੇ ਵੀ ਲੋਕਾਂ ਨੂੰ ਜਾਣੂ ਕਰਵਾਏਗਾ।

ਉਨ੍ਹਾਂ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਕਿਹਾ ਕਿ ਸਮਾਗਮ ਸਬੰਧੀ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਮਾਗਮਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਕੋਈ ਕਸਰ ਨਹੀਂ ਛੱਡੀ ਜਾ ਰਹੀ। ਇਸ ਸਮਾਗਮ ਦੌਰਾਨ ਉਨ੍ਹਾਂ 550 ਉੱਘੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ ਜਿਨ੍ਹਾਂ ਨੇ ਆਪਣੇ-ਆਪਣੇ ਖੇਤਰ ਵਿਚ ਸਫਲਤਾ ਹਾਸਲ ਕੀਤੀ ਹੈ।



ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਇਸ ਵਿਸ਼ੇਸ਼ ਸਮਾਗਮ ਵਿਚ ਸ਼ਿਰਕਤ ਕਰਨ। ਇਸ ਤੋਂ ਪਹਿਲਾਂ ਪ੍ਰਮੁੱਖ ਸਕੱਤਰ ਰੁਜ਼ਗਾਰ ਜੈਨਰੇਸ਼ਨ ਰਾਹੁਲ ਤਿਵਾੜੀ ਅਤੇ ਡਿਪਟੀ ਕਮਿਸ਼ਨਰ ਕਪੂਰਥਲਾ ਡੀ.ਪੀ.ਐਸ. ਖਰਬੰਦਾ ਵੱਲੋਂ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਸਮਾਗਮ ਦੇ ਪ੍ਰਬੰਧਾਂ ਤੋਂ ਜਾਣੂ ਕਰਵਾਇਆ ਗਿਆ।

## ਪਾਕਿਸਤਾਨ ਸਰਕਾਰ ਸ਼ਰਧਾਲੂਆਂ ਦੀ ਸ਼ਰਧਾ ਨੂੰ ਵਪਾਰ ਨਾ ਬਣਾਏ: ਬਡੂੰਗਰ

**ਪਟਿਆਲਾ:** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨ ਕਰਨ ਲਈ ਆਉਣ-ਜਾਣ ਸਬੰਧੀ ਭਾਰਤ-ਪਾਕਿ ਸਰਕਾਰਾਂ ਦਰਮਿਆਨ ਹੋਏ ਸਮਝੌਤੇ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਵਾਗਤ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਹ ਕੰਮ ਬੜੇ ਲੰਮੇ ਸਮੇਂ ਤੋਂ ਲਟਕਦਾ ਆ ਰਿਹਾ ਸੀ। ਸ੍ਰੀ ਬਡੂੰਗਰ ਨੇ ਕਿਹਾ ਕਿ ਸ਼ਰਧਾਲੂਆਂ ਤੋਂ 20 ਡਾਲਰ ਸਰਵਿਸ ਫੀਸ ਵਸੂਲ ਕੇ ਪਾਕਿਸਤਾਨ ਸਰਕਾਰ ਸ਼ਰਧਾਲੂਆਂ ਦੀ ਸ਼ਰਧਾ ਨੂੰ ਵਪਾਰ ਨਾ ਬਣਾਏ। ਉਨ੍ਹਾਂ ਕਿਹਾ ਕਿ 1947 ਤੋਂ ਸਿੱਖ ਨਾਮਲੇਵਾ ਸੰਗਤਾਂ ਵੱਲੋਂ ਆਪਣੇ ਵਿੱਛੜੇ ਗੁਰਧਾਮਾਂ ਦੇ ਦਰਸ਼ਨਾਂ ਲਈ ਲੱਖਾਂ ਅਰਦਾਸਾਂ ਕੀਤੀਆਂ ਗਈਆਂ ਹਨ ਜਿਸ ਦੀ ਬਦੌਲਤ ਹੀ ਵਿੱਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨੇ ਮੁਨਾਸਿਬ ਹੋਏ ਹਨ।

## ਭਾਰਤੀਆਂ ਨੂੰ ਹੁਣ ਬ੍ਰਾਜ਼ੀਲ ਜਾਣ ਲਈ ਵੀਜ਼ੇ ਦੀ ਲੋੜ ਨਹੀਂ

**ਪੇਈਚਿੰਗ:** ਭਾਰਤੀ ਅਤੇ ਚੀਨੀ ਸੈਲਾਨੀਆਂ ਨੂੰ ਆਉਣ ਵਾਲੇ ਸਮੇਂ ਵਿਚ ਬ੍ਰਾਜ਼ੀਲ ਵਿਚ ਦਾਖਲੇ ਲਈ ਵੀਜ਼ੇ ਦੀ ਲੋੜ ਨਹੀਂ ਹੋਵੇਗੀ। ਬ੍ਰਾਜ਼ੀਲ ਦੇ ਰਾਸ਼ਟਰਪਤੀ ਜੇਅਰ ਬੋਲਸੋਨਾਰੋ ਨੇ ਐਲਾਨ ਕੀਤਾ ਕਿ ਚੀਨੀ ਅਤੇ ਭਾਰਤੀਆਂ ਨੂੰ ਸੈਰ-ਸਪਾਟਾ ਅਤੇ ਵਪਾਰ ਵੀਜ਼ਿਆਂ ਤੋਂ ਛੋਟ ਦਿੱਤੀ ਜਾਵੇਗੀ।

# ਕਰਤਾਰਪੁਰ ਲਾਂਘਾ: ਤਲਖੀ ਦੇ ਬਾਵਜੂਦ ਭਾਰਤ-ਪਾਕਿ ਨੇ ਸਿਰਜਿਆ ਇਤਿਹਾਸ

**ਡੇਰਾ ਬਾਬਾ ਨਾਨਕ (ਬਟਾਲਾ):** ਭਾਰਤ ਅਤੇ ਪਾਕਿਸਤਾਨ ਦੇ ਉਚ ਅਧਿਕਾਰੀਆਂ ਨੇ ਕਸ਼ਮੀਰ ਮੁੱਦੇ 'ਤੇ ਦੋਵਾਂ ਮੁਲਕਾਂ ਵਿਚ ਜਾਰੀ ਤਲਖੀ ਨੂੰ ਲਾਂਭੇ ਰੱਖਦਿਆਂ ਕਰਤਾਰਪੁਰ ਲਾਂਘੇ ਲਈ ਅਹਿਮ ਮੰਨੇ ਜਾਂਦੇ ਸਮਝੌਤੇ 'ਤੇ ਸਹੀ ਪਾ ਕੇ ਨਵਾਂ ਇਤਿਹਾਸ ਸਿਰਜ ਦਿੱਤਾ।

ਸਮਝੌਤੇ ਤਹਿਤ ਭਾਰਤੀ ਸਿੱਖ ਸ਼ਰਧਾਲੂ ਬਿਨਾਂ ਵੀਜ਼ੇ ਤੋਂ ਲਾਂਘੇ ਰਾਹੀਂ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿਚ ਕੌਮਾਂਤਰੀ ਸਰਹੱਦ ਤੋਂ ਮਹਿਜ਼ ਚਾਰ ਕਿਲੋਮੀਟਰ ਦੀ ਦੂਰੀ ਉਤੇ ਕਰਤਾਰਪੁਰ ਸਥਿਤ ਦਰਬਾਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਕਰ ਸਕਣਗੇ। ਦੋਵਾਂ ਮੁਲਕਾਂ ਦੇ ਅਧਿਕਾਰੀਆਂ ਨੇ ਕੌਮਾਂਤਰੀ ਸਰਹੱਦ ਦੀ ਜ਼ੀਰੋ ਲਾਈਨ 'ਤੇ ਇਕ ਸਧਾਰਨ ਜਿਹੀ ਰਸਮ ਮੌਕੇ ਸਮਝੌਤਾ ਸਹੀਬੰਦ ਕੀਤਾ। ਉਂਜ, ਪਾਕਿ ਨੇ ਸ਼ਰਧਾਲੂਆਂ ਤੋਂ ਸੇਵਾ ਫੀਸ ਵਜੋਂ 20 ਅਮਰੀਕੀ ਡਾਲਰ ਵਸੂਲ ਦੀ ਆਪਣੀ ਅੜੀ ਬਰਕਰਾਰ ਰੱਖੀ। ਸਮਝੌਤੇ ਤਹਿਤ ਹਰ ਸ਼ਰਧਾਲੂ ਨੂੰ ਹੁਣ ਇਹ ਫੀਸ ਤਾਰਨੀ ਹੋਵੇਗੀ। ਸਮਝੌਤਾ ਤਿੰਨ ਗੇੜਾਂ ਦੀ ਗੱਲਬਾਤ ਮਗਰੋਂ ਸਿਰੇ ਚੜ੍ਹਿਆ ਹੈ। ਭਾਰਤੀ ਸ਼ਰਧਾਲੂ 10 ਨਵੰਬਰ ਤੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕਣਗੇ।

ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਨੇ ਦੱਸਿਆ ਕਿ ਯਾਤਰਾ ਦੇ ਮੁਢਲੇ ਦਿਨਾਂ ਦੌਰਾਨ ਸ਼ਰਧਾਲੂ ਅਸਥਾਈ ਪੁਲ/ਆਮ ਰਸਤੇ ਰਾਹੀਂ ਪਹਿਲਾਂ ਪਾਕਿਸਤਾਨ ਦੀ ਇੰਟੈਗ੍ਰੇਟਿਡ ਚੈੱਕ ਪੋਸਟ (ਆਈ.ਸੀ.ਪੀ.) ਤੱਕ ਪਹੁੰਚ ਕਰਨਗੇ। ਸਥਾਈ ਪੁਲ ਬਣਨ ਮਗਰੋਂ ਸ਼ਰਧਾਲੂ ਉਸ ਉਪਰੋਂ ਦੀ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾ ਸਕਣਗੇ। ਕਾਬਲੇਗੌਰ ਹੈ ਕਿ ਭਾਰਤ ਨੇ ਜ਼ੀਰੋ ਲਾਈਨ ਤੱਕ ਸਥਾਈ ਪੁਲ ਬਣਾ ਦਿੱਤਾ ਹੈ, ਜਦੋਂਕਿ ਪਾਕਿਸਤਾਨੀ ਅਧਿਕਾਰੀਆਂ ਮੁਤਾਬਕ ਆਉਂਦੇ ਦੋ-ਤਿੰਨ ਮਹੀਨਿਆਂ ਅੰਦਰ ਉਨ੍ਹਾਂ ਵਾਲੇ ਪਾਸੇ ਪੁਲ ਉਸਾਰ ਲਿਆ ਜਾਵੇਗਾ। ਉਂਜ, ਲਾਂਘੇ



ਹਫਤੇ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਭਾਰਤੀ ਪਾਸੇ ਪੁਲ ਦੇ ਕੰਮ ਨੂੰ ਉਸ ਸਮੇਂ ਤੱਕ ਰੋਕਣ ਦੇ ਆਦੇਸ਼ ਦਿੱਤੇ ਸਨ, ਜਦੋਂ ਤੱਕ ਪਾਕਿਸਤਾਨ ਸਰਕਾਰ ਆਪਣੇ ਪਾਸੇ ਕੰਮ ਸ਼ੁਰੂ ਨਹੀਂ ਕਰਦੀ।

ਜਨਾਬ ਫੈਸਲ ਨੇ ਸਮਝੌਤਾ ਸਹੀਬੰਦ ਹੋਣ ਮਗਰੋਂ ਕਿਹਾ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਲਾਂਘੇ ਨੂੰ ਇਕ ਸਾਲ ਦੇ ਸਮੇਂ 'ਚ ਪੂਰਾ ਕਰਕੇ ਆਪਣਾ ਵਾਅਦਾ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਰਤਾਰਪੁਰ ਲਾਂਘੇ ਬਾਰੇ ਕਰਾਰ ਨੂੰ ਸਿਰੇ ਚਾੜ੍ਹਨਾ ਕੋਈ ਸੌਖਾ ਕਾਰਜ ਨਹੀਂ ਸੀ। ਇਹ ਕੰਮ ਖਾਸਾ ਮੁਸ਼ਕਲ ਸੀ, ਭਾਰਤ ਨਾਲ ਸਾਡੇ ਤਲਖ ਰਿਸ਼ਤਿਆਂ ਕਰਕੇ ਕਰਾਰ ਸਬੰਧੀ ਸ਼ਰਤਾਂ ਤੈਅ ਕਰਨੀਆਂ ਔਖਾ ਕਾਰਜ ਸੀ। ਫੈਸਲ ਨੇ ਕਿਹਾ ਕਿ ਪਾਕਿਸਤਾਨ ਨੇ ਲਾਂਘੇ ਬਾਰੇ ਗੱਲਬਾਤ ਦੀ ਸ਼ੁਰੂਆਤ ਮੌਕੇ ਜਿਹੜੇ ਨੁਕਤਿਆਂ ਦੀ ਤਜਵੀਜ਼ ਰੱਖੀ ਸੀ, ਉਨ੍ਹਾਂ 'ਤੇ ਉਹ ਕਾਇਮ ਰਿਹਾ।

ਸ਼ਰਧਾਲੂਆਂ ਤੋਂ ਸੇਵਾ ਫੀਸ ਵਜੋਂ 20 ਡਾਲਰ ਵਸੂਲੇ ਜਾਣ ਦੀ ਗੱਲ ਕਰਦਿਆਂ ਫੈਸਲ ਨੇ ਕਿਹਾ, 'ਸਮਝੌਤੇ ਤਹਿਤ ਪਾਕਿਸਤਾਨ ਹਰੇਕ ਭਾਰਤੀ ਸਿੱਖ ਸ਼ਰਧਾਲੂ ਤੋਂ 20 ਡਾਲਰ ਦੀ ਨਾਮਾਤਰ ਫੀਸ ਵਸੂਲੇਗਾ।' ਉਨ੍ਹਾਂ ਕਿਹਾ ਕਿ ਕਰਤਾਰਪੁਰ ਸਥਿਤ ਗੁਰਦੁਆਰਾ, ਵਿਸ਼ਵ ਦਾ ਸਭ ਤੋਂ ਵੱਡਾ ਗੁਰਦੁਆਰਾ ਹੈ ਤੇ ਵੱਡੇ ਖਰਚ ਦੇ ਮੁਕਾਬਲੇ ਇਹ ਫੀਸ ਨਾਮਾਤਰ ਜਿਹੀ ਹੈ।

ਉਂਜ ਜਨਾਬ ਫੈਸਲ ਨੇ ਸਾਫ ਕਰ ਦਿੱਤਾ ਕਿ ਲਾਂਘੇ ਰਾਹੀਂ ਦਰਸ਼ਨਾਂ ਲਈ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਦੇ ਹੋਰਨਾਂ ਗੁਰਦੁਆਰਿਆਂ 'ਚ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਗੁਰਦੁਆਰੇ ਦੇ ਦਰਸ਼ਨਾਂ ਲਈ ਰੋਜ਼ਾਨਾ ਹਜ਼ਾਰਾਂ ਲੋਕਾਂ ਦੇ ਆਉਣ ਮੌਕੇ ਕਿਸੇ ਦਹਿਸ਼ਤੀ ਘਟਨਾ ਦੇ ਵਾਪਰਨ ਦੇ ਖਦਸ਼ਿਆਂ ਬਾਰੇ ਪੁੱਛੇ ਜਾਣ 'ਤੇ ਤਰਜਮਾਨ ਨੇ ਕਿਹਾ ਕਿ ਇਸ ਲਈ ਗੁਰਦੁਆਰੇ ਦੇ ਅੰਦਰ ਤੇ ਬਾਹਰ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣਗੇ।

ਪਾਕਿਸਤਾਨ ਦੇ ਵਜ਼ੀਰੇ ਆਜ਼ਮ ਇਮਰਾਨ ਖਾਨ 9 ਨਵੰਬਰ ਨੂੰ ਕਰਤਾਰਪੁਰ ਲਾਂਘੇ ਦਾ ਉਦਘਾਟਨ ਕਰਨਗੇ ਜਦੋਂਕਿ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ 12 ਨਵੰਬਰ ਨੂੰ ਹੈ।

## ਯਾਤਰਾ ਸਬੰਧੀ ਮੁੱਖ ਸ਼ਰਤਾਂ

- ਸ਼ਰਧਾਲੂ ਵੱਧ ਤੋਂ ਵੱਧ 11 ਹਜ਼ਾਰ ਦੀ ਨਗਦੀ ਤੇ ਸੱਤ ਕਿਲੋ ਵਜ਼ਨੀ ਬੈਗ ਹੀ ਲਿਜਾ ਸਕਣਗੇ
- ਯਾਤਰਾ ਮੌਕੇ ਵਾਤਾਵਰਨ ਪੱਖੀ ਸਮੱਗਰੀ ਜਿਵੇਂ ਕੱਪੜੇ ਦੇ ਬੈਗ ਨੂੰ ਤਰਜੀਹ ਦੇਣ ਦੀ ਹਦਾਇਤ
- ਤੇਜ਼ ਆਵਾਜ਼ 'ਚ ਸੰਗੀਤ ਚਲਾਉਣ ਤੇ ਹੋਰਨਾਂ ਦੀਆਂ ਫੋਟੋਆਂ ਖਿੱਚਣ ਦੀ ਨਹੀਂ ਹੋਵੇਗੀ ਇਜਾਜ਼ਤ
- ਯਾਤਰੂਆਂ ਨੂੰ ਇਕੱਲੇ ਜਾਂ ਗਰੁੱਪਾਂ ਅਤੇ ਤੁਰ ਕੇ ਜਾਣ ਦੀ ਖੁੱਲ੍ਹ ਹੋਵੇਗੀ
- ਯਾਤਰੂਆਂ ਲਈ 'ਲੰਗਰ' ਤੇ 'ਪ੍ਰਸਾਦ' ਦਾ ਪ੍ਰਬੰਧ ਪਾਕਿਸਤਾਨ ਕਰੇਗਾ
- ਲਾਂਘਾ ਰੋਜ਼ ਪਹੁ-ਫੁਟਾਲੇ ਤੋਂ ਦਿਨ ਛਿਪਣ ਤੱਕ ਖੁੱਲ੍ਹਾ ਰਹੇਗਾ
- ਰੋਜ਼ਾਨਾ 5000 ਭਾਰਤੀ ਸ਼ਰਧਾਲੂਆਂ ਨੂੰ ਦਰਸ਼ਨਾਂ ਦੀ ਹੋਵੇਗੀ ਇਜਾਜ਼ਤ
- ਪਾਕਿਸਤਾਨ ਦੇ ਕਿਸੇ ਹੋਰ ਗੁਰਦੁਆਰੇ 'ਚ ਜਾਣ ਦੀ ਹੋਵੇਗੀ ਮਨਾਹੀ
- ਪਾਸਪੋਰਟ ਲਾਜ਼ਮੀ ਹੋਵੇਗਾ, ਹਾਲਾਂਕਿ ਇਸ 'ਤੇ ਕੋਈ (ਵੀਜ਼ੇ ਦੀ) ਮੋਹਰ ਨਹੀਂ ਲੱਗੇਗੀ
- ਯਾਤਰਾ ਤੋਂ ਦਸ ਦਿਨ ਪਹਿਲਾਂ ਭਾਰਤ ਸਬੰਧਤ ਸ਼ਰਧਾਲੂਆਂ ਬਾਰੇ ਜਾਣਕਾਰੀ ਸਾਂਝੀ ਕਰੇਗਾ
- ਸ਼ਰਧਾਲੂਆਂ ਨੂੰ 4 ਦਿਨ ਪਹਿਲਾਂ ਹੀ ਯਾਤਰਾ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ

## ਦਰਸ਼ਨਾਂ ਲਈ ਆਨਲਾਈਨ ਰਜਿਸਟਰੇਸ਼ਨ ਸ਼ੁਰੂ

**ਡੇਰਾ ਬਾਬਾ ਨਾਨਕ:** ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਨਲਾਈਨ ਰਜਿਸਟਰੇਸ਼ਨ ਦਾ ਕੰਮ ਸ਼ੁਰੂ ਹੋ ਗਿਆ। ਇਕ ਅਧਿਕਾਰਤ ਬਿਆਨ ਮੁਤਾਬਕ ਸਮਝੌਤੇ ਸਬੰਧੀ ਸ਼ਰਤਾਂ 'ਤੇ ਸਹੀ ਪੈਣ ਮਗਰੋਂ ਆਨਲਾਈਨ ਪੋਰਟਲ ਚਾਲੂ ਹੋ ਗਿਆ ਹੈ। ਚਾਹਵਾਨ ਸ਼ਰਧਾਲੂ ਇਸ ਆਨਲਾਈਨ ਪੋਰਟਲ 'ਤੇ ਰਜਿਸਟਰੇਸ਼ਨ ਕਰਵਾਉਣ ਮਗਰੋਂ ਆਪਣੀ ਮਰਜ਼ੀ ਮੁਤਾਬਕ ਯਾਤਰਾ ਦਾ ਦਿਨ ਚੁਣ ਸਕਦੇ ਹਨ। ਸ਼ਰਧਾਲੂ ਮਗਰੋਂ ਇਲੈਕਟ੍ਰੌਨਿਕ ਯਾਤਰਾ ਆਥੋਰਾਈਜ਼ੇਸ਼ਨ ਦਸਤਾਵੇਜ਼ ਜੈਨਰੇਟ ਕਰ ਸਕਣਗੇ। ਸਬੰਧਤ ਯਾਤਰੂਆਂ ਲਈ ਮੁਸਾਫਰ ਟਰਮੀਨਲ ਬਿਲਡਿੰਗ ਵਿਚ ਪਹੁੰਚਣ ਮੌਕੇ ਆਪਣੇ ਪਾਸਪੋਰਟ ਦੇ ਨਾਲ ਇਹ ਇਲੈਕਟ੍ਰੌਨਿਕ ਆਥੋਰਾਈਜ਼ੇਸ਼ਨ ਵਿਖਾਉਣੀ ਲਾਜ਼ਮੀ ਹੋਵੇਗੀ।

## ਪਾਕਿਸਤਾਨ ਨੂੰ ਹੋਵੇਗੀ 555 ਕਰੋੜ ਰੁਪਏ ਦੀ ਕਮਾਈ

**ਨਵੀਂ ਦਿੱਲੀ:** ਪਾਕਿਸਤਾਨ ਨੂੰ ਭਾਰਤੀ ਸ਼ਰਧਾਲੂਆਂ ਤੋਂ ਸੇਵਾ ਫੀਸ ਦੇ ਰੂਪ ਵਿਚ ਵਸੂਲੇ ਜਾਣ ਵਾਲੇ 20 ਅਮਰੀਕੀ ਡਾਲਰ (ਪ੍ਰਤੀ ਸ਼ਰਧਾਲੂ) ਨਾਲ ਸਾਲਾਨਾ 555 ਕਰੋੜ ਰੁਪਏ ਦੀ ਕਮਾਈ ਹੋਵੇਗੀ। ਵੱਡੇ ਵਿੱਤੀ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਲਈ ਇਹ ਰਾਸ਼ੀ ਵਿਦੇਸ਼ ਕਰੰਸੀ ਪੈਦਾ ਕਰਨ ਦਾ ਵੱਡਾ ਵਸੀਲਾ ਹੋਵੇਗੀ। ਕਰਤਾਰਪੁਰ ਲਾਂਘੇ ਰਾਹੀਂ ਰੋਜ਼ਾਨਾ 5000 ਸ਼ਰਧਾਲੂ ਪਾਕਿਸਤਾਨ ਜਾਣਗੇ। ਇਸ ਲਿਹਾਜ਼ ਨਾਲ ਪਾਕਿਸਤਾਨ ਨੂੰ ਰੋਜ਼ਾਨਾ ਇਕ ਲੱਖ ਅਮਰੀਕੀ ਡਾਲਰ ਭਾਵ ਲਗਭਗ ਭਾਰਤੀ ਕਰੰਸੀ ਮੁਤਾਬਕ 71 ਲੱਖ ਰੁਪਏ ਦੀ ਕਮਾਈ ਹੋਵੇਗੀ।

# ਈਕੋ ਸਿੱਖ ਸੰਸਥਾ ਨੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੁਨੀਆਂ ਭਰ 'ਚ 58 ਜੰਗਲ ਸਿਰਜੇ

**ਚੰਡੀਗੜ੍ਹ:** ਈਕੋ ਸਿੱਖ ਸੰਸਥਾ ਨੇ ਪ੍ਰਕਾਸ਼ ਪੁਰਬ ਮੌਕੇ ਦੁਨੀਆਂ ਭਰ ਵਿਚ 10 ਲੱਖ ਬੂਟੇ ਲਾ ਕੇ ਮਨਾਉਣ ਦਾ ਟੀਚਾ ਮਿਥਿਆ ਹੈ। ਸੰਸਥਾ ਵੱਲੋਂ 'ਗੁਰੂ ਨਾਨਕ ਪਵਿੱਤਰ ਜੰਗਲ' ਲਾਉਣ ਦੀ ਚਲਾਈ ਮੁਹਿੰਮ ਤਹਿਤ ਹੁਣ ਤੱਕ ਅਜਿਹੇ 58 ਜੰਗਲ ਸਿਰਜੇ ਗਏ ਹਨ, ਜਿਨ੍ਹਾਂ ਵਿਚ 30 ਹਜ਼ਾਰ ਦੇ ਕਰੀਬ ਵਿਲੱਖਣ ਬੂਟੇ ਲਾਏ ਹਨ। ਇਨ੍ਹਾਂ ਜੰਗਲਾਂ ਵਿਚ 40-45 ਕਿਸਮਾਂ ਦੇ ਬੂਟੇ ਲਾਏ ਹਨ, ਜਿਨ੍ਹਾਂ ਵਿਚ ਮਲ੍ਹੇ ਬੇਰ, ਲਸੂੜੇ, ਫਾਲਸਾ ਕਰੀਰ ਤੇ ਜੰਡ ਆਦਿ ਸ਼ਾਮਲ ਹਨ। ਕੁਝ ਅਜਿਹੇ ਬੂਟੇ ਵੀ ਲਾਏ ਹਨ ਜਿਨ੍ਹਾਂ ਦਾ ਗੁਰਬਾਣੀ ਵਿਚ ਵੀ ਜ਼ਿਕਰ ਹੋਇਆ ਹੈ।

ਈਕੋ ਸਿੱਖ ਦੇ ਕੌਮਾਂਤਰੀ ਪ੍ਰਧਾਨ ਡਾਕਟਰ ਰਾਜਵੰਤ ਸਿੰਘ, ਪਵਿੱਤਰ ਜੰਗਲ ਲਾਉਣ ਦੀ ਮੁਹਿੰਮ ਦੇ ਕਨਵੀਨਰ ਚਰਨ ਸਿੰਘ ਮੁੰਬਈ ਅਤੇ ਭਾਰਤ ਦੀ ਇਕਾਈ ਦੀ ਪ੍ਰਧਾਨ ਸੁਪਰੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਪ੍ਰਕਾਸ਼ ਪੁਰਬ ਮੌਕੇ ਦੁਨੀਆਂ ਭਰ ਵਿਚ 10 ਲੱਖ ਬੂਟੇ ਲਾਉਣ ਦਾ ਟੀਚਾ ਮਿਥਿਆ ਹੈ। ਕੈਨੇਡਾ ਇਕਾਈ ਵੱਲੋਂ ਨਵੰਬਰ ਵਿਚ 10 ਹਜ਼ਾਰ ਬੂਟੇ ਲਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਤੋਂ ਇਲਾਵਾ ਗੁਰੂ ਨਾਨਕ ਪਵਿੱਤਰ ਜੰਗਲ ਲਾਉਣ ਦੀ ਮੁਹਿੰਮ ਤਹਿਤ ਪੰਜਾਬ, ਹਰਿਆਣਾ, ਰਾਜਸਥਾਨ, ਚੰਡੀਗੜ੍ਹ, ਗੁਜਰਾਤ, ਜੰਮੂ ਕਸ਼ਮੀਰ, ਮਹਾਰਾਸ਼ਟਰ ਅਤੇ ਕਸੂਰ (ਪਾਕਿਸਤਾਨ) ਵਿਚ ਹੁਣ ਤੱਕ ਅਜਿਹੇ 58 ਜੰਗਲ ਸਿਰਜੇ ਜਾ ਚੁੱਕੇ ਹਨ। ਇਹ ਜੰਗਲ ਮਿਆਵਾਕੀ ਢੰਗ ਨਾਲ ਸਿਰਜੇ ਜਾ ਰਹੇ ਹਨ ਜਿਨ੍ਹਾਂ ਨੂੰ 17 ਮੈਂਬਰੀ ਮਾਹਿਰਾਂ ਦੀ ਟੀਮ ਤਿਆਰ ਕਰਦੀ ਹੈ। ਇਨ੍ਹਾਂ ਜੰਗਲਾਂ ਵਿਚ ਵਿਲੱਖਣ ਤਕਨੀਕ ਨਾਲ ਲੱਗੇ ਬੂਟੇ 10 ਗੁਣਾ ਤੇਜ਼ੀ ਨਾਲ ਵਿਕਸਤ ਹੁੰਦੇ ਹਨ ਤੇ 30 ਗੁਣਾ ਵੱਧ ਆਕਸੀਜਨ ਦਿੰਦੇ ਹਨ। ਉਨ੍ਹਾਂ ਦੱਸਿਆ ਕਿ ਅਜਿਹੇ ਜੰਗਲ 200 ਵਰਗ ਗਜ਼ ਵਿਚ ਲਾਏ ਜਾ ਸਕਦੇ ਹਨ ਅਤੇ ਕੋਈ ਵੀ ਵਿਅਕਤੀ ਇਸ ਲਈ ਜ਼ਮੀਨ ਮੁਹੱਈਆ ਕਰ ਕੇ ਜੰਗਲ ਸਿਰਜ ਸਕਦਾ ਹੈ। ਇਸ ਲਈ 75 ਹਜ਼ਾਰ ਰੁਪਏ ਤੋਂ ਲੈ ਕੇ ਸਵਾ ਲੱਖ ਰੁਪਏ ਤੱਕ ਲਾਗਤ ਆਉਂਦੀ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਇਸ ਸ਼ਰਤ 'ਤੇ ਅਜਿਹੇ ਜੰਗਲ ਸਿਰਜਦੀ ਹੈ ਕਿ ਇਸ ਉੱਪਰ ਵਪਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਜੰਗਲਾਂ ਵਿਚ ਲੱਗਦੇ ਫਲ-ਫੁੱਲਾਂ ਨੂੰ ਵੇਚਿਆ ਨਹੀਂ ਜਾ ਸਕਦਾ ਸਗੋਂ ਬਾਬੇ ਦੇ ਪ੍ਰਸ਼ਾਦ ਵਜੋਂ ਹੀ ਵੰਡਿਆ ਜਾ ਸਕਦਾ ਹੈ। ਅਜਿਹੇ ਜੰਗਲ ਸਿਰਜਣ ਨਾਲ ਲੋਪ ਹੋਏ ਪੰਛੀਆਂ ਤੇ ਗਡੋਇਆਂ ਸਣੇ ਚਿੜੀਆਂ ਦੀ ਚੀਂ-ਚੀਂ ਵੀ ਸੁਣਨ ਨੂੰ ਮਿਲ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਦੁਨੀਆਂ ਭਰ



ਵਿਚ ਵੱਖ-ਵੱਖ ਥਾਵਾਂ ਉਤੇ ਵੱਖ-ਵੱਖ ਕਿਸਮਾਂ ਦੇ 550 ਬੂਟਿਆਂ ਦੇ ਆਧਾਰਿਤ 1820 ਗੁਰੂ ਨਾਨਕ ਪਵਿੱਤਰ ਜੰਗਲ ਲਾਏ ਜਾਣਗੇ।

ਡਾਕਟਰ ਰਾਜਵੰਤ ਸਿੰਘ ਨੇ ਦੱਸਿਆ ਕਿ ਭਾਰਤ ਸਣੇ ਕੈਨੇਡਾ, ਪਾਕਿਸਤਾਨ, ਆਸਟਰੇਲੀਆ, ਯੂ.ਐਸ.ਏ. ਅਤੇ ਇੰਗਲੈਂਡ ਵਿਚ ਬਾਬੇ ਨਾਨਕ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 550-550 ਬੂਟੇ ਪਹਿਲਾਂ ਹੀ ਲਾਏ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਡਾ. ਰਾਜਵੰਤ ਨੇ ਦੱਸਿਆ ਕਿ ਮੋਗਾ ਵਿਚ ਵਿਲੱਖਣ 'ਗੁਰੂ ਨਾਨਕ ਬਾਗ' ਵੀ ਸਿਰਜਿਆ ਹੈ ਜਿਸ ਵਿਚ ਵਿਲੱਖਣ ਅਤੇ ਰਵਾਇਤੀ ਕਿਸਮ ਦੇ ਬੂਟੇ ਲਾਏ ਹਨ।

# ਪ੍ਰਕਾਸ਼ ਪੁਰਬ: ਸ਼੍ਰੋਮਣੀ ਕਮੇਟੀ ਵੱਲੋਂ ਕੈਪਟਨ ਸਰਕਾਰ ਦੀ ਪੇਸ਼ਕਸ਼ ਰੱਦ

**ਚੰਡੀਗੜ੍ਹ:** 550 ਸਾਲਾ ਪ੍ਰਕਾਸ਼ ਪੁਰਬ ਦੇ 12 ਨਵੰਬਰ ਨੂੰ ਹੋਣ ਵਾਲੇ ਮੁੱਖ ਸਮਾਗਮ ਨੂੰ ਸਾਂਝੇ ਤੌਰ ਉਤੇ ਸਰਕਾਰੀ ਮੰਚ ਉਤੇ ਮਨਾਉਣ ਦੀ ਪੇਸ਼ਕਸ਼ ਸ਼੍ਰੋਮਣੀ ਕਮੇਟੀ ਨੇ ਰੱਦ ਕਰ ਦਿੱਤੀ ਹੈ। ਇਹ ਪੇਸ਼ਕਸ਼ ਸ਼੍ਰੋਮਣੀ ਕਮੇਟੀ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀ ਗਈ। ਇਸ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਰਿਹਾਇਸ਼ ਉਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਖਿਆ ਹੈ ਕਿ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ 21 ਅਕਤੂਬਰ ਨੂੰ ਸਿੱਖ ਜਥੇਬੰਦੀਆਂ ਨਾਲ ਮੀਟਿੰਗ ਮਗਰੋਂ ਹੁਕਮ ਦਿੱਤਾ ਸੀ ਕਿ 11 ਅਤੇ 12 ਨਵੰਬਰ ਦੇ ਮੁੱਖ ਸਮਾਗਮ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਬੇਰ ਸਾਹਿਬ ਤੋਂ ਕੀਤੇ ਜਾਣਗੇ, ਜਿਸ ਵਿਚ ਸਰਕਾਰ ਸਮੇਤ ਹਰੇਕ ਜਥੇਬੰਦੀ ਨੂੰ ਸ਼ਾਮਲ ਹੋਣ ਲਈ ਆਖਿਆ ਗਿਆ ਸੀ।

ਪ੍ਰਾਪਤ ਜਾਣਕਾਰੀ ਅਨੁਸਾਰ ਮੁੱਖ ਮੰਤਰੀ



ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਪੇਸ਼ਕਸ਼ ਕੀਤੀ ਗਈ ਕਿ 11 ਨਵੰਬਰ ਨੂੰ ਹੋਣ ਵਾਲਾ ਇਕ ਸਮਾਗਮ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇ, ਜਿਸ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀ ਸ਼ਾਮਲ ਹੋਣਗੇ, ਜਦੋਂਕਿ ਦੂਜਾ ਸਮਾਗਮ 12 ਨਵੰਬਰ ਨੂੰ ਸਰਕਾਰ ਵੱਲੋਂ ਕੀਤਾ ਜਾਵੇਗਾ ਅਤੇ ਸ਼੍ਰੋਮਣੀ ਕਮੇਟੀ ਇਸ ਸਮਾਗਮ ਵਿਚ ਸਰਕਾਰ ਦੇ ਮੰਚ ਉਤੇ ਸ਼ਾਮਲ ਹੋਵੇ।ਇਸ ਸਮਾਗਮ ਵਿਚ ਰਾਸ਼ਟਰਪਤੀ ਦੇ ਪੁੱਜਣ ਦੀ ਸੰਭਾਵਨਾ ਹੈ। ਇਸ ਸਬੰਧੀ ਹੋਈ ਮੀਟਿੰਗ ਵਿਚ ਕੁਝ ਕੈਬਨਿਟ ਮੰਤਰੀ ਵੀ ਹਾਜ਼ਰ ਸਨ।

## ਪੇਸ਼ਕਸ਼ ਅਕਾਲ ਤਖਤ ਦੇ ਆਦੇਸ਼ਾਂ ਦੇ ਉਲਟ: ਲੌਂਗੋਵਾਲ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਉਨ੍ਹਾਂ ਸਰਕਾਰੀ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਹੈ ਕਿਉਂਕਿ ਇਹ ਅਕਾਲ ਤਖਤ ਦੇ ਆਦੇਸ਼ਾਂ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪੰਜ ਸਿੰਘ ਸਾਹਿਬਾਨ ਵੱਲੋਂ ਅਕਾਲ ਤਖਤ ਤੋਂ ਆਦੇਸ਼ ਦਿੱਤੇ ਗਏ ਹਨ ਕਿ 11 ਅਤੇ 12 ਨਵੰਬਰ ਦੇ ਸਮਾਗਮ ਸ਼੍ਰੋਮਣੀ ਕਮੇਟੀ ਵੱਲੋਂ ਬਣਾਏ ਗਏ ਮੰਚ ਤੋਂ ਹੀ ਕੀਤੇ ਜਾਣ। ਦੱਸਣਯੋਗ ਹੈ ਕਿ ਅਕਾਲ ਤਖਤ ਦੇ ਜਥੇਦਾਰ ਵੱਲੋਂ ਸਰਕਾਰ ਸਮੇਤ ਹੋਰਨਾਂ ਧਿਰਾਂ ਵੱਲੋਂ ਵੱਖਰੇ ਤੌਰ 'ਤੇ ਮਨਾਏ ਜਾਣ ਵਾਲੇ 550 ਸਾਲਾ ਪ੍ਰਕਾਸ਼ ਪੁਰਬ ਉਤੇ ਕੋਈ ਰੋਕ ਨਹੀਂ ਲਾਈ ਗਈ ਹੈ।

## ਪੰਥਕ ਧਿਰਾਂ ਲਾਉਣਗੀਆਂ ਵੱਖਰੀ ਸਟੇਜ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਲ ਖਾਲਸਾ, ਯੂਨਾਈਟਿਡ ਅਕਾਲੀ ਦਲ ਤਿੰਨੇ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਦੇ ਉਲਟ ਸੁਲਤਾਨਪੁਰ ਲੋਧੀ ਵਿਚ ਪ੍ਰਕਾਸ਼ ਪੁਰਬ ਮਨਾਉਣ ਸਬੰਧੀ ਵੱਖਰਾ ਸਮਾਗਮ ਕੀਤਾ ਜਾਵੇਗਾ। ਅਕਾਲੀ ਦਲ (ਅੰਮ੍ਰਿਤਸਰ), ਦਲ ਖਾਲਸਾ ਤੇ ਯੂਨਾਈਟਿਡ ਅਕਾਲੀ ਦਲ ਦੀ ਮੀਟਿੰਗ ਗਿਆਨੀ ਗੁਰਮੁਖ ਸਿੰਘ ਇਕੱਤਰਤਾ ਹਾਲ ਵਿਚ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ। ਇਸ ਦੌਰਾਨ 12 ਨਵੰਬਰ ਨੂੰ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਨੂੰ ਸਾਂਝੇ ਤੌਰ ਉਤੇ ਮਨਾਉਣ ਸਬੰਧੀ ਵਿਚਾਰਾ-ਵਟਾਂਦਰਾ ਕੀਤਾ ਗਿਆ। ਇਸ ਸਬੰਧੀ ਸਮਾਗਮ ਸੁਲਤਾਨਪੁਰ ਲੋਧੀ ਵਿਚ ਕਰਵਾਇਆ ਜਾਵੇਗਾ। ਸ੍ਰੀ ਮਾਨ ਨੇ ਕਿਹਾ ਕਿ ਉਪਰੋਕਤ ਪੰਥਕ ਜਥੇਬੰਦੀਆਂ ਵੱਲੋਂ ਪ੍ਰਕਾਸ਼ ਪੁਰਬ ਨੂੰ ਵੱਖਰੇ ਤੌਰ ਉਤੇ ਮਨਾਉਣ ਲਈ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਵੱਖਰੇ ਤੌਰ ਉਤੇ 12 ਨਵੰਬਰ 2019 ਨੂੰ ਸੁਲਤਾਨਪੁਰ ਲੋਧੀ ਵਿਚ ਸਮਾਗਮ ਕੀਤਾ ਜਾਵੇਗਾ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਰੋਧ ਦੇ ਬਾਵਜੂਦ ਸੋਧਿਆ ਸੂਚਨਾ ਅਧਿਕਾਰ ਕਾਨੂੰਨ ਲਾਗੂ

**ਨਵੀਂ ਦਿੱਲੀ:** ਸਿਵਲ ਸੁਸਾਇਟੀ ਦੇ ਖਦਸ਼ੇ ਦਰਕਿਨਾਰ ਕਰਦਿਆਂ ਕੇਂਦਰ ਸਰਕਾਰ ਨੇ ਸੂਚਨਾ ਅਧਿਕਾਰ ਕਾਨੂੰਨ 2005 ਵਿਚ ਸੋਧਾਂ ਅਮਲ ਵਿਚ ਲਿਆਉਣ ਲਈ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ।

ਪਰਸੋਨਲ ਮੰਤਰਾਲੇ ਦੇ ਇਕ ਨੋਟੀਫਿਕੇਸ਼ਨ ਵਿਚ ਬਿਨਾ ਕੋਈ ਹੋਰ ਵੇਰਵੇ ਦਿੱਤਿਆਂ ਕਿਹਾ ਗਿਆ ਹੈ ਕਿ ਸੂਚਨਾ ਅਧਿਕਾਰ (ਸੋਧ) ਕਾਨੂੰਨ 2019, 24 ਅਕਤੂਬਰ ਤੋਂ ਲਾਗੂ ਹੋ ਗਿਆ ਹੈ।

ਸਰਕਾਰ ਨੇ ਇਸ ਸਾਲ ਜੁਲਾਈ ਵਿਚ ਸੂਚਨਾ ਅਧਿਕਾਰ ਕਾਨੂੰਨ ਵਿਚ ਸੋਧ ਕਰਨ ਲਈ ਇਕ ਬਿੱਲ ਲਿਆਂਦਾ ਸੀ ਅਤੇ ਇਸ ਬਿਲ ਦਾ ਸੂਚਨਾ ਅਧਿਕਾਰ ਕਾਨੂੰਨ ਨੂੰ ਹੋਂਦ ਵਿਚ ਲਿਆਉਣ ਲਈ ਸਰਗਰਮ ਰਹੀਆਂ ਜਥੇਬੰਦੀਆਂ ਨੇ ਸਖਤ ਵਿਰੋਧ ਕੀਤਾ ਸੀ ਅਤੇ ਇਸ ਨੂੰ ਮਨੁੱਖੀ ਅਧਿਕਾਰਾਂ ਉੱਤੇ ਛਾਪਾ ਕਰਾਰ ਦਿੱਤਾ ਸੀ। ਇਸ ਸਬੰਧੀ ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਕਿਹਾ ਸੀ ਕਿ ਕਾਨੂੰਨ ਨੂੰ ਅਮਲ ਵਿਚ ਲਿਆਉਣ ਸਮੇਂ ਤਤਕਾਲੀ ਸਰਕਾਰ ਨੇ ਕਈ ਗਲਤੀਆਂ ਕੀਤੀਆਂ ਹਨ ਅਤੇ ਇਸ ਵਿਚ ਸੋਧ ਕਰਨ ਦਾ ਮਤਲਬ ਸੂਚਨਾ ਅਧਿਕਾਰ ਕਾਨੂੰਨ 2005 ਨੂੰ ਸਹੀ ਕਰਨਾ ਅਤੇ ਸੰਸਥਾਗਤ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਸੂਚਨਾ ਕਮਿਸ਼ਨ ਵਿਧਾਨਿਕ ਸੰਸਥਾ ਹੈ ਅਤੇ ਇਸ ਨੂੰ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਨਾਲ ਜੋੜਿਆ ਗਿਆ ਸੀ ਜੋ ਕਿ ਸੰਵਿਧਾਨਕ ਸੰਸਥਾਵਾਂ ਹਨ, ਇਸ ਕਰਕੇ ਤਕਨੀਕੀ ਤੌਰ ਉਤੇ ਅਨਾਮਲੀ ਪੈਦਾ ਹੋ ਗਈ ਸੀ ਜਿਸ ਵਿਚ ਸੋਧ ਕੀਤੀ ਜਾਣੀ ਜ਼ਰੂਰੀ ਸੀ। ਸੋਧ ਬਿਲ ਸੰਸਦ ਦੇ ਦੋਵਾਂ ਸਦਨਾਂ ਵੱਲੋਂ ਪਾਸ ਕੀਤਾ ਜਾ ਚੁੱਕਾ ਹੈ ਅਤੇ ਅਗਸਤ ਵਿਚ ਰਾਸ਼ਟਰਪਤੀ ਨੇ ਵੀ ਇਸ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਸੋਧੇ ਹੋਏ ਕਾਨੂੰਨ ਤਹਿਤ ਕੇਂਦਰ ਸਰਕਾਰ ਮੁੱਖ ਸੂਚਨਾ ਕਮਿਸ਼ਨ ਅਤੇ ਸੂਚਨਾ ਕਮਿਸ਼ਨਾਂ ਦੇ ਅਹੁਦੇ ਦੀ ਮਿਆਦ, ਤਨਖਾਹਾਂ, ਭੱਤੇ ਆਦਿ ਤੈਅ ਕਰ ਸਕੇਗੀ।

## ਏਅਰ ਇੰਡੀਆ ਨੇ ਜਹਾਜ ਉਤੇ ੴ ਲਿਖਵਾਇਆ

**ਚੰਡੀਗੜ੍ਹ:** ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦੀ 550ਵੇਂ ਪ੍ਰਕਾਸ਼ ਪੁਰਬ ਮੌਕੇ ਇਕ ਨਿਵੇਕਲੇ ਉਪਰਾਲੇ ਵਜੋਂ ਏਅਰ ਇੰਡੀਆ ਨੇ ਆਪਣੇ ਬੋਇੰਗ ਹਵਾਈ ਜਹਾਜ 'ਤੇ ਸਿੱਖਾਂ ਦਾ ਧਾਰਮਿਕ ਚਿੰਨ੍ਹ ੴ (ਇਕ ਓਂਕਾਰ) ਲਿਖਵਾਇਆ ਹੈ। ੴ ਸਿੱਖ ਧਰਮ ਦੇ ਫਲਸਫੇ ਦਾ ਕੇਂਦਰੀ ਧੁਰਾ ਹੈ।

ਕੌਮੀ ਕੈਰੀਅਰ ਨੇ ਅੰਮ੍ਰਿਤਸਰ ਤੋਂ ਸਟੈਨਸਟੈਂਡ ਯੂਕੇ ਜਾਣ ਵਾਲੀ ਆਪਣੀ ਬੋਇੰਗ 787 ਹਵਾਈ ਜਹਾਜ 'ਤੇ ਇਸ ਧਾਰਮਿਕ ਚਿੰਨ੍ਹ ਨੂੰ ਲਿਖਵਾਇਆ ਹੈ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਕ ਟਵੀਟ 'ਚ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਕ ਜਸ਼ਨਾਂ ਦੇ ਹਿੱਸੇ ਵਜੋਂ ਏਅਰਇੰਡੀਆ ਦੇ ਬੋਇੰਗ 787 ਡ੍ਰੀਮਲਾਈਨ ਹਵਾਈ ਜਹਾਜ ਦੇ ਮਗਰਲੇ ਹਿੱਸੇ ਉਤੇ ੴ ਲਿਖਿਆ ਵੇਖ ਕੇ ਦਿਲ ਨੂੰ ਵੱਡਾ ਸੁਕੂਨ ਮਿਲਿਆ।"

ਏਅਰਇੰਡੀਆ ਦੀ ਇਹ ਉਡਾਣ ਹਫਤੇ 'ਚ ਤਿੰਨ ਦਿਨ ਮੁੰਬਈ-ਅੰਮ੍ਰਿਤਸਰ-ਸਟੈਨਸਟੈਂਡ (ਲੰਡਨ) ਰੂਟ ਉਤੇ ਚੱਲੇਗੀ। ਇਹ ਉਡਾਣ 550ਵੇਂ ਪ੍ਰਕਾਸ਼ ਪੁਰਬ ਮੌਕੇ ਵਿਦੇਸ਼ਾਂ 'ਚ ਵਸੇ ਸਿੱਖ ਸ਼ਰਧਾਲੂਆਂ ਦੀ ਯਾਤਰਾ ਨੂੰ ਸੁਖਾਲਾ ਬਣਾਉਣ ਦੇ ਇਰਾਦੇ ਨਾਲ ਵਿਸ਼ੇਸ਼ ਤੌਰ ਉਤੇ ਸ਼ੁਰੂ ਕੀਤੀ ਗਈ ਹੈ।

# ਪੰਜਾਬੀਆਂ ਨੇ 'ਹਰੀ ਦੀਵਾਲੀ' ਨਾਲ ਪਾਈ ਪ੍ਰਦੂਸ਼ਣ ਨੂੰ ਠੱਲ੍ਹ

**ਪਟਿਆਲਾ:** ਪੰਜਾਬ ਵਿਚ ਐਤਕੀਂ ਦੀਵਾਲੀ ਵਾਲੇ ਦਿਨ ਹਵਾ ਦੀ ਗੁਣਵੱਤਾ 'ਚ ਪਿਛਲੇ ਸਾਲ ਦੇ ਮੁਕਾਬਲੇ ਸੁਧਾਰ ਵੇਖਣ ਨੂੰ ਮਿਲਿਆ ਹੈ। ਦੀਵਾਲੀ ਵਾਲੇ ਦਿਨ ਔਸਤਨ ਹਵਾ ਗੁਣਵੱਤਾ ਸੂਚਕ ਅੰਕ 210 ਰਿਕਾਰਡ ਕੀਤਾ ਗਿਆ, ਜੋ ਪਿਛਲੇ ਵਰ੍ਹੇ ਦੇ ਔਸਤਨ 234 ਦੇ ਮੁਕਾਬਲੇ 10.25 ਫੀਸਦੀ ਮਨਫੀ ਪਾਇਆ ਗਿਆ ਹੈ। ਸਮਝਿਆ ਜਾ ਰਿਹਾ ਹੈ ਕਿ ਪੰਜਾਬ ਅੰਦਰ ਹਵਾ ਦੇ ਗੁਣਵੱਤਾ ਅੰਕੜੇ ਦੇ ਸੁਧਾਰ ਤੋਂ ਐਤਕੀਂ ਪੰਜਾਬ ਨੂੰ ਪ੍ਰਦੂਸ਼ਣ ਦੇ ਮੁੱਦੇ ਉਤੇ ਦਿੱਲੀ ਵਾਲਿਆਂ ਦੇ ਮਿਹਣੇ ਨਹੀਂ ਸੁਣਨੇ ਪੈਣਗੇ।

ਰਾਜਧਾਨੀ ਦਿੱਲੀ ਦਾ ਅਕਸਰ ਪੰਜਾਬ ਪ੍ਰਤੀ ਸ਼ਿਕਵਾ ਰਹਿੰਦਾ ਸੀ ਕਿ ਦੀਵਾਲੀ ਦਾ ਫੈਲਿਆ ਪ੍ਰਦੂਸ਼ਣ ਝੋਨੇ ਦੀ ਪਰਾਲੀ ਦੇ ਧੂੰਏਂ ਨਾਲ ਰਲ ਕੇ ਦਿੱਲੀ ਤੱਕ ਮਾਰ ਕਰਦਾ ਹੈ। ਭਾਵੇਂ ਇਹ ਦੋਸ਼ ਪਿਛਲੇ ਦੋ ਸਾਲਾਂ ਤੋਂ ਸਹੀ ਸਿੱਧ ਨਹੀਂ ਹੋ ਰਹੇ ਪਰ ਐਤਕੀਂ ਮੁੜ ਇਹ ਗੱਲ ਸਾਫ ਹੋ ਗਈ ਹੈ ਕਿ ਦੀਵਾਲੀ ਦੀ ਰਾਤ ਪਟਾਕਿਆਂ ਤੇ ਧੂੰਏਂ ਦੀ ਮਾਰ ਦਾ ਪੰਜਾਬ ਦੇ ਵਾਤਾਵਰਨ ਉਤੇ ਉਨਾ ਅਸਰ ਨਹੀਂ ਹੋਇਆ, ਜਿਸ ਤੋਂ ਗੁਆਂਢੀਆਂ ਨੂੰ ਕੋਈ ਇਤਰਾਜ਼ ਹੋਵੇ। ਉਧਰ, ਦਿੱਲੀ ਦਾ ਹਵਾ ਗੁਣਵੱਤਾ ਸੂਚਕ ਅੰਕ ਕਿਤੇ ਵੱਧ ਮਾਪਿਆ ਜਾ ਰਿਹਾ ਹੈ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਦਾਅਵਾ ਹੈ ਕਿ ਪੰਜਾਬੀਆਂ ਨੇ ਐਤਕੀਂ ਹਰੀ ਦੀਵਾਲੀ ਮਨਾਉਣ ਨੂੰ ਤਰਜੀਹ ਦੇ ਕੇ ਪ੍ਰਦੂਸ਼ਣ ਨੂੰ ਠੱਲ੍ਹ ਪਾਈ ਹੈ। ਦੀਵਾਲੀ ਵਾਲੇ ਦਿਨ ਸ਼ਾਮ 8 ਤੋਂ ਰਾਤ 10 ਵਜੇ ਤੱਕ ਹੀ ਪਟਾਕੇ ਚਲਾਉਣ ਦੇ ਸੁਪਰੀਮ ਕੋਰਟ ਦੇ ਹੁਕਮਾਂ ਉਤੇ ਪੰਜਾਬੀਆਂ ਨੇ ਫੁੱਲ ਚੜ੍ਹਾਏ ਹਨ। ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਪੰਜਾਬ ਬੋਰਡ ਦੇ ਫੀਲਡ ਅਫਸਰਾਂ ਨੇ ਪੁਲਿਸ ਵਿਭਾਗ ਦੀ ਮਦਦ ਨਾਲ ਪੂਰੀ ਮੁਸਤੈਦੀ ਵਰਤੀ, ਜਿਸ ਦੇ ਨਤੀਜੇ ਹਵਾ ਗੁਣਵੱਤਾ ਸੂਚਕ ਅੰਕ ਰਾਹੀਂ ਦਿਖਾਈ ਦਿੱਤੇ।

## *ਕਵੀ ਤੇ ਵਿਗਿਆਨੀ ਸੁਖਚੈਨ ਮਿਸਤਰੀ ਦਾ ਦੇਹਾਂਤ*

**ਲੁਧਿਆਣਾ:** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸੇਵਾਮੁਕਤ ਸੀਨੀਅਰ ਪਲਾਂਟ ਬਰੀਡਰ ਤੇ ਪੰਜਾਬੀ ਕਵੀ ਡਾ. ਸੁਖਚੈਨ ਮਿਸਤਰੀ ਦਾ ਦੇਹਾਂਤ ਹੋ ਗਿਆ। ਪਿੰਡ ਗੋਸਲਾਂ (ਨੇੜੇ ਮਲੌਦ) ਦੇ ਜੰਮਪਲ ਡਾ. ਸੁਖਚੈਨ ਪੀ.ਏ.ਯੂ. ਦੇ ਵਿਦਿਆਰਥੀ ਸਨ ਅਤੇ ਉਨ੍ਹਾਂ ਨੇ ਇਥੇ ਹੀ ਪੂਰੀ ਉਮਰ ਪੜ੍ਹਾਇਆ ਤੇ ਪਲਾਂਟ ਬਰੀਡਿੰਗ 'ਚ ਖੋਜ ਕਾਰਜ ਕੀਤੇ। ਉਨ੍ਹਾਂ ਨੇ ਡਾ. ਸੁਰਜੀਤ ਪਾਤਰ ਤੇ ਡਾ. ਚਮਨ ਲਾਲ ਦੇ ਸਹਿਯੋਗ ਨਾਲ 'ਵਰਤਮਾਨ ਦੇ ਰੂਬਰੂ' ਪੁਸਤਕ ਸੰਪਾਦਤ ਕੀਤੀ।

# ਸੁਪਰੀਮ ਕੋਰਟ ਵਲੋਂ ਦੂਰਸੰਚਾਰ ਕੰਪਨੀਆਂ ਨੂੰ ਵੱਡਾ ਝਟਕਾ

**ਨਵੀਂ ਦਿੱਲੀ:** ਦੂਰਸੰਚਾਰ ਸੇਵਾ ਕੰਪਨੀਆਂ ਨੂੰ ਉਦੋਂ ਵੱਡਾ ਝਟਕਾ ਲੱਗਿਆ ਜਦੋਂ ਸੁਪਰੀਮ ਕੋਰਟ ਨੇ ਉਨ੍ਹਾਂ ਤੋਂ ਤਕਰੀਬਨ 92 ਹਜ਼ਾਰ ਕਰੋੜ ਦੀ ਵਿਵਸਥਿਤ ਕੁੱਲ ਆਮਦਨ ਦੀ ਵਸੂਲੀ ਲਈ ਕੇਂਦਰ ਦੀ ਪਟੀਸ਼ਨ ਮਨਜ਼ੂਰ ਕਰ ਲਈ। ਤਿੰਨ ਮੈਂਬਰੀ ਬੈਂਚ ਨੇ ਦੂਰਸੰਚਾਰ ਵਿਭਾਗ ਵੱਲੋਂ ਤਿਆਰ ਕੀਤੀ ਗਈ ਵਿਵਸਥਿਤ ਕੁੱਲ ਆਮਦਨ ਦੀ ਪਰਿਭਾਸ਼ਾ ਬਰਕਰਾਰ ਰੱਖੀ ਹੈ।

ਬੈਂਚ ਨੇ ਕਿਹਾ, "ਅਸੀਂ ਆਦੇਸ਼ ਦਿੱਤਾ ਹੈ ਕਿ ਵਿਵਸਥਿਤ ਕੁੱਲ ਆਮਦਨ ਦੀ ਪਰਿਭਾਸ਼ਾ ਬਰਕਰਾਰ ਰਹੇਗੀ।" ਇਸ ਸਬੰਧੀ ਫੈਸਲੇ ਦੇ ਮੁੱਖ ਅੰਸ਼ ਪੜ੍ਹਦਿਆਂ ਸਰਬ-ਉੱਚ ਅਦਾਲਤ ਨੇ ਕਿਹਾ, "ਅਸੀਂ ਦੂਰਸੰਚਾਰ ਵਿਭਾਗ ਦੀ ਪਟੀਸ਼ਨ ਸਵੀਕਾਰ ਕਰਦੇ ਹਾਂ, ਅਤੇ ਕੰਪਨੀਆਂ ਦੀ ਪਟੀਸ਼ਨ ਖਾਰਜ ਕਰਦੇ ਹਾਂ।" ਅਦਾਲਤ ਨੇ ਕਿਹਾ ਕਿ ਉਸ ਵੱਲੋਂ ਦੂਰਸੰਚਾਰ ਕੰਪਨੀਆਂ ਦੀਆਂ ਸਾਰੀਆਂ ਦਲੀਲਾਂ ਨੂੰ ਖਾਰਜ ਕਰ ਦਿੱਤਾ ਗਿਆ ਹੈ।

ਅਦਾਲਤ ਨੇ ਸਾਫ ਕਿਹਾ ਕਿ ਕੰਪਨੀਆਂ ਨੂੰ ਦੂਰਸੰਚਾਰ ਵਿਭਾਗ ਨੂੰ ਜੁਰਮਾਨਾ ਅਤੇ ਵਿਆਜ ਦੀ ਰਕਮ ਦਾ ਭੁਗਤਾਨ ਵੀ ਕਰਨਾ ਪਵੇਗਾ। ਅਦਾਲਤ ਨੇ ਸਪੱਸ਼ਟ ਕੀਤਾ ਕਿ ਇਸ ਮਾਮਲੇ ਵਿਚ ਅੱਗੇ ਹੋਰ ਕੋਈ ਕਾਨੂੰਨੀ ਕਾਰਵਾਈ ਦੀ ਇਜਾਜ਼ਤ ਨਹੀਂ ਹੋਵੇਗੀ। ਇਸ ਤੋਂ ਇਲਾਵਾ ਵਿਵਸਥਿਤ ਕੁੱਲ ਆਮਦਨ ਦੀ ਗਣਨਾ ਅਤੇ ਕੰਪਨੀਆਂ ਨੂੰ ਉਸ ਦਾ ਭੁਗਤਾਨ ਕਰਨ ਲਈ ਸਮਾਂ ਸੀਮਾ ਤੈਅ ਕੀਤੀ ਜਾਵੇਗੀ।

ਦੱਸਣਯੋਗ ਹੈ ਕਿ ਕੇਂਦਰ ਨੇ ਜੁਲਾਈ ਵਿਚ ਸਰਬਉਚ ਅਦਾਲਤ ਨੂੰ ਕਿਹਾ ਸੀ ਕਿ ਭਾਰਤੀ ਏਅਰਟੈੱਲ, ਵੋਡਾਫੋਨ ਜਿਹੀਆਂ ਪ੍ਰਮੁੱਖ ਨਿੱਜੀ ਦੂਰਸੰਚਾਰ ਕੰਪਨੀਆਂ ਅਤੇ ਸਰਕਾਰ ਦੀ ਮਾਲਕੀ ਵਾਲੀ ਐਮ.ਟੀ.ਐਨ.ਐਲ. ਅਤੇ ਬੀ.ਐਸ.ਐਨ.ਐਲ. ਉਤੇ ਉਸ ਦਿਨ ਤੱਕ 92 ਹਜ਼ਾਰ ਕਰੋੜ ਰੁਪਏ ਤੋਂ ਵੱਧ ਰਾਸ਼ੀ ਲਾਇਸੈਂਸ ਫੀਸ ਵਜੋਂ ਬਕਾਇਆ ਹੈ।

## ਭਾਜਪਾ ਦਾ 'ਰਾਸ਼ਟਰਵਾਦ' ਐਤਕੀਂ ਕੰਮ ਨਾ ਆਇਆ

*(ਸਫਾ ਇਕ ਦੀ ਬਾਕੀ)*

ਸਭਾ ਚੋਣਾਂ ਵਿਚ ਪੁਲਵਾਮਾ ਵਿਚ ਸੀ. ਆਰ. ਪੀ. ਐਫ. ਉਤੇ ਹੋਏ ਦਹਿਸ਼ਤਗਰਦ ਹਮਲੇ ਤੇ ਉਸ ਤੋਂ ਬਾਅਦ ਭਾਰਤੀ ਹਵਾਈ ਫੌਜ ਦੁਆਰਾ ਬਾਲਾਕੋਟ 'ਚ ਕੀਤੀ ਕਾਰਵਾਈ ਦੇ ਸਿਰ 'ਤੇ ਭਾਜਪਾ ਨੇ ਅੰਧ-ਰਾਸ਼ਟਰਵਾਦ ਨੂੰ ਵੱਡਾ ਮੁੱਦਾ ਬਣਾ ਕੇ ਉਭਾਰਿਆ। ਇਸ ਦੇ ਮੁਕਾਬਲੇ ਬੇਰੁਜ਼ਗਾਰੀ, ਕਿਸਾਨੀ ਸੰਕਟ, ਆਰਥਿਕ ਮੰਦਵਾੜਾ ਤੇ ਹੋਰ ਸਥਾਨਿਕ ਮੁੱਦੇ ਹਾਸ਼ੀਏ 'ਤੇ ਚਲੇ ਗਏ ਅਤੇ ਭਾਜਪਾ ਨੇ 303 ਸੀਟਾਂ ਹਾਸਲ ਕਰਕੇ ਵੱਡੀ ਜਿੱਤ ਦਰਜ ਕੀਤੀ ਜਦੋਂਕਿ ਕਾਂਗਰਸ ਵਿਰੋਧੀ ਧਿਰ ਲਈ ਲੋੜੀਂਦੀਆਂ 54 ਸੀਟਾਂ ਵੀ ਨਾ ਮਿਲੀਆਂ। ਲੋਕ ਸਭਾ ਦੀਆਂ ਚੋਣਾਂ ਵਿਚ ਭਾਜਪਾ ਨੇ ਹਰਿਆਣਾ ਦੀਆਂ ਸਾਰੀਆਂ 10 ਸੀਟਾਂ ਅਤੇ ਮਹਾਰਾਸ਼ਟਰ ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ 23, ਸ਼ਿਵ ਸੈਨਾ ਨੇ 18 ਸੀਟਾਂ ਜਿੱਤੀਆਂ ਸਨ। ਹੁਣ ਮਹਾਰਾਸ਼ਟਰ 'ਚ ਭਾਜਪਾ ਤੇ ਸ਼ਿਵ ਸੈਨਾ ਨੇ ਰਲ ਕੇ ਲੜੀਆਂ ਅਤੇ ਇਕੱਠਿਆਂ 159 ਸੀਟਾਂ ਜਿੱਤੀਆਂ ਅਤੇ ਹਰਿਆਣੇ ਵਿਚ ਭਾਜਪਾ ਸਿਰਫ 40 ਸੀਟਾਂ ਹਾਸਲ ਕਰ ਸਕੀ ਹੈ।

# ਪੰਜਾਬ ਦੀ ਸਿਆਸਤ ਨੂੰ ਰਵਾਇਤੀ ਧਿਰਾਂ ਦਾ ਘੇਰਾ

*(ਸਫਾ ਇਕ ਦੀ ਬਾਕੀ)*

ਦਿੱਤੀ ਸੀ। ਗੱਠਜੋੜ ਦੀਆਂ ਦੋ ਹੋਰ ਪਾਰਟੀਆਂ ਬਸਪਾ ਅਤੇ ਆਰ.ਐਮ.ਪੀ.ਆਈ. ਨੇ ਮੁਕੇਰੀਆ ਤੋਂ 'ਆਪ' ਦੇ ਉਮੀਦਵਾਰ ਦੀ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ। ਪੀ.ਡੀ.ਏ. ਦੀ ਅੰਦਰੂਨੀ ਸਿਆਸਤ ਵਿਚ ਤੇਜ਼ੀ ਨਾਲ ਵਾਪਰੀਆਂ ਘਟਨਾਵਾਂ ਕਾਰਨ ਇਸ ਦੇ ਕਨਵੀਨਰ ਸੁਖਪਾਲ ਸਿੰਘ ਖਹਿਰਾ ਪੂਰੀ ਤਰ੍ਹਾਂ ਨਾਲ ਅਲੱਗ-ਥਲੱਗ ਪੈ ਗਏ ਤੇ ਬਾਜ਼ੀ ਫਿਰ ਰਵਾਇਤੀ ਧਿਰਾਂ ਹੱਥ ਆ ਗਈ। ਯਾਦ ਰਹੇ ਕਿ ਕੈਪਟਨ ਸਰਕਾਰ ਦੀ ਢਾਈ ਸਾਲਾਂ ਦੀ ਕਾਰਗੁਜ਼ਾਰੀ ਸਵਾਲਾਂ ਵਿਚ ਘਿਰੀ ਹੋਈ। ਸਰਕਾਰ ਵਾਅਦਾਖਿਲਾਫੀ ਦੇ ਮੁੱਦੇ ਉਤੇ ਚੁਫੇਰਿਉਂ ਘਿਰੀ ਹੋਈ ਹੈ। ਰੁਜ਼ਗਾਰ, ਕਿਸਾਨੀ ਤੇ ਨਸ਼ਿਆਂ ਸਮੇਤ ਹਰ ਮੁੱਦੇ ਉਤੇ ਸਰਕਾਰ ਨੇ ਲੋਕਾਂ ਪੱਲੇ ਨਿਰਾਸ਼ਾ ਹੀ ਪਾਈ ਹੈ। ਇਸ ਲਈ ਉਮੀਦ ਕੀਤੀ ਜਾ ਰਹੀ ਸੀ ਕਿ ਤੀਜੇ ਬਦਲ ਦੀ ਭਾਲ ਵਿਚ ਬੈਠੇ ਪੰਜਾਬ ਦੇ ਵੋਟਰ ਕੁਝ ਵੱਖਰੇ ਨਤੀਜੇ ਦੇਣਗੇ ਪਰ ਤੀਜੇ ਬਦਲ ਦੇ ਦਾਅਵਿਆਂ ਵਾਲੀਆਂ ਧਿਰਾਂ ਆਪਸ ਵਿਚ ਹੀ ਅਜਿਹੀਆਂ ਉਲਝੀਆਂ ਕਿ ਸਾਰੀਆਂ ਰਣਨੀਤੀਆਂ ਧਰੀਆਂ ਧਰਾਈਆਂ ਹੀ ਰਹਿ ਗਈਆਂ।

ਚਾਰਾਂ ਵਿਚੋਂ ਤਿੰਨ ਹਲਕਿਆਂ 'ਤੇ ਕਾਂਗਰਸ ਤੇ ਇਕ ਉਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਜਲਾਲਾਬਾਦ ਵਿਧਾਨ ਸਭਾ ਹਲਕੇ 'ਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਦਬਦਬਾ ਤੋੜਦਿਆਂ ਕਾਂਗਰਸ ਦੇ ਰਮਿੰਦਰ ਸਿੰਘ ਆਵਲਾ ਨੇ ਅਕਾਲੀ ਦਲ ਦੇ ਉਮੀਦਵਾਰ ਨੂੰ ਵੱਡੇ ਫਰਕ ਨਾਲ ਹਰਾਇਆ। ਸੱਤਾਧਾਰੀ ਕਾਂਗਰਸ ਲਈ ਵੱਕਾਰ ਦਾ ਸਵਾਲ ਬਣੇ ਦਾਖਾ ਵਿਧਾਨ ਸਭਾ ਹਲਕੇ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖਾਸਮ-ਖਾਸ ਕੈਪਟਨ ਸੰਦੀਪ ਸੰਧੂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ ਨੇ ਬੁਰੀ ਤਰ੍ਹਾਂ ਸ਼ਿਕਸਤ ਦਿੱਤੀ ਹੈ। ਭਾਰਤੀ ਜਨਤਾ ਪਾਰਟੀ ਦਾ ਗੜ੍ਹ ਮੰਨੇ ਜਾਂਦੇ ਫਗਵਾੜਾ ਅਤੇ ਮੁਕੇਰੀਆਂ ਹਲਕਿਆਂ ਤੋਂ ਕਾਂਗਰਸ ਦੇ ਬਲਵਿੰਦਰ ਸਿੰਘ ਧਾਲੀਵਾਲ ਅਤੇ ਮਰਹੂਮ ਕਾਂਗਰਸੀ ਵਿਧਾਇਕ ਦੀ ਪਤਨੀ ਇੰਦੂ ਬਾਲਾ ਨੇ ਜਿੱਤ ਹਾਸਲ ਕੀਤੀ ਹੈ। ਪੰਜਾਬ ਵਿਧਾਨ ਸਭਾ ਵਿਚ ਹੁਣ ਕਾਂਗਰਸ ਦੇ ਵਿਧਾਇਕਾਂ ਦੀ ਗਿਣਤੀ 80 ਹੋ ਗਈ ਹੈ ਜਦਕਿ ਆਮ ਆਦਮੀ ਪਾਰਟੀ ਦੇ 19, ਸ਼੍ਰੋਮਣੀ ਅਕਾਲੀ ਦਲ ਦੇ 14, ਭਾਜਪਾ ਅਤੇ ਲੋਕ ਇਨਸਾਫ ਪਾਰਟੀ ਦੇ 2-2 ਵਿਧਾਇਕ ਹਨ। ਜ਼ਿਮਨੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਉਮੀਦਵਾਰਾਂ ਸਮੇਤ ਹੋਰਨਾਂ ਆਜ਼ਾਦ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਸਿਆਸੀ ਪੱਖ ਤੋਂ ਦੇਖਿਆ ਜਾਵੇ ਤਾਂ ਇਹ ਚੋਣਾਂ ਅਕਾਲੀ ਦਲ ਲਈ ਵੱਡਾ ਝਟਕਾ ਹਨ ਕਿਉਂਕਿ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਵਿਰੋਧੀ ਧਿਰ ਦੀ ਭੂਮਿਕਾ ਵੀ ਨਾ ਮਿਲਣ ਤੋਂ ਬਾਅਦ ਅਕਾਲੀ ਦਲ ਦਾ ਆਧਾਰ ਪੰਜਾਬ ਵਿਚ ਖੁੱਸਿਆ ਹੋਇਆ ਨਜ਼ਰ ਆ ਰਿਹਾ ਹੈ। ਪੰਜਾਬ ਦੇ ਲੋਕ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਤੋਂ ਵੀ ਨਿਰਾਸ਼ ਮੰਨੇ ਜਾਂਦੇ ਹਨ। ਅਜਿਹੇ ਹਾਲਾਤ ਵਿਚ ਅਕਾਲੀ ਦਲ ਲੋਕਾਂ ਦੀ ਸਰਕਾਰ ਪ੍ਰਤੀ ਨਾਰਾਜ਼ਗੀ ਦਾ ਲਾਹਾ ਨਹੀਂ ਲੈ ਸਕਿਆ। ਜ਼ਿਮਨੀ ਚੋਣਾਂ ਦੌਰਾਨ ਫਗਵਾੜਾ ਤੇ ਮੁਕੇਰੀਆਂ ਤੋਂ ਭਾਜਪਾ ਉਮੀਦਵਾਰਾਂ ਦੀ ਹਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਹਾਲ ਦੀ ਘੜੀ ਆਪਣੇ ਦਮ ਉਤੇ ਲੜਾਈ ਲੜਨ ਦੇ ਸਮਰੱਥ ਨਹੀਂ ਹੋਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਜ਼ਿਮਨੀ ਚੋਣਾਂ ਦੇ ਨਤੀਜਿਆਂ ਨੇ ਬਾਦਲਾਂ ਨੂੰ ਸੋਚੀਂ ਪਾਇਆ

## ਇਕੱਲੇ ਚੋਣ ਲੜਨ ਦੇ ਸੁਪਨੇ ਵੇਖ ਰਹੀ ਭਾਜਪਾ ਦੇ ਸਾਰੇ ਭੁਲੇਖੇ ਹੋਏ ਦੂਰ

**ਚੰਡੀਗੜ੍ਹ:** ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੌਰਾਨ ਤਿੰਨ ਹਲਕਿਆਂ 'ਤੇ ਕਾਂਗਰਸ ਤੇ ਇਕ ਉਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਇਨ੍ਹਾਂ ਚੋਣ ਨਤੀਜਿਆਂ ਨੇ ਅਕਾਲੀ ਦਲ ਬਾਦਲ ਨੂੰ ਸੋਚੀਂ ਪਾ ਦਿੱਤਾ ਹੈ। ਉਮੀਦ ਕੀਤੀ ਜਾ ਰਹੀ ਸੀ ਕਿ ਢਾਈ ਸਾਲਾਂ ਦੀ ਸੱਤਾ ਤੋਂ ਬਾਅਦ ਵੀ ਵਾਅਦਾਖਿਲਾਫੀ ਦੇ ਦੋਸ਼ਾਂ ਵਿਚ ਘਿਰੀ ਕੈਪਟਨ ਸਰਕਾਰ ਨੂੰ ਇਨ੍ਹਾਂ ਚੋਣਾਂ ਵਿਚ ਲੋਕ ਰੋਹ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਪਰ ਅਕਾਲੀ ਦਲ ਇਸ ਦਾ ਫਾਇਦਾ ਨਹੀਂ ਚੁੱਕ ਸਕਿਆ ਤੇ ਆਪਣੀ ਪੱਕੀ ਸੀਟ ਜਲਾਲਾਬਾਦ ਵੀ ਹੱਥੋਂ ਗੁਆ ਬੈਠਾ।

ਜਲਾਲਾਬਾਦ ਵਿਧਾਨ ਸਭਾ ਹਲਕੇ 'ਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਦਬਦਬਾ ਤੋੜਦਿਆਂ ਕਾਂਗਰਸ ਦੇ ਰਮਿੰਦਰ ਸਿੰਘ ਆਵਲਾ ਨੇ ਅਕਾਲੀ ਦਲ ਦੇ ਉਮੀਦਵਾਰ ਨੂੰ ਵੱਡੇ ਫਰਕ ਨਾਲ ਹਰਾਇਆ। ਹਾਲਾਂਕਿ ਸੱਤਾਧਾਰੀ ਕਾਂਗਰਸ ਲਈ ਵੱਕਾਰ ਦਾ ਸਵਾਲ ਬਣੇ ਦਾਖਾ ਵਿਧਾਨ ਸਭਾ ਹਲਕੇ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖਾਸਮ-ਖਾਸ ਕੈਪਟਨ ਸੰਦੀਪ ਸੰਧੂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ ਨੇ ਬੁਰੀ ਤਰ੍ਹਾਂ ਸ਼ਿਕਸਤ ਦਿੱਤੀ ਹੈ। ਭਾਰਤੀ ਜਨਤਾ ਪਾਰਟੀ ਦਾ ਗੜ੍ਹ ਮੰਨੇ ਜਾਂਦੇ ਫਗਵਾੜਾ ਅਤੇ ਮੁਕੇਰੀਆਂ ਹਲਕਿਆਂ ਤੋਂ ਕਾਂਗਰਸ ਦੇ ਬਲਵਿੰਦਰ ਸਿੰਘ ਧਾਲੀਵਾਲ ਅਤੇ ਮਰਹੂਮ ਕਾਂਗਰਸੀ ਵਿਧਾਇਕ ਦੀ ਪਤਨੀ ਇੰਦੂ ਬਾਲਾ ਨੇ ਜਿੱਤ ਹਾਸਲ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਜਲਾਲਾਬਾਦ ਉਤੇ ਕਬਜ਼ਾ ਬਰਕਰਾਰ ਰੱਖਣ ਅਤੇ ਦਾਖਾ ਹਥਿਆਉਣ ਲਈ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ



ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਸਾਰੀ ਤਾਕਤ ਲਾਈ ਹੋਈ ਸੀ। ਦਾਖਾ ਵਿਚ ਅਕਾਲੀ ਦਲ ਭਾਵੇਂ ਕਾਮਯਾਬ ਹੋ ਗਿਆ ਪਰ ਜਲਾਲਾਬਾਦ, ਜਿਥੋਂ ਸੁਖਬੀਰ ਸਿੰਘ ਬਾਦਲ ਪਿਛਲੀਆਂ ਤਿੰਨ ਚੋਣਾਂ ਵੱਡੇ ਫਰਕ ਨਾਲ ਜਿੱਤੇ ਸਨ, ਵਿਚ ਪਾਰਟੀ ਦਾ ਉਮੀਦਵਾਰ 16633 ਵੋਟਾਂ ਦੇ ਫਰਕ ਨਾਲ ਚੋਣ ਹਾਰ ਗਿਆ। ਦਾਖਾ ਵਿਧਾਨ ਸਭਾ ਹਲਕੇ 'ਚ ਜਿੱਤ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਲਾਲਾਬਾਦ, ਫਗਵਾੜਾ ਅਤੇ ਮੁਕੇਰੀਆਂ ਨਾਲੋਂ ਜ਼ਿਆਦਾ ਤਵੱਜੋ ਦਿੱਤੀ ਤੇ ਜ਼ਿਆਦਾ ਰੋਡ ਸ਼ੋਅ ਕੀਤੇ ਪਰ ਹਾਕਮ ਪਾਰਟੀ ਅਤੇ ਮੁੱਖ ਮੰਤਰੀ ਲਈ ਨਤੀਜਾ ਬੜਾ ਹੀ ਨਿਰਾਸ਼ਾਜਨਕ ਰਿਹਾ।

ਸਿਆਸੀ ਪੱਖ ਤੋਂ ਦੇਖਿਆ ਜਾਵੇ ਤਾਂ ਇਹ ਚੋਣਾਂ ਅਕਾਲੀ ਦਲ ਲਈ ਵੱਡਾ ਝਟਕਾ ਹਨ ਕਿਉਂਕਿ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਵਿਰੋਧੀ ਧਿਰ ਦੀ ਭੂਮਿਕਾ ਵੀ ਨਾ ਮਿਲਣ ਤੋਂ ਬਾਅਦ ਅਕਾਲੀ ਦਲ ਦਾ ਆਧਾਰ ਪੰਜਾਬ ਵਿਚ ਖੁੱਸਿਆ ਹੋਇਆ ਨਜ਼ਰ ਆ ਰਿਹਾ ਹੈ। ਪੰਜਾਬ ਦੇ ਲੋਕ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਤੋਂ ਵੀ ਨਿਰਾਸ਼ ਮੰਨੇ ਜਾਂਦੇ ਹਨ।

ਅਜਿਹੇ ਹਾਲਾਤ ਵਿਚ ਅਕਾਲੀ ਦਲ ਲੋਕਾਂ ਦੀ ਸਰਕਾਰ ਪ੍ਰਤੀ ਨਾਰਾਜ਼ਗੀ ਦਾ ਲਾਹਾ ਨਹੀਂ ਲੈ ਸਕਿਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਨ੍ਹਾਂ ਜ਼ਿਮਨੀ ਚੋਣਾਂ ਨੂੰ ਸਰਕਾਰ ਪ੍ਰਤੀ ਰਾਇਸ਼ੁਮਾਰੀ ਮੰਨਣ ਤੋਂ ਤਾਂ ਗੁਰੇਜ਼ ਕਰ ਰਹੇ ਸਨ ਪਰ ਨਾਲ ਹੀ ਦਾਅਵਾ ਕਰਦੇ ਸਨ ਕਿ ਕਾਂਗਰਸ ਸਰਕਾਰ ਦੀ ਚੰਗੀ ਕਾਰਗੁਜ਼ਾਰੀ ਕਰਕੇ ਪਾਰਟੀ ਚਾਰੇ ਵਿਧਾਨ ਸਭਾ ਹਲਕਿਆਂ ਤੋਂ ਜਿੱਤ ਹਾਸਲ ਕਰੇਗੀ। ਪੰਜਾਬ ਵਿਧਾਨ ਸਭਾ ਵਿਚ ਹੁਣ ਕਾਂਗਰਸ ਦੇ ਵਿਧਾਇਕਾਂ ਦੀ ਗਿਣਤੀ 80 ਹੋ ਗਈ ਹੈ ਜਦਕਿ ਆਮ ਆਦਮੀ ਪਾਰਟੀ ਦੇ 19, ਸ਼੍ਰੋਮਣੀ ਅਕਾਲੀ ਦਲ ਦੇ 14, ਭਾਜਪਾ ਅਤੇ ਲੋਕ ਇਨਸਾਫ ਪਾਰਟੀ ਦੇ 2-2 ਵਿਧਾਇਕ ਹਨ। ਜ਼ਿਮਨੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਉਮੀਦਵਾਰਾਂ ਸਮੇਤ ਹੋਰਨਾਂ ਆਜ਼ਾਦ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਜ਼ਿਮਨੀ ਚੋਣਾਂ ਦੇ ਨਤੀਜਿਆਂ ਦੇ ਆਧਾਰ ਉਤੇ ਭਾਵੇਂ ਸੱਤਾਧਾਰੀ ਕਾਂਗਰਸ ਲਈ ਜੇਤੂ ਦਿਨ ਕਰਾਰ ਦਿੱਤਾ ਜਾ ਸਕਦਾ ਹੈ ਪਰ ਇਹ ਚੋਣ ਨਤੀਜੇ ਇਕ ਤਰ੍ਹਾਂ ਨਾਲ ਪ੍ਰਮੁੱਖ ਸਿਆਸੀ ਹਸਤੀਆਂ ਲਈ ਝਟਕੇ ਤੋਂ ਘੱਟ ਨਹੀਂ ਹਨ।

ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਵਿਚ ਆਪਣੇ ਦਮ ਉਤੇ ਭਵਿੱਖ ਦੀ ਰਾਜਸੀ ਲੜਾਈ ਲੜਨ ਦਾ ਐਲਾਨ ਕੀਤਾ ਗਿਆ ਹੈ ਅਤੇ ਅੰਦਰਖਾਤੇ ਉਸ ਵੱਲੋਂ ਤਿਆਰੀ ਵੀ ਕੀਤੀ ਜਾ ਰਹੀ ਹੈ। ਜ਼ਿਮਨੀ ਚੋਣਾਂ ਦੌਰਾਨ ਜੇਕਰ ਫਗਵਾੜਾ ਅਤੇ ਮੁਕੇਰੀਆਂ ਤੋਂ ਭਾਜਪਾ ਉਮੀਦਵਾਰਾਂ ਦੀ ਹਾਰ ਨੂੰ ਦੇਖਿਆ ਜਾਵੇ ਤਾਂ ਸਪੱਸ਼ਟ ਹੁੰਦਾ ਹੈ ਕਿ ਇਹ ਹਾਲ ਦੀ ਘੜੀ ਆਪਣੇ ਦਮ ਉਤੇ ਲੜਾਈ ਲੜਨ ਦੇ ਸਮਰੱਥ ਨਹੀਂ ਹੋਈ ਹੈ। ਆਮ ਆਦਮੀ ਪਾਰਟੀ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਸਿੰਘ ਮਾਨ ਨੇ ਵੀ ਚਾਰਾਂ ਹਲਕਿਆਂ ਵਿਚ ਆਪਣੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ 'ਚ ਚੋਣ ਪ੍ਰਚਾਰ ਭਖਾਇਆ ਪਰ ਵਿਧਾਨ ਸਭਾ ਚੋਣਾਂ ਵਿਚ ਵਿਰੋਧੀ ਧਿਰ ਵਜੋਂ ਹੋਂਦ 'ਚ ਆਉਣ ਵਾਲੀ ਇਸ ਪਾਰਟੀ ਨੂੰ ਲਗਾਤਾਰ ਨਮੋਸ਼ੀ ਭਰੀਆਂ ਹਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਨ੍ਹਾਂ ਚੋਣਾਂ ਦੌਰਾਨ ਤਾਂ ਪਾਰਟੀ ਦੇ ਸਾਰੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਵੀ ਜ਼ਬਤ ਹੋ ਗਈਆਂ। ਲੋਕ ਇਨਸਾਫ ਪਾਰਟੀ ਵੱਲੋਂ ਵੀ ਦਾਖਾ ਅਤੇ ਫਗਵਾੜਾ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕੀਤੇ ਗਏ ਸਨ। ਇਸ ਪਾਰਟੀ ਦੇ ਆਗੂਆਂ ਦੀ ਜ਼ਿੱਦ ਕਾਰਨ ਤਾਂ ਪੰਜਾਬ ਡੈਮੋਕਰੇਟਿਕ ਐਲਾਇੰਸ ਵੀ ਟੁੱਟ ਗਿਆ ਪਰ ਦੋਹਾਂ ਹੀ ਹਲਕਿਆਂ ਤੋਂ 'ਲਿਪ' ਦੇ ਉਮੀਦਵਾਰ ਜ਼ਮਾਨਤਾਂ ਨਾ ਬਚਾ ਸਕੇ। ਉਂਜ ਸੰਸਦੀ ਚੋਣਾਂ ਵੇਲੇ ਦਾਖਾ ਵਿਧਾਨ ਸਭਾ ਹਲਕੇ ਤੋਂ 'ਲਿਪ' ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਭਾਰੀ ਵੋਟਾਂ ਹਾਸਲ ਕੀਤੀਆਂ ਸਨ।

## ਸਰਕਾਰ ਦੇ ਵਿਕਾਸ ਕੰਮਾਂ 'ਤੇ ਲਾਈ ਮੋਹਰ: ਕੈਪਟਨ

**ਬਟਾਲਾ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵਿਚੋਂ ਤਿੰਨ ਸੀਟਾਂ ਉਪਰ ਕਾਂਗਰਸ ਦੀ ਜਿੱਤ ਉਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸੁਖਬੀਰ ਬਾਦਲ ਦੇ ਹਲਕੇ ਜਲਾਲਾਬਾਦ ਵਿਚ ਵੋਟਰਾਂ ਨੇ ਅਕਾਲੀ ਦਲ ਦੇ ਨਾਂਹ ਪੱਖੀ ਏਜੰਡੇ ਨੂੰ ਪੂਰੀ ਤਰ੍ਹਾਂ ਨਕਾਰਦਿਆਂ ਕਾਂਗਰਸ ਪਾਰਟੀ ਦੇ ਹੱਕ ਵਿਚ ਫਤਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣਾਂ ਦੇ ਨਤੀਜੇ ਕਾਂਗਰਸ ਪਾਰਟੀ ਦੀਆਂ ਵਿਕਾਸ ਨੀਤੀਆਂ ਉਤੇ ਮੋਹਰ ਹਨ। ਕਾਂਗਰਸ ਨੇ ਚੋਣਾਂ ਦੌਰਾਨ ਸੂਬੇ ਦੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਵਿਚੋਂ ਬਹੁਤ ਸਾਰੇ ਸਰਕਾਰ ਨੇ ਆਪਣੇ ਅੱਧੇ ਕਾਰਜਕਾਲ ਦੌਰਾਨ ਪੂਰੇ ਕਰ ਦਿੱਤੇ ਹਨ ਜਦੋਂ ਕਿ ਬਾਕੀ ਰਹਿੰਦੇ ਵਾਅਦੇ ਵੀ ਜਲਦੀ ਪੂਰੇ ਕਰ ਦਿੱਤੇ ਜਾਣਗੇ।

# ਜਲਾਲਾਬਾਦ: ਕਾਂਗਰਸ ਨੇ ਅਕਾਲੀਆਂ ਦੇ ਗੜ੍ਹ ਵਿਚ ਗੱਡਿਆ ਝੰਡਾ

**ਜਲਾਲਾਬਾਦ:** ਜਲਾਲਾਬਾਦ ਜ਼ਿਮਨੀ ਚੋਣ ਵਿਚ ਕਾਂਗਰਸੀ ਉਮੀਦਵਾਰ ਰਮਿੰਦਰ ਆਵਲਾ 16,633 ਵੋਟਾਂ ਦੇ ਫਰਕ ਨਾਲ ਜੇਤੂ ਰਹੇ। ਆਵਲਾ ਨੂੰ 76,098 ਨੂੰ ਵੋਟਾਂ ਪਈਆਂ। ਇਸ ਤੋਂ ਇਲਾਵਾ ਅਕਾਲੀ ਦਲ ਦੇ ਉਮੀਦਵਾਰ ਰਾਜ ਸਿੰਘ 59,465, ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਸਿੰਘ ਨੂੰ 11,301, ਆਜ਼ਾਦ ਉਮੀਦਵਾਰ ਵਜੋਂ ਜਗਦੀਪ ਕੰਬੋਜ ਨੂੰ 5,836, ਰਾਜ ਸਿੰਘ ਨੂੰ 515, ਜੋਗਿੰਦਰ ਸਿੰਘ ਨੂੰ 238 ਤੇ ਜੋਗਿੰਦਰ ਸਿੰਘ ਨੂੰ 209 ਵੋਟਾਂ ਪਈਆਂ। 701 ਵੋਟਰਾਂ ਨੇ ਨੋਟਾ ਦਾ ਬਟਨ ਦਬਾਇਆ।

ਫਗਵਾੜਾ ਜ਼ਿਮਨੀ ਚੋਣ ਵਿਚ ਕਾਂਗਰਸੀ ਉਮੀਦਵਾਰ ਬਲਵਿੰਦਰ ਸਿੰਘ ਧਾਲੀਵਾਲ ਨੇ ਆਪਣੇ ਵਿਰੋਧੀ ਅਕਾਲੀ-ਭਾਜਪਾ ਉਮੀਦਵਾਰ ਰਾਜੇਸ਼ ਬਾਘਾ ਨੂੰ 26,116 ਵੋਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਦੀ ਜਿੱਤ ਨਾਲ ਕਾਂਗਰਸ ਵੱਲੋਂ ਪਿਛਲੇ 15 ਸਾਲਾਂ ਤੋਂ ਗੁਆਈ ਸੀਟ ਮੁੜ ਕਾਂਗਰਸ ਦੇ ਖੇਮੇ ਵਿਚ ਆ ਗਈ ਹੈ।

ਵਰਨਣਯੋਗ ਹੈ ਕਿ ਪਿਛਲੇ 15 ਸਾਲਾਂ ਦੌਰਾਨ ਕਾਂਗਰਸ ਦੇ ਪੈਦਾ ਹੋਏ ਵੱਖ-ਵੱਖ ਧੜਿਆਂ ਕਾਰਨ ਇਹ ਸੀਟ ਕਾਂਗਰਸ ਦੇ ਹੱਥੋਂ ਚਲੀ ਗਈ ਸੀ ਪਰ ਇਸ ਵਾਰ ਕਾਂਗਰਸ ਹਾਈਕਮਾਂਡ ਨੇ ਇਸ ਸੀਟ ਨੂੰ ਜਿੱਤਣ ਲਈ ਨਵੇਂ ਉਮੀਦਵਾਰ ਬਲਵਿੰਦਰ ਸਿੰਘ ਧਾਲੀਵਾਲ ਨੂੰ ਆਈ.ਏ.ਐਸ. ਦੇ ਅਹੁਦੇ ਤੋਂ ਅਸਤੀਫਾ ਦਿਵਾ ਕੇ ਇਹ ਟਿਕਟ ਦਿੱਤੀ ਸੀ, ਜਿਸ ਉਪਰ ਲੋਕਾਂ ਨੇ ਭਰੋਸਾ ਜਤਾਉਂਦਿਆਂ ਖੁੱਲ੍ਹ ਕੇ ਵੋਟਾਂ ਪਾਈਆਂ ਅਤੇ ਇਸ ਸੀਟ 'ਤੇ ਜਿੱਤ ਪ੍ਰਾਪਤ ਕੀਤੀ। ਚੋਣਾਂ ਦੌਰਾਨ 1 ਲੱਖ 2 ਹਜ਼ਾਰ 278 ਵੋਟਾਂ ਪੋਲ ਹੋਈਆਂ ਸਨ, ਜਿਸ ਵਿਚੋਂ ਧਾਲੀਵਾਲ ਨੂੰ 49,215 ਵੋਟਾਂ ਪਈਆਂ ਜਦਕਿ ਉਨ੍ਹਾਂ ਦੇ ਵਿਰੋਧੀ ਅਕਾਲੀ-ਭਾਜਪਾ ਉਮੀਦਵਾਰ ਰਾਜੇਸ਼ ਬਾਘਾ ਨੂੰ 23,099 ਵੋਟਾਂ ਪਈਆਂ।

# ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਹੇਠ ਧਾਲੀਵਾਲ ਖਿਲਾਫ ਕੇਸ

**ਫਗਵਾੜਾ:** ਜ਼ਿਮਨੀ ਚੋਣਾਂ ਦੌਰਾਨ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਮਾਮਲੇ 'ਚ ਪੁਲਿਸ ਨੇ ਕਾਂਗਰਸੀ ਉਮੀਦਵਾਰ ਬਲਵਿੰਦਰ ਸਿੰਘ ਧਾਲੀਵਾਲ ਖਿਲਾਫ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਲਈ ਲੋਕ ਪ੍ਰਤੀਨਿਧਤਾ ਐਕਟ 1950/1951/1989 ਦੀ ਧਾਰਾ 130 ਤਹਿਤ ਕੇਸ ਦਰਜ ਕੀਤਾ ਹੈ। ਵਰਨਣਯੋਗ ਹੈ ਕਿ 21 ਅਕਤੂਬਰ ਨੂੰ ਇਥੇ ਹੋਈ ਚੋਣ ਦੌਰਾਨ ਕਾਂਗਰਸੀ ਉਮੀਦਵਾਰ ਬਲਵਿੰਦਰ ਸਿੰਘ ਧਾਲੀਵਾਲ ਆਪਣੇ ਪਰਿਵਾਰ ਸਣੇ ਮਾਰਕਿਟ ਕਮੇਟੀ ਦਫਤਰ 'ਚ ਬਣੇ ਬੂਥ ਨੰਬਰ-184, ਵਿਚ ਵੋਟ ਪਾਉਣ ਪੁੱਜੇ ਸਨ। ਉਹ ਜਦੋਂ ਵੋਟ ਪਾਉਣ ਗਏ ਤਾਂ ਉਨ੍ਹਾਂ ਦੇ ਗਲ ਵਿਚ ਕਾਂਗਰਸ ਪਾਰਟੀ ਦੇ ਨਿਸ਼ਾਨ ਦਾ ਸਕਾਰਫ ਪਾਇਆ ਹੋਇਆ ਸੀ।

ਇਸ ਦੀ ਸ਼ਿਕਾਇਤ ਅਕਾਲੀ-ਭਾਜਪਾ ਉਮੀਦਵਾਰ ਰਾਜੇਸ਼ ਬਾਘਾ ਨੇ ਮੌਕੇ 'ਤੇ ਭਾਰਤ ਚੋਣ ਕਮਿਸ਼ਨ, ਪੰਜਾਬ ਚੋਣ ਕਮਿਸ਼ਨ, ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਕਪੂਰਥਲਾ ਨੂੰ ਕੀਤੀ ਸੀ, ਜਿਸ ਉਪਰੰਤ ਸ੍ਰੀ ਧਾਲੀਵਾਲ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਸੀ।

ਇਸ 'ਚ ਰਿਟਰਨਿੰਗ ਅਫਸਰ ਨੂੰ ਨਿਰਦੇਸ਼ ਦਿੱਤੇ ਗਏ ਸਨ ਕਿ ਉਹ ਸੀ.ਈ.ਓ. ਪੰਜਾਬ ਡਾ. ਐਸ. ਕਰੁਣਾ ਰਾਜੂ ਅਤੇ ਚੋਣ ਅਬਜ਼ਰਵਰ ਸੌਰਵ ਭਗਤ ਦੇ ਦਿਸ਼ਾ-ਨਿਰਦੇਸ਼ਾਂ ਨੂੰ ਧਿਆਨ 'ਚ ਰੱਖਦੇ ਹੋਏ ਇਸ ਮਾਮਲੇ ਦੀ ਜਾਂਚ ਕਰਨ। ਐਸ.ਡੀ.ਐਮ. ਮੁਹੰਮਦ ਲਤੀਫ਼ ਨੇ ਇਸ ਸਬੰਧੀ ਚੋਣ ਕਮਿਸ਼ਨ ਨੂੰ ਆਪਣੀ ਰਿਪੋਰਟ ਬਣਾ ਕੇ ਭੇਜ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਜਾਂਚ ਉਪਰੰਤ ਪੁਲਿਸ ਨੇ ਸ੍ਰੀ ਧਾਲੀਵਾਲ ਖਿਲਾਫ ਚੋਣ ਜ਼ਾਬਤੇ ਦੀ ਉਲੰਘਣਾ ਕਰਨ 'ਤੇ ਕਾਰਵਾਈ ਦੀ ਸਿਫਾਰਸ਼ ਕੀਤੀ ਹੈ ਤੇ ਪੁਲਿਸ ਨੇ 25 ਅਕਤੂਬਰ ਨੂੰ ਚੁਣੇ ਵਿਧਾਇਕ ਖਿਲਾਫ ਕੇਸ ਦਰਜ ਕੀਤਾ ਹੈ। ਵਰਨਣਯੋਗ ਹੈ ਕਿ ਸ੍ਰੀ ਧਾਲੀਵਾਲ ਨੇ ਫਗਵਾੜਾ ਵਿਧਾਨ ਸਭਾ ਸੀਟ 'ਤੇ 49,215 ਵੋਟਾਂ ਪ੍ਰਾਪਤ ਕਰ ਕੇ ਜਿੱਤ ਪ੍ਰਾਪਤ ਕੀਤੀ ਹੈ ਜਦੋਂਕਿ ਭਾਜਪਾ ਉਮੀਦਵਾਰ ਰਾਜੇਸ਼ ਬਾਘਾ ਨੂੰ 23,099 ਵੋਟਾਂ ਪਈਆਂ ਸਨ।

# ਪੰਜਾਬ ਵਿਚ ਆਮ ਆਦਮੀ ਪਾਰਟੀ ਦਾ ਭਵਿੱਖ ਦਾਅ 'ਤੇ ਲੱਗਾ

**ਚੰਡੀਗੜ੍ਹ:** ਜ਼ਿਮਨੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਲਗਾਤਾਰ ਚੌਥੀ ਵਾਰ ਜ਼ਮਾਨਤ ਜ਼ਬਤ ਹੋ ਗਈ ਹੈ, ਜਿਸ ਕਾਰਨ ਪਾਰਟੀ ਦਾ ਭਵਿੱਖ ਦਾਅ ਉਤੇ ਲੱਗ ਗਿਆ ਹੈ। ਇਨ੍ਹਾਂ ਚੋਣਾਂ ਵਿਚ ਪਾਰਟੀ ਨੂੰ ਚਾਰੇ ਹਲਕਿਆਂ 'ਚੋਂ ਮਿਲੀ ਨਮੋਸ਼ੀ ਭਰੀ ਹਾਰ ਪ੍ਰਧਾਨ ਭਗਵੰਤ ਮਾਨ ਲਈ ਵੀ ਚੁਣੌਤੀ ਬਣ ਗਈ ਹੈ।

ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਦਾਖਾ, ਮੁਕੇਰੀਆਂ, ਜਲਾਲਾਬਾਦ ਅਤੇ ਫਗਵਾੜਾ ਵਿਚ ਹੋਈਆਂ ਉਪ ਚੋਣਾਂ ਦੇ ਨਤੀਜਿਆਂ ਵਿਚ ਚਾਰੇ ਸੀਟਾਂ ਉਤੇ 'ਆਪ' ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਪਾਰਟੀ ਦੇ ਫਗਵਾੜਾ ਤੋਂ ਉਮੀਦਵਾਰ ਸੰਤੋਸ਼ ਕੁਮਾਰ ਗੋਗੀ ਨੂੰ ਮਹਿਜ਼ 2,910 ਵੋਟਾਂ ਹੀ ਮਿਲੀਆਂ ਹਨ ਜਦਕਿ ਲੋਕ ਇਨਸਾਫ ਪਾਰਟੀ ਦੇ ਉਮੀਦਵਾਰ ਜਰਨੈਲ ਨੰਗਲ 9,088 ਵੋਟਾਂ ਲੈ ਗਏ। ਇਸੇ ਤਰ੍ਹਾਂ 'ਆਪ' ਦੇ ਮੁਕੇਰੀਆਂ ਦੇ ਉਮੀਦਵਾਰ ਗੁਰਧਿਆਨ ਸਿੰਘ ਮੁਲਤਾਨੀ ਨੂੰ ਸਿਰਫ 8,261 ਵੋਟਾਂ ਨਸੀਬ ਹੋਈਆਂ ਤੇ ਜਲਾਲਾਬਾਦ ਹਲਕੇ ਵਿਚ ਵੀ 'ਆਪ' ਦੇ ਉਮੀਦਵਾਰ ਮਹਿੰਦਰ ਸਿੰਘ ਨੂੰ 11,301 ਵੋਟਾਂ 'ਚ ਹੀ ਸੰਤੁਸ਼ਟ ਹੋਣਾ ਪਿਆ। 'ਆਪ' ਨੂੰ ਸਭ ਤੋਂ ਵੱਧ ਨਮੋਸ਼ੀ ਭਰੀ ਹਾਰ ਹਲਕਾ ਦਾਖਾ ਤੋਂ ਮਿਲੀ ਹੈ, ਜਿਥੋਂ ਪਾਰਟੀ ਦੇ ਉਮੀਦਵਾਰ ਅਮਨਦੀਪ ਸਿੰਘ ਮੋਹੀ ਨੂੰ ਸਿਰਫ 2,804 ਵੋਟਾਂ ਹੀ ਮਿਲੀਆਂ ਹਨ। ਇਥੋਂ ਲੋਕ ਇਨਸਾਫ ਪਾਰਟੀ ਦੇ ਉਮੀਦਵਾਰ ਸੁਖਦੇਵ ਸਿੰਘ ਚੱਕ ਨੂੰ 8,441 ਵੋਟਾਂ ਮਿਲੀਆਂ, ਜੋ 'ਆਪ' ਤੋਂ 5,637 ਵੱਧ ਹਨ।



ਜ਼ਿਕਰਯੋਗ ਹੈ ਕਿ ਦਾਖਾ ਹਲਕੇ ਦੀ ਸੀਟ 'ਆਪ' ਦੇ ਉਮੀਦਵਾਰ ਐਚ.ਐਸ. ਫੂਲਕਾ ਵੱਲੋਂ ਅਸਤੀਫਾ ਦੇਣ ਮਗਰੋਂ ਖਾਲੀ ਹੋਈ ਸੀ। ਇਸ ਤਰ੍ਹਾਂ 'ਆਪ' ਦੀ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਸਾਰੇ ਚਾਰ ਹਲਕਿਆਂ ਤੋਂ ਕੁੱਲ 25,276 ਵੋਟਾਂ ਹੀ ਹਾਸਲ ਕਰ ਸਕੀ ਹੈ। ਪਹਿਲਾਂ ਲੋਕ ਸਭਾ ਹਲਕਾ ਗੁਰਦਾਸਪੁਰ ਤੇ ਵਿਧਾਨ ਸਭਾ ਹਲਕਾ ਸ਼ਾਹਕੋਟ ਦੀਆਂ ਉਪ ਚੋਣਾਂ ਸਮੇਤ ਲੋਕ ਸਭਾ ਚੋਣਾਂ ਵਿਚ ਵੀ 'ਆਪ' ਦੇ ਉਮੀਦਵਾਰਾਂ ਦੀਆਂ 12 ਹਲਕਿਆਂ 'ਚੋਂ ਜ਼ਮਾਨਤਾਂ ਜ਼ਬਤ ਹੋ ਚੁੱਕੀਆਂ ਹਨ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ 20 ਵਿਧਾਨ ਸਭਾ ਹਲਕਿਆਂ ਵਿਚ ਜਿੱਤ ਹਾਸਲ ਕਰਨ ਵਾਲੀ ਇਸ ਪਾਰਟੀ ਦੀਆਂ ਹੁਣ ਇਨ੍ਹਾਂ ਚੋਣਾਂ ਵਿਚ ਲਗਾਤਾਰ ਚੌਥੀ ਵਾਰ ਜ਼ਮਾਨਤਾਂ ਜ਼ਬਤ ਹੋਈਆਂ ਹਨ। ਇਨ੍ਹਾਂ ਚੋਣਾਂ ਵਿਚ ਭਗਵੰਤ ਮਾਨ ਵੱਲੋਂ ਚਾਰਾਂ ਹਲਕਿਆਂ ਵਿਚ ਤਕਰੀਬਨ ਆਪ ਹੀ ਪ੍ਰਚਾਰ ਕੀਤਾ ਗਿਆ। ਉਨ੍ਹਾਂ ਦੀਆਂ ਰੈਲੀਆਂ ਵਿਚ ਲੋਕਾਂ ਦੀ ਖੂਬ ਭੀੜ ਜੁੜਦੀ ਰਹੀ।

ਇਸ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਸੀ ਕਿ 'ਆਪ' ਇਨ੍ਹਾਂ ਚੋਣਾਂ ਵਿਚ ਪਹਿਲਾਂ ਨਾਲੋਂ ਵਧੀਆ ਕਾਰਗੁਜ਼ਾਰੀ ਦਿਖਾਵੇਗੀ ਪਰ ਲੋਕਾਂ ਨੇ ਪਾਰਟੀ ਨੂੰ ਨਕਾਰ ਦਿੱਤਾ ਹੈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਮਾਨ ਦੇ ਟੋਟਕੇ ਭੀੜ ਜੁਟਾਉਣ ਤੱਕ ਹੀ ਸੀਮਤ ਹਨ। ਉਨ੍ਹਾਂ ਦਾ ਜਾਦੂ ਵੋਟਰਾਂ ਦੀਆਂ ਵੋਟਾਂ ਕੈਸ਼ ਕਰਨ ਦੇ ਸਮਰੱਥ ਨਹੀਂ ਰਿਹਾ। ਇਨ੍ਹਾਂ ਚੋਣਾਂ ਦੇ ਨਤੀਜਿਆਂ ਨੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਲੋਕ ਸਭਾ ਚੋਣਾਂ ਵਿਚ 'ਆਪ' ਦੇ 12 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਣ ਦੇ ਬਾਵਜੂਦ ਸੰਗਰੂਰ ਦੇ ਲੋਕਾਂ ਨੇ ਮਾਨ ਨੂੰ ਉਨ੍ਹਾਂ ਦੀ ਪਾਰਟੀ ਕਰਕੇ ਨਹੀਂ ਸਗੋਂ ਮਾਨ ਦੀ ਸ਼ਖਸੀਅਤ ਕਰਕੇ ਵੋਟਾਂ ਪਾ ਕੇ ਜਿਤਾਇਆ ਸੀ। ਲੋਕ ਸਭਾ ਚੋਣਾਂ ਵਿਚ ਪਾਰਟੀ ਦੇ ਕੌਮੀ ਪ੍ਰਧਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਇੰਚਾਰਜ ਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਸੰਗਰੂਰ ਹਲਕੇ ਤੋਂ ਇਲਾਵਾ ਹੋਰ ਵੀ ਕਈ ਹਲਕਿਆਂ ਵਿਚ ਚੋਣ ਪ੍ਰਚਾਰ ਕੀਤਾ ਸੀ ਪਰ ਬਾਕੀ ਹਲਕਿਆਂ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ।

ਇਨ੍ਹਾਂ ਚੋਣਾਂ ਲਈ ਚਾਰ ਉਮੀਦਵਾਰਾਂ ਦੀ ਚੋਣ ਵੀ ਪੰਜਾਬ ਦੀ ਲੀਡਰਸ਼ਿਪ ਭਗਵੰਤ ਮਾਨ, ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਅਤੇ ਵਿਰੋਧੀ ਧਿਰ ਦੇ ਆਗੂ ਵਕੀਲ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਕੀਤੀ ਸੀ ਅਤੇ ਚੋਣ ਪ੍ਰਚਾਰ ਵੀ ਇਨ੍ਹਾਂ ਆਗੂਆਂ ਦੀ ਅਗਵਾਈ ਹੇਠ ਹੀ ਹੋਇਆ ਹੈ, ਜਿਸ ਕਾਰਨ ਮਾਨ ਸਮੇਤ ਚੀਮਾ ਤੇ ਬੁੱਧ ਰਾਮ ਦੀ ਲੀਡਰਸ਼ਿਪ ਉਤੇ ਵੀ ਸਵਾਲ ਖੜੇ ਹੋਏ ਹਨ। 'ਆਪ' ਵਾਂਗ ਹੀ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਅਤੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੀ ਇਨ੍ਹਾਂ ਜ਼ਿਮਨੀ ਚੋਣਾਂ ਵਿਚ ਨਾਮਾਤਰ ਹੀ ਸਰਗਰਮੀ ਰਹੀ ਹੈ, ਜਿਸ ਕਾਰਨ ਹੁਣ ਪੰਜਾਬੀਆਂ ਨੂੰ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾਉਣ ਲਈ ਕਿਸੇ ਹੋਰ ਧਿਰ ਦੀ ਤਲਾਸ਼ ਰਹੇਗੀ।

## ਕੇਂਦਰ ਵੱਲੋਂ ਪੰਜਾਬ ਤੇ ਹਰਿਆਣਾ ਨੂੰ ਪਰਾਲੀ ਸਾੜਨ ਤੋਂ ਰੋਕਣ ਦੇ ਹੁਕਮ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਪੰਜਾਬ ਅਤੇ ਹਰਿਆਣਾ ਨੂੰ ਪੂਰੀ ਤਰ੍ਹਾਂ ਪਰਾਲੀ ਸਾੜਨ ਤੋਂ ਗੁਰੇਜ਼ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਵਾਤਾਵਰਣ ਸਕੱਤਰ ਸੀ.ਕੇ. ਮਿਸ਼ਰਾ ਨੇ ਕਿਹਾ ਕਿ ਦੀਵਾਲੀ ਦੇ ਤਿਉਹਾਰ ਅਤੇ ਗੁਆਂਢੀ ਸੂਬਿਆਂ ਵਿਚ ਪਰਾਲੀ ਸਾੜੇ ਜਾਣ ਕਾਰਨ ਦਿੱਲੀ ਵਿਚ ਅਗਲੇ ਇਕ ਹਫਤੇ ਲਈ ਹਾਲਾਤ ਬਹੁਤ ਗੰਭੀਰ ਹਨ। ਮਿਸ਼ਰਾ ਨੇ ਕਿਹਾ, ''ਅਸੀਂ ਪੰਜਾਬ ਅਤੇ ਹਰਿਆਣਾ ਨੂੰ ਅਗਲੇ ਕੁਝ ਦਿਨਾਂ ਲਈ ਪੂਰੀ ਤਰ੍ਹਾਂ ਪਰਾਲੀ ਸਾੜਨ ਤੋਂ ਗੁਰੇਜ਼ ਕਰਨ ਲਈ ਆਖਿਆ ਹੈ।''

# ਪੰਜਾਬ ਦੇ ਗੈਂਗਸਟਰਾਂ ਨੇ ਹੁਣ ਵਿਦੇਸ਼ਾਂ ਵੱਲ ਕੀਤਾ ਰੁਖ

**ਚੰਡੀਗੜ੍ਹ:** ਪੰਜਾਬ ਦੇ ਗੈਂਗਸਟਰਾਂ ਵੱਲੋਂ ਬਾਹਰਲੇ ਮੁਲਕਾਂ ਤੇ ਦੇਸ਼ ਦੇ ਹੋਰਨਾਂ ਸੂਬਿਆਂ ਤੋਂ ਪਾਸਪੋਰਟ ਹਾਸਲ ਕਰਕੇ ਵਿਦੇਸ਼ ਉਡਾਰੀ ਮਾਰਨ ਦੇ ਮਾਮਲਿਆਂ ਨੇ ਪੁਲਿਸ ਲਈ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਸੂਤਰਾਂ ਦੀ ਮੰਨੀਏ ਤਾਂ ਪੰਜਾਬ ਪੁਲਿਸ ਨੂੰ ਹੁਣ ਤੱਕ ਮਿਲੀ ਜਾਣਕਾਰੀ ਮੁਤਾਬਕ ਗੈਂਗਸਟਰ ਗੁਰਜੀਤ ਸਿੰਘ ਲਾਡਾ ਨੇ ਉਤਰ ਪ੍ਰਦੇਸ਼ ਦੇ ਸ਼ਹਿਰ ਬਰੇਲੀ ਤੋਂ, ਦਵਿੰਦਰ ਸਿੰਘ ਬਿੰਟਾ ਨੇ ਗੁਜਰਾਤ ਦੀ ਰਾਜਧਾਨੀ ਅਹਿਮਦਾਬਾਦ ਤੇ ਗੋਪੀ ਘਣਸ਼ਾਮਪੁਰੀਆ ਨੇ ਬਰੇਲੀ 'ਚ ਪਾਸਪੋਰਟ ਅਪਲਾਈ ਕੀਤਾ ਸੀ ਪਰ ਪੁਲਿਸ ਨੂੰ ਮੌਕੇ ਸਿਰ ਪਤਾ ਲੱਗ ਗਿਆ। ਇਸੇ ਤਰ੍ਹਾਂ ਸੁਖਪ੍ਰੀਤ ਸਿੰਘ ਬੁੱਢਾ ਨੇ ਦੁਬਈ ਵਿਚਲੇ ਸਫਾਰਤਖਾਨੇ ਤੋਂ ਪਾਸਪੋਰਟ ਨਵਿਆ ਲਿਆ।

ਪੰਜਾਬ ਪੁਲਿਸ ਨੇ ਕੇਂਦਰੀ ਖੁਫੀਆ ਏਜੰਸੀਆਂ ਦੀ ਮਦਦ ਨਾਲ ਸੁਖਪ੍ਰੀਤ ਸਿੰਘ ਬੁੱਢਾ ਅਤੇ ਗੌਰਵ ਪਟਿਆਲ ਨੂੰ ਅਰਮੀਨੀਆ ਵਿਚ ਗ੍ਰਿਫਤਾਰ ਵੀ ਕਰ ਲਿਆ ਹੈ। ਦੋਵੇਂ ਗੈਂਗਸਟਰ ਹਾਲ ਦੀ ਘੜੀ ਅਰਮੀਨੀਆ ਪੁਲਿਸ ਦੀ ਹਿਰਾਸਤ ਵਿਚ ਹਨ ਤੇ ਇਨ੍ਹਾਂ ਨੂੰ ਭਾਰਤ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ। ਪੁਲਿਸ ਦੀ ਜਾਂਚ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਗੁਰਜੀਤ ਸਿੰਘ ਲਾਡਾ ਅਤੇ ਦਵਿੰਦਰ ਸਿੰਘ ਨੇ ਆਪਣੀ ਅਸਲ ਪਛਾਣ ਛੁਪਾ ਕੇ ਹੋਰਨਾਂ ਨਾਂਵਾਂ 'ਤੇ ਪਾਸਪੋਰਟ ਹਾਸਲ ਕੀਤਾ। ਸੁਖਪ੍ਰੀਤ ਬੁੱਢਾ ਦਾ ਇਕ ਤੋਂ ਵੱਧ ਵਾਰੀ ਦੁਬਈ ਜਾਣਾ, ਪੁਲਿਸ ਲਈ ਵੱਡੀ ਫਿਕਰਮੰਦੀ ਦਾ ਵਿਸ਼ਾ ਹੈ। ਗੈਂਗਸਟਰ ਉਥੋਂ ਪਾਸਪੋਰਟ ਨਵਿਆ ਕੇ ਅਰਮੀਨੀਆ ਗਿਆ। ਦੁਬਈ ਤੋਂ ਇਕ ਵਾਰ ਭਾਰਤ ਵਾਪਸ ਵੀ ਆਇਆ, ਪਰ ਸੂਬਾਈ ਅਤੇ ਕੇਂਦਰੀ ਖੁਫੀਆ ਏਜੰਸੀਆਂ ਨੂੰ ਇਸ ਦੀ ਭਿਣਕ ਤੱਕ ਨਹੀਂ ਲੱਗ ਸਕੀ। ਗੌਰਵ ਪਟਿਆਲ ਨੇ ਆਪਣੇ ਭਰਾ ਸੌਰਵ ਠਾਕੁਰ ਦੇ ਪਾਸਪੋਰਟ 'ਤੇ ਹੀ ਵਿਦੇਸ਼ ਦਾ ਸਫਰ ਕੀਤਾ। ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਗੈਂਗਸਟਰਾਂ ਵੱਲੋਂ ਨਾਮ ਬਦਲ ਕੇ ਪਾਸਪੋਰਟ ਹਾਸਲ ਕਰਨਾ ਗੰਭੀਰ ਮਾਮਲਾ ਹੈ, ਕਿਉਂਕਿ ਪਾਸਪੋਰਟ ਆਮ ਬੰਦੇ ਨੂੰ ਸੌਖਿਆਂ ਹਾਸਲ ਨਹੀਂ ਹੁੰਦਾ।

ਪੁਲਿਸ ਦੇ ਸੀਨੀਅਰ ਅਧਿਕਾਰੀ ਇਸ ਮੁੱਦੇ 'ਤੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਅਤੇ ਕੇਂਦਰੀ ਖੁਫੀਆ ਏਜੰਸੀਆਂ ਦੇ ਸੰਪਰਕ ਵਿਚ ਹਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੌਮਾਂਤਰੀ ਹਵਾਈ ਅੱਡਿਆਂ ਉਤੇ ਸਾਧਾਰਨ ਬੰਦੇ ਦੀ ਖੱਜਲ ਖੁਆਰੀ ਦੀਆਂ ਰਿਪੋਰਟਾਂ ਆਮ ਆਉਂਦੀਆਂ ਹਨ, ਪਰ ਸਰਕਾਰੀ ਅਮਲੇ ਦੀ ਮਿਲੀਭੁਗਤ ਨਾਲ 'ਸਭ ਕੁਝ' ਹੁੰਦਾ ਦਿਖਾਈ ਦੇ ਰਿਹਾ ਹੈ। ਅਧਿਕਾਰੀਆਂ ਮੁਤਾਬਕ ਇਸ ਸਮੇਂ ਦਰਜਨ ਦੇ ਕਰੀਬ ਅਜਿਹੇ ਗੈਂਗਸਟਰ ਹਨ, ਜੋ ਪੁਲਿਸ ਦੇ ਹੱਥ ਨਹੀਂ ਆਏ ਜਦੋਂਕਿ ਅੱਧੀ ਦਰਜਨ ਦੇ ਕਰੀਬ ਗੈਂਗਸਟਰ ਪੁਲਿਸ ਮੁਕਾਬਲਿਆਂ ਵਿਚ ਮਾਰੇ ਜਾ ਚੁੱਕੇ ਹਨ।

ਪੰਜਾਬ ਵਿਚ ਸਰਗਰਮ ਗੈਂਗਸਟਰਾਂ ਦੇ ਪਿਛੋਕੜ ਉਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਦਹਾਕਾ ਕੁ ਪਹਿਲਾਂ ਤੱਕ ਬਹੁਤੇ ਸ਼ਹਿਰਾਂ ਵਿਚ ਛੋਟੇ-ਛੋਟੇ ਗਰੁੱਪਾਂ 'ਚ ਸ਼ਾਮਲ ਨੌਜਵਾਨਾਂ ਦੇ ਗਰੁੱਪ ਹੁੰਦੇ ਸਨ, ਜੋ ਅਕਸਰ ਡਾਂਗਾਂ ਜਾਂ ਕਿਰਪਾਨਾਂ ਦੀ ਲੜਾਈ ਲੜਦੇ ਹਨ ਤੇ ਇਨ੍ਹਾਂ ਨੂੰ ਸਥਾਨਕ ਸਿਆਸਤਦਾਨਾਂ ਦੀ ਸ਼ਹਿ ਹੁੰਦੀ ਸੀ। ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿਚ ਸਰਗਰਮ ਕੁਝ ਚੋਣਵੇਂ ਗੈਂਗਸਟਰਾਂ ਨੇ ਵੱਡੀ ਪਹੁੰਚ ਨਾਲ ਪਿਸਤੌਲ ਵਰਗੇ ਹਥਿਆਰ ਹਾਸਲ ਕਰ ਲਏ ਸਨ। ਇਨ੍ਹਾਂ ਗੈਂਗਸਟਰਾਂ ਨੂੰ ਸਥਾਨਕ ਪੱਧਰ ਉਤੇ ਸਿਆਸੀ ਪਾਰਟੀਆਂ ਤੇ ਹੋਰਨਾਂ ਸ਼ਹਿਰੀ ਆਗੂਆਂ ਵੱਲੋਂ ਸਰਪ੍ਰਸਤੀ ਦੇਣ ਦੇ ਤੱਥ ਵੀ ਸਾਹਮਣੇ ਆਉਂਦੇ ਹਨ। ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਾਲ 2010 ਤੋਂ ਬਾਅਦ ਗੈਂਗਸਟਰਾਂ ਦੀਆਂ ਗਤੀਵਿਧੀਆਂ ਉਦੋਂ ਰੜਕਣ ਲੱਗੀਆਂ ਜਦੋਂ ਇਨ੍ਹਾਂ ਦੇ ਹੱਥ ਆਧੁਨਿਕ ਕਿਸਮ ਦੇ ਖਤਰਨਾਕ ਹਥਿਆਰ ਆਉਣ ਲੱਗੇ ਅਤੇ ਫਿਰੌਤੀ ਲਈ ਅਗਵਾ ਦੀਆਂ ਘਟਨਾਵਾਂ ਵਧਣ ਲੱਗੀਆਂ।

## ਪੰਜਾਬੀ ਨੌਜਵਾਨ ਦੀ ਜਰਮਨੀ ਵਿਚ ਮੌਤ

**ਮਾਛੀਵਾੜਾ:** ਰੁਜ਼ਗਾਰ ਲਈ 11 ਸਾਲ ਪਹਿਲਾਂ ਜਰਮਨੀ ਗਏ ਪਿੰਡ ਟਾਂਡਾ ਕੁਸ਼ਲ ਸਿੰਘ ਵਾਸੀ ਬਲਬੀਰ ਸਿੰਘ (36) ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ।ਕਿਸਾਨ ਕਰਮ ਸਿੰਘ ਦਾ ਪੁੱਤਰ ਬਲਬੀਰ ਸਿੰਘ ਸਾਲ 2008 ਵਿਚ ਰੁਜ਼ਗਾਰ ਲਈ ਜਰਮਨੀ ਗਿਆ ਸੀ। ਉਹ ਉਥੇ ਪਿਛਲੇ 11 ਸਾਲ ਤੋਂ ਮਿਹਨਤ ਕਰਕੇ ਆਪਣਾ ਪਰਿਵਾਰ ਪਾਲ ਰਿਹਾ ਸੀ।

ਬਲਬੀਰ ਸਿੰਘ ਵੁਲਫਸਬਰਗ ਦੇ ਸ਼ਹਿਰ ਲਿਟਾਓ ਵਿਚ ਇਕ ਰੈਸਟੋਰੈਂਟ ਅੰਦਰ ਬਤੌਰ ਕੁੱਕ ਕੰਮ ਕਰ ਰਿਹਾ ਸੀ। ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਸ ਦਾ ਦੇਹਾਂਤ ਹੋ ਗਿਆ। ਬਲਬੀਰ ਸਿੰਘ ਜਰਮਨੀ ਵਿਚ ਪੱਕੇ ਹੋਣ ਲਈ ਸੰਘਰਸ਼ ਕਰ ਰਿਹਾ ਸੀ ਤੇ ਉਸ ਦੀ ਇੱਛਾ ਸੀ ਕਿ ਉਹ ਵਿਦੇਸ਼ ਵਿਚ ਪੱਕਾ ਹੋਣ ਤੋਂ ਬਾਅਦ ਪਿੰਡ ਪਰਤੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਬਲਬੀਰ ਸਿੰਘ ਨੂੰ ਕੁਝ ਮਹੀਨਿਆਂ ਬਾਅਦ ਜਰਮਨੀ ਦੀ ਨਾਗਰਿਕਤਾ ਮਿਲਣ ਵਾਲੀ ਸੀ ਜਿਸ ਤੋਂ ਬਾਅਦ ਉਸ ਨੇ ਪਿੰਡ ਪਰਤਣਾ ਸੀ।

# ਯੂ.ਪੀ. ਤੇ ਮੱਧ ਪ੍ਰਦੇਸ਼ 'ਚ ਬੱਚਿਆਂ ਖਿਲਾਫ ਸਭ ਤੋਂ ਵੱਧ ਅਪਰਾਧ

**ਨਵੀਂ ਦਿੱਲੀ:** ਬਾਲ ਅਧਿਕਾਰਾਂ ਬਾਰੇ ਸੰਸਥਾ ਚਾਈਲਡ ਰਾਈਟਸ ਐਂਡ ਯੂ (ਕ੍ਰਾਈ) ਮੁਤਾਬਕ 2017 ਵਿਚ ਬੱਚਿਆਂ ਖਿਲਾਫ ਰੋਜ਼ਾਨਾ 350 ਜ਼ੁਲਮ ਹੋਏ। ਕੌਮੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੇ ਪ੍ਰਕਾਸ਼ਿਤ



ਅੰਕੜਿਆਂ ਵਿਚ ਖੁਲਾਸਾ ਹੋਇਆ ਹੈ ਕਿ ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ 'ਚ ਬੱਚਿਆਂ ਖਿਲਾਫ ਸਭ ਤੋਂ ਵੱਧ ਅਪਰਾਧ ਹੋਏ।

ਅੰਕੜਿਆਂ ਮੁਤਾਬਕ 2016-17 ਦੌਰਾਨ ਬੱਚਿਆਂ ਖਿਲਾਫ ਜ਼ੁਲਮਾਂ ਵਿਚ 20 ਫੀਸਦੀ ਦਾ ਵਾਧਾ ਦਰਜ ਹੋਇਆ ਜਦਕਿ ਮੁਲਕ 'ਚ ਅਪਰਾਧਾਂ ਦਾ ਅੰਕੜਾ 3.6 ਫੀਸਦੀ ਰਿਹਾ। ਕ੍ਰਾਈ ਨੇ ਕਿਹਾ, ''ਜੇਕਰ ਬਿਊਰੋ ਦੇ ਅੰਕੜਿਆਂ ਉਤੇ ਨਜ਼ਰ ਮਾਰੀ ਜਾਵੇ ਤਾਂ ਬੱਚਿਆਂ ਖਿਲਾਫ 2007 ਤੋਂ 2017 ਦਰਮਿਆਨ ਅਪਰਾਧ 1.8 ਤੋਂ ਵਧ ਕੇ 28.9 ਫੀਸਦੀ ਹੋ ਗਏ।'' ਦੋ ਸਾਲਾਂ ਦੇ ਵਕਫੇ ਮਗਰੋਂ ਪ੍ਰਕਾਸ਼ਿਤ ਹੋਏ ਅੰਕੜਿਆਂ ਵਿਚ ਇਹ ਵੀ ਖੁਲਾਸਾ ਹੋਇਆ ਹੈ ਕਿ ਬੱਚਿਆਂ ਖਿਲਾਫ ਅਪਰਾਧ ਦੇ 2016 ਦੇ 1,06,958 ਦੇ ਮੁਕਾਬਲੇ 2017 ਵਿਚ 1,29,032 ਕੇਸ ਸਾਹਮਣੇ ਆਏ। ਯੂਪੀ ਅਤੇ ਮੱਧ ਪ੍ਰਦੇਸ਼ 'ਚ ਬੱਚਿਆਂ ਖਿਲਾਫ ਅਪਰਾਧ ਦੇ 19,000 ਮਾਮਲੇ ਹੋਏ। ਝਾਰਖੰਡ 'ਚ 73.9 ਫੀਸਦੀ ਦਾ ਵਾਧਾ ਦਰਜ ਹੋਇਆ ਜਦਕਿ ਮਨੀਪੁਰ ਵਿਚ 2016 ਤੋਂ 2017 ਵਿਚਕਾਰ 18.7 ਫੀਸਦ ਦੀ ਗਿਰਾਵਟ ਦਰਜ ਕੀਤੀ ਗਈ।

ਰਿਪੋਰਟ 'ਚ ਅਪਰਾਧ ਦੇ ਵੱਖ ਵੱਖ ਢੰਗਾਂ ਦਾ ਮੁਲਾਂਕਣ ਕਰਦਿਆਂ ਬਾਲ ਅਧਿਕਾਰਾਂ ਬਾਰੇ ਸੰਸਥਾ ਨੇ ਕਿਹਾ ਕਿ 2017 ਵਿਚ ਬੱਚੀਆਂ ਨੂੰ ਖਰੀਦਣ ਦੇ ਮਾਮਲਿਆਂ 'ਚ 37 ਫੀਸਦੀ ਦਾ ਵਾਧਾ ਦਰਜ ਹੋਇਆ। ਇਨ੍ਹਾਂ ਮਾਮਲਿਆਂ 'ਚ ਹਰਿਆਣਾ ਅਤੇ ਅਸਾਮ ਮੋਹਰੀ ਰਹੇ ਜਿਥੇ ਸਭ ਤੋਂ ਵੱਧ ਲੜਕੀਆਂ ਨੂੰ ਵੇਚਿਆ ਗਿਆ। ਪਹਿਲੇ ਪੰਜ ਸੂਬਿਆਂ ਦੀ ਸੂਚੀ 'ਚ ਝਾਰਖੰਡ ਦਾ ਨਾਮ ਵੀ ਸ਼ੁਮਾਰ ਹੋਇਆ ਹੈ। ਬੱਚਿਆਂ ਨੂੰ ਅਗਵਾ ਕਰਨ ਦੇ ਮਾਮਲੇ ਸਭ ਤੋਂ ਵੱਧ ਦਰਜ ਹੋਏ। 2017 'ਚ ਕੁੱਲ ਕੇਸਾਂ 'ਚੋਂ 42 ਫੀਸਦੀ (54163) ਬੱਚਿਆਂ ਨੂੰ ਜਬਰੀ ਅਗਵਾ ਕਰ ਲਿਆ ਗਿਆ ਸੀ। ਬੱਚਿਆਂ ਖਿਲਾਫ ਜਿਨਸੀ ਸ਼ੋਸ਼ਣ ਦੇ ਮਾਮਲਿਆਂ 'ਚ ਖੁਲਾਸਾ ਹੋਇਆ ਕਿ ਬੱਚਿਆਂ ਨਾਲ ਅਪਰਾਧ ਕਰਨ ਵਾਲੇ ਬਹੁਤੇ ਲੋਕ ਉਨ੍ਹਾਂ ਨੂੰ ਜਾਣਦੇ ਸਨ।

# ਜੰਮੂ ਕਸ਼ਮੀਰ: ਲੰਘੇ ਪੰਜ ਸਾਲਾਂ ਦੌਰਾਨ 2018 ਵਿਚ ਸਭ ਤੋਂ ਵੱਧ ਘੁਸਪੈਠ

**ਨਵੀਂ ਦਿੱਲੀ:** ਪਾਕਿਸਤਾਨ ਆਧਾਰਿਤ ਅਤਿਵਾਦੀ ਸੰਗਠਨਾਂ ਨੇ 2018 ਵਿਚ ਜੰਮੂ-ਕਸ਼ਮੀਰ ਵਿਚ 328 ਵਾਰ ਘੁਸਪੈਠ ਦੀ ਕੋਸ਼ਿਸ਼ ਕੀਤੀ ਹੈ। ਪਿਛਲੇ ਪੰਜ ਸਾਲਾਂ ਵਿਚ ਇਹ ਸਭ ਤੋਂ ਵੱਧ ਹੈ। ਇਨ੍ਹਾਂ ਵਿਚੋਂ 143 ਯਤਨਾਂ ਵਿਚ ਉਹ ਸਫਲ ਰਹੇ ਹਨ। ਗ੍ਰਹਿ ਮੰਤਰਾਲੇ ਦੀ 2018-19 ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਜੰਮੂ-ਕਸ਼ਮੀਰ ਵਿਚ ਬੀਤੇ ਸਾਲ 257 ਦਹਿਸ਼ਤਗਰਦ ਮਾਰੇ ਗਏ ਹਨ ਤੇ 91 ਸੁਰੱਖਿਆ ਬਲ ਸ਼ਹੀਦ ਹੋਏ ਹਨ।

ਬੀਤੇ ਪੰਜ ਸਾਲਾਂ ਦੌਰਾਨ ਇਹ ਸਭ ਤੋਂ ਵੱਧ ਹੈ। ਇਸ ਦੌਰਾਨ 39 ਆਮ ਲੋਕ ਵੀ ਮਾਰੇ ਗਏ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਪਾਕਿਸਤਾਨ ਸਥਿਤ ਅਤਿਵਾਦੀ ਸੰਗਠਨਾਂ ਨੇ 2017 ਵਿਚ 419 ਵਾਰ ਜੰਮੂ ਕਸ਼ਮੀਰ ਵਿਚ ਘੁਸਪੈਠ ਦੇ ਯਤਨ ਕੀਤੇ ਸਨ, ਜਿਨ੍ਹਾਂ ਵਿਚ 136 ਸਫਲ ਰਹੇ। 2016 ਵਿਚ ਅਜਿਹੀਆਂ 371 ਯਤਨ ਕੀਤੇ ਗਏ ਤੇ 119 ਸਫਲ ਰਹੇ। ਇਸ ਤੋਂ ਇਲਾਵਾ 2015 ਵਿਚ 121 ਵਾਰ ਘੁਸਪੈਠ ਦੇ ਯਤਨ ਕੀਤੇ ਗਏ ਜਿਨ੍ਹਾਂ ਵਿਚੋਂ ਉਨ੍ਹਾਂ ਨੂੰ 33 ਵਾਰ ਸਫਲਤਾ ਮਿਲੀ। 2014 ਵਿਚ 222 ਵਾਰ ਘੁਸਪੈਠ ਦੀ ਕੋਸ਼ਿਸ਼ ਹੋਈ ਤੇ 65 ਯਤਨ ਸਫਲ ਰਹੇ। ਰਿਪੋਰਟ ਮੁਤਾਬਕ 2018 ਵਿਚ ਜੰਮੂ ਕਸ਼ਮੀਰ ਵਿਚ ਹੋਈਆਂ 614 ਅਤਿਵਾਦੀ ਘਟਨਾਵਾਂ ਵਿਚ ਕੁੱਲ 257 ਅਤਿਵਾਦੀ ਮਾਰੇ ਗਏ ਸਨ। 91 ਸੁਰੱਖਿਆ ਕਰਮੀ ਸ਼ਹੀਦ ਹੋਏ ਤੇ 39 ਲੋਕਾਂ ਦੀ ਜਾਨ ਚਲੀ ਗਈ। ਰਿਪੋਰਟ ਮੁਤਾਬਕ ਜੰਮੂ ਕਸ਼ਮੀਰ ਵਿਚ 2018 ਵਿਚ ਸੁਰੱਖਿਆ ਕਰਮੀਆਂ ਦੀ ਸ਼ਹਾਦਤ, ਦਹਿਸ਼ਤਗਰਦਾਂ ਦੇ ਢੇਰ ਹੋਣ ਤੇ ਅਤਿਵਾਦੀ ਘਟਨਾਵਾਂ ਦੇ ਅੰਕੜੇ ਬੀਤੇ ਪੰਜ ਸਾਲਾਂ ਵਿਚ ਸਭ ਤੋਂ ਵੱਧ ਰਹੇ ਹਨ।

2017 ਵਿਚ ਅਤਿਵਾਦ ਨਾਲ ਜੁੜੀਆਂ 342 ਘਟਨਾਵਾਂ ਹੋਈਆਂ, 213 ਅਤਿਵਾਦੀ ਮਾਰੇ ਗਏ ਤੇ 80 ਸੁਰੱਖਿਆ ਕਰਮੀ ਵੀ ਸ਼ਹੀਦ ਹੋਏ। 40 ਨਾਗਰਿਕਾਂ ਦੀ ਮੌਤ ਵੀ ਹੋ ਗਈ। ਇਸੇ ਤਰ੍ਹਾਂ 2016 ਵਿਚ ਹੋਈਆਂ 322 ਅਤਿਵਾਦੀ ਘਟਨਾਵਾਂ ਵਿਚ 150 ਦਹਿਸ਼ਤਗਰਦ ਮਾਰੇ ਗਏ, 82 ਸੁਰੱਖਿਆ ਕਰਮੀ ਸ਼ਹੀਦ ਹੋ ਗਏ, 15 ਆਮ ਲੋਕਾਂ ਦੀ ਮੌਤ ਹੋ ਗਈ। 2015 ਵਿਚ 208 ਅਜਿਹੀਆਂ ਘਟਨਾਵਾਂ ਹੋਈਆਂ। ਇਨ੍ਹਾਂ ਵਿਚ 108 ਅਤਿਵਾਦੀ ਮਾਰੇ ਗਏ। 39 ਸੁਰੱਖਿਆ ਕਰਮੀ ਸ਼ਹੀਦ ਹੋ ਗਏ ਤੇ 17 ਲੋਕਾਂ ਦੀ ਜਾਨ ਚਲੀ ਗਈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 2014 ਵਿਚ ਜੰਮੂ ਕਸ਼ਮੀਰ ਵਿਚ 222 ਘਟਨਾਵਾਂ ਵਾਪਰੀਆਂ।

# ਰਾਮ ਰਹੀਮ ਨੇ ਨਕਾਰੇ ਜੇਲ੍ਹ ਵਿਚ ਪ੍ਰੇਸ਼ਾਨ ਕਰਨ ਦੇ ਦੋਸ਼

**ਚੰਡੀਗੜ੍ਹ:** ਸਾਧਵੀਆਂ ਨਾਲ ਜਬਰ ਜਨਾਹ ਦੇ ਦੋ ਮਾਮਲਿਆਂ ਦੇ ਦੋਸ਼ੀ ਸੁਨਾਰੀਆ ਜੇਲ੍ਹ 'ਚ ਬੰਦ ਰਾਮ ਰਹੀਮ ਦੇ ਪੈਰੋਕਾਰ ਤੇ ਡੇਰਾ ਸਿਰਸਾ ਸਥਿਤ ਹਸਪਤਾਲ ਦੇ ਡਾਕਟਰ ਮੋਹਿਤ ਗੁਪਤਾ ਵੱਲੋਂ ਹਾਈਕੋਰਟ ਪਹੁੰਚ ਕਰਕੇ ਰਾਮ ਰਹੀਮ ਨੂੰ ਜੇਲ੍ਹ ਵਿਚ ਸਰੀਰਕ ਅਤੇ ਮਾਨਸਿਕ ਤੌਰ ਉਤੇ ਪਰੇਸ਼ਾਨ ਕਰਨ ਦੇ ਲਗਾਏ ਦੋਸ਼ਾਂ ਨੂੰ ਰਾਮ ਰਹੀਮ ਨੇ ਸਿਰੇ ਤੋਂ ਨਕਾਰ ਦਿੱਤਾ ਹੈ।

ਉਸ ਦੇ ਹਲਫਨਾਮੇ ਨਾਲ ਇਕ ਵਕੀਲ ਹਾਈਕੋਰਟ ਦੇ ਜਸਟਿਸ ਅਮੋਲ ਰਤਨ ਸਿੰਘ ਦੀ ਬੈਂਚ ਮੂਹਰੇ ਪੇਸ਼ ਹੋਇਆ ਤੇ ਕਿਹਾ ਕਿ ਰਾਮ ਰਹੀਮ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਹੀਂ ਹੈ ਤੇ ਨਾ ਹੀ ਉਸ ਵੱਲੋਂ ਕਿਸੇ ਨੂੰ ਅਜਿਹਾ ਕੁਝ ਕਿਹਾ ਗਿਆ ਤੇ ਨਾ ਹੀ ਉਹ ਹਾਈਕੋਰਟ ਵਿਚ ਪੇਸ਼ ਹੋਣਾ ਚਾਹੁੰਦਾ ਹੈ।

ਦੂਜੇ ਪਾਸੇ ਮੋਹਿਤ ਗੁਪਤਾ ਅਤੇ ਉਸ ਦਾ ਵਕੀਲ ਏ.ਜੇ. ਸਿੰਘ ਪੇਸ਼ ਨਹੀਂ ਹੋਏ, ਸਗੋਂ ਗੁਪਤਾ ਦਾ ਦੋਸਤ ਹੋਣ ਦਾ ਦਾਅਵਾ ਕਰਕੇ ਅਸ਼ੋਕ ਕੁਮਾਰ ਨਾਂ ਦੇ ਇਕ ਵਿਅਕਤੀ ਨੇ ਬੈਂਚ ਮੂਹਰੇ ਪੇਸ਼ ਹੋ ਕੇ ਕਿਹਾ ਕਿ ਕਿਉਂਕਿ ਗੁਪਤਾ ਤੇ ਵਕੀਲ ਕਿਸੇ ਰੁਝੇਵੇਂ ਕਾਰਨ ਪੇਸ਼ ਨਹੀਂ ਹੋ ਸਕੇ, ਲਿਹਾਜ਼ਾ ਸੁਣਵਾਈ ਅੱਗੇ ਪਾ ਦਿੱਤੀ ਜਾਵੇ ਪਰ ਰਾਮ ਰਹੀਮ ਵੱਲੋਂ ਪੇਸ਼ ਹੋਏ ਵਕੀਲ ਨੇ ਰਾਮ ਰਹੀਮ ਦਾ ਹਲਫਨਾਮਾ ਪੇਸ਼ ਕਰ ਦਿੱਤਾ ਕਿ ਉਸ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਹੀਂ ਹੈ।

## ਮੁਰਮੂ ਤੇ ਮਾਥੁਰ ਜੰਮੂ ਕਸ਼ਮੀਰ ਤੇ ਲੱਦਾਖ ਦੇ ਉਪ-ਰਾਜਪਾਲ ਨਿਯੁਕਤ

**ਨਵੀਂ ਦਿੱਲੀ:** ਆਈ.ਏ.ਐਸ. ਅਧਿਕਾਰੀਆਂ ਗਿਰੀਸ਼ ਚੰਦਰ ਮੁਰਮੂ ਅਤੇ ਆਰ.ਕੇ. ਮਾਥੁਰ ਨੂੰ ਕ੍ਰਮਵਾਰ ਜੰਮੂ ਕਸ਼ਮੀਰ ਅਤੇ ਲੱਦਾਖ ਦੇ ਨਵੇਂ ਉਪ-ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਗੁਜਰਾਤ ਕਾਡਰ ਦੇ 1985 ਬੈਚ ਦੇ ਅਧਿਕਾਰੀ ਮੁਰਮੂ (59) ਇਸ ਵੇਲੇ ਕੇਂਦਰੀ ਵਿੱਤ ਮੰਤਰਾਲੇ ਵਿਚ ਸਕੱਤਰ (ਖਰਚ) ਵਜੋਂ ਸੇਵਾ ਨਿਭਾ ਰਹੇ ਹਨ ਜਦਕਿ 1977 ਬੈਚ ਦੇ ਅਧਿਕਾਰੀ ਮਾਥੁਰ ਰੱਖਿਆ ਸਕੱਤਰ ਵਜੋਂ ਸੇਵਾਵਾਂ ਦੇ ਚੁੱਕੇ ਹਨ। ਉਹ ਸਾਬਕਾ ਮੁੱਖ ਸੂਚਨਾ ਕਮਿਸ਼ਨਰ ਵੀ ਹਨ।

ਦੱਸਣਯੋਗ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ 5 ਅਗਸਤ ਨੂੰ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਸੂਬੇ ਦਾ ਦਰਜਾ ਦਿੰਦੀ ਧਾਰਾ 370 ਹਟਾ ਕੇ ਸੂਬੇ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡਣ ਦਾ ਫੈਸਲਾ ਕੀਤਾ ਗਿਆ ਸੀ। ਰਾਸ਼ਟਰਪਤੀ ਭਵਨ ਵੱਲੋਂ ਜਾਰੀ ਬਿਆਨ ਅਨੁਸਾਰ ਸੂਬੇ ਦੇ ਮੌਜੂਦਾ ਰਾਜਪਾਲ ਸੱਤਿਆ ਪਾਲ ਮਲਿਕ ਨੂੰ ਗੋਆ ਤਬਦੀਲ ਕੀਤਾ ਗਿਆ ਹੈ।


ਉਹ ਮ੍ਰਿਦੁਲਾ ਸਿਨਹਾ ਦੀ ਥਾਂ ਲੈਣਗੇ। ਸਰਕਾਰੀ ਤਰਜਮਾਨ ਨੇ ਦੱਸਿਆ ਕਿ ਜੰਮੂ ਕਸ਼ਮੀਰ ਦੇ ਸਾਬਕਾ ਵਾਰਤਾਕਾਰ ਦਿਨੇਸ਼ਵਰ ਸ਼ਰਮਾ ਨੂੰ ਲਕਸ਼ਦਵੀਪ ਦਾ ਪ੍ਰਸ਼ਾਸਕ ਲਾਇਆ ਗਿਆ ਹੈ।

# ਹਰਿਆਣਾ: ਖੱਟਰ ਨੇ ਮੁੱਖ ਮੰਤਰੀ ਤੇ ਦੁਸ਼ਯੰਤ ਨੇ ਉਪ ਮੁੱਖ ਮੰਤਰੀ ਵਜੋਂ ਲਿਆ ਹਲਫ

**ਚੰਡੀਗੜ੍ਹ:** ਮਨੋਹਰ ਲਾਲ ਖੱਟਰ ਨੇ ਹਰਿਆਣਾ ਦੇ ਮੁੱਖ ਮੰਤਰੀ ਅਤੇ ਦੁਸ਼ਯੰਤ ਚੌਟਾਲਾ ਨੇ ਉਪ ਮੁੱਖ ਮੰਤਰੀ ਵਜੋਂ ਹਲਫ ਲੈ ਲਿਆ। ਜ਼ਿਕਰਯੋਗ ਹੈ ਕਿ ਹਰਿਆਣਾ ਵਿਚ ਭਾਜਪਾ ਤੇ ਜਨਨਾਇਕ ਜਨਤਾ ਪਾਰਟੀ (ਜਜਪਾ) ਨੇ ਗੱਠਜੋੜ ਕਰ ਕੇ ਸਰਕਾਰ ਕਾਇਮ ਕੀਤੀ ਹੈ।

ਸਾਬਕਾ ਮੁੱਖ ਮੰਤਰੀ ਤੇ ਕਾਂਗਰਸੀ ਆਗੂ ਭੁਪਿੰਦਰ ਸਿੰਘ ਹੁੱਡਾ, ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਭਾਜਪਾ ਦੇ ਕੌਮੀ ਕਾਰਜਕਾਰੀ ਪ੍ਰਧਾਨ ਜੇ.ਪੀ. ਨੱਡਾ ਵੀ ਇਸ ਮੌਕੇ ਹਾਜ਼ਰ ਸਨ।

ਦੱਸ ਦਈਏ ਕਿ 90 ਮੈਂਬਰਾਂ ਵਾਲੀ ਹਰਿਆਣਾ ਵਿਧਾਨ ਸਭਾ ਦੇ ਚੋਣ ਨਤੀਜੇ ਹੈਰਾਨ ਕਰਨ ਵਾਲੇ ਨਿਕਲੇ ਹਨ ਅਤੇ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਿਆ ਹੈ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਜਿਸ ਨੇ ਇਨ੍ਹਾਂ ਚੋਣਾਂ ਵਿਚ 75 ਸੀਟਾਂ ਜਿੱਤਣ ਦਾ ਟੀਚਾ ਮਿਥਿਆ ਸੀ, ਨੇ 40 ਸੀਟਾਂ ਪ੍ਰਾਪਤ ਕੀਤੀਆਂ ਹਨ। ਸੂਬੇ 'ਚ



ਕਾਂਗਰਸ ਨੂੰ 31, ਜੇ.ਜੇ.ਪੀ. ਨੂੰ 10, ਆਜ਼ਾਦ 7 ਅਤੇ ਇਨੈਲੋ ਤੇ ਹਰਿਆਣਾ ਲੋਕ ਹਿੱਤ ਪਾਰਟੀ ਨੂੰ 1-1 ਸੀਟਾਂ ਮਿਲੀਆਂ ਹਨ। 75 ਸੀਟਾਂ ਜਿੱਤਣ ਦੇ ਦਾਅਵੇ ਕਰਨ ਵਾਲੀ ਭਾਜਪਾ ਨੂੰ ਜਨਨਾਇਕ ਜਨਤਾ ਪਾਰਟੀ (ਜਜਪਾ) ਨਾਲ ਗੱਠਜੋੜ ਕਰ ਕੇ ਸਰਕਾਰ ਬਣਾਉਣੀ ਪਈ।

ਹਰਿਆਣਾ ਦੇ ਚੋਣ ਨਤੀਜਿਆਂ ਅਨੁਸਾਰ ਅੱਧੀ ਦਰਜਨ ਤੋਂ ਵੱਧ ਭਾਜਪਾ ਮੰਤਰੀ ਚੋਣਾਂ ਹਾਰ ਗਏ ਹਨ। ਇਨ੍ਹਾਂ 'ਚ ਸਿੱਖਿਆ ਮੰਤਰੀ ਰਾਮ ਬਿਲਾਸ ਸ਼ਰਮਾ, ਵਿੱਤ ਮੰਤਰੀ ਕੈਪਟਨ ਅਭਿਮੰਨਿਊ, ਪੰਚਾਇਤ ਮੰਤਰੀ ਓਮ ਪ੍ਰਕਾਸ਼ ਧਨਖੜ, ਸਥਾਨਕ ਸਰਕਾਰਾਂ ਮੰਤਰੀ ਕਵਿਤਾ ਜੈਨ, ਕ੍ਰਿਸ਼ਨ ਲਾਲ ਪਵਾਰ, ਵਿਪਲ ਗੋਇਲ, ਕਰਨ ਦੇਵ ਕੰਬੋਜ ਆਦਿ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਹਾਰਨ ਵਾਲਿਆਂ ਵਿਚ ਸਪੀਕਰ ਕੰਵਰਪਾਲ ਗੁੱਜਰ ਤੇ ਭਾਜਪਾ ਹਰਿਆਣਾ ਦੇ ਪ੍ਰਧਾਨ ਸੁਭਾਸ਼ ਬਰਾਲਾ ਵੀ ਸ਼ਾਮਲ ਹਨ। ਕਾਂਗਰਸ ਦੇ ਜਿਨ੍ਹਾਂ ਦਿੱਗਜਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਉਨ੍ਹਾਂ 'ਚ ਸਾਬਕਾ ਮੰਤਰੀ ਕਰਨ ਸਿੰਘ ਦਲਾਲ, ਸਾਬਕਾ ਸਪੀਕਰ ਕੁਲਦੀਪ ਸ਼ਰਮਾ ਤੇ ਕਾਂਗਰਸ ਦੇ ਮੀਡੀਆ ਇੰਚਾਰਜ ਰਣਦੀਪ ਸਿੰਘ ਸੂਰਜੇਵਾਲਾ ਵੀ ਸ਼ਾਮਲ ਹਨ।

## ਹਰਿਆਣਾ 'ਚ ਅਕਾਲੀ ਦਲ ਨਾਲ ਬੁਰੀ ਹੋਈ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਜੋ ਹਰਿਆਣਾ ਵਿਚ ਆਪਣਾ 30 ਵਿਧਾਨ ਸਭਾ ਸੀਟਾਂ ਉਤੇ ਪ੍ਰਭਾਵ ਹੋਣ ਦਾ ਦਾਅਵਾ ਕਰਦਾ ਸੀ, ਨੂੰ ਵਿਧਾਨ ਸਭਾ ਚੋਣਾਂ ਵਿਚ ਇਕ ਸੀਟ ਵੀ ਨਸੀਬ ਨਹੀਂ ਹੋਈ। ਅਕਾਲੀ ਦਲ ਨੇ ਸੂਬੇ ਵਿਚ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨਾਲ ਮਿਲ ਕੇ ਚੋਣਾਂ ਲੜੀਆਂ ਸਨ। ਅਕਾਲੀ ਦਲ ਨੇ ਤਿੰਨ ਸੀਟਾਂ ਤੋਂ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ ਅਤੇ ਸੁਖਬੀਰ ਬਾਦਲ ਦੀ ਅਗਵਾਈ ਵਿਚ ਪਾਰਟੀ ਉਮੀਦਵਾਰ ਤਿੰਨਾਂ ਵਿਧਾਨ ਸਭਾ ਹਲਕਿਆਂ ਵਿਚ ਬੁਰੀ ਤਰ੍ਹਾਂ ਹਾਰ ਗਏ ਹਨ।

ਗੂਹਲਾ ਅਤੇ ਰਤੀਆ ਹਲਕਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੀ ਕਾਰਗੁਜ਼ਾਰੀ ਮਾੜੀ ਰਹੀ ਹੈ। ਰਤੀਆ ਵਿਚ ਪਾਰਟੀ ਦਾ ਉਮੀਦਵਾਰ ਕੁਲਵਿੰਦਰ ਸਿੰਘ ਚੌਥੇ ਸਥਾਨ ਉਤੇ ਆਇਆ ਹੈ ਅਤੇ ਗੂਹਲਾ ਵਿਚ ਪਾਰਟੀ ਦਾ ਉਮੀਦਵਾਰ ਰਾਮ ਕੁਮਾਰ ਪੰਜਵੇਂ ਸਥਾਨ ਉਤੇ ਆਇਆ ਹੈ। ਕਾਲਾਂਵਾਲੀ ਵਿਧਾਨ ਸਭਾ ਹਲਕਾ ਜਿਥੋਂ ਅਕਾਲੀ ਦਲ ਦਾ ਵਿਧਾਇਕ ਚੋਣਾਂ ਤੋਂ ਪਹਿਲਾਂ ਭਾਜਪਾ ਵਿਚ ਸ਼ਾਮਲ ਹੋ ਗਿਆ ਸੀ, ਵਿਚ ਪਾਰਟੀ ਦਾ ਉਮੀਦਵਾਰ ਰਜਿੰਦਰ ਸਿੰਘ ਦੇਸੂਜੋਧਾ ਕਾਂਗਰਸ ਦੇ ਉਮੀਦਵਾਰ ਸ਼ੀਸ਼ਪਾਲ ਸਿੰਘ ਤੋਂ 19,243 ਵੋਟਾਂ ਨਾਲ ਹਾਰ ਗਿਆ ਹੈ। ਭਾਜਪਾ ਜਿਸ ਦਾ ਪੰਜਾਬ ਅਤੇ ਦਿੱਲੀ ਵਿਚ ਅਕਾਲੀ ਦਲ ਨਾਲ ਗੱਠਜੋੜ ਹੈ, ਨੇ ਰਤੀਆ ਅਤੇ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਨੇ ਗੂਹਲਾ ਸੀਟ ਜਿੱਤ ਲਈ ਹੈ। ਜ਼ਿਕਰਯੋਗ ਹੈ ਕਿ ਅਕਾਲੀ ਹਰਿਆਣਾ ਵਿਚ ਭਾਜਪਾ ਨਾਲ ਗੱਠਜੋੜ ਕਰਨਾ ਚਾਹੁੰਦੇ ਸਨ ਪਰ ਗੱਲਬਾਤ ਟੁੱਟ ਗਈ ਸੀ।

# ਸਵਾਮੀਨਾਥਨ ਕਮਿਸ਼ਨ ਵਾਲਾ ਫਾਰਮੂਲਾ ਭੁੱਲੀ ਮੋਦੀ ਸਰਕਾਰ

## ਹਾੜ੍ਹੀ ਦੀਆਂ ਫਸਲਾਂ ਵਿਚ ਮਾਮੂਲੀ ਵਾਧੇ ਨੇ ਨਿਰਾਸ਼ ਕੀਤੇ ਕਿਸਾਨ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਹਾੜ੍ਹੀ ਦੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੇ ਐਲਾਨ ਨਾਲ ਕਿਸਾਨਾਂ ਅਤੇ ਦਿਹਾਤੀ ਖੇਤਰ ਬਾਰੇ ਸਰਕਾਰ ਦੀਆਂ ਨੀਤੀਆਂ ਬਾਰੇ ਬਹਿਸ ਤੇਜ਼ ਹੋ ਗਈ ਹੈ। ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 85 ਰੁਪਏ ਵਾਧਾ ਕਰਕੇ 1925 ਰੁਪਏ ਪ੍ਰਤੀ ਕੁਇੰਟਲ ਕਰਨ ਤੇ ਦਾਲਾਂ ਸਮੇਤ ਹੋਰ ਫਸਲਾਂ ਦਾ ਸਮਰਥਨ ਮੁੱਲ ਵੀ 4.5 ਤੋਂ 7 ਫੀਸਦੀ ਤੱਕ ਵਧਾਉਣ ਨੂੰ ਸਰਕਾਰ ਅਤੇ ਸਰਸਰੀ ਨਜ਼ਰ ਨਾਲ ਦੇਖਣ ਵਾਲੇ ਕਿਸਾਨਾਂ ਨੂੰ ਗੱਫਾ ਦੇਣ ਦੀ ਗੱਲ ਕਰ ਰਹੇ ਹਨ।

ਤਿੰਨ ਵਰ੍ਹਿਆਂ ਤੋਂ ਕਣਕ ਦੇ ਭਾਅ 'ਚ ਵਾਧੇ ਦੀ ਦਰ ਲਗਾਤਾਰ ਘਟਦੀ ਜਾ ਰਹੀ ਹੈ। ਵੇਰਵਿਆਂ ਅਨੁਸਾਰ ਸਾਲ 2016-17 ਵਿਚ ਕਣਕ ਦੇ ਭਾਅ ਵਿਚ 110 ਰੁਪਏ ਦਾ ਵਾਧਾ ਕੀਤਾ ਗਿਆ ਸੀ। ਉਸ ਤੋਂ ਅਗਲੇ ਵਰ੍ਹੇ ਇਹੋ ਵਾਧਾ ਪ੍ਰਤੀ ਕੁਇੰਟਲ 105 ਰੁਪਏ ਰਹਿ ਗਿਆ। ਹੁਣ ਇਹ ਵਾਧਾ ਸਿਰਫ 85 ਰੁਪਏ ਪ੍ਰਤੀ ਕੁਇੰਟਲ ਤੱਕ ਸਿਮਟ ਗਿਆ ਹੈ, ਜਿਸ ਤੋਂ ਕਿਸਾਨ ਨਾਰਾਜ਼ ਹਨ।



ਭਾਜਪਾ ਸਮੇਤ ਲਗਭਗ ਸਾਰੀਆਂ ਪਾਰਟੀਆਂ ਨੇ 2014 ਦੀ ਲੋਕ ਸਭਾ ਚੋਣ ਤੋਂ ਪਹਿਲਾਂ ਡਾ. ਐਮ.ਐਸ. ਸਵਾਮੀਨਾਥਨ ਕਮਿਸ਼ਨ ਵੱਲੋਂ ਫਸਲਾਂ ਦਾ ਭਾਅ ਨਿਰਧਾਰਤ ਕਰਨ ਸਬੰਧੀ ਦਿੱਤੇ ਫਾਰਮੂਲੇ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਸੀ। ਇਸ ਮੁਤਾਬਕ ਫਸਲ ਉਤੇ ਆਉਣ ਵਾਲੀ ਪੂਰੀ ਉਤਪਾਦਨ ਲਾਗਤ ਵਿਚ 50 ਫੀਸਦ ਮੁਨਾਫਾ ਜੋੜ ਕੇ ਫਸਲ ਦਾ ਘੱਟੋ-ਘੱਟ ਸਮਰਥਨ ਮੁੱਲ ਨਿਸ਼ਚਿਤ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਮੋਦੀ ਸਰਕਾਰ ਨੇ ਸੁਪਰੀਮ ਕੋਰਟ ਵਿਚ ਹਲਫਨਾਮਾ ਦੇ ਕੇ ਕਿਹਾ ਸੀ ਕਿ ਸਵਾਮੀਨਾਥਨ ਫਾਰਮੂਲੇ ਮੁਤਾਬਕ ਫਸਲਾਂ ਦਾ ਭਾਅ ਨਿਸ਼ਚਿਤ ਕਰਨਾ ਸੰਭਵ ਨਹੀਂ ਹੈ ਪਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਸੱਤਾਧਾਰੀ ਪਾਰਟੀ ਨੇ ਕਿਹਾ ਕਿ 2018-19 ਵਿਚ ਕਣਕ ਦਾ ਭਾਅ ਸਵਾਮੀਨਾਥਨ ਫਾਰਮੂਲੇ ਮੁਤਾਬਕ ਐਲਾਨਿਆ ਗਿਆ ਹੈ। ਮੋਦੀ ਸਰਕਾਰ ਨੇ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵੀ ਐਲਾਨ ਕਰ ਰੱਖਿਆ ਹੈ। ਪਿਛਲੇ ਬਜਟ ਵਿਚ ਜ਼ੀਰੋ ਖਰਚ ਵਾਲੀ ਖੇਤੀ ਦਾ ਸ਼ੁਗੂਫਾ ਛੱਡਿਆ ਗਿਆ, ਭਾਵ ਖਰਚ ਹੀ ਘਟਾ ਦਿਓ ਤਾਂ ਆਮਦਨ ਆਪਣੇ ਆਪ ਹੀ ਦੁੱਗਣੀ ਹੋ ਜਾਵੇਗੀ।

ਕਣਕ ਦੇ ਭਾਅ 'ਚ ਸਭ ਤੋਂ ਵੱਡਾ ਵਾਧਾ ਸਾਲ 2011-12 ਵਿਚ ਹੋਇਆ ਸੀ, ਜਦੋਂ ਸਰਕਾਰ ਨੇ ਪ੍ਰਤੀ ਕੁਇੰਟਲ 115 ਰੁਪਏ ਦਾ ਵਾਧਾ ਕੀਤਾ ਸੀ। ਉਸ ਤੋਂ ਪਹਿਲਾਂ ਅਤੇ ਮਗਰੋਂ ਕਦੇ ਵੀ ਇਸ ਅੰਕੜੇ ਤੱਕ ਵਾਧਾ ਨਹੀਂ ਹੋਇਆ। ਸਾਲ 2011-12 ਵਿਚ ਕਣਕ ਦਾ ਸਰਕਾਰੀ ਭਾਅ 1285 ਰੁਪਏ ਐਲਾਨਿਆ ਗਿਆ ਸੀ। ਕਿਸੇ ਸਰਕਾਰ ਨੇ ਵੀ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਗੌਰ ਨਹੀਂ ਕੀਤਾ। ਫਸਲਾਂ ਦੇ ਲਾਗਤ ਖਰਚੇ ਵੱਡੀ ਦਰ ਨਾਲ ਵਧੇ ਹਨ। ਸਾਲ 1989 ਵਿਚ ਡੀਜ਼ਲ ਦਾ ਭਾਅ 3.50 ਰੁਪਏ ਪ੍ਰਤੀ ਲਿਟਰ ਸੀ ਅਤੇ ਉਦੋਂ ਡੀਜ਼ਲ ਦਾ ਇਕ ਡਰੰਮ (200 ਲਿਟਰ) 1010 ਰੁਪਏ ਵਿਚ ਆਉਂਦਾ ਸੀ। ਅੱਜ ਇਹੀ ਡਰੰਮ 13,080 ਰੁਪਏ ਵਿਚ ਮਿਲਦਾ ਹੈ।

ਦੂਜੇ ਪਾਸੇ ਸਾਲ 1990-91 ਵਿਚ ਕਣਕ ਦੀ ਕੀਮਤ ਸਿਰਫ 215 ਰੁਪਏ ਪ੍ਰਤੀ ਕੁਇੰਟਲ ਸੀ। ਤੀਹ ਵਰ੍ਹਿਆਂ 'ਚ ਕਣਕ ਦੇ ਪ੍ਰਤੀ ਕੁਇੰਟਲ ਭਾਅ ਵਿਚ ਸਿਰਫ 9 ਗੁਣਾ ਵਾਧਾ ਹੋਇਆ ਹੈ ਜਦੋਂਕਿ ਡੀਜ਼ਲ ਦੇ ਪ੍ਰਤੀ ਲਿਟਰ ਭਾਅ ਵਿਚ 13 ਗੁਣਾ ਵਾਧਾ ਹੋ ਚੁੱਕਾ ਹੈ। ਸਾਲ 1970-71 ਵਿਚ ਕਣਕ ਦਾ ਸਰਕਾਰੀ ਭਾਅ ਸਿਰਫ 76 ਰੁਪਏ ਕੁਇੰਟਲ ਹੁੰਦਾ ਸੀ। ਉਸ ਮਗਰੋਂ ਸਾਲ 1984-85 ਵਿਚ 157 ਰੁਪਏ, ਸਾਲ 2004-05 ਵਿਚ 640 ਰੁਪਏ ਪ੍ਰਤੀ ਕੁਇੰਟਲ ਰਿਹਾ ਹੈ। ਸਾਲ 2016-17 ਵਿਚ ਇਹੋ ਭਾਅ 1625 ਰੁਪਏ ਪ੍ਰਤੀ ਕੁਇੰਟਲ ਹੋ ਗਿਆ। ਦੂਜੇ ਪਾਸੇ ਡੀਜ਼ਲ ਦੀ ਕੀਮਤ ਪ੍ਰਤੀ ਲਿਟਰ ਸਾਲ 1998 ਵਿਚ 9.87 ਰੁਪਏ, 2002 ਵਿਚ 16.59 ਰੁਪਏ, 2006 ਵਿਚ 30.47 ਰੁਪਏ, 2010 ਵਿਚ 40.10 ਰੁਪਏ ਅਤੇ ਹੁਣ ਮੌਜੂਦਾ ਸਮੇਂ ਇਹੋ ਕੀਮਤ 65.40 ਰੁਪਏ ਪ੍ਰਤੀ ਲਿਟਰ ਉਤੇ ਪੁੱਜ ਗਈ ਹੈ। ਇਵੇਂ ਹੀ ਖਾਦਾਂ ਦੇ ਭਾਅ ਵਿਚ ਵੀ ਵਾਧਾ ਹੋਇਆ ਹੈ। ਕੇਂਦਰ ਸਰਕਾਰ ਨੇ ਪੰਜਾਹ ਵਰ੍ਹਿਆਂ ਦੌਰਾਨ ਸਿਰਫ ਦੋ ਵਾਰ ਕਣਕ ਉਤੇ ਬੋਨਸ ਦਿੱਤਾ ਹੈ। ਸਾਲ 2005-06 ਵਿਚ 50 ਰੁਪਏ ਅਤੇ ਸਾਲ 2006-07 ਵਿਚ 100 ਰੁਪਏ ਪ੍ਰਤੀ ਕੁਇੰਟਲ ਦਾ ਬੋਨਸ ਦਿੱਤਾ ਹੈ। ਰਾਜ ਸਰਕਾਰਾਂ ਨੇ ਵੀ ਬੋਨਸ ਦੇਣ ਤੋਂ ਪੱਲਾ ਝਾੜਿਆ ਹੈ। ਐਤਕੀਂ ਝੋਨੇ ਦਾ ਝਾੜ ਘੱਟ ਨਿਕਲ ਰਿਹਾ ਹੈ। ਕਣਕ ਦੇ ਭਾਅ ਵਿਚ 85 ਰੁਪਏ ਦਾ ਵਾਧਾ ਤਾਂ ਝੋਨੇ ਦੇ ਘਟੇ ਝਾੜ ਨੇ ਹੀ ਹਜ਼ਮ ਕਰ ਜਾਣਾ ਹੈ। ਕਿਸਾਨ ਸਰਕਾਰੀ ਭਾਅ ਤੋਂ ਹੇਠਾਂ ਫਸਲ ਵੇਚਣ ਲਈ ਮਜਬੂਰ ਹੈ। ਖੇਤੀ ਲਾਗਤ ਖਰਚਿਆਂ ਅੱਗੇ ਫਸਲਾਂ ਦੇ ਸਰਕਾਰੀ ਭਾਅ ਬੌਣੇ ਹਨ।

ਪਿਛਲੇ ਫਸਲੀ ਸਾਲ ਵਿਚ ਕਣਕ ਦਾ ਸਰਕਾਰੀ ਖਰੀਦ ਮੁੱਲ 1840 ਰੁਪਏ ਪ੍ਰਤੀ ਕੁਇੰਟਲ ਮਿਥਿਆ ਗਿਆ ਸੀ। ਇਸੇ ਤਰ੍ਹਾਂ ਦਾਲਾਂ ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ ਦਾਲਾਂ ਦਾ ਭਾਅ 325 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਨਾਲ 4800 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਪਿਛਲੇ ਸਾਲ ਇਹ ਭਾਅ 4475 ਰੁਪਏ ਫੀ ਕੁਇੰਟਲ ਸੀ। ਛੋਲਿਆਂ ਦਾ ਭਾਅ 255 ਦੇ ਰੁਪਏ ਦੇ ਵਾਧੇ ਨਾਲ 4875 ਰੁਪਏ ਪ੍ਰਤੀ ਕੁਇੰਟਲ, ਤੇਲ ਬੀਜਾਂ ਤੇ ਸਰ੍ਹੋਂ ਦਾ ਭਾਅ 225 ਰੁਪਏ ਦੇ ਵਾਧੇ ਨਾਲ 4425 ਰੁਪਏ ਪ੍ਰਤੀ ਕੁਇੰਟਲ ਤੇ ਕਸੁੰਭੜੇ ਦਾ ਤੇਲ 270 ਰੁਪਏ ਦੇ ਵਾਧੇ ਨਾਲ 5215 ਰੁਪਏ ਪ੍ਰਤੀ ਕੁਇੰਟਲ ਨੂੰ ਪੁੱਜ ਗਿਆ ਹੈ।

### ਕਣਕ ਦੇ ਸਮਰਥਨ ਮੁੱਲ ਦਾ ਵਾਧਾ ਕੈਪਟਨ ਵੱਲੋਂ ਰੱਦ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਕਣਕ ਦੇ ਭਾਅ ਵਿਚ 85 ਰੁਪਏ ਦੇ ਕੀਤੇ ਵਾਧੇ ਨੂੰ ਰੱਦ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਕਿਸਾਨੀ ਪਹਿਲਾਂ ਹੀ ਸੰਕਟ ਵਿਚੋਂ ਲੰਘ ਰਹੀ ਹੈ ਤੇ ਕੇਂਦਰ ਸਰਕਾਰ ਕਿਸਾਨਾਂ ਨੂੰ ਜਿਣਸਾਂ ਦੇ ਢੁਕਵੇਂ ਭਾਅ ਵੀ ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ ਇਸ ਮਾਮੂਲੀ ਵਾਧੇ ਨਾਲ ਖੇਤੀ ਲਾਗਤਾਂ ਦੀਆਂ ਕੀਮਤਾਂ ਵਿਚ ਹੋਏ ਵਾਧੇ ਦੀ ਭਰਪਾਈ ਵੀ ਨਹੀਂ ਹੋਣੀ। ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਖਾਨਾਪੂਰਤੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਵਾਧੇ ਨਾਲ ਕਿਸਾਨਾਂ ਦੀਆਂ ਵੱਡੀਆਂ ਸਮੱਸਿਆਵਾਂ ਦਾ ਹੱਲ ਹੋਣਾ ਤਾਂ ਦੂਰ, ਇਸ ਨਾਲ ਸੰਕਟ 'ਚ ਡੁੱਬੀ ਕਿਸਾਨੀ ਨੂੰ ਅੰਤਰਿਮ ਰਾਹਤ ਮਿਲਣ ਦੀ ਵੀ ਕੋਈ ਉਮੀਦ ਨਜ਼ਰ ਨਹੀਂ ਆਉਂਦੀ। ਮੁੱਖ ਮੰਤਰੀ ਨੇ ਕੇਂਦਰ ਸਰਕਾਰ ਵੱਲੋਂ ਸੌ ਰੁਪਏ ਪ੍ਰਤੀ ਕੁਇੰਟਲ ਬੋਨਸ ਦਾ ਐਲਾਨ ਨਾ ਕਰਨ 'ਤੇ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਫਸਲ ਵੱਢਣ ਮਗਰੋਂ ਪਰਾਲੀ ਦਾ ਨਿਪਟਾਰਾ ਕਰਨ ਲਈ ਇਹ ਬੋਨਸ ਦੇਣ ਦੀ ਮੰਗ ਵਾਰ-ਵਾਰ ਉਠਾਈ ਸੀ, ਜਿਸ ਨੂੰ ਕੇਂਦਰ ਨੇ ਕੋਈ ਹੁੰਗਾਰਾ ਨਹੀਂ ਦਿੱਤਾ। ਇਥੋਂ ਪਤਾ ਲੱਗਦਾ ਹੈ ਕਿ ਮੋਦੀ ਸਰਕਾਰ ਕਿਸਾਨਾਂ ਦਾ ਭਲਾ ਕਰਨ ਲਈ ਸੰਜੀਦਾ ਨਹੀਂ ਹੈ।

### ਕਣਕ ਦੇ ਮੁੱਲ 'ਚ ਵਾਧਾ ਕਿਸਾਨਾਂ ਨਾਲ ਮਜ਼ਾਕ: ਰਾਜੇਵਾਲ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕੇਂਦਰ ਸਰਕਾਰ ਵੱਲੋਂ ਕਣਕ ਦੇ ਸਮਰਥਨ ਮੁੱਲ ਵਿਚ 85 ਰੁਪਏ ਪ੍ਰਤੀ ਕੁਇੰਟਲ ਦੇ ਕੀਤੇ ਵਾਧੇ ਨੂੰ ਕਿਸਾਨਾਂ ਨਾਲ ਕੋਝਾ ਮਜ਼ਾਕ ਕਰਾਰ ਦਿੱਤਾ ਹੈ। ਕਿਸਾਨ ਆਗੂ ਨੇ ਕਿਹਾ ਕਿ ਕਣਕ ਦੇ ਸਮਰਥਨ ਮੁੱਲ ਵਿਚ ਕੀਤਾ ਵਾਧਾ ਲਾਗਤ ਕੀਮਤਾਂ ਵਧਣ ਦੇ ਹਿਸਾਬ ਨਾਲ ਨਹੀਂ ਕੀਤਾ ਗਿਆ ਅਤੇ ਨਾ ਹੀ ਵਾਧਾ ਕਰਦੇ ਸਮੇਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਧਿਆਨ 'ਚ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਕਮਰਾਨ ਭਾਵੇਂ ਇਸ ਵਾਧੇ ਨੂੰ ਚੋਖਾ ਆਖ ਕੇ ਕਿਸਾਨੀ ਨੂੰ ਲੁਭਾਉਣ ਦੇ ਯਤਨ ਕਰਨਗੇ ਪਰ ਹਕੀਕਤ ਇਹ ਹੈ ਕਿ ਕੇਂਦਰ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਖਾਦਾਂ ਦੇ ਭਾਅ ਵਿਚ ਤਕਰੀਬਨ ਦੁੱਗਣਾ ਵਾਧਾ ਕੀਤਾ ਹੈ ਤੇ ਹੋਰ ਲਾਗਤਾਂ 'ਚ ਵੀ ਭਾਰੀ ਵਾਧਾ ਹੋਇਆ ਹੈ। ਜਦੋਂ ਲਾਗਤ ਕੀਮਤਾਂ ਨੂੰ ਘੋਖੀਏ ਤਾਂ ਪਤਾ ਲਗਦਾ ਹੈ ਕਿ ਕਿਸਾਨੀ ਦੇ ਪੱਲੇ ਕੱਖ ਵੀ ਨਹੀਂ ਪਿਆ।

### ਕਿਸਾਨ 'ਕਾਲੀ ਦੀਵਾਲੀ' ਮਨਾਉਣ ਲਈ ਮਜਬੂਰ ਹੋਏ: ਸੋਨੀਆ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਦੋਸ਼ ਲਾਇਆ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਸਹੀ ਮੁੱਲ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦੀਆਂ ਨੀਤੀਆਂ ਕਾਰਨ ਦੇਸ਼ ਦੇ ਕਿਸਾਨ ਅੱਜ 'ਕਾਲੀ ਦੀਵਾਲੀ' ਮਨਾਉਣ ਲਈ ਮਜਬੂਰ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਦਾ 'ਅਸਲੀ ਰਾਜਧਰਮ' ਇਹ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਫਸਲਾਂ ਦਾ ਸਹੀ ਭਾਅ ਮਿਲੇ।

ਭਾਜਪਾ ਸਰਕਾਰ ਨੇ ਸੱਤਾ ਸੰਭਾਲਦਿਆਂ ਹੀ ਧੋਖੇ ਦੀ ਨੀਂਹ ਰੱਖ ਦਿੱਤੀ ਸੀ। ਉਨ੍ਹਾਂ ਨੇ ਕਿਸਾਨਾਂ ਨੂੰ ਲਾਗਤ ਨਾਲ 50ਫੀਸਦੀ ਦਾ ਮੁਨਾਫਾ ਸਮਰਥਨ ਮੁੱਲ ਦੇ ਤੌਰ 'ਤੇ ਦੇਣ ਦਾ ਵਾਅਦਾ ਕੀਤਾ ਸੀ ਪਰ ਸਾਲ ਦਰ ਸਾਲ ਭਾਜਪਾ ਸਰਕਾਰ ਮੁੱਠੀ ਭਰ ਜਮ੍ਹਾਂਖੋਰਾਂ ਨੂੰ ਫਾਇਦਾ ਪਹੁੰਚਾਉਂਦੀ ਰਹੀ ਅਤੇ ਅੰਨਦਾਤਾਵਾਂ ਦੇ ਲੱਖਾਂ-ਕਰੋੜਾਂ ਰੁਪਏ ਲੁੱਟਦੀ ਰਹੀ।

# ਪਿਛਲੇ 60 ਦਿਨਾਂ ਵਿਚ 90 ਕਿਸਾਨਾਂ ਵੱਲੋਂ ਖੁਦਕੁਸ਼ੀ

## ਯੂਨੀਅਨ ਵੱਲੋਂ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਦੀ ਸੂਚੀ ਜਾਰੀ

**ਸੰਗਰੂਰ:** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਪਿਛਲੇ ਦੋ ਮਹੀਨਿਆਂ ਦੌਰਾਨ ਹੋਈਆਂ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਦੀ ਸੂਚੀ ਜਾਰੀ ਕੀਤੀ ਹੈ। ਭਾਰਤੀ ਕਿਸਾਨ ਯੂਨੀਅਨ ਨੇ ਦਾਅਵਾ ਕੀਤਾ ਹੈ ਕਿ ਪਿਛਲੇ 60 ਦਿਨਾਂ ਦੌਰਾਨ ਪੰਜਾਬ ਭਰ ਵਿਚ 90 ਕਿਸਾਨ-ਮਜ਼ਦੂਰ ਮੌਤ ਨੂੰ ਗਲੇ ਲਗਾਉਣ ਲਈ ਮਜਬੂਰ ਹੋਏ ਹਨ, ਜਿਨ੍ਹਾਂ ਵਿਚ 64 ਕਿਸਾਨ, 15 ਔਰਤਾਂ ਅਤੇ 11 ਮਜ਼ਦੂਰ ਸ਼ਾਮਲ ਹਨ। ਯੂਨੀਅਨ ਦਾ ਦਾਅਵਾ ਹੈ ਕਿ ਕਾਂਗਰਸ ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ ਦੌਰਾਨ 1300 ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਸਭ ਤੋਂ ਵੱਧ 234 ਖੁਦਕੁਸ਼ੀਆਂ ਜ਼ਿਲ੍ਹਾ ਸੰਗਰੂਰ 'ਚ ਹੋਈਆਂ ਹਨ।

ਸਥਾਨਕ ਰੈਸਟ ਹਾਊਸ 'ਚ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਦੀ ਸੂਚੀ ਜਾਰੀ ਕਰਦਿਆਂ ਭਾਕਿਯੂ ਏਕਤਾ ਉਗਰਾਹਾਂ ਦੇ ਆਗੂ ਸੁਖਪਾਲ ਸਿੰਘ ਮਾਣਕ ਨੇ ਦਾਅਵਾ ਕੀਤਾ ਕਿ ਪੰਜਾਬ ਭਰ ਵਿਚ ਇਸ ਸਾਲ ਪਹਿਲੀ ਅਗਸਤ ਤੋਂ ਲੈ ਕੇ 30 ਸਤੰਬਰ ਤੱਕ 90 ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਲਈ ਮਜਬੂਰ ਹੋਏ ਹਨ। ਉਨ੍ਹਾਂ ਦੱਸਿਆ ਕਿ ਇਹ ਅੰਕੜਾ ਅਖਬਾਰਾਂ ਵਿਚ ਪ੍ਰਕਾਸ਼ਿਤ ਖਬਰਾਂ ਅਨੁਸਾਰ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਸਮੁੱਚੇ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕਰਨ ਦੇ ਵਾਅਦੇ ਕਰਨ ਵਾਲੀ ਕਾਂਗਰਸ ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ ਦੌਰਾਨ 1300 ਕਿਸਾਨ-ਮਜ਼ਦੂਰ ਆਪਣੀ ਜਾਨ ਦੇ ਆਪ ਕਾਤਲ ਬਣੇ ਹਨ। ਸਭ ਤੋਂ ਵੱਧ 234 ਕਿਸਾਨ ਖੁਦਕੁਸ਼ੀਆਂ ਜ਼ਿਲ੍ਹਾ ਸੰਗਰੂਰ ਵਿਚ ਹੋਈਆਂ ਹਨ, ਜਿਥੇ ਦੇ ਕਿਸਾਨ ਸਭ ਤੋਂ ਵੱਧ ਅਨਾਜ ਪੈਦਾ ਕਰਨ ਵਿਚ ਮੋਹਰੀ ਹਨ।

ਦੂਜੇ ਨੰਬਰ ਉਤੇ ਜ਼ਿਲ੍ਹਾ ਬਠਿੰਡਾ ਹੈ, ਜਿਸ ਵਿਚ 185 ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਹੋਈਆਂ ਹਨ ਅਤੇ ਮਾਨਸਾ ਜ਼ਿਲ੍ਹਾ ਤੀਜੇ ਨੰਬਰ ਉਤੇ ਹੈ, ਜਿਸ ਵਿਚ 120 ਖੁਦਕੁਸ਼ੀਆਂ ਹੋਈਆਂ। ਕਿਸਾਨ ਆਗੂਆਂ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਖੁਦਕੁਸ਼ੀਆਂ ਨਾ ਕਰੋ ਕਿਉਂਕਿ ਸਰਕਾਰ ਬਣਨ 'ਚ ਸਿਰਫ 30 ਦਿਨ ਬਾਕੀ ਹਨ। ਇਹ ਵਾਅਦਾ ਕਰਦਿਆਂ ਉਨ੍ਹਾਂ ਨੇ 'ਕਰਜ਼ਾ ਕੁਰਕੀ ਖਤਮ, ਫਸਲ ਦੀ ਪੂਰੀ ਰਕਮ' ਦਾ ਨਾਅਰਾ ਵੀ ਦਿੱਤਾ ਸੀ ਪਰ ਅਜੇ ਤੱਕ ਨਾ ਤਾਂ ਕੁਰਕੀ ਰੁਕੀ ਹੈ, ਨਾ ਕਰਜ਼ਾ ਮੁਆਫ ਹੋਇਆ ਤੇ ਨਾ ਹੀ ਫਸਲ ਦੀ ਪੂਰੀ ਰਕਮ ਮਿਲੀ ਹੈ।

# ਕਰਜ਼ਈ ਕਿਸਾਨਾਂ ਨੂੰ ਭਗੌੜੇ ਐਲਾਨਣ 'ਚ ਜੁਟੇ ਬੈਂਕ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਸਰਕਾਰ ਬਣਨ ਉਤੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ। ਬਾਅਦ ਵਿਚ ਇਹ ਛੋਟੇ ਤੇ ਸੀਮਾਂਤ ਕਿਸਾਨਾਂ ਅਤੇ ਦੋ ਲੱਖ ਰੁਪਏ ਤੱਕ ਸੀਮਤ ਹੋ ਗਿਆ। ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ਦੀ ਕਰਜ਼ੇ ਕਰਕੇ ਕੁਰਕੀ ਹੋਣ ਉਤੇ ਪਾਬੰਦੀ ਲਾਈ ਹੈ ਪਰ ਅਜੇ ਵੀ ਕਈ ਤਰੀਕਿਆਂ ਰਾਹੀਂ ਕਿਸਾਨਾਂ ਨੂੰ ਜੇਲ੍ਹ ਭੇਜਣ ਅਤੇ ਉਨ੍ਹਾਂ ਨੂੰ ਜ਼ਮੀਨਾਂ ਵੇਚਣ ਲਈ ਮਜਬੂਰ ਕਰਨ ਦੇ ਰਾਹ ਮੌਜੂਦ ਹਨ। ਚੈੱਕ ਬਾਊਂਸ ਹੋਣ ਦੀ ਦਲੀਲ ਦਿੰਦਿਆਂ ਸਹਿਕਾਰੀ ਅਤੇ ਪ੍ਰਾਈਵੇਟ ਬੈਂਕਾਂ ਨੇ ਪਿਛਲੇ ਡੇਢ ਸਾਲ ਦੌਰਾਨ 1000 ਅਤੇ ਅਦਾਲਤਾਂ ਨੇ 300 ਕਿਸਾਨਾਂ ਨੂੰ ਭਗੌੜਾ ਕਰਾਰ ਦੇ ਦਿੱਤਾ ਹੈ। ਕਿਸਾਨ ਜਥੇਬੰਦੀਆਂ ਨੇ ਚੈੱਕ ਬਾਊਂਸ ਹੋ ਜਾਣ ਕਾਰਨ ਕਿਸੇ ਵੀ ਕਿਸਾਨ ਨੂੰ ਗ੍ਰਿਫਤਾਰ ਕਰਨ ਖਿਲਾਫ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ।

ਪੰਜਾਬ ਵਿਚ ਕਰਜ਼ੇ ਹੇਠ ਦੱਬੇ ਸੈਂਕੜੇ ਕਿਸਾਨ ਭਗੌੜੇ ਐਲਾਨ ਦਿੱਤੇ ਗਏ ਹਨ। ਸਹਿਕਾਰੀ ਬੈਂਕਾਂ ਵੱਲੋਂ ਚੈੱਕ ਬਾਊਂਸ ਨੂੰ ਆਧਾਰ ਬਣਾ ਕੇ ਅਦਾਲਤੀ ਕੇਸ ਕੀਤੇ ਗਏ ਜਿਨ੍ਹਾਂ 'ਚ ਕਿਸਾਨ ਭਗੌੜਾ ਕਰਾਰ ਦਿੱਤੇ ਜਾ ਰਹੇ ਹਨ। ਪ੍ਰਾਈਵੇਟ ਤੇ ਕੌਮੀ ਬੈਂਕ ਇਸ ਮਾਮਲੇ 'ਚ ਸਭ ਤੋਂ ਅੱਗੇ ਹਨ। ਇਕੱਲੇ ਮਾਲਵਾ ਖਿੱਤੇ 'ਚ ਇਨ੍ਹਾਂ ਸਾਰੇ ਬੈਂਕਾਂ ਵੱਲੋਂ ਡੇਢ ਸਾਲ ਦੌਰਾਨ ਕਰੀਬ ਇਕ ਹਜ਼ਾਰ ਕਰਜ਼ਈ ਕਿਸਾਨਾਂ ਨੂੰ ਭਗੌੜੇ ਐਲਾਨ ਦਿੱਤਾ ਗਿਆ ਹੈ। ਅੰਦਾਜ਼ੇ ਅਨੁਸਾਰ ਸਹਿਕਾਰੀ ਬੈਂਕਾਂ ਦੇ ਚੈੱਕ ਬਾਊਂਸ ਮਾਮਲਿਆਂ 'ਚ ਕਰੀਬ ਤਿੰਨ ਸੌ ਕਿਸਾਨ ਅਦਾਲਤਾਂ ਵਿਚੋਂ ਭਗੌੜੇ ਐਲਾਨੇ ਜਾ ਚੁੱਕੇ ਹਨ।

ਵੇਰਵਿਆਂ ਅਨੁਸਾਰ ਬਠਿੰਡਾ ਜ਼ਿਲ੍ਹੇ ਵਿਚ ਇਕੱਲੇ ਸਹਿਕਾਰੀ ਬੈਂਕਾਂ, ਖਾਸ ਕਰ ਕੇ ਸਹਿਕਾਰੀ ਖੇਤੀ ਵਿਕਾਸ ਬੈਂਕਾਂ ਨੇ ਫਰਵਰੀ 2019 ਤੋਂ ਹੁਣ ਤੱਕ 23 ਕਰਜ਼ਈ ਕਿਸਾਨ ਅਦਾਲਤਾਂ ਰਾਹੀਂ ਭਗੌੜੇ ਕਰਾਰ ਦਿੱਤੇ ਹਨ। ਜਿਨ੍ਹਾਂ ਵਿਚ ਪਿੰਡ ਜੈ ਸਿੰਘ ਵਾਲਾ ਦੇ ਦੋ ਕਿਸਾਨ, ਚੱਕ ਰੁਲਦੂ ਸਿੰਘ ਵਾਲਾ, ਰਾਏਕੇ ਖੁਰਦ ਦੇ ਕਿਸਾਨ ਵੀ ਸ਼ਾਮਲ ਹਨ। ਸਾਰੀਆਂ ਬੈਂਕਾਂ ਵੱਲੋਂ ਚੈੱਕ ਬਾਊਂਸ 'ਚ ਬਠਿੰਡਾ ਜ਼ਿਲ੍ਹੇ ਦੇ ਕੁੱਲ 86 ਕਿਸਾਨ ਭਗੌੜੇ ਕਰਾਰ ਦਿੱਤੇ ਗਏ ਹਨ। ਭਗੌੜੇ ਐਲਾਨੇ ਕਿਸਾਨਾਂ ਉਤੇ ਕਾਰਵਾਈ ਦੀ ਤਲਵਾਰ ਲਟਕੀ ਹੋਈ ਹੈ। ਬਹੁਤੇ ਕਿਸਾਨ ਅਦਾਲਤਾਂ ਵਿਚ ਕੇਸ ਲੜਨ ਦੇ ਸਮਰੱਥ ਨਹੀਂ ਹਨ।

ਅਦਾਲਤਾਂ ਵਿਚ ਸੀ.ਆਰ.ਪੀ.ਸੀ. ਦੀ ਧਾਰਾ 83 ਤਹਿਤ ਇਨ੍ਹਾਂ ਨੂੰ ਭਗੌੜਾ ਐਲਾਨਿਆ ਗਿਆ ਹੈ। ਬੈਂਕਾਂ ਵੱਲੋਂ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੀ ਧਾਰਾ 138 ਤਹਿਤ ਇਹ ਕੇਸ ਦਾਇਰ ਕੀਤੇ ਜਾਂਦੇ ਹਨ। ਸਹਿਕਾਰੀ ਤੇ ਪ੍ਰਾਈਵੇਟ ਬੈਂਕਾਂ ਵੱਲੋਂ ਕਿਸਾਨਾਂ ਤੋਂ ਖਾਲੀ ਚੈੱਕ ਲਏ ਜਾਣ ਦਾ ਰੌਲਾ ਪਹਿਲਾਂ ਵੀ ਪੈ ਚੁੱਕਾ ਹੈ। ਸਹਿਕਾਰੀ ਖੇਤੀ ਵਿਕਾਸ ਬੈਂਕਾਂ ਵੱਲੋਂ ਚੈੱਕ ਬਾਊਂਸ ਹੋਣ ਮਗਰੋਂ ਅਦਾਲਤੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਂਦੀ ਹੈ। ਫਿਰੋਜ਼ਪੁਰ ਜ਼ਿਲ੍ਹੇ ਵਿਚ ਸਾਲ 2019 ਦੌਰਾਨ 26 ਕਰਜ਼ਈ ਕਿਸਾਨ ਭਗੌੜੇ ਕਰਾਰ ਦਿੱਤੇ ਗਏ ਹਨ ਜਿਨ੍ਹਾਂ ਵਿਚ ਸੈਦੇਕੇ ਰਹੇਲਾ, ਚੱਕ ਦੋਨਾ ਰਹੀਮ ਕੇ, ਬਡਾਲਾ, ਚੱਕੇ ਭੰਗੇ ਵਾਲਾ ਅਤੇ ਸੋਢੀਵਾਲਾ ਦੇ ਕਿਸਾਨ ਸ਼ਾਮਲ ਹਨ। ਸਾਲ 2018 ਵਿਚ ਇਸ ਜ਼ਿਲ੍ਹੇ ਦੇ 20 ਕਿਸਾਨ ਅਤੇ ਉਸ ਤੋਂ ਪਹਿਲਾਂ ਦੇ ਤਿੰਨ ਸਾਲਾਂ ਵਿਚ 48 ਕਰਜ਼ਈ ਕਿਸਾਨ ਭਗੌੜੇ ਕਰਾਰ ਦਿੱਤੇ ਜਾ ਚੁੱਕੇ ਹਨ। ਅਕਤੂਬਰ 2019 ਦੇ ਆਖਰੀ ਦੋ ਹਫਤਿਆਂ ਵਿਚ ਤਿੰਨ ਕਿਸਾਨ ਭਗੌੜੇ ਐਲਾਨੇ ਗਏ ਹਨ। ਪੰਜਾਬ ਦੀਆਂ ਅਦਾਲਤਾਂ ਵਿਚ ਚੈੱਕ ਬਾਊਂਸ ਦੇ ਹਜ਼ਾਰਾਂ ਕੇਸ ਚੱਲ ਰਹੇ ਹਨ।

ਫਾਜ਼ਿਲਕਾ ਜ਼ਿਲ੍ਹੇ ਵਿਚ ਇਕੱਲੇ ਸਤੰਬਰ 2019 ਦੇ ਮਹੀਨੇ ਵਿਚ ਸਾਰੀਆਂ ਬੈਂਕਾਂ ਦੇ ਚੈੱਕ ਬਾਊਂਸ ਮਾਮਲਿਆਂ ਵਿਚ 10 ਕਰਜ਼ਈ ਕਿਸਾਨ ਭਗੌੜੇ ਕਰਾਰ ਦਿੱਤੇ ਗਏ ਹਨ। ਜ਼ਿਲ੍ਹਾ ਮੋਗਾ ਵਿਚ ਲੰਘੇ ਸਾਢੇ ਤਿੰਨ ਮਹੀਨਿਆਂ 'ਚ ਬੈਂਕਾਂ ਵੱਲੋਂ 10 ਕਿਸਾਨ ਭਗੌੜੇ ਐਲਾਨਣ ਦੀ ਕਾਰਵਾਈ ਕੀਤੀ ਗਈ ਹੈ। ਸੰਗਰੂਰ ਜ਼ਿਲ੍ਹੇ ਵਿਚ ਅਗਸਤ ਸਤੰਬਰ ਮਹੀਨੇ ਦੌਰਾਨ ਤਿੰਨ ਕਿਸਾਨ ਭਗੌੜੇ ਐਲਾਨੇ ਗਏ ਹਨ। ਇਸੇ ਤਰ੍ਹਾਂ ਜ਼ਿਲ੍ਹਾ ਪਟਿਆਲਾ ਵਿਚ ਇਕੱਲੇ ਚਾਲੂ ਮਾਲੀ ਵਰ੍ਹੇ ਦੌਰਾਨ 16 ਕਰਜ਼ਈ ਕਿਸਾਨ ਭਗੌੜੇ ਕਰਾਰ ਦਿੱਤੇ ਗਏ ਹਨ। ਵਰ੍ਹਾ 2018 'ਚ ਦੋ ਦਰਜਨ ਕਿਸਾਨ ਭਗੌੜੇ ਐਲਾਨੇ ਗਏ ਹਨ। ਇਸ ਤਰ੍ਹਾਂ ਦਾ ਰੁਝਾਨ ਬਾਕੀ ਜ਼ਿਲ੍ਹਿਆਂ ਵਿਚ ਵੀ ਹੈ।

# ਡੇਰਾ ਬਿਆਸ ਖਿਲਾਫ ਸੰਘਰਸ਼ ਵਿੱਢਣ ਵਾਲੇ ਕਿਸਾਨ ਅਦਾਲਤ ਵੱਲੋਂ ਬਰੀ

**ਰਈਆ:** 'ਲੋਕ ਭਲਾਈ ਇਨਸਾਫ ਵੈੱਲਫੇਅਰ ਸੁਸਾਇਟੀ' ਦੇ ਪ੍ਰਧਾਨ ਭਾਈ ਬਲਦੇਵ ਸਿੰਘ ਸਿਰਸਾ ਵੱਲੋਂ ਕਿਸਾਨਾਂ ਦੀਆਂ ਜ਼ਮੀਨਾਂ ਉੱਪਰ ਡੇਰਾ ਰਾਧਾ ਸੁਆਮੀ ਬਿਆਸ ਵੱਲੋਂ ਕੀਤੇ ਕਥਿਤ ਨਾਜਾਇਜ਼ ਕਬਜ਼ਿਆਂ ਖਿਲਾਫ ਸਤੰਬਰ ਮਹੀਨੇ ਦੀ 12 ਤਰੀਕ ਤੋਂ ਬਿਆਸ ਫਲਾਈਓਵਰ ਹੇਠਾਂ ਲਗਾਏ ਗਏ ਧਰਨੇ ਨੂੰ ਪੁਲਿਸ ਵੱਲੋਂ 26 ਦਿਨਾਂ ਬਾਅਦ ਚੁੱਕਾ ਦਿੱਤਾ ਗਿਆ ਸੀ।

ਇਸ ਵਿਚ ਭਾਈ ਬਲਦੇਵ ਸਿੰਘ ਸਿਰਸਾ, ਰਣਜੀਤ ਸਿੰਘ, ਮੱਖਣ ਸਿੰਘ, ਹਰਜਿੰਦਰ ਸਿੰਘ, ਨਰ ਜਿੰਦਰ ਸਿੰਘ ਬਿਆਸ ਤੇ ਜਲਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਸੀ। ਇਨ੍ਹਾਂ ਕਿਸਾਨਾਂ ਨੂੰ ਐਸ.ਡੀ.ਐਮ. ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵੱਲੋਂ ਬਾਇੱਜ਼ਤ ਬਰੀ ਕਰ ਦਿੱਤਾ ਗਿਆ।


ਅਦਾਲਤੀ ਕਾਰਵਾਈ ਦੌਰਾਨ ਮਜਿਸਟ੍ਰੇਟ ਸੁਮਿਤ ਮੁੱਧ ਨੇ ਦੋਵਾਂ ਧਿਰਾਂ ਦੇ ਵਕੀਲਾਂ ਦੀ ਬਹਿਸ ਤੋਂ ਬਾਅਦ ਪੁਲਿਸ ਵੱਲੋਂ ਕਿਸਾਨਾਂ ਖਿਲਾਫ ਅਦਾਲਤ ਵਿਚ ਪੇਸ਼ ਮਾਮਲੇ ਨੂੰ ਗਲਤ ਮੰਨਦੇ ਹੋਏ ਸਾਰੇ ਜਣਿਆਂ ਨੂੰ ਬਾਇੱਜ਼ਤ ਬਰੀ ਕਰਨ ਦਾ ਹੁਕਮ ਸੁਣਾਇਆ। ਭਾਈ ਸਿਰਸਾ ਨੇ ਕਿਹਾ ਕਿ ਇਸ ਫੈਸਲੇ ਤੋਂ ਇਹ ਸਾਬਤ ਹੁੰਦਾ ਹੈ ਕਿ ਪੁਲਿਸ ਨੇ ਕਿਸੇ ਦਬਾਅ ਅਧੀਨ ਉਨ੍ਹਾਂ ਉੱਪਰ ਝੂਠਾ ਪਰਚਾ ਦਰਜ ਕਰ ਕੇ ਜੇਲ੍ਹ ਭੇਜਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸ਼ਾਂਤਮਈ ਸੰਘਰਸ਼ ਜ਼ਮੀਨਾਂ ਦੇ ਕਬਜ਼ੇ ਕਿਸਾਨਾਂ ਨੂੰ ਦਿਵਾਉਣ ਤੱਕ ਜਾਰੀ ਰਹੇਗਾ।

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-11

# ਅਭਿਨਵ ਭਾਰਤ ਦਾ ਅਸਲ ਆਧਾਰ

***ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਸਵੈਸੇਵੀ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਵੱਖ-ਵੱਖ ਰਾਜਾਂ 'ਚ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਆਧਾਰ ਬਣੀਆਂ ਜਥੇਬੰਦੀਆਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) 'ਚ ਕੀਤੀ ਹੈ। ਇਸ ਕਿਸ਼ਤ ਵਿਚ 'ਅਭਿਨਵ ਭਾਰਤ' ਬਾਰੇ ਪੁਣਛਾਣ ਗਈ ਹੈ, ਜਿਸ 'ਤੇ ਦੋਸ਼ ਹੈ ਕਿ ਇਸ ਦੀ ਅਗਵਾਈ 'ਚ ਕਈ ਥਾਂਈਂ ਬੰਬ ਧਮਾਕੇ ਕੀਤੇ ਗਏ ਸਨ। -ਸੰਪਾਦਕ***

## ਹਿੰਦੂਤਵੀ ਲਸ਼ਕਰ



**ਧੀਰੇਂਦਰ ਕੁਮਾਰ ਝਾਅ**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

'ਅਭਿਨਵ ਭਾਰਤ' ਦੇ ਮੈਂਬਰਾਂ ਵਲੋਂ 2007 ਅਤੇ 2008 ਦੌਰਾਨ ਕੀਤੀਆਂ ਗਈਆਂ ਮੀਟਿੰਗਾਂ ਵਿਚ ਰਚੀ ਸਾਜ਼ਿਸ਼ ਦੀ ਪਟਕਥਾ ਬਹੁਤ ਪਟਾਕੇ ਪਾਉਣ ਵਾਲੀ ਹੈ। ਇਨ੍ਹਾਂ ਮੀਟਿੰਗਾਂ ਦੀ ਪੂਰੀ ਕਾਰਵਾਈ ਇਨ੍ਹਾਂ ਵਿਚ ਸ਼ਾਮਲ ਸੁਧਾਕਰ ਦਿਵੇਦੀ ਉਰਫ ਅੰਮ੍ਰਿਤਾਨੰਦ ਦੇਵ ਤੀਰਥ ਨੇ ਆਪਣੇ ਲੈਪਟਾਪ ਵਿਚ ਬਾਕਾਇਦਾ ਰਿਕਾਰਡ ਕੀਤੀ ਸੀ। ਉਸ ਤੋਂ ਹਿੰਦੂ ਰਾਸ਼ਟਰ ਦੇ ਚਿਹਰੇ-ਮੋਹਰੇ ਦੀ ਝਲਕ ਮਿਲ ਜਾਂਦੀ ਹੈ, ਜੋ 'ਅਭਿਨਵ ਭਾਰਤ' ਦਾ ਨਿਸ਼ਾਨਾ ਹੈ। ਉਨ੍ਹਾਂ ਮੀਟਿੰਗਾਂ ਦੀ ਗੱਲਬਾਤ 2008 ਮਾਲੇਗਾਉਂ ਬੰਬ ਕਾਂਡ ਕੇਸ ਦੀ ਚਾਰਜਸ਼ੀਟ ਵਿਚ ਵੀ ਦਰਜ ਹੈ। ਉਸ ਤੋਂ ਬਹੁਤ ਸਾਰੇ ਪਹਿਲੂਆਂ ਦਾ ਖੁਲਾਸਾ ਹੁੰਦਾ ਹੈ ਕਿ ਨਵੇਂ ਹਿੰਦੂ ਰਾਸ਼ਟਰ ਦਾ ਨਵਾਂ ਸੰਵਿਧਾਨ ਤੇ ਨਵਾਂ ਝੰਡਾ ਕਿਹੋ ਜਿਹਾ ਹੋਵੇਗਾ, ਤੋਂ ਲੈ ਕੇ ਬੰਬ ਧਮਾਕਿਆਂ ਦੀ ਉਨ੍ਹਾਂ ਅਨੁਸਾਰ ਕੀ ਵਾਜਬੀਅਤ ਸੀ ਅਤੇ 'ਅਭਿਨਵ ਭਾਰਤ' ਦੇ ਆਰ. ਐਸ. ਐਸ. ਅਤੇ ਭਾਜਪਾ ਨਾਲ ਕਿੰਨੇ ਗੂੜ੍ਹੇ ਰਿਸ਼ਤੇ ਹਨ।

ਇਕ ਗੱਲਬਾਤ ਦਾ ਨਮੂਨਾ ਇਉਂ ਹੈ,

ਲੈਫਟੀਨੈਂਟ ਕਰਨਲ ਪੁਰੋਹਿਤ: ਅਸੀਂ ਸੰਵਿਧਾਨ ਵਿਰੁਧ ਲੜਾਂਗੇ, ਅਸੀਂ ਕੌਮ ਵਿਰੁਧ ਲੜਾਂਗੇ, ਇਹ ਸੰਵਿਧਾਨ ਸਾਡਾ ਨਹੀਂ ਹੈ... ਸਿਰਫ ਇਸ ਸੰਵਿਧਾਨ ਨੂੰ ਉਲਟਾ ਕੇ ਹੀ...।

ਸੁਧਾਕਰ ਦਿਵੇਦੀ: ਸੰਵਿਧਾਨ ਦੇ ਪਹਿਲੇ ਪੰਨੇ ਉਪਰ ਹੀ ਲਿਖਿਆ ਹੋਇਆ ਕਿ ਭਾਰਤ ਦੇ ਲੋਕਾਂ ਨੇ ਇਹ ਸੰਵਿਧਾਨ ਅਪਨਾ ਲਿਆ ਹੈ। ਇਹ ਕਿਵੇਂ ਹੋ ਸਕਦਾ ਹੈ? ਲੋਕ ਕਿਵੇਂ ਸੰਵਿਧਾਨ ਨੂੰ ਅਪਨਾ ਸਕਦੇ ਹਨ? ਕੀ ਕੋਈ ਰਾਇਸ਼ੁਮਾਰੀ ਕਰਵਾਈ ਗਈ ਸੀ? ਨਹੀਂ। ਕੀ ਇਸ 'ਤੇ ਕੋਈ ਬਹਿਸ ਹੋਈ? ਨਹੀਂ। ਫਿਰ ਇਸ ਨੂੰ ਕਿਵੇਂ ਪਾਸ ਕਰ ਦਿੱਤਾ ਗਿਆ? ਇਸ ਨੂੰ ਲੋਕਾਂ ਵਲੋਂ ਕਿਵੇਂ ਲਿਖਿਆ ਗਿਆ ਅਤੇ ਕਿਸ ਨੇ ਲਿਖਿਆ?

ਪੁਰੋਹਿਤ: ਸਵਾਮੀ ਜੀ, ਜੇ ਉਦੋਂ ਇਉਂ ਹੋਇਆ ਤਾਂ ਸਾਨੂੰ ਸੰਵਿਧਾਨ ਖਿਲਾਫ ਲੜਨਾ ਪਵੇਗਾ। ਸਾਨੂੰ ਆਪਣੀ ਆਜ਼ਾਦੀ ਦੀ ਲੜਾਈ ਲੜਨੀ ਪਵੇਗੀ।

ਸੁਧਾਕਰ ਦਿਵੇਦੀ: ਸਾਡੇ ਕੋਲ ਰਾਜਭਾਗ ਨੂੰ ਚਲਾਉਣ ਦਾ ਪੁਰਾਤਨ ਸ਼ਾਸਤਰ ਹੈ। ਸਾਡੀਆਂ ਸਿਮਰਤੀਆਂ ਸਾਡੇ ਸਮਾਜ ਦਾ ਸੰਵਿਧਾਨ ਹਨ। ਇਸ ਵਕਤ ਪੂਰੇ ਭਾਰਤ ਅੰਦਰ 14 ਸਿਮਰਤੀਆਂ ਹਨ। ਸਭ ਨੂੰ ਇਕੱਠਾ ਕਰੋ...।

ਪੁਰੋਹਿਤ: ਅਸੀਂ ਚਾਹੁੰਦੇ ਹਾਂ, ਇਸ ਦੇਸ਼ ਵਿਚ ਵੇਦਾਂ ਦੇ ਸਿਧਾਂਤਾਂ 'ਤੇ ਆਧਾਰਿਤ ਹਿੰਦੂ ਧਰਮ ਜਾਂ ਵੈਦਿਕ ਧਰਮ ਸਥਾਪਤ ਹੋਵੇ।

ਮੇਜਰ (ਰਿਟਾਇਰਡ) ਰਾਮੇਸ਼ ਉਪਾਧਿਆਏ: ਇਹ ਸੰਵਿਧਾਨ ਸਾਡੇ 'ਤੇ ਲਾਗੂ ਨਹੀਂ ਹੁੰਦਾ, ਸਾਨੂੰ ਮਨਜ਼ੂਰ ਨਹੀਂ। ਨਵਾਂ ਸੰਵਿਧਾਨ ਇਸ ਦੀ ਥਾਂ ਲਵੇਗਾ ਅਤੇ ਫਿਰ ਹਿੰਦੂ ਰਾਸ਼ਟਰ ਸਥਾਪਤ ਕੀਤਾ ਜਾਵੇਗਾ।

ਇਸ ਤਰ੍ਹਾਂ ਨਵੇਂ ਹਿੰਦੂ ਰਾਸ਼ਟਰ ਦੀ ਸਥਾਪਤੀ ਲਈ ਸਿਰਫ ਸਿਮਰਤੀਆਂ ਆਧਾਰਤ ਸੰਵਿਧਾਨ ਨੂੰ ਹੀ ਕਾਫੀ ਨਹੀਂ ਸਮਝਿਆ ਗਿਆ। 'ਅਭਿਨਵ ਭਾਰਤ' ਦੇ ਘਾੜੇ ਨੇ ਰਾਸ਼ਟਰੀ ਝੰਡੇ ਨੂੰ ਵੀ ਨਵੇਂ ਸਿਰੇ ਤੋਂ ਤਿਆਰ ਕਰਨ ਦੀ ਤਜਵੀਜ਼ ਪੇਸ਼ ਕੀਤੀ:

'ਇਹ ਝੰਡਾ ਸੁਨਹਿਰੀ ਕਿਨਾਰੀ ਵਾਲਾ ਭਗਵਾਂ ਝੰਡਾ ਹੋਵੇਗਾ, ਜਿਸ 'ਤੇ ਪੁਰਾਤਨ ਸੁਨਹਿਰੀ ਮਸ਼ਾਲ ਛਪੀ ਹੋਵੇਗੀ। ਇਸ ਝੰਡੇ ਦੀ ਲੰਬਾਈ ਚੌੜਾਈ ਨਾਲੋਂ ਦੁੱਗਣੀ ਹੋਵੇਗੀ। ਉਸ ਭਗਵੇਂ ਝੰਡੇ 'ਤੇ ਚਾਰ ਦਿਸ਼ਾਵਾਂ ਵਿਚ ਚਾਰ ਲਾਟਾਂ ਹੋਣਗੀਆਂ ਜੋ ਚਾਰ ਵੇਦਾਂ ਨੂੰ ਦਰਸਾਉਣਗੀਆਂ।'

'ਅਭਿਨਵ ਭਾਰਤ' ਨੂੰ ਨਵੇਂ ਰਾਸ਼ਟਰ ਦੀ ਰੂਹਾਨੀ ਧਾਰਾ ਦੇ ਤੌਰ 'ਤੇ ਸਥਾਪਤ ਕਰਨ ਲਈ ਸ੍ਰੀਕਾਂਤ ਪੁਰੋਹਿਤ ਨੇ ਦਲੀਲ ਦਿੱਤੀ ਕਿ 'ਜਦੋਂ ਅਭਿਨਵ ਭਾਰਤ ਕੰਮ ਕਰਨਾ ਸ਼ੁਰੂ ਕਰ ਦੇਵੇ ਤਾਂ ਇਕ ਭਾਰਤ ਮਾਤਾ ਮੰਦਿਰ ਬਣਾਉਣਾ ਹੋਵੇਗਾ। ਇਸ ਨਾਲ ਰਾਸ਼ਟਰੀਅਤਾ ਦਾ ਵਿਚਾਰ ਪੂਜਨੀਕ ਬਣ ਜਾਵੇਗਾ।'

ਇਹ ਭਾਸ਼ਾ ਉਨ੍ਹਾਂ ਦੇ ਮਨਾਂ ਵਿਚਲੀ ਭਾਰਤੀ ਸਟੇਟ ਦੀਆਂ ਸੰਸਥਾਵਾਂ ਅਤੇ ਕਾਨੂੰਨ ਪ੍ਰਤੀ ਘੋਰ ਨਫਰਤ ਨੂੰ ਸਾਹਮਣੇ ਲਿਆਉਂਦੀ ਹੈ। ਇਕ ਸਮੇਂ ਦੀ ਗੱਲਬਾਤ ਵਿਚ ਸ਼ਾਮਲ ਸ਼ਖਸ, ਜਿਨ੍ਹਾਂ ਵਿਚ ਲੈਫਟੀਨੈਂਟ ਕਰਨਲ ਪੁਰੋਹਿਤ ਅਤੇ ਰਿਟਾਇਰਡ ਮੇਜਰ ਉਪਧਿਆਏ ਸ਼ਾਮਿਲ ਸਨ, ਪਹਿਲਾਂ ਹੋਏ ਕਈ ਬੰਬ ਕਾਂਡਾਂ ਦਾ ਸਿਹਰਾ ਹੁੱਬ ਕੇ ਆਪਣੇ ਸਿਰ ਲੈਂਦੇ ਨਜ਼ਰ ਆਉਂਦੇ ਹਨ, ਜਿਨ੍ਹਾਂ ਨੂੰ 'ਆਈ. ਐਸ. ਆਈ. ਦਾ ਕਾਰਾ' ਸਮਝਿਆ ਜਾਂਦਾ ਸੀ। ਇਕ ਹੋਰ ਸਮੇਂ ਪੁਰੋਹਿਤ ਸਪਸ਼ਟ ਕਰਦਾ ਕਹਿੰਦਾ ਹੈ ਕਿ ਜੋ ਕੋਈ ਵੀ ਹਿੰਦੂ ਰਾਸ਼ਟਰ ਬਣਾਉਣ ਦੇ ਰਸਤੇ ਵਿਚ ਆਵੇਗਾ, 'ਉਸ ਨੂੰ ਨਾ ਸਿਰਫ ਸਿਆਸੀ ਤੌਰ 'ਤੇ ਛੇਕਿਆ ਜਾਵੇਗਾ ਸਗੋਂ 'ਪਾਰ ਬੁਲਾ' ਦਿੱਤਾ ਜਾਵੇਗਾ।'

ਗੱਲਬਾਤ ਦਾ ਉਤਾਰਾ ਦਿਖਾਉਂਦਾ ਹੈ ਕਿ 'ਅਭਿਨਵ ਭਾਰਤ' ਦੇ ਆਗੂ, ਭਾਜਪਾ ਅਤੇ ਆਰ. ਐਸ. ਐਸ. ਨੂੰ ਆਪਣੀ ਮਿੱਤਰ ਜਥੇਬੰਦੀ ਤਾਂ ਸਮਝਦੇ ਹਨ, ਪਰ ਉਹ ਨੇੜ ਭਵਿਖ ਵਿਚ ਉਨ੍ਹਾਂ ਤੋਂ ਬਹੁਤੀ ਆਸ ਨਹੀਂ ਸਨ ਰੱਖਦੇ। ਉਨ੍ਹਾਂ ਨੂੰ ਲੱਗਦਾ ਸੀ ਕਿ ਆਰ. ਐਸ. ਐਸ. ਸਿਰਫ ਵਿਚਾਰਧਾਰਾ ਅਤੇ ਏਜੰਡੇ ਦੇ ਤੌਰ 'ਤੇ ਹੀ ਕਮਜ਼ੋਰ ਨਹੀਂ ਸਗੋਂ ਕੰਮ ਕਰਨ ਦੇ ਤਰੀਕੇ ਅਤੇ 'ਫੌਰੀ ਕਾਰਵਾਈਆਂ ਕਰਨ' ਪੱਖੋਂ ਵੀ ਕਮਜ਼ੋਰ ਹੈ।

ਗੱਲਬਾਤ ਵਿਚ 'ਫੌਰੀ ਕਾਰਵਾਈ' ਦੀ ਚਰਚਾ ਤੋਂ ਪਤਾ ਲੱਗਦਾ ਹੈ ਕਿ ਇਸ ਨੇ ਹੀ ਪੁਰੋਹਿਤ ਅਤੇ ਇਨ੍ਹਾਂ ਲੋਕਾਂ ਨੂੰ ਇਸ ਪਾਸੇ ਪ੍ਰੇਰਿਆ। ਇਸ ਲਈ ਉਨ੍ਹਾਂ ਨੂੰ ਸਮਰਪਿਤ ਬੰਦਿਆਂ ਅਤੇ ਕਾਫੀ ਮਾਤਰਾ ਵਿਚ ਫੰਡਾਂ ਦੀ ਲੋੜ ਸੀ। ਮਹਾਰਾਸ਼ਟਰ ਏ. ਟੀ. ਐਸ. (ਐਂਟੀ ਟੈਰਰਿਸਟ ਸਕੁਐਡ) ਨੇ 'ਅਭਿਨਵ ਭਾਰਤ' ਦੇ ਧਨ ਦੇ ਵਸੀਲਿਆਂ ਦਾ ਭਾਂਡਾ ਭੰਨਿਆ। ਚਾਰਜਸ਼ੀਟ ਅਨੁਸਾਰ ਰਾਕੇਸ਼ ਧਾਵੜੇ 'ਜੋ ਪੁਰੋਹਿਤ ਅਤੇ ਅਜੇ ਰਹੀਰਕਰ ਨਾਲ ਰਾਇਗੜ੍ਹ ਵਿਖੇ 2006 ਵਿਚ ਅਭਿਨਵ ਭਾਰਤ ਦੇ ਸਹੁੰ ਚੁੱਕ ਸਮਾਗਮ ਵਿਚ ਹਾਜ਼ਰ ਸੀ, ਜਥੇਬੰਦ ਜੁਰਮ ਨਾਲ ਜੁੜਿਆ ਹੋਇਆ ਹੈ। ਉਸ ਨੇ ਇੰਸਟੀਚਿਊਟ ਆਫ ਰਿਸਰਚ ਐਂਡ ਡਿਵੈਲਪਮੈਂਟ ਇਨ ਓਰੀਐਂਟਲ ਸਟੱਡੀਜ਼-ਆਰਮਜ਼ ਐਂਡ ਆਰਮਰ (ਆਈ. ਆਰ. ਡੀ. ਓ. ਐਸ.-ਇਰਡੋਸ) ਦੇ ਨਾਂ ਹੇਠ ਸੰਸਥਾ ਵੀ ਬਣਾਈ ਸੀ। 'ਇਰਡੋਸ' ਨੂੰ ਅਭਿਨਵ ਭਾਰਤ ਦੇ ਖਾਤੇ ਵਿਚੋਂ ਬੰਬ ਧਮਾਕਿਆਂ ਨੂੰ ਅੰਜਾਮ ਦੇਣ ਲਈ 'ਸਹਿਯੋਗ ਦੇਣ ਬਦਲੇ' ਸਵਾ ਦੋ ਲੱਖ ਰੁਪਏ ਦਾ ਚੈੱਕ ਪੁਰੋਹਿਤ ਦੇ ਕਹਿਣ 'ਤੇ ਦਿੱਤਾ ਗਿਆ। ਚਾਰਜਸ਼ੀਟ ਨੇ ਇਹ ਖੁਲਾਸਾ ਵੀ ਕੀਤਾ ਕਿ ਅਭਿਨਵ ਭਾਰਤ ਦੇ ਖਜਾਨਚੀ ਅਜੇ ਰਹੀਰਕਰ ਨੇ ਰਾਕੇਸ਼ ਧਾਵੜੇ ਨੂੰ ਪੁਰੋਹਿਤ ਦੇ ਕਹਿਣ 'ਤੇ 'ਹਥਿਆਰ ਲੈਣ ਲਈ ਸਵਾ ਦੋ ਲੱਖ ਰੁਪਏ ਅਦਾ ਕੀਤੇ'।



*'ਅਭਿਨਵ ਭਾਰਤ' ਦਾ ਲੀਡਰ ਰਿਟਾਇਰਡ ਮੇਜਰ ਰਾਮੇਸ਼ ਉਪਾਧਿਆਏ ਅਤੇ (ਸੱਜੇ) ਰਾਕੇਸ਼ ਧਾਵੜੇ।*

ਹਿੰਦੂ ਰਾਸ਼ਟਰ ਸਥਾਪਤ ਕਰਨਾ ਅਤੇ ਭਾਰਤੀ ਮੁਸਲਮਾਨਾਂ ਤੋਂ ਉਨ੍ਹਾਂ ਦੀਆਂ 'ਪਿਛਲੀਆਂ ਦਹਿਸ਼ਤਵਾਦੀ ਕਾਰਵਾਈਆਂ' ਦਾ ਬਦਲਾ ਲੈਣ ਦੀ ਭਾਵਨਾ ਹੀ 'ਅਭਿਨਵ ਭਾਰਤ' ਨੂੰ ਚਲਾਉਣ ਦਾ ਇਕੋ-ਇਕ ਕਾਰਨ ਨਹੀਂ ਸੀ। ਰਾਕੇਸ਼ ਧਾਵੜੇ ਇਹ ਸਾਰਾ ਕੁਝ ਪੈਸਿਆਂ ਖਾਤਰ ਕਰ ਰਿਹਾ ਸੀ। ਚਾਰਜਸ਼ੀਟ ਇਹ ਜਾਣਕਾਰੀ ਵੀ ਦਿੰਦੀ ਹੈ ਕਿ ਬਹੁਤ ਸਾਰੇ ਹੋਰ ਲੋਕ ਵੀ ਆਰਥਕ ਲਾਹੇ ਲਈ ਕੰਮ ਕਰ ਰਹੇ ਸਨ:

"ਰਾਕੇਸ਼ ਧਾਵੜੇ ਦਾ ਸੰਗਠਿਤ ਦਹਿਸ਼ਤਵਾਦੀ ਟੋਲਾ 2003 ਤੋਂ ਹੀ ਬੰਬ ਧਮਾਕੇ ਕਰ ਰਿਹਾ ਸੀ। ਮੌਜੂਦਾ ਦੋਸ਼ੀ ਇਸ ਸੰਗਠਿਤ ਦਹਿਸ਼ਤਵਾਦੀ ਟੋਲੇ ਨਾਲ ਬਾਅਦ ਵਿਚ ਜੁੜੇ ਅਤੇ ਉਹ ਆਪਣੇ ਲਾਹੇ ਖਾਤਰ ਆਪਣੀਆਂ ਗੈਰ ਕਾਨੂੰਨੀ ਕਾਰਵਾਈਆਂ ਚਲਾ ਰਹੇ ਸਨ।...ਉਨ੍ਹਾਂ ਨੇ ਇਹ ਪ੍ਰਭਾਵ ਪੈਦਾ ਕੀਤਾ ਹੈ ਕਿ ਉਹ ਤਾਂ ਮੁਸਲਿਮ ਭਾਈਚਾਰੇ ਦੇ ਕਥਿਤ ਦੋਸ਼ੀਆਂ ਦੇ ਕਾਰਿਆਂ ਦਾ ਬਦਲਾ ਲੈ ਰਹੇ ਹਨ। ਇਹ ਸੰਗਠਿਤ ਦਹਿਸ਼ਤਵਾਦੀ ਸਿੰਡੀਕੇਟ ਇਹ ਆਰਥਕ ਕਮਾਈ ਕਿਵੇਂ ਕਰਦਾ ਸੀ ਅਤੇ ਫਿਰ ਇਸ ਨੂੰ ਵੱਖ-ਵੱਖ ਮਨੋਰਥਾਂ ਲਈ ਆਪਣੇ ਮੈਂਬਰਾਂ ਵਿਚ ਵੰਡ ਲਿਆ ਜਾਂਦਾ ਸੀ, ਇਸ ਦਾ ਜ਼ਿਕਰ ਉਪਰ ਕੀਤਾ ਗਿਆ ਹੈ।"

*'ਅਭਿਨਵ ਭਾਰਤ' ਦਾ ਲੋਗੋ।*

2008 ਮਾਲੇਗਾਉਂ ਧਮਾਕਿਆਂ ਤੋਂ ਪਹਿਲਾਂ ਪੈਸਾ 'ਅਭਿਨਵ ਭਾਰਤ' ਦੇ ਕੇਂਦਰੀ ਧੁਰੇ ਤੋਂ ਵੱਖ-ਵੱਖ ਪਾਸਿਆਂ ਨੂੰ ਭੇਜਿਆ ਜਾ ਰਿਹਾ ਸੀ। ਅਜਿਹਾ ਤੱਥ ਚਾਰਜਸ਼ੀਟ ਵਿਚ ਦਰਜ ਹੈ, ਜੋ ਪੁਰੋਹਿਤ ਦੁਆਰਾ ਹਥਿਆਰ ਵੇਚਣ ਬਾਰੇ ਹੈ: 'ਕਰਨਲ ਪੁਰੋਹਿਤ ਨੇ ਇਕ ਹਥਿਆਰ ਭੋਪਾਲ ਦੇ ਅਲੋਕ ਨੂੰ ਸੁਧਾਕਰ ਦਿਵੇਦੀ ਦੇ ਆਦੇਸ਼ਾਂ 'ਤੇ ਪਹੁੰਚਾਇਆ ਸੀ। ਇਸ ਹਥਿਆਰ ਦਾ ਮੁੱਲ 80,000 ਰੁਪਏ ਸੀ, ਜੋ ਪੁਰੋਹਿਤ ਦੇ ਬੈਂਕ ਖਾਤੇ ਵਿਚ ਜਮ੍ਹਾਂ ਕਰਵਾਏ ਜਾਣ ਦੇ ਸਬੂਤ ਹਨ।'

26 ਨਵੰਬਰ 2008 ਨੂੰ ਏ. ਟੀ. ਐਸ. ਮੁਖੀ ਹੇਮੰਤ ਕਰਕਰੇ ਦੇ ਕਤਲ ਤੋਂ ਇਕ ਦਿਨ ਪਹਿਲਾਂ ਏ. ਟੀ. ਐਸ. ਨੇ ਖੁਲਾਸਾ ਕੀਤਾ ਕਿ ਉਸ ਵਲੋਂ ਪੂਨੇ ਦੇ ਬਹੁਤ ਸਾਰੇ ਉਦਯੋਗਪਤੀਆਂ ਵਲੋਂ 'ਅਭਿਨਵ ਭਾਰਤ' ਨੂੰ ਦਿੱਤੇ ਚੰਦਿਆਂ ਦੀ ਤਫਤੀਸ਼ ਕੀਤੀ ਜਾ ਰਹੀ ਸੀ। 25 ਨਵੰਬਰ ਨੂੰ 'ਹਿੰਦੋਸਤਾਨ ਟਾਈਮਜ਼' ਅਖਬਾਰ ਵਿਚ ਛਪੀ ਰਿਪੋਰਟ ਅਨੁਸਾਰ ਏ. ਟੀ. ਐਸ. ਨੂੰ ਪੂਰਾ ਭਰੋਸਾ ਸੀ ਕਿ ਪੂਨੇ ਤੋਂ ਸ਼ਿਆਮ ਆਪਟੇ 'ਅਭਿਨਵ ਭਾਰਤ' ਦਾ ਸੰਪਰਕ ਸੂਤਰ ਹੈ, ਜੋ ਸਨਅਤਕਾਰਾਂ ਨੂੰ ਦਾਨ ਦੇਣ ਲਈ ਉਨ੍ਹਾਂ ਨਾਲ ਸੰਪਰਕ ਕਰਦਾ ਹੈ। ਇਹ ਪੈਸਾ ਅੱਗੇ ਕਾਰਕੁਨਾਂ ਨੂੰ ਦਹਿਸ਼ਤਵਾਦੀ ਹਮਲਿਆਂ ਦੀ ਸਿਖਲਾਈ ਦੇਣ ਲਈ ਵਰਤਿਆ ਜਾਂਦਾ ਸੀ। ਏ. ਟੀ. ਐਸ. ਨੂੰ ਇਹ ਵੀ ਯਕੀਨ ਸੀ ਕਿ ਪੁਰੋਹਿਤ ਆਪਟੇ ਨਾਲ ਮਿਲ ਕੇ 'ਅਭਿਨਵ ਭਾਰਤ' ਲਈ ਫੰਡ ਉਗਰਾਹੁਣ ਵਿਚ ਉਸ ਦਾ ਹੱਥ ਵਟਾਉਂਦਾ ਸੀ। ਰਿਪੋਰਟ ਅਨੁਸਾਰ ਆਪਟੇ ਜਦੋਂ ਅਮਰੀਕਾ ਰਹਿੰਦਾ ਸੀ, ਉਸ ਨੇ ਕਈ ਵਪਾਰੀਆਂ ਅਤੇ ਸਨਅਤਕਾਰਾਂ ਨਾਲ ਸੰਪਰਕ ਬਣਾ ਕੇ ਪੂਰਾ ਤਾਣਾਬਾਣਾ ਤਿਆਰ ਕਰ ਲਿਆ ਸੀ। ਉਥੇ ਉਹ ਆਰ. ਐਸ. ਐਸ. ਅਤੇ ਹੋਰ ਹਿੰਦੂ ਜਥੇਬੰਦੀਆਂ ਨਾਲ ਮਿਲ ਕੇ ਸਰਗਰਮੀ ਨਾਲ ਕੰਮ ਕਰ ਰਿਹਾ ਸੀ। 1980ਵਿਆਂ ਦੇ ਅੱਧ ਵਿਚ ਉਹ ਪੂਨੇ ਵਾਪਸ ਆ ਗਿਆ ਅਤੇ ਇਥੇ ਉਹ ਪੁਰੋਹਿਤ ਅਤੇ 'ਅਭਿਨਵ ਭਾਰਤ' ਦੇ ਕੰਮ ਵਿਚ ਜੁਟ ਗਿਆ।

ਇਹ ਵੀ ਰਿਪੋਰਟਾਂ ਹਨ ਕਿ ਅਜੇ ਰਹੀਰਕਾਰ (ਏ. ਟੀ. ਐਸ. ਅਨੁਸਾਰ ਜਿਸ ਦੀ ਸ਼ਨਾਖਤ 'ਅਭਿਨਵ ਭਾਰਤ' ਦੇ ਮੁੱਖ ਵਿੱਤੀ ਪ੍ਰਬੰਧਕ ਦੇ ਤੌਰ 'ਤੇ ਕਰ ਲਈ ਗਈ ਸੀ) ਨੇ ਬਹੁਤ ਸਾਰੇ ਹਵਾਲਾ ਕਾਰੋਬਾਰੀਆਂ ਤੋਂ 10 ਲੱਖ ਰੁਪਏ ਵਸੂਲ ਕੀਤੇ ਸਨ। ਚਾਰਜਸ਼ੀਟ ਵਿਚ ਦਰਜ ਹੈ ਕਿ ਉਸ ਨੇ 3,20,000 ਰਾਕੇਸ਼ ਧਾਵੜੇ ਨੂੰ ਦਿੱਤੇ। ਉਸ ਨੇ 3,98,500 ਇਕ ਹੋਰ ਦੋਸ਼ੀ ਜਗਦੀਸ਼ ਮਾਹਤਰੇ ਨੂੰ ਦਿੱਤੇ। ਇਸ ਤੋਂ ਇਲਾਵਾ 1,95000 ਰੁਪਏ ਰਿਟਾਇਰਡ ਮੇਜਰ ਰਾਮੇਸ਼ ਉਪਾਧਿਆਏ ਅਤੇ 95,000 ਰੁਪਏ ਸਮੀਰ ਕੁਲਕਰਨੀ ਨੂੰ ਵੀ ਦਿੱਤੇ।

ਜੋ ਪੈਸਾ 'ਅਭਿਨਵ ਭਾਰਤ' ਦੇ ਨਾਂ ਹੇਠ ਉਗਰਾਹਿਆ ਜਾਂਦਾ ਸੀ, ਉਹ ਸਾਰਾ ਸੰਸਥਾ ਦੀਆਂ ਸਰਗਰਮੀਆਂ ਲਈ ਨਹੀਂ ਸੀ ਵਰਤਿਆ ਜਾਂਦਾ। ਏ. ਟੀ. ਐਸ. ਨੇ ਨੋਟ ਕੀਤਾ ਕਿ ਇਸ ਦਾ ਇਕ ਹਿੱਸਾ ਨਿੱਜੀ ਵਰਤੋਂ ਲਈ ਵੀ ਖਿਸਕਾ ਲਿਆ ਜਾਂਦਾ ਸੀ। ਪ੍ਰਵੀਨ ਮੁਥਾਲਿਕ ਜਿਸ ਨੇ ਬੰਬ ਕਾਂਡਾਂ ਤੋਂ ਪਹਿਲਾਂ ਤਿੰਨ ਮਹੀਨੇ ਪੁਰੋਹਿਤ ਦੇ ਨਿੱਜੀ ਸਕੱਤਰ ਵਜੋਂ ਕੰਮ ਕੀਤਾ ਅਤੇ ਜੋ ਦੋ ਸਾਲ ਤੋਂ ਗ੍ਰਿਫਤਾਰੀ ਤੋਂ ਬਚਣ ਲਈ ਲੁਕਿਆ ਹੋਇਆ ਸੀ, ਉਸ ਬਾਰੇ ਰਿਪੋਰਟ ਖੁਲਾਸਾ ਕਰਦੀ ਹੈ ਕਿ ਉਸ ਨੇ ਅਭਿਨਵ ਭਾਰਤ ਦੇ ਫੰਡਾਂ ਦੀ ਵਰਤੋਂ ਆਪਣਾ ਕਾਰੋਬਾਰ ਖੜ੍ਹਾ ਕਰਨ ਲਈ ਕੀਤੀ। ਉਸ ਨੇ ਪੁਰੋਹਿਤ ਤੋਂ ਤਿੰਨ ਲੱਖ ਤੋਂ ਵੱਧ ਰੁਪਏ ਲਏ ਅਤੇ ਗ੍ਰਿਫਤਾਰੀਆਂ ਸ਼ੁਰੂ ਹੋਣ 'ਤੇ ਇਹ ਪੈਸੇ ਲੈ ਕੇ ਗਾਇਬ ਹੋ ਗਿਆ। ਮੁਥਾਲਿਕ, ਜਿਸ ਨੇ ਇਕ ਹੋਰ ਦੋਸ਼ੀ ਦੀ ਬੰਬ ਬਣਾਉਣ ਅਤੇ ਬੰਬਾਂ ਦੇ ਪਲੀਤੇ ਲਾਉਣ ਵਿਚ ਮਦਦ ਕੀਤੀ ਸੀ, ਨੂੰ 31 ਜਨਵਰੀ 2011 ਨੂੰ ਕਰਨਾਟਕ ਦੇ ਬੈਲਗਾਮ ਜਿਲੇ ਵਿਚ ਗੋਕਾਕ ਨਾਂ ਦੇ ਸਥਾਨ ਤੋਂ ਉਸ ਦੀ ਮੋਬਾਈਲ ਸਿਮ ਕਾਰਡਾਂ ਦੀ ਦੁਕਾਨ ਤੋਂ ਗ੍ਰਿਫਤਾਰ ਕੀਤਾ ਗਿਆ। ਇਥੋਂ ਤੱਕ ਕਿ ਪੁਰੋਹਿਤ ਵੀ ਲਾਲਚ ਤੋਂ ਬਚ ਨਾ ਸਕਿਆ ਅਤੇ ਉਸ ਨੇ 'ਅਭਿਨਵ ਭਾਰਤ' ਦੇ ਫੰਡਾਂ ਵਿਚੋਂ ਚਾਰ ਲੱਖ ਰੁਪਏ ਤੋਂ ਵੱਧ ਵਰਤ ਕੇ ਨਾਸਿਕ ਵਿਚ ਫਲੈਟ ਖਰੀਦ ਲਿਆ।

---

'ਅਭਿਨਵ ਭਾਰਤ' ਦੇ ਦਹਿਸ਼ਤਵਾਦੀ ਤਾਣੇਬਾਣੇ ਦਾ ਭੇਤ ਖੁੱਲ੍ਹ ਜਾਣ 'ਤੇ ਆਰ. ਐਸ. ਐਸ. ਅਤੇ ਭਾਜਪਾ ਨੂੰ ਹੱਥਾਂ ਪੈਰਾਂ ਦੀ ਪੈ ਗਈ, ਕਿਉਂਕਿ ਜਾਪਦਾ ਹੈ, ਹੁਣ ਉਹ ਇਸ ਦੀਆਂ ਕਾਰਵਾਈਆਂ ਅਤੇ ਇਨ੍ਹਾਂ ਕਾਰਵਾਈਆਂ ਦੇ ਅਣਕਿਆਸੇ ਨਤੀਜਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ। ਆਰ. ਐਸ. ਐਸ. ਅਤੇ ਭਾਜਪਾ ਦੇ ਸਿਖਰਲੇ ਆਗੂ ਸਮਝਦੇ ਸਨ ਕਿ ਪੁਰੋਹਿਤ ਅਤੇ ਉਨ੍ਹਾਂ ਦੇ ਸਾਥੀ ਤਾਂ ਇਕ 'ਹਾਸ਼ੀਏ ਵਾਲੇ ਗਰੁੱਪ' ਨਾਲ ਸਬੰਧਤ ਹਨ, ਜਿਸ ਦੀ ਉਨ੍ਹਾਂ ਕਦੇ ਪੁਸ਼ਤਪਨਾਹੀ ਨਹੀਂ ਕੀਤੀ। ਉਸ ਵੇਲੇ ਦੇ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੇ ਦਾਅਵਾ ਕੀਤਾ ਕਿ ਪੁਲਿਸ ਕੋਲ ਸਾਧਵੀ ਪ੍ਰੱਗਿਆ ਸਿੰਘ ਅਤੇ ਮਾਲੇਗਾਉਂ ਬੰਬ ਕਾਂਡ ਦੇ ਹੋਰ ਦੋਸ਼ੀਆਂ ਖਿਲਾਫ ਕੋਈ ਠੋਸ ਸਬੂਤ ਨਹੀਂ।

ਫਿਰ ਵੀ 'ਅਭਿਨਵ ਭਾਰਤ' ਦੀਆਂ ਆਰ. ਐਸ. ਐਸ. ਵਿਚ ਜੜ੍ਹਾਂ ਸਾਫ ਨਜ਼ਰ ਆ ਰਹੀਆਂ ਹਨ। ਸਮੀਰ ਕੁਲਕਰਨੀ ਆਰ. ਐਸ. ਐਸ. ਦਾ ਪ੍ਰਚਾਰਕ ਸੀ। ਉਸ ਨੇ ਹਿਮਾਨੀ ਸਾਵਰਕਰ ਨੂੰ ਜਥੇਬੰਦੀ ਦੀ ਮੁਖੀ ਬਣਨ ਲਈ ਕਿਹਾ ਸੀ ਅਤੇ ਇਸ ਨੇ ਜਥੇਬੰਦੀ ਦੀ ਮੱਧ ਪ੍ਰਦੇਸ਼ ਬਰਾਂਚ ਦੀ ਨੀਂਹ ਰੱਖੀ। 26 ਦਸੰਬਰ 2008 ਨੂੰ ਹਿਮਾਨੀ ਨੇ ਪੁਲਿਸ ਨੂੰ ਦੱਸਿਆ, 'ਮੈਂ ਕੁਲਕਰਨੀ ਨੂੰ ਡੇਢ ਸਾਲ ਪਹਿਲਾਂ ਮਿਲੀ, ਜਦੋਂ ਉਹ ਆਰ. ਐਸ. ਐਸ. ਦੇ ਕੁਲਵਕਤੀ ਮੈਂਬਰ ਵਜੋਂ ਕੰਮ ਕਰਦਾ ਸੀ। ਮੇਰਾ ਘਰ ਸਾਵਰਕਰ ਦੇ ਘਰ ਦੇ ਬਿਲਕੁਲ ਨਾਲ ਹੀ ਹੈ, ਉਹ ਅਕਸਰ ਉਥੇ ਆਉਂਦਾ ਸੀ। ਉਦੋਂ ਉਸ ਨੇ ਮੈਨੂੰ ਦੱਸਿਆ ਕਿ ਉਹ ਮੱਧ ਪ੍ਰਦੇਸ਼ ਵਿਚ 'ਅਭਿਨਵ ਭਾਰਤ' ਲਈ ਕੰਮ ਕਰੇਗਾ।


'ਅਭਿਨਵ ਭਾਰਤ' ਦੇ ਸਿਰਮੌਰ ਆਗੂ ਰਿਟਾਇਰਡ ਮੇਜਰ ਰਾਮੇਸ਼ ਉਪਧਿਆਏ ਦੇ ਵੀ ਸੰਘ ਪਰਿਵਾਰ ਨਾਲ ਗੂੜ੍ਹੇ ਰਿਸ਼ਤੇ ਹਨ। ਇਸ ਜਥੇਬੰਦੀ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਉਹ ਭਾਜਪਾ ਦੀ ਮੁੰਬਈ ਇਕਾਈ ਦੇ ਸਾਬਕਾ ਫੌਜੀ ਸੈੱਲ ਦਾ ਪ੍ਰਧਾਨ ਸੀ। ਸਾਧਵੀ ਪ੍ਰੱਗਿਆ ਸਿੰਘ ਦਾ ਸਿਆਸੀ ਸਫਰ ਵੀ ਘੱਟ ਅਹਿਮ ਨਹੀਂ। ਮਾਲੇਗਾਉਂ ਬੰਬ ਕਾਂਡ ਵਿਚ ਸਭ ਤੋਂ ਪਹਿਲਾਂ ਉਸੇ ਦੀ ਗ੍ਰਿਫਤਾਰੀ ਹੋਈ ਸੀ। ਉਹ 1997 ਤਕ ਉਜੈਨ ਤੇ ਇੰਦੌਰ ਵਿਚ ਏ.ਬੀ.ਵੀ.ਪੀ. ਦੀ ਆਗੂ ਸੀ, ਜੋ ਆਰ. ਐਸ. ਐਸ. ਦਾ ਵਿਦਿਆਰਥੀ ਵਿੰਗ ਹੈ। ਬਾਅਦ ਵਿਚ ਉਹ ਇਸ ਦੀ ਕੌਮੀ ਕਾਰਜਕਾਰਨੀ ਵਿਚ ਵੀ ਸ਼ਾਮਲ ਰਹੀ ਅਤੇ ਫਿਰ ਉਸ ਨੇ 'ਸੰਨਿਆਸ' ਲੈ ਲਿਆ।

ਸਭ ਤੋਂ ਅਹਿਮ ਸਾਬਕਾ ਆਰ. ਐਸ. ਐਸ. ਕਾਰਕੁਨ ਬੀ. ਐਲ. ਸ਼ਰਮਾ 'ਅਭਿਨਵ ਭਾਰਤ' ਵਿਚ ਸ਼ਾਮਲ ਹੋਇਆ। ਉਸ ਨੇ ਪੂਰਬੀ ਦਿੱਲੀ ਤੋਂ 1991 ਅਤੇ 1996 ਦੀ ਲੋਕ ਸਭਾ ਚੋਣ ਭਾਜਪਾ ਦੀ ਟਿਕਟ 'ਤੇ ਜਿੱਤੀ ਸੀ। ਉਹ 1940 ਤੋਂ ਆਰ. ਐਸ. ਐਸ. ਕਾਰਕੁਨ ਸੀ। ਉਹਨੇ ਵਿਸ਼ਵ ਹਿੰਦੂ ਪ੍ਰੀਸ਼ਦ ਵਿਚ ਵੀ ਕੰਮ ਕੀਤਾ ਅਤੇ ਰਾਮ ਜਨਮ ਭੂਮੀ ਅੰਦੋਲਨ ਵਿਚ ਵੀ ਸਰਗਰਮੀ ਨਾਲ ਹਿੱਸਾ ਲਿਆ। 'ਅਖੰਡ ਭਾਰਤ' ਦੀ ਪ੍ਰਾਪਤੀ ਨਾ ਹੁੰਦੀ ਦੇਖ ਕੇ ਉਸ ਦਾ ਸੰਘ ਪਰਿਵਾਰ ਤੋਂ ਮੋਹ ਭੰਗ ਹੋ ਗਿਆ। ਉਸ ਨੇ ਐਲ. ਕੇ. ਅਡਵਾਨੀ ਨੂੰ ਚਿੱਠੀ ਵੀ ਲਿਖੀ। ਇਹ ਚਿੱਠੀ ਉਸ ਨੇ 'ਅਭਿਨਵ ਭਾਰਤ' ਦੀ ਮੀਟਿੰਗ ਸਮੇਂ ਪੜ੍ਹ ਕੇ ਵੀ ਸੁਣਾਈ: 'ਅਖੰਡ ਭਾਰਤ ਦੀ ਸੋਚ ਮਰ ਮੁੱਕ ਚੁੱਕੀ ਸੀ। ਸਾਵਰਕਰ ਜੀ ਨੇ ਇਸ ਨੂੰ ਮੁੜ ਸੁਰਜੀਤ ਕੀਤਾ ਅਤੇ ਇਸ ਦਾ ਪ੍ਰਚਾਰ ਕੀਤਾ,

***(ਬਾਕੀ ਅਗਲੇ ਸਫੇ 'ਤੇ)***


# ਬਹੁਤ ਡੂੰਘੇ ਅਰਥ ਹਨ ਇਨ੍ਹਾਂ ਚੋਣ ਨਤੀਜਿਆਂ ਦੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਇਸੇ ਹਫਤੇ ਇੱਕ ਹੋਰ ਚੋਣ ਘੋਲ ਦਾ ਨਤੀਜਾ ਆਇਆ ਵੇਖ ਲਿਆ ਹੈ। ਇਸ ਦੇ ਕੁਝ ਅਰਥ ਸਾਰੇ ਭਾਰਤ ਦੇ ਲੋਕਾਂ ਲਈ ਹਨ ਅਤੇ ਕੁਝ ਸਾਡੇ ਪੰਜਾਬੀਆਂ ਲਈ। ਦੋਹਾਂ ਦਾ ਆਪੋ ਆਪਣਾ ਪ੍ਰਭਾਵ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਰਾ ਤਾਣ ਲਾਏ ਜਾਣ ਦੇ ਬਾਵਜੂਦ ਜਦੋਂ ਨਤੀਜੇ ਉਸ ਦੀ ਆਸ ਮੁਤਾਬਕ ਨਾ ਨਿਕਲੇ ਤਾਂ ਆਪਣੀ ਭਾਸ਼ਣ ਕਲਾ ਨਾਲ ਉਹ ਫਿਰ ਵੀ ਇਹ ਵਜੂਕਾ ਬਣਾਉਣ ਤੋਂ ਨਹੀਂ ਝਿਜਕੇ ਕਿ ਮਹਾਰਾਸ਼ਟਰ ਤੇ ਹਰਿਆਣੇ ਦੇ ਲੋਕਾਂ ਨੇ ਭਾਜਪਾ ਦੇ ਪੱਖ ਵਿਚ ਆਪਣਾ ਫਤਵਾ ਦਿੱਤਾ ਹੈ। ਸੱਚਾਈ ਇਹ ਹੈ ਕਿ ਦੋਵੇਂ ਥਾਂ ਭਾਜਪਾ ਨੂੰ ਠੇਡਾ ਲੱਗਾ ਹੈ। ਸਰਕਾਰਾਂ ਸਾਜਣ ਦਾ ਪ੍ਰਬੰਧ ਬਿਨਾ ਸ਼ੱਕ ਦੋਹਾਂ ਰਾਜਾਂ ਵਿਚ ਹੋ ਗਿਆ ਹੈ, ਪਰ ਇਹ ਜਿੱਤ ਨਾਲ ਨਹੀਂ ਹੋਇਆ। ਸਿਆਸੀ ਜੋੜ-ਤੋੜ ਲਈ ਖਾਸ ਸੱਜਣਾਂ ਦਾ ਕੀਤਾ ਜੁਗਾੜ ਲੋਕ-ਫਤਵਾ ਨਹੀਂ ਕਿਹਾ ਜਾ ਸਕਦਾ।



ਫਤਵੇ ਦੀ ਪਛਾਣ ਕਰਨੀ ਹੋਵੇ ਤਾਂ ਪ੍ਰਧਾਨ ਮੰਤਰੀ ਮੋਦੀ ਨੂੰ ਉਹ ਅੰਕੜੇ ਪੜ੍ਹਨ ਦੀ ਲੋੜ ਹੈ, ਜੋ ਆਪ ਮੂੰਹੋਂ ਬੋਲਦੇ ਹਨ। ਇਹੋ ਲੋੜ ਇਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਹੈ, ਜੋ ਚਾਰ ਹਲਕਿਆਂ ਵਿਚੋਂ ਜਿੱਤਣ ਦਾ ਚਾਅ ਪੂਰਾ ਨਹੀਂ ਕਰ ਸਕੇ, ਕਿਉਂਕਿ ਚੌਥੀ ਸੀਟ ਤੋਂ ਉਨ੍ਹਾਂ ਦਾ ਸਭ ਤੋਂ ਪਸੰਦੀਦਾ ਉਮੀਦਵਾਰ ਹਾਰ ਗਿਆ ਹੈ। ਦਾਖੇ ਤੋਂ ਅਕਾਲੀ ਉਮੀਦਵਾਰ ਮਨਪ੍ਰੀਤ ਸਿੰਘ ਇਆਲੀ ਜਿੱਤ ਗਿਆ ਹੈ ਤੇ ਇਹ ਉਹ ਵਿਧਾਨ ਸਭਾ ਸੀਟ ਹੈ, ਜੋ ਬਰਗਾੜੀ ਵਾਲੇ ਬੇਅਦਬੀ ਮੁੱਦੇ ਕਾਰਨ ਐਚ. ਐਸ. ਫੂਲਕਾ ਵੱਲੋਂ ਦਿੱਤੇ ਅਸਤੀਫੇ ਨਾਲ ਖਾਲੀ ਹੋਈ ਸੀ। ਵੱਡਾ ਮੁੱਦਾ ਉਸ ਸੀਟ ਦੇ ਲੋਕਾਂ ਵਿਚ ਫਿਰ ਉਹੋ ਬਰਗਾੜੀ ਦਾ ਬਣ ਸਕਦਾ ਸੀ, ਪਰ ਉਹ ਨਹੀਂ ਬਣ ਸਕਿਆ ਤੇ ਉਹੀ ਪਾਰਟੀ ਜਿੱਤ ਗਈ ਹੈ, ਜੋ ਆਪਣੇ ਰਾਜ ਦੌਰਾਨ ਹੋਏ ਬਰਗਾੜੀ ਦੇ ਬੇਅਦਬੀ ਕਾਂਡ ਸਮੇਤ ਕਈ ਗੱਲਾਂ ਦੀ ਦੋਸ਼ੀ ਸਮਝੀ ਜਾ ਰਹੀ ਸੀ। ਇਸ ਦੇ ਨਾਲ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੱਲ੍ਹ ਨੂੰ ਇਹ ਦਾਅਵਾ ਕਰ ਸਕਦਾ ਹੈ ਕਿ ਉਹ ਮੁੱਦਾ ਹੀ ਨਹੀਂ ਸੀ, ਐਵੇਂ ਵਾਧੂ ਪ੍ਰਚਾਰ ਕਰ ਕੇ ਸਾਡੀ ਬਦਨਾਮੀ ਕੀਤੀ ਗਈ ਸੀ, ਪਰ ਏਨੇ ਨਾਲ ਉਹ ਪੱਲਾ ਨਹੀਂ ਛੁਡਾ ਸਕਦਾ।

ਅਸੀਂ ਮਹਾਰਾਸ਼ਟਰ ਤੋਂ ਸ਼ੁਰੂ ਕਰੀਏ ਤਾਂ ਭਾਜਪਾ ਅਤੇ ਸ਼ਿਵ ਸੈਨਾ ਕੁੱਲ ਮਿਲਾ ਕੇ 161 ਸੀਟਾਂ ਜਿੱਤ ਕੇ ਸਰਕਾਰ ਬਣਾਉਣ ਜੋਗੀਆਂ ਹੋ ਗਈਆਂ ਹਨ, ਪਰ ਤਸਵੀਰ ਦਾ ਦੂਜਾ ਪਾਸਾ ਉਨ੍ਹਾਂ ਲਈ ਚੰਗਾ ਨਹੀਂ। ਪਿਛਲੀ ਵਾਰੀ ਜਦੋਂ ਇਨ੍ਹਾਂ ਦੋਹਾਂ ਦਾ ਸਮਝੌਤਾ ਨਹੀਂ ਸੀ ਹੋਇਆ ਤੇ ਵੱਖੋ-ਵੱਖ ਚੋਣ ਲੜੀ ਸੀ, ਉਦੋਂ ਭਾਜਪਾ ਨੇ 122 ਅਤੇ ਸ਼ਿਵ ਸੈਨਾ ਨੇ 63 ਸੀਟਾਂ ਜਿੱਤੀਆਂ ਸਨ ਤੇ ਪਿੱਛੋਂ ਪਈ ਸਾਂਝ ਨਾਲ ਜੋੜ 185 ਸੀਟਾਂ ਬਣਦਾ ਸੀ। ਇਸ ਵਾਰੀ ਦੋਵੇਂ ਮਿਲ ਕੇ ਲੜੀਆਂ ਤੇ ਦੋਹਾਂ ਦੀਆਂ ਕੁੱਲ 161 ਸੀਟਾਂ ਹਨ। ਕਾਂਗਰਸ ਅਤੇ ਐਨ. ਸੀ. ਪੀ. ਵਾਲਿਆਂ ਦਾ ਸਾਂਝਾ ਜੋੜ ਪੰਜ ਸਾਲ ਪਹਿਲਾਂ 83 ਸੀਟਾਂ ਸੀ, ਇਸ ਵਾਰੀ ਉਹ 108 ਹੋ ਗਈਆਂ ਅਤੇ ਭਾਜਪਾ ਨੂੰ ਇਸ ਵਾਰੀ ਕਈ ਵੱਡੇ ਆਗੂ ਹਾਰ ਜਾਣ ਦੀ ਸੱਟ ਵੀ ਖਾਣੀ ਪਈ ਹੈ। ਅਗਲੀ ਗੱਲ ਇਹ ਕਿ ਇਸ ਵਾਰੀ ਸ਼ਿਵ ਸੈਨਾ ਵੀ ਅੱਗੇ ਤੋਂ ਵੱਧ ਹਮਲਾਵਰੀ ਰੁਖ ਧਾਰਨ ਕਰਨ ਲੱਗ ਪਈ ਹੈ, ਜਿਸ ਨੂੰ ਸੰਭਾਲਣਾ ਭਾਜਪਾ ਲਈ ਔਖਾ ਹੋ ਸਕਦਾ ਹੈ।

ਹਰਿਆਣੇ ਵਿਚ ਭਾਜਪਾ ਜਿੱਤੀ ਨਹੀਂ, ਉਹ ਲੋਕਾਂ ਦੇ ਫਤਵੇ ਦੀਆਂ ਜਿੰਨੀਆਂ ਵੀ ਗੱਲਾਂ ਕਰੇ, ਸੱਚਾਈ ਇਹੋ ਹੈ ਕਿ ਪਿਛਲੀ ਵਾਰ ਪੈਂਤੀ ਕੁ ਸੀਟਾਂ ਦੀ ਆਸ ਰੱਖ ਕੇ ਚੱਲੀ ਭਾਜਪਾ ਦੀਆਂ 47 ਸੀਟਾਂ ਸਨ, ਪਰ ਇਸ ਵਾਰੀ ਉਹ 75 ਸੀਟਾਂ ਜਿੱਤਣ ਦੇ ਨਾਅਰੇ ਨਾਲ ਤੁਰੀ ਤੇ 40 ਸੀਟਾਂ ਨਾ ਟੱਪ ਸਕੀ। ਉਸ ਨੂੰ ਇਸ ਵਾਰੀ ਵੱਡੀ ਸੱਟ ਉਸ ਦੇ ਖਜਾਨਾ ਮੰਤਰੀ ਕੈਪਟਨ ਅਭਿਮੰਨਯੂ ਦੀ ਹਾਰ ਨਾਲ ਵੱਜੀ ਅਤੇ ਸੂਬਾ ਪ੍ਰਧਾਨ ਵੀ ਨਾ ਜਿੱਤ ਸਕਿਆ। ਜਿਸ ਦੰਗਲ ਗਰਲ ਬਬੀਤਾ ਫੋਗਾਟ ਤੇ ਪਹਿਲਵਾਨ ਯੋਗੇਸ਼ਵਰ ਦੱਤ ਨੂੰ ਬੜੇ ਧੂਮ ਧੜੱਕੇ ਨਾਲ ਲਿਆਂਦਾ ਸੀ, ਉਹ ਵੀ ਨਾ ਜਿੱਤੇ। ਆਖਰ ਓਮ ਪ੍ਰਕਾਸ਼ ਚੌਟਾਲਾ ਦੇ ਬਾਗੀ ਹੋਏ ਪੋਤਰੇ ਦੁਸ਼ਅੰਤ ਨਾਲ ਸੌਦਾ ਮਾਰਨਾ ਪਿਆ ਹੈ। ਇੱਕ ਸਾਲ ਤੋਂ ਛੋਟੀ ਉਮਰ ਦੀ ਪਾਰਟੀ ਦਾ ਉਹ ਆਗੂ ਡਿਪਟੀ ਮੁੱਖ ਮੰਤਰੀ ਦੇ ਅਹੁਦੇ ਲਈ ਭਾਜਪਾ ਦੇ ਧੜੱਲੇਦਾਰ ਆਗੂਆਂ ਨੂੰ ਮਜਬੂਰ ਕਰਨ ਜੋਗਾ ਹੋ ਗਿਆ ਹੈ ਤੇ ਪ੍ਰਧਾਨ ਮੰਤਰੀ ਇਸ ਨੂੰ ਆਪਣੀ ਪਾਰਟੀ ਲਈ ਲੋਕਾਂ ਦਾ ਫਤਵਾ ਦੱਸ ਰਿਹਾ ਹੈ।

ਜਿੱਥੋਂ ਤੱਕ ਪੰਜਾਬ ਦਾ ਸਬੰਧ ਹੈ, ਸੱਟ ਦੋਹਾਂ ਮੁੱਖ ਧਿਰਾਂ ਕਾਂਗਰਸ ਤੇ ਅਕਾਲੀ-ਭਾਜਪਾ ਗੱਠਜੋੜ ਨੂੰ ਤਕੜੀ ਪਈ ਹੈ, ਪਰ ਵੱਧ ਸੋਚਣ ਦੀ ਲੋੜ ਰਾਜ ਚਲਾ ਰਹੀ ਪਾਰਟੀ ਤੇ ਇਸ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਹੈ। ਚਾਰ ਸੀਟਾਂ ਦੀਆਂ ਉਪ ਚੋਣਾਂ ਵਿਚ ਕੁੱਦਣ ਵੇਲੇ ਕਾਂਗਰਸ ਦੀ ਇੱਕ ਸੀਟ ਮੁਕੇਰੀਆਂ ਦਾਅ 'ਤੇ ਲੱਗੀ ਹੋਈ ਸੀ, ਹੋਰ ਤਿੰਨਾਂ ਵਿਚੋਂ ਦਾਖੇ ਵਾਲੀ ਸੀਟ ਆਮ ਆਦਮੀ ਪਾਰਟੀ ਦੇ ਐਚ. ਐਸ. ਫੂਲਕਾ ਨੇ ਛੱਡੀ ਸੀ, ਜਲਾਲਾਬਾਦ ਤੇ ਫਗਵਾੜਾ ਵਾਲੀਆਂ ਅਕਾਲੀ ਦਲ ਤੇ ਭਾਜਪਾ ਦੇ ਵਿਧਾਇਕਾਂ ਦੇ ਪਾਰਲੀਮੈਂਟ ਮੈਂਬਰ ਬਣਨ ਨਾਲ ਖਾਲੀ ਹੋਈਆਂ ਸਨ। ਕਾਂਗਰਸ ਨੇ ਮੁਕੇਰੀਆਂ ਵਾਲੀ ਆਪਣੀ ਸੀਟ ਮਸਾਂ ਬਚਾਈ ਹੈ, ਜਿੱਥੇ ਉਹ ਸੌਖੀ ਲੜਾਈ ਸਮਝਦੀ ਸੀ। ਹਾਰਦੀ ਜਾਪਦੀ ਫਗਵਾੜਾ ਸੀਟ ਉਸ ਦਾ ਉਮੀਦਵਾਰ ਇਸ ਲਈ ਜਿੱਤ ਗਿਆ ਕਿ ਹਰਿਆਣੇ ਦੀ ਕੌੜ ਕੱਢਣ ਲਈ ਅਕਾਲੀਆਂ ਨੇ ਇਥੇ ਭਾਜਪਾ ਉਮੀਦਵਾਰ ਨੂੰ ਵੋਟਾਂ ਦੇਣ ਦੀ ਥਾਂ ਅੰਦਰੋ-ਅੰਦਰੀ ਕਾਂਗਰਸ ਨੂੰ ਪਾਈਆਂ ਸਨ।

ਜਲਾਲਾਬਾਦ ਵਿਚ ਕਾਂਗਰਸ ਪਾਰਟੀ ਨੇ ਰਮਿੰਦਰ ਆਂਵਲਾ ਨੂੰ ਜਦੋਂ ਉਮੀਦਵਾਰ ਬਣਾਇਆ ਸੀ, ਉਸੇ ਵੇਲੇ ਸੁਖਬੀਰ ਸਿੰਘ ਬਾਦਲ ਨੇ ਉਥੇ ਜਾਣਾ ਛੱਡ ਦਿੱਤਾ ਅਤੇ ਜਿਸ ਆਗੂ ਨੂੰ ਅਕਾਲੀ ਦਲ ਦੀ ਟਿਕਟ ਦਿੱਤੀ, ਉਹ ਇਕੱਲਾ ਜਿਹਾ ਘੁੰਮਦਾ ਜਾਪਦਾ ਸੀ। ਸੁਖਬੀਰ ਸਿੰਘ ਬਾਦਲ ਨੇ ਹਰਿਆਣੇ ਵਿਚਲੀ ਕਾਲਿਆਂਵਾਲੀ ਸੀਟ ਨੱਕ ਦਾ ਸਵਾਲ ਬਣਾ ਕੇ ਲੜੀ ਤੇ ਬਹੁਤ ਸਮਾਂ ਉਥੇ ਲਾਇਆ ਤੇ ਜੋ ਬਚਦਾ ਸੀ, ਉਹ ਦਾਖੇ ਵਾਲੀ ਸੀਟ 'ਤੇ ਲਾਇਆ, ਜਿਸ ਵਿਚਲੀ ਗੁੰਝਲ ਨੂੰ ਮੁੱਖ ਮੰਤਰੀ ਦੀ ਟੀਮ ਸਮਝ ਨਾ ਸਕੀ।

ਅਸਲ ਵਿਚ ਦਾਖੇ ਦੀ ਲੜਾਈ ਸਿਰਫ ਇੱਕ ਵਿਧਾਨ ਸਭਾ ਸੀਟ ਦੀ ਨਹੀਂ, ਮੁੱਖ ਮੰਤਰੀ ਦੀ ਟੀਮ ਦੇ ਇੱਕ ਹੱਦੋਂ ਵੱਧ ਖਾਸ ਪ੍ਰਤੀਨਿਧ ਨੂੰ ਹਰਾਉਣ ਦੀ ਬਣੀ ਹੋਈ ਸੀ। ਕਾਂਗਰਸ ਦੇ ਆਪਣੇ ਕਈ ਆਗੂ ਅੰਦਰੋ-ਅੰਦਰ ਇਹ ਚਾਹੁੰਦੇ ਸਨ ਕਿ ਕਾਂਗਰਸ ਦਾ ਉਮੀਦਵਾਰ ਹਾਰ ਜਾਵੇ ਅਤੇ ਇਸ ਦੇ ਨਾਲ ਮੁੱਖ ਮੰਤਰੀ ਨੂੰ ਇਹ ਪਤਾ ਲੱਗ ਜਾਵੇ ਕਿ ਉਸ ਨਾਲ ਜੁੜੀ ਹੋਈ ਖਾਸ ਲੋਕਾਂ ਦੀ ਟੀਮ ਦਾ ਪ੍ਰਭਾਵ ਆਮ ਲੋਕਾਂ ਵਿਚ ਚੰਗਾ ਨਹੀਂ। ਮੁੱਖ ਮੰਤਰੀ ਨੇ ਇਹ ਖੇਡ ਸਮਝਣ ਲਈ ਸੋਚਿਆ ਤੱਕ ਨਹੀਂ ਅਤੇ ਇਸ ਨੂੰ ਜਿੱਤੀ ਹੋਈ ਸੀਟ ਮੰਨ ਕੇ ਚੱਲਦੇ ਰਹੇ, ਜਿਸ ਨਾਲ ਸੀਟ ਹਾਰ ਗਏ।

ਪਾਰਟੀ ਅੰਦਰਲੀਆਂ ਕਈ ਖੇਡਾਂ ਇਸ ਹਾਰ ਲਈ ਜਿੰਮੇਵਾਰ ਹਨ। ਅਕਾਲੀ ਉਮੀਦਵਾਰ ਇਥੋਂ ਦੇ ਹਰ ਪਿੰਡ ਤੇ ਹਰ ਗਲੀ ਤੱਕ ਸਿੱਧੇ ਸੰਪਰਕ ਵਾਲਾ ਸੀ ਤੇ ਕਾਂਗਰਸ ਉਮੀਦਵਾਰ ਅਖੀਰ ਤੱਕ ਓਪਰਾ ਹੀ ਰਿਹਾ ਸੀ। ਜਿਨ੍ਹਾਂ ਕਾਂਗਰਸੀ ਲੀਡਰਾਂ ਨੇ ਆਪ ਲਿਆਂਦਾ ਸੀ, ਉਹੀ ਉਸ ਦੇ ਖਿਲਾਫ ਚੱਲਦੇ ਰਹੇ। ਕਹਿਣ ਵਾਲੇ ਇਹ ਵੀ ਕਹਿੰਦੇ ਸਨ ਕਿ ਸੁਖਬੀਰ ਸਿੰਘ ਬਾਦਲ ਇਥੇ ਆਪਣਾ ਵਕਤ ਜ਼ਾਇਆ ਕਰਨ ਦੀ ਥਾਂ ਹਰਿਆਣੇ ਵਿਚ ਕਾਲਿਆਂਵਾਲੀ ਸੀਟ ਨੂੰ ਦੇ ਸਕਦਾ ਹੈ, ਇਥੇ ਉਹਦਾ ਕੰਮ ਕਾਂਗਰਸ ਦੇ ਕੁਝ ਆਗੂ ਖੁਦ ਕਰੀ ਜਾਂਦੇ ਨੇ। ਇਹ ਗੱਲ ਚਰਚਾ ਦਾ ਵਿਸ਼ਾ ਕਾਹਤੋਂ ਬਣੀ, ਇਸ ਦੀ ਘੋਖ ਕੀਤੀ ਵਿਚੋਂ ਕਈ ਕੁਝ ਨਿਕਲਦਾ ਹੈ ਤੇ ਉਸ ਖੇਡ ਨੂੰ ਜਿਨ੍ਹਾਂ ਪੱਤਰਕਾਰਾਂ ਨੇ ਨੇੜਿਉਂ ਜਾਣਿਆ ਤੇ ਵੇਖਿਆ ਹੈ, ਉਨ੍ਹਾਂ ਦੀਆਂ ਗੱਲਾਂ ਵਿਚ ਗੰਭੀਰਤਾ ਬਹੁਤ ਹੈ।

ਇਹੀ ਉਹ ਗੰਭੀਰਤਾ ਹੈ, ਜਿਸ ਨੂੰ ਸਮਝ ਲਿਆ ਜਾਵੇ ਤਾਂ ਇਸ ਗੱਲ ਦੀ ਸਮਝ ਵੀ ਪੈ ਸਕਦੀ ਹੈ ਕਿ ਢਾਈ ਕੁ ਸਾਲ ਪਿਛੋਂ ਪੰਜਾਬ ਦੀ ਸਿਆਸਤ ਕਿਸ ਪਾਸੇ ਨੂੰ ਜਾ ਸਕਦੀ ਹੈ ਅਤੇ ਇਹ ਵੀ ਕਿ ਕਿਉਂ ਜਾ ਸਕਦੀ ਹੈ!

# ਅਭਿਨਵ ਭਾਰਤ ਦਾ ਅਸਲ ਆਧਾਰ

*(ਪਿਛਲੇ ਸਫੇ ਦੀ ਬਾਕੀ)*

ਪਰ ਸੰਘ ਨੇ ਇਸ ਸੋਚ ਨੂੰ ਆਪਣੇ ਤੱਕ ਹੀ ਸੀਮਤ ਰੱਖਿਆ। ਜਨ ਸੰਘ (ਭਾਜਪਾ ਦਾ ਪਹਿਲਾ ਰੂਪ) ਨੇ ਇਸ ਨੂੰ ਅਪਨਾਇਆ ਪਰ ਭਾਜਪਾ ਬਣਨ ਪਿਛੋਂ ਇਸ ਨੂੰ ਖੂੰਜੇ ਲਾ ਦਿੱਤਾ ਗਿਆ।'

ਇਹ ਕਰਨਲ ਪੁਰੋਹਿਤ ਹੀ ਸੀ, ਜਿਸ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਆਰ. ਐਸ. ਐਸ. ਦੇ ਨਿਰਾਸ਼ ਆਗੂਆਂ ਨੂੰ 'ਅਭਿਨਵ ਭਾਰਤ' ਦਾ ਹਿੱਸਾ ਬਣਨ ਲਈ ਪ੍ਰੇਰਿਆ ਅਤੇ ਇਸ ਦਾ ਕਾਡਰ ਬੰਨ੍ਹਿਆ। 'ਇਕਨਾਮਿਕ ਟਾਈਮਜ਼' ਦੀ ਰਿਪੋਰਟ ਅਨੁਸਾਰ ਉਹ 'ਸੰਪਰਕ ਬਣਾਉਣ ਦਾ ਮਾਹਰ' ਹੈ। ਰਿਪੋਰਟ ਅਗਾਂਹ ਕਹਿੰਦੀ ਹੈ, 'ਪੁਰੋਹਿਤ ਦੇ ਛੇਵੀਂ, ਨਿਆਰੀ ਗਿਆਨ ਇੰਦਰੀ ਸੀ, ਜੋ ਵਿਸ਼ਵ ਹਿੰਦੂ ਪ੍ਰੀਸ਼ਦ ਆਦਿ ਸੱਜੇ ਪੱਖੀ ਜਥੇਬੰਦੀਆਂ ਦੇ ਤੱਤੇ ਖਿਆਲਾਂ ਵਾਲੇ ਕਾਰਕੁਨਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਨੂੰ 'ਅਭਿਨਵ ਭਾਰਤ' ਦਾ ਅੰਗ ਬਣਨ ਲਈ ਪ੍ਰੇਰਦੀ ਸੀ। ਉਸ ਦੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਗੁਣਾਂ ਵਾਲੇ ਕਾਰਕੁਨਾਂ ਨੂੰ ਪ੍ਰਭਾਵਿਤ ਕਰਕੇ ਆਪਣੇ ਵੱਸ ਵਿਚ ਕਰਨ ਦੀ ਮੁਹਾਰਤ ਦੇਖ ਕੇ ਪ੍ਰੀਸ਼ਦ ਦੀ ਆਗੂ ਟੀਮ ਵੀ ਉਸ ਵਿਚ ਰੁਚੀ ਲੈਣ ਲਈ ਮਜਬੂਰ ਹੋ ਗਈ। ਪ੍ਰਵੀਨ ਤੋਗੜੀਆ ਨੇ ਉਸੇ ਸਾਲ 2008 ਵਿਚ ਮੁੰਬਈ ਦੇ ਇਕ ਹੋਟਲ ਵਿਚ ਉਸ ਨਾਲ ਮੀਟਿੰਗ ਕੀਤੀ। ਤੋਗੜੀਆ ਨੇ ਪੁਰੋਹਿਤ ਦੀ 'ਅਭਿਨਵ ਭਾਰਤ' ਛੱਡ ਕੇ ਉਸ ਨਾਲ ਵਿਸ਼ਵ ਹਿੰਦੂ ਪ੍ਰੀਸ਼ਦ ਵਿਚ ਕੰਮ ਕਰਨ ਲਈ ਮਨਾਉਣ ਵਾਸਤੇ ਮਿੰਨਤ ਕੀਤੀ, ਪਰ ਪੁਰੋਹਿਤ ਨੇ ਨਾਂਹ ਕਰ ਦਿੱਤੀ।

ਦਰਅਸਲ, ਪੁਰੋਹਿਤ ਦਾ ਤੋਗੜੀਆ ਨਾਲ ਕੁਝ ਸਮੇਂ ਤੋਂ ਸੰਪਰਕ ਚੱਲ ਰਿਹਾ ਸੀ। ਉਸ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁਖੀ ਨੂੰ ਇਹ ਸੁਝਾਅ ਵੀ ਦਿੱਤਾ ਕਿ 'ਅਭਿਨਵ ਭਾਰਤ' ਬੰਬ ਧਮਾਕੇ ਕਰੇਗਾ ਅਤੇ ਸੰਘ ਪਰਿਵਾਰ ਇਸ ਦੀ ਜ਼ਿੰਮੇਵਾਰੀ ਲਵੇ। ਉਸ ਨੇ ਤੋਗੜੀਆ ਨਾਲ ਹੋਈ ਇਸ ਗੱਲਬਾਤ ਬਾਰੇ 'ਅਭਿਨਵ ਭਾਰਤ' ਦੀ ਮੀਟਿੰਗ ਵਿਚ ਵੀ ਜਾਣਕਾਰੀ ਦਿੱਤੀ, "ਮੈਂ ਪ੍ਰਵੀਨ ਭਾਈ ਨੂੰ ਕਿਹਾ, ਮੈਂ ਇਹ ਕਾਰਵਾਈਆਂ ਕਰਨ ਕਰਾਉਣ ਦੀ ਜ਼ਿੰਮੇਵਾਰੀ ਲੈਂਦਾ ਹਾਂ, ਪਰ ਕੀ ਤੁਸੀਂ ਇਸ ਦੀ ਜ਼ਿੰਮੇਵਾਰੀ ਲਵੋਂਗੇ? ਕੀ ਭਾਜਪਾ ਅੱਗੇ ਆਏਗੀ? ਉਸ ਨੇ ਮੈਨੂੰ ਸਾਫ ਜਵਾਬ ਦਿੱਤਾ ਕਿ ਉਨ੍ਹਾਂ 'ਚੋਂ ਕੋਈ ਵੀ ਜਥੇਬੰਦੀ ਅੱਗੇ ਆ ਕੇ ਜ਼ਿੰਮੇਵਾਰੀ ਨਹੀਂ ਲਵੇਗੀ।"

ਪੁਰੋਹਿਤ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਤੋਂ ਬਹੁਤ ਉਮੀਦਾਂ ਸਨ: "ਜਦੋਂ ਵਿਸ਼ਵ ਹਿੰਦੂ ਪ੍ਰੀਸ਼ਦ ਵਿਚੋਂ ਅਸ਼ੋਕ ਸਿੰਘਲ ਜੀ ਨਿਕਲ ਗਏ ਜਾਂ ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ, ਇਹ ਬੁੱਧੀਹੀਣ ਸੰਸਥਾ ਬਣ ਜਾਵੇਗੀ। ਇਹ ਸਿਰ-ਕੱਟਿਆ ਸਰੀਰ ਬਣ ਕੇ ਰਹਿ ਜਾਵੇਗਾ, ਭਾਜਪਾ ਇਹੋ ਚਾਹੁੰਦੀ ਹੈ। ਇਹ ਵਿੰਗ ਸਾਡੇ ਨਾਲ ਆ ਜਾਣਾ ਚਾਹੀਦਾ ਹੈ। ਇਸ ਗੱਲ 'ਤੇ ਮੇਰਾ ਵਿਰੋਧ ਨਾ ਕਰੋ। ਇਹ ਸਾਡਾ ਮੁੱਖ ਹਥਿਆਰ ਹੋਵੇਗਾ।"

'ਅਭਿਨਵ ਭਾਰਤ' ਦਾ ਸੰਘ ਪਰਿਵਾਰ ਨਾਲ ਰਿਸ਼ਤਾ ਨਾਰਾਜ਼ਗੀ ਤੇ ਉਮੀਦ, ਨਫਰਤ ਤੇ ਮੋਹ ਦੀ ਅਜੀਬ ਖਿੱਚੜੀ ਰਿਹਾ ਹੈ; ਜਿਵੇਂ ਨੱਥੂਰਾਮ ਗੌਡਸੇ ਦੇ ਆਰ. ਐਸ. ਐਸ. ਨਾਲ ਸਬੰਧ ਅਸੁਖਾਵੇਂ ਹੋਣ ਦੇ ਬਾਵਜੂਦ ਉਹ ਇਕ ਪਾਸੇ ਇਸ ਦੇ ਜਥੇਬੰਦਕ ਢਾਂਚੇ ਦੀਆਂ ਤਾਰੀਫਾਂ ਕਰਦਾ ਸੀ, ਦੂਜੇ ਪਾਸੇ ਇਸ ਦੇ ਮੁਲਕ ਦੀ ਵੰਡ ਸਮੇਂ ਕੋਈ ਕਾਰਵਾਈ ਨਾ ਕਰਨ ਲਈ ਰੋਸ ਵੀ ਜਾਹਰ ਕਰਦਾ ਸੀ।

ਮਾਲੇਗਾਉਂ ਬੰਬ ਕਾਂਡ ਪਿਛੋਂ ਭਾਵੇਂ ਸੰਘ ਪਰਿਵਾਰ ਦੀਆਂ ਅਹਿਮ ਜਥੇਬੰਦੀਆਂ ਨੇ 'ਅਭਿਨਵ ਭਾਰਤ' ਤੋਂ ਵਿਥ ਬਣਾਈ ਰੱਖੀ, ਪਰ ਆਰ. ਐਸ. ਐਸ. ਨਾਲ ਜੁੜੀ ਇਕ ਹੋਰ ਜਥੇਬੰਦੀ 'ਬਜਰੰਗ ਦਲ' ਖੁੱਲ੍ਹੇਆਮ ਦੋਸ਼ੀਆਂ ਦੀ ਹਮਾਇਤ ਵਿਚ ਆ ਡਟੀ। ਬਜਰੰਗ ਦਲ ਦੇ ਮੁਖੀ ਪ੍ਰਕਾਸ਼ ਸ਼ਰਮਾ ਨੇ ਐਲਾਨ ਕੀਤਾ, "ਜੇ ਹਿੰਦੂ ਹਥਿਆਰ ਚੁੱਕਦੇ ਹਨ ਤਾਂ ਨੀਤੀ ਘਾੜੇ ਤਾਂ ਫਿਕਰਮੰਦ ਹੋਣਗੇ ਹੀ, ਕਿਉਂਕਿ ਸਰਕਾਰ ਦਾ ਦਹਿਸ਼ਤਵਾਦ ਵਿਰੁਧ ਲੜਾਈ ਦਾ ਨਜ਼ਰੀਆ ਟੀਰਾ ਹੈ।" ਉਸ ਨੇ ਇਹ ਵੀ ਮੰਨਿਆ ਕਿ ਉਨ੍ਹਾਂ ਦੀ ਜਥੇਬੰਦੀ 'ਆਪਣੇ ਮੈਂਬਰਾਂ ਦਾ ਹੌਸਲਾ ਵਧਾਉਣ ਲਈ ਸਿਖਲਾਈ ਕੈਂਪ ਲਾਉਂਦੀ ਹੈ। ਜੇ ਨੌਜਵਾਨਾਂ ਨੂੰ ਹਥਿਆਰ ਚਲਾਉਣ ਦੀ ਸਿਖਲਾਈ ਨਾ ਦਿੱਤੀ ਗਈ, ਫਿਰ ਮੁਲਕ ਨੂੰ ਅਭਿਨਵ ਬਿੰਦਰੇ ਨਹੀਂ ਮਿਲਣਗੇ।'

ਬਜਰੰਗ ਦਲ ਅਤੇ ਅਭਿਨਵ ਭਾਰਤ ਦੀਆਂ ਸਮਾਨਤਾਵਾਂ ਬਹੁਤ ਉਘੜਵੀਆਂ ਹਨ। ਬਜਰੰਗ ਦਲ ਸੰਘ ਪਰਿਵਾਰ ਦੇ ਕੁਲ ਘਿਨਾਉਣੇ ਕੰਮ ਕਰਦਾ ਹੈ ਅਤੇ ਸੰਘ ਪਰਿਵਾਰ ਔਖੀ ਘੜੀ ਵਿਚ ਉਨ੍ਹਾਂ ਦੀ ਮਦਦ ਲਈ ਬਹੁੜਦਾ ਹੈ। ਜੂਨ 2015 ਵਿਚ ਰੋਹਿਨੀ ਸਾਲਿਆਨ ਨੇ ਮਾਲੇਗਾਉਂ ਬੰਬ ਧਮਾਕਿਆਂ ਦੇ ਮਾਮਲਿਆਂ ਵਿਚ ਐਨ. ਆਈ. ਏ. ਵਲੋਂ ਉਸ 'ਤੇ ਨਰਮੀ ਵਰਤਣ ਲਈ ਦਬਾਓ ਪਾਉਣ ਦਾ ਜੋ ਖੁਲਾਸਾ ਕੀਤਾ, ਉਹ ਵੀ ਇਸੇ ਪਾਸੇ ਇਸ਼ਾਰਾ ਕਰਦਾ ਹੈ।

'ਅਭਿਨਵ ਭਾਰਤ' ਭਵਿਖ ਵਿਚ ਸੰਘ ਪਰਿਵਾਰ ਦੀ ਕਿਸ ਹੱਦ ਤਕ ਮਦਦ ਕਰ ਸਕਦਾ ਹੈ, ਇਹ ਮੁੱਖ ਤੌਰ 'ਤੇ ਇਸ ਵਿਰੁਧ ਅਦਾਲਤ ਵਿਚ ਚੱਲ ਰਹੇ ਕੇਸਾਂ ਦੇ ਨਿਬੇੜੇ 'ਤੇ ਨਿਰਭਰ ਕਰਦਾ ਹੈ। ਪੂਨੇ ਤੋਂ 'ਅਭਿਨਵ ਭਾਰਤ' ਦੇ ਬੁਲਾਰੇ ਮਿਲਿੰਦ ਜੋਸ਼ੀਰਾਓ ਅਨੁਸਾਰ, 'ਅਦਾਲਤਾਂ ਵਿਚ ਕੇਸਾਂ ਦਾ ਨਿਬੇੜਾ ਹੋਣ ਲਈ ਵਕਤ ਲੱਗਦਾ ਹੈ ਅਤੇ ਇਸ ਦੇ ਨਤੀਜਿਆਂ ਬਾਰੇ ਵੀ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ। ਜਦੋਂ ਸਾਡੇ ਬਹੁਤ ਸਾਰੇ ਆਗੂਆਂ ਦੇ ਗ੍ਰਿਫਤਾਰ ਹੋਣ ਪਿਛੋਂ ਸਾਡਾ ਹਮਾਇਤੀ ਆਧਾਰ ਘਟਣਾ ਸ਼ੁਰੂ ਹੋ ਗਿਆ ਤਾਂ ਹਿਮਾਨੀ ਸਾਵਰਕਾਰ ਸਾਡੇ ਲਈ ਆਸ ਦੀ ਕਿਰਨ ਬਣ ਕੇ ਆਈ। ਸਾਵਰਕਾਰ ਅਤੇ ਗੌਡਸੇ ਦੇ ਵਿਰਸੇ ਦੀ ਚਿੰਨ੍ਹ ਹੋਣ ਕਾਰਨ ਉਸ ਦੇ ਸਾਡੇ ਨਾਲ ਮੌਜੂਦ ਹੋਣ ਨਾਲ ਸਾਨੂੰ ਯਕੀਨ ਹੋ ਗਿਆ ਕਿ ਸਾਨੂੰ ਆਪਣੀ ਜਥੇਬੰਦੀ ਮੁੜ ਖੜ੍ਹੀ ਕਰਨ ਲਈ ਤੀਲਾ ਤੀਲਾ ਨਹੀਂ ਜੋੜਨਾ ਪਵੇਗਾ। ਅਸੀਂ ਘੱਟੋ-ਘੱਟ ਆਪਣਾ ਕੁਝ ਸਰਗਰਮ ਕਾਡਰ ਬਚਾ ਕੇ ਰੱਖਣ ਦੇ ਯੋਗ ਹੋ ਗਏ। ਸਾਡੇ ਆਗੂਆਂ ਦੇ ਰਿਹਾ ਹੋਣ ਤੋਂ ਪਹਿਲਾਂ ਹੀ ਉਸ (ਹਿਮਾਨੀ) ਦਾ ਚਲਾਣਾ ਬਹੁਤ ਵੱਡਾ ਘਾਟਾ ਹੈ।"

*(ਚਲਦਾ)*

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ
ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**
**7021 Village Park Way, Dublin, CA 94568**
Email:
Homeomedicine@yahoo.com

**Michigan Truck Driving School**
**6405 Middlebelt Road, Romulus, MI 48174**
ਖੁਸ਼ਖਬਰੀ ! ਖੁਸ਼ਖਬਰੀ !!
ਖੁਸ਼ਖਬਰੀ !!!
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ
**Raj Jamarai Cell:734-644-1010 Office:734-747-4298**

ਪੰਜਾਬ ਟਾਈਮਜ਼

*ਸਨਿਚਰਵਾਰ, 2 ਨਵੰਬਰ 2019*

## ਨਾਨਕ ਮਤਾ ਅਤੇ ਅਸੀਂ

ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਦੀ ਅਰਦਾਸ ਆਖਰਕਾਰ ਸੰਪੂਰਨ ਹੋਈ ਹੈ। ਪਾਕਿਸਤਾਨ ਅਤੇ ਹਿੰਦੋਸਤਾਨ ਵਿਚਾਲੇ ਸਿਆਸੀ ਕਾਰਨਾਂ ਕਰਕੇ ਅੰਤਾਂ ਦੇ ਤਣਾਅ ਦੇ ਬਾਵਜੂਦ ਇਹ ਲਾਂਘਾ ਮਿਥੇ ਸਮੇਂ ਮੁਤਾਬਕ ਖੁੱਲ੍ਹ ਰਿਹਾ ਹੈ। ਇਹ ਅਸਲ ਵਿਚ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰਬ ਸਾਂਝੀਵਾਲਤਾ ਵਾਲੇ ਸੁਨੇਹੇ ਦਾ ਹੀ ਪਰਤੌ ਹੈ, ਨਹੀਂ ਤਾਂ ਸਿਆਸਤਦਾਨਾਂ ਨੇ ਇਸ ਸ਼ੁਭ ਕਾਰਜ ਨੂੰ ਲੀਹੋਂ ਲਾਹੁਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਹੋਰ ਤਾਂ ਹੋਰ, ਇਸ ਇਤਿਹਾਸਕ ਕਾਰਜ ਦੇ ਸਿਰੇ ਚੜ੍ਹਨ ਦਾ ਸਿਹਰਾ ਆਪਣੇ ਸਿਰ ਸਜਾਉਣ ਲਈ ਸਾਡੇ ਸਿਆਸਤਦਾਨ ਹਰ ਮਰਿਆਦਾ ਭੁੱਲ ਗਏ। ਸਿਰਫ ਇਸੇ ਇਕ ਨੁਕਤੇ ਤੋਂ ਹੀ ਜਾਹਰ ਹੋ ਜਾਂਦਾ ਹੈ ਕਿ ਬਾਬੇ ਨਾਨਕ ਦਾ ਵਰੋਸਾਇਆ ਪੰਥ ਅੱਜ ਕਿਸ ਮੋੜ ‘ਤੇ ਆਣ ਪੁੱਜਾ ਹੈ। ਇਨ੍ਹਾਂ ਸਿਆਸੀ ਗੈਰ ਦਿਆਨਤਦਾਰੀਆਂ ਕਾਰਨ ਹੀ ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਦਿੱਤਾ ਜਾਣ ਵਾਲਾ ਸੁਨੇਹਾ ਦੂਣ ਸਵਾਇਆ ਹੋਣ ਦੀ ਥਾਂ ਮਹਿਜ਼ ਖਾਨਾਪੂਰਤੀਆਂ ਦੀ ਅੰਨ੍ਹੀ ਗਲੀ ਵਿਚ ਭਟਕਣ ਦਾ ਖਦਸ਼ਾ ਬਣ ਗਿਆ ਹੈ। ਇਤਿਹਾਸ ਗਵਾਹ ਹੈ ਕਿ ਇਸੇ ਸਿਆਸਤ ਕਾਰਨ ਅਸੀਂ ਸਿੱਖ ਭਾਈਚਾਰੇ ਨਾਲ ਜੁੜੀਆਂ ਸ਼ਤਾਬਦੀਆਂ ਮੌਕੇ ਮਿਲਿਆ ਵਕਤ ਖੁੰਝਾ ਚੁਕੇ ਹਾਂ। ਪਹਿਲੇ ਪਾਤਿਸ਼ਾਹ ਦੇ ਇਸ ਪੁਰਬ ਮੌਕੇ ਵੀ ਅਸੀਂ ਦਾਨੇ-ਬੀਨੇ ਬਣ ਕੇ ਆਪਣਾ ਫਰਜ਼ ਨਿਭਾਉਣ ਤੋਂ ਬਹੁਤ ਪਿਛਾਂਹ ਹੀ ਰਹਿ ਗਏ ਜਾਪਦੇ ਹਾਂ। ਇਸੇ ਕਰਕੇ ਅਜਿਹੇ ਇਤਿਹਾਸਕ ਮੌਕਿਆਂ ਸਮੇਂ ਅਸੀਂ ਪ੍ਰਭਾਤ ਫੇਰੀਆਂ, ਨਗਰ ਕੀਰਤਨ ਸਜਾਉਣ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ, ਦੀਵਾਨ, ਲੰਗਰ, ਆਤਿਸ਼ਬਾਜ਼ੀ ਆਦਿ ਦੀਆਂ ਬੇਅੰਤ ਲੜੀਆਂ ਤਾਂ ਚਲਾ ਦਿੱਤੀਆਂ ਪਰ ਸਾਡੇ ਆਚਾਰ-ਵਿਹਾਰ ਵਿਚ ਜੋ ਸਿਫਤੀ ਤਬਦੀਲੀ ਆਉਣੀ ਚਾਹੀਦੀ ਸੀ, ਉਹ ਕਿਤੇ ਦਿਸ ਨਹੀਂ ਰਹੀ। ਸਾਦਗੀ ਦਾ ਪੱਲਾ ਅਸੀਂ ਚਿਰੋਕਣਾ ਛੱਡ ਚੁਕੇ ਹਾਂ। ਜਾਤਾਂ-ਗੋਤਾਂ ਦੇ ਮਾਮਲਿਆਂ ਵਿਚ ਅਸੀਂ ਇਹ ਕਹਿ ਕੇ ਤਸੱਲੀ ਕਰ ਲੈਂਦੇ ਹਾਂ ਕਿ ਗੁਰੂ ਸਾਹਿਬਾਨ ਦੇ ਸੁਨੇਹੇ ਕਰਕੇ ਪੰਜਾਬ ਦੀ ਹਾਲਤ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਬਹੁਤ ਬਿਹਤਰ ਹੈ। ਕਰਮਕਾਂਡਾਂ ਦਾ ਸਿਲਸਿਲਾ ਤਾਂ ਹੁਣ ਮੁੱਕਣ ਦਾ ਨਾਂ ਹੀ ਨਹੀਂ ਲੈ ਰਿਹਾ।

ਅਜਿਹੇ ਇਤਿਹਾਸਕ ਮੌਕਿਆਂ ਉਤੇ ਬਿਨਾ ਸ਼ੱਕ, ਸਰਕਾਰੀ ਪਹਿਲਕਦਮੀ ਨਾਲ ਸੁਨੇਹਾ ਦੂਰ ਦੂਰ ਤਕ ਅਪੜਾਉਣ ਵਿਚ ਮਦਦ ਮਿਲਦੀ ਹੈ, ਪਰ ਅਜਿਹੇ ਮਾਮਲਿਆਂ ਵਿਚ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਵੀ ਬਹੁਤ ਅਹਿਮ ਬਣਦੀ ਹੈ। ਉਂਜ, ਇਸ ਸੰਸਥਾ ਨੇ ਇਸ ਇਤਿਹਾਸਕ ਮੌਕੇ ਕੋਈ ਯੋਜਨਾ ਬਣਾਉਣ ਦੀ ਥਾਂ ਕਰਤਾਰਪੁਰ ਲਾਂਘੇ ਬਾਰੇ ਚੱਲ ਰਹੀ ਸਿਆਸਤ ਨਾਲ ਹੀ ਬੁੱਤਾ ਸਾਰ ਲਿਆ ਜਾਪਦਾ ਹੈ। ਇਸ ਇਤਿਹਾਸਕ ਮੌਕੇ ਨੂੰ ਸਿਰਫ ਕਰਤਾਰਪੁਰ ਲਾਂਘੇ ਵਾਲੇ ਸਮਾਗਮਾਂ ਤਕ ਸਮੇਟ ਦੇਣਾ ਸ਼੍ਰੋਮਣੀ ਕਮੇਟੀ ਦੀ ਮਾੜੀ ਕਾਰਗੁਜ਼ਾਰੀ ਦਾ ਸਿਖਰ ਹੈ। ਇਸ ਇਤਿਹਾਸਕ ਮੌਕੇ ‘ਤੇ ਇਹ ਸੰਸਥਾ ਕੋਈ ਹੋਰ ਪ੍ਰੋਗਰਾਮ ਉਲੀਕਣ ਵਿਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਵੱਡਾ ਸਵਾਲ ਹੁਣ ਇਹੀ ਹੈ ਕਿ ਜੇ ਸਿੱਖਾਂ ਦੀ ਸਿਰਮੌਰ ਸੰਸਥਾ ਨੇ ਹੀ ਇਸ ਪਾਸੇ ਕੋਈ ਚਾਰਾਜੋਈ ਨਹੀਂ ਕਰਨੀ ਤਾਂ ਹੋਰ ਕੌਣ ਕਰੇਗਾ? ਇਸ ਦਾ ਇਕੋ-ਇਕ ਕਾਰਨ ਸਿੱਖਾਂ ਦੀ ਇਸ ਧਾਰਮਿਕ ਸੰਸਥਾ ਉਤੇ ਸਿਆਸਤ ਦਾ ਕਬਜ਼ਾ ਹੈ। ਸਿੱਖਾਂ ਲਈ ਜ਼ਰੂਰੀ ਤੌਰ ‘ਤੇ ਪ੍ਰਚਾਰੇ-ਪ੍ਰਸਾਰੇ ਜਾਂਦੇ ਮੀਰੀ-ਪੀਰੀ ਦੇ ਸਿਧਾਂਤ ਮੁਤਾਬਕ ਸਿਆਸਤ ਉਤੇ ਧਰਮ ਦਾ ਕੁੰਡਾ ਹੋਣਾ ਸੀ, ਪਰ ਸਿਆਸੀ ਗਿਣਤੀਆਂ-ਮਿਣਤੀਆਂ ਕਾਰਨ ਇਥੇ ਐਨ ਉਲਟ ਵਾਪਰਿਆ ਹੈ; ਧਰਮ ਨੂੰ ਸਿਆਸੀ ਮੁਫਾਦ ਲਈ ਸ਼ਰੇਆਮ ਵਰਤਿਆ ਜਾ ਰਿਹਾ ਹੈ ਅਤੇ ਅਨੇਕਾਂ ਯਤਨਾਂ ਤੇ ਵਾਰ-ਵਾਰ ਰੌਲਾ ਪੈਣ ਦੇ ਬਾਵਜੂਦ ਇਸ ਨੂੰ ਠੱਲ੍ਹ ਨਹੀਂ ਪੈ ਸਕੀ ਹੈ। ਕੀ ਇਸ ਅਹਿਮ ਮਾਮਲੇ ਨੂੰ ਕਿਸੇ ਖਾਸ ਮੰਚ ਤੋਂ ਸੰਜੀਦਗੀ ਨਾਲ ਵਿਚਾਰਿਆ ਗਿਆ ਹੈ? ਜਵਾਬ ਕਿਤੇ ਦੂਰ-ਦੂਰ ਵੀ ਲੱਭਦਾ ਨਜ਼ਰੀਂ ਨਹੀਂ ਪੈਂਦਾ। ਸਿਆਸਤ ਅਤੇ ਧਾਰਮਿਕ ਖੇਤਰ ਵਿਚ ਇਕ ਪਰਿਵਾਰ ਦੇ ਕਬਜ਼ੇ ਬਾਰੇ ਬਿਆਨ ਦਾਗਣੇ ਇਕ ਗੱਲ ਹੈ, ਇਸ ਕਬਜ਼ੇ ਨੂੰ ਤੋੜ ਸੁੱਟਣ ਲਈ ਲਗਾਤਾਰ ਸਰਗਰਮੀ ਕਰਨੀ ਬਿਲਕੁੱਲ ਵੱਖਰੀ ਗੱਲ ਹੈ। ਇਸ ਪਾਸੇ ਨਿੱਠ ਕੇ ਨਾ ਚੱਲਣ ਦਾ ਹੀ ਨਤੀਜਾ ਹੈ ਕਿ ਇੰਨੀ ਹਾਲ-ਪਾਹਰਿਆ ਦੇ ਬਾਵਜੂਦ ਹਾਲਾਤ ਜਿਉਂ ਦੇ ਤਿਉਂ ਹਨ ਅਤੇ ਅਗਲੇ ਸਮੇਂ ਦੌਰਾਨ ਵੀ ਇਸ ਅੰਦਰ ਕਿਤੇ ਸਿਫਤੀ ਤਬਦੀਲੀ ਦੇ ਆਸਾਰ ਨਜ਼ਰ ਨਹੀਂ ਆ ਰਹੇ। ਇਸ ਪ੍ਰਸੰਗ ਵਿਚ ਅਗਾਂਹ ਉਲੀਕੀ ਜਾਣ ਵਾਲੀ ਕਿਸੇ ਖਾਸ ਯੋਜਨਾ ਬਾਰੇ ਵੀ ਕੋਈ ਕਨਸੋਅ ਨਹੀਂ ਪੈ ਰਹੀ ਹੈ।

ਇਸ ਦਾ ਵੱਡਾ ਅਤੇ ਅਹਿਮ ਕਾਰਨ ਤਾਂ ਇਹੀ ਜਾਪਦਾ ਹੈ ਕਿ ਅਸੀਂ ਆਪਣੇ ਗੁਰੂ ਸਾਹਿਬਾਨ ਨੂੰ ਤਾਂ ਮੰਨ ਰਹੇ ਹਾਂ, ਪਰ ਉਨ੍ਹਾਂ ਦੀ ਮੰਨ ਨਹੀਂ ਰਹੇ। ਗੁਰੂ ਸਾਹਿਬਾਨ ਦਾ ਸਿਦਕ-ਸੁਨੇਹਾ ਅਪਨਾਉਣ ਦੀ ਥਾਂ ਅਸੀਂ ਪਾਠੀ ਹੋ ਜਾਣ ਦਾ ਸੌਖਾ ਰਾਹ ਲੱਭ ਲਿਆ ਹੈ, ਜਦੋਂਕਿ ਸੱਚਾ ਸੁਨੇਹਾ ਅਮਲਾਂ ਦੇ ਨਬੇੜਿਆਂ ਨਾਲ ਹੀ ਹੋਣਾ ਹੈ। ਪਹਿਲੇ ਪਾਤਿਸ਼ਾਹ ਦਾ ਪ੍ਰਕਾਸ਼ ਪੁਰਬ ਇਸ ਪਾਸੇ ਤੁਰਨ ਦਾ ਆਧਾਰ ਬਣ ਸਕਦਾ ਹੈ, ਬਸ਼ਰਤੇ ਅਸੀਂ ਉਨ੍ਹਾਂ ਦੇ ਅਮਲਾਂ ਦਾ ਧਿਆਨ ਧਰ ਕੇ ਇਨ੍ਹਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਈਏ। ਸਰਕਾਰਾਂ ਅਤੇ ਲੀਡਰ ਕਦੇ ਨਹੀਂ ਚਾਹੁਣਗੇ ਕਿ ਆਮ ਲੋਕ ਸਜੱਗ ਹੋ ਕੇ ਵਿਚਰਨ ਲੱਗ ਪੈਣ। ਇਸ ਨਾਲ ਤਾਂ ਉਨ੍ਹਾਂ ਦੇ ਕੂੜ ਦੀ ਦੁਕਾਨ ਬੰਦ ਹੋ ਜਾਣੀ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਬਾਬੇ ਨਾਨਕ ਦੇ ਸੁਨੇਹੇ ਅਤੇ ਸਾਡੇ ਅਮਲਾਂ ਵਿਚ ਪੈ ਗਏ ਵੱਡੇ ਪਾੜੇ ਨੂੰ ਇਕਾਗਰ ਚਿਤ ਹੋ ਕੇ ਪੂਰਿਆ ਜਾਵੇ। ਇਸ ਮਾਮਲੇ ਵਿਚ ਸਭ ਤੋਂ ਪਹਿਲਾਂ ਕਦਮ ਲੋਕ ਦੋਖੀਆਂ ਨੂੰ ਪਛਾਣਨ ਦਾ ਹੋਵੇਗਾ। ਇਸ ਮਾਮਲੇ ‘ਤੇ ਬਾਬਾ ਨਾਨਕ ਖੁਦ ਸਾਡਾ ਰਾਹ ਰੁਸ਼ਨਾਉਂਦੇ ਹਨ। ਉਨ੍ਹਾਂ ਦੀਆਂ ਸਿਖਿਆਵਾਂ ਮਨੁੱਖ ਨੂੰ ਇਸੇ ਪਾਸੇ ਤੁਰਨ ਦਾ ਹੋਕਾ ਦਿੰਦੀਆਂ ਹਨ ਅਤੇ ਸਰਬ ਸਾਂਝੀਵਾਲਤਾ ਦੀ ਬਾਤ ਪਾਉਂਦੀਆਂ ਹਨ। ਸਭ ਤੋਂ ਵੱਡੀ ਗੱਲ, ਇਹ ਸਿਖਿਆਵਾਂ ਸਿਰਫ ਸਿੱਖਾਂ ਲਈ ਨਹੀਂ, ਸਮੁੱਚੇ ਸੰਸਾਰ ਦੇ ਜਿਉੜਿਆਂ ਲਈ ਹਨ। ਇਸ ਕਰਕੇ ਇਨ੍ਹਾਂ ਦਾ ਸੁਨੇਹਾ ਸਰਬ ਵਿਆਪਕ ਹੈ। ਇਸ ਪੁਰਬ ਦੀ ਇਤਿਹਾਸਕ ਮਹੱਤਤਾ ਇਹੀ ਹੋਵੇਗੀ ਕਿ ਅਸੀਂ ਉਨ੍ਹਾਂ ਦੇ ਪਾਏ ਪੂਰਨਿਆਂ ‘ਤੇ ਪਈਏ। ਲਗਾਤਾਰ ਲੀਹੋਂ ਲਹਿ ਰਹੇ ਹਾਲਾਤ ਸਾਨੂੰ ਵਾਰ-ਵਾਰ ਟਕੋਰ ਰਹੇ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਲੇਖਾ-ਜੋਖਾ ਚੋਣ ਨਤੀਜੇ!*

ਸੀਟਾਂ ਜਿੱਤ ਕੇ ਤਿੰਨ ਜੋ ਫਿਰਨ ਫੁੱਲੇ, ਦਿੱਤਾ ‘ਦਾਖੇ’ ਨੇ ਤੋੜ ਹੰਕਾਰ ਦੇਖੋ।
ਦਿੱਤਾ ਚੜ੍ਹਨ ਜਲਾਲ ਨਾ ਤੱਕੜੀ ਨੂੰ, ਜਲਾਲਾਬਾਦ ਨੇ ਪਾਈ ਫਟਕਾਰ ਦੇਖੋ।
ਇਕਨਾਂ ਮੱਥੇ ‘ਤੇ ਦਾਗ ਬੇਅਦਬੀਆਂ ਦੇ, ਫੋਕੇ ਵਾਅਦਿਆਂ ਵਾਲੀ ਸਰਕਾਰ ਦੇਖੋ।
ਬਿਨਾ ਏਕਤਾ ਭੁੜਕਦੇ ਕਈ ਫਿਰਦੇ, ਹੋਣੇ ਚਾਹੀਦੇ ‘ਉਹ’ ਸ਼ਰਮਸਾਰ ਦੇਖੋ।
ਅੱਗ ਬਾਲ ਕੇ ਨਫਰਤ ਦੀ ਦੇਸ਼ ਅੰਦਰ, ਰੋਟੀ ਸਿਆਸਤਾਂ ਵਾਲੀ ਨਾ ਰਾੜ੍ਹ ਹੋਣੀ।
ਰਾਸ਼ਟਰਵਾਦ ਤਾਂ ਹਾਂਡੀ ਉਹ ਕਾਠ ਦੀ ਏ, ਬਹੁਤੀ ਵਾਰ ਨਾ ਚੁੱਲ੍ਹੇ ਜੋ ਚਾੜ੍ਹ ਹੋਣੀ!

# ਦਲਿਤ ਸੰਘਰਸ਼ ਦੀ ਦਾਸਤਾਨ

ਭਾਰਤੀ ਸੰਵਿਧਾਨ ਨੇ ਦੋ ਸਮਾਜਿਕ ਵਰਗਾਂ ਨੂੰ ਖਾਸ ਤੌਰ 'ਤੇ ਸਾਧਨ ਵਿਹੂਣੇ ਤੇ ਦਰੜੇ ਹੋਏ ਮੰਨਿਆ: ਇਕ, ਪੱਟੀਦਰਜ ਜਾਤਾਂ (ਐਸ.ਸੀ.) ਜਿਨ੍ਹਾਂ ਨੂੰ ਆਮ ਭਾਸ਼ਾ ਵਿਚ ਦਲਿਤ ਆਖਿਆ ਜਾਂਦਾ ਹੈ ਅਤੇ ਦੂਜੇ ਪੱਟੀਦਰਜ ਕਬੀਲੇ (ਐਸ.ਟੀ.) ਜਿਨ੍ਹਾਂ ਨੂੰ ਆਦਿਵਾਸੀ ਜਾਂ ਕਬਾਇਲੀ ਆਖਿਆ ਜਾਂਦਾ ਹੈ। ਦੋਵੇਂ ਗਰੁਪ ਆਪੋ-ਆਪਣੀ ਬਣਤਰ ਪੱਖੋਂ ਬਹੁਤ ਭਾਂਤ-ਸੁਭਾਂਤੇ ਹਨ ਜਿਹੜੇ ਭਾਸ਼ਾ, ਜਾਤ, ਵੰਸ਼, ਧਰਮ ਅਤੇ ਰੁਜ਼ਗਾਰ ਵਸੀਲਿਆਂ ਦੇ ਆਧਾਰ 'ਤੇ ਵੰਡੇ ਹੋਏ ਹਨ।

ਆਂਧਰਾ ਪ੍ਰਦੇਸ਼ ਦੇ ਮਡਿਗਾ ਅਤੇ ਉਤਰ ਪ੍ਰਦੇਸ਼ ਦੇ ਜਾਟਵ ਦਰਮਿਆਨ ਕੋਈ ਸਮਾਨਤਾ ਨਹੀਂ ਹੈ, ਸਿਰਫ ਇਸ ਗੱਲ ਨੂੰ ਛੱਡ ਕੇ ਕਿ ਦੋਵੇਂ 'ਐਸ.ਸੀ.' ਰਾਖਵਾਂਕਰਨ ਤਹਿਤ ਸਰਕਾਰੀ ਨੌਕਰੀ ਲਈ ਅਰਜ਼ੀ ਦੇ ਸਕਦੇ ਹਨ। ਇਸੇ ਤਰ੍ਹਾਂ ਤਾਮਿਲਨਾਡੂ ਦੇ



**ਰਾਮਚੰਦਰ ਗੁਹਾ**

ਨੀਲਗਿਰੀ ਪਰਬਤਾਂ ਦੇ ਇਰੂਲਾ ਤੇ ਮੱਧ ਪ੍ਰਦੇਸ਼ ਦੇ ਮਹਾਦੇਵ ਪਰਬਤਾਂ ਦੇ ਗੋਂਡ ਆਦਿਵਾਸੀਆਂ ਦਰਮਿਆਨ ਵੀ ਕੋਈ ਮੇਲ ਨਹੀਂ, ਸਿਰਫ ਇਸ ਗੱਲ ਨੂੰ ਛੱਡ ਕੇ ਕਿ ਦੋਵੇਂ 'ਐਸ.ਟੀ.' ਰਾਖਵਾਂਕਰਨ ਤਹਿਤ ਸਰਕਾਰੀ ਨੌਕਰੀ ਲਈ ਅਰਜ਼ੀ ਦੇ ਸਕਦੇ ਹਨ।

ਇਸ ਸੂਰਤ ਵਿਚ, ਭਾਰਤ ਭਰ ਦੇ ਦਲਿਤ ਅਸਲ 'ਚ ਇਕ ਪੱਖ ਤੋਂ ਹੀ ਇਕਮੁੱਠ ਹਨ; ਉਹ ਭਾਵੇਂ ਕੇਰਲ ਦੇ ਹੋਣ ਜਾਂ ਕਰਨਾਟਕ ਦੇ, ਪੰਜਾਬ ਜਾਂ ਪੱਛਮੀ ਬੰਗਾਲ ਦੇ, ਉਨ੍ਹਾਂ ਅੱਗੇ ਮਹਾਨ ਡਾ. ਬੀ.ਆਰ. ਅੰਬੇਡਕਰ ਦੀ ਰੌਸ਼ਨ ਮਿਸਾਲ ਹੈ। ਆਪਣੀ ਬੌਧਿਕਤਾ ਤੇ ਸਿਆਣਪ ਅਤੇ ਉਚੇ ਸਿਆਸੀ ਅਹੁਦੇ ਹਾਸਲ ਕਰਨ ਸਦਕਾ ਅੰਬੇਡਕਰ ਦਾ ਆਪਣੇ ਜੀਵਨ ਦੌਰਾਨ ਤਾਂ ਆਪਣੀ ਉਪ-ਜਾਤ, ਭਾਵ ਮਹਾਂਰਾਸ਼ਟਰ ਦੇ ਮਹਾਰਾਂ ਦਰਮਿਆਨ ਹੀ ਆਧਾਰ ਸੀ ਪਰ ਮੌਤ ਤੋਂ ਬਾਅਦ ਉਹ ਦੇਸ਼ ਭਰ ਦੇ ਦਲਿਤਾਂ ਦੀ ਪਛਾਣ ਬਣ ਗਏ। ਦੂਜੇ ਪਾਸੇ, ਆਦਿਵਾਸੀਆਂ ਕੋਲ ਅਜਿਹੀ ਕੋਈ ਸ਼ਖਸੀਅਤ ਨਹੀਂ; ਕੋਈ ਅਜਿਹਾ ਮੌਜੂਦਾ ਜਾਂ ਮਰਹੂਮ ਕਬਾਇਲੀ ਆਗੂ ਨਹੀਂ ਜਿਸ ਦਾ ਅਜਿਹਾ ਕੱਦ ਤੇ ਰੁਤਬਾ ਹੋਵੇ ਕਿ ਉਹ ਸਭ ਇਲਾਕਾਈ ਤੇ ਭਾਸ਼ਾਈ ਵਖਰੇਵਿਆਂ ਤੋਂ ਪਾਰ ਚਲਾ ਗਿਆ ਹੋਵੇ।

ਦਲਿਤਾਂ ਵਿਚ ਡਾ. ਅੰਬੇਡਕਰ ਦੇ ਇਸ ਮਿਸਾਲੀ ਰੁਤਬੇ ਤੋਂ ਮੈਂ ਚਿਰਾਂ ਤੋਂ ਵਾਕਫ ਹਾਂ ਅਤੇ ਕਾਇਲ ਵੀ ਹਾਂ। ਇਹ ਪ੍ਰਭਾਵ ਏਕਨਾਥ ਆਵਾਡ ਦੀ ਸਵੈਜੀਵਨੀ ਪੜ੍ਹਦਿਆਂ ਮੁੜ ਤਾਜ਼ਾ ਹੋ ਗਿਆ ਜਿਹੜੀ ਮੂਲ ਮਰਾਠੀ ਵਿਚ ਲਿਖੀ ਗਈ ਹੈ ਤੇ ਜੈਰੀ ਪਿੰਟੋ ਨੇ ਇਸ ਦਾ ਅੰਗਰੇਜ਼ੀ ਤਰਜਮਾ ਕੀਤਾ ਹੈ। ਆਵਾਡ ਦਾ ਜਨਮ ਦਲਿਤ ਮਾਂਗ ਜਾਂ ਮਤਾਂਗ ਭਾਈਚਾਰੇ ਵਿਚ, ਮਹਾਂਰਾਸ਼ਟਰ ਦੇ ਮਰਾਠਵਾੜਾ ਖਿੱਤੇ 'ਚ ਹੋਇਆ ਪਰ ਉਸ ਨੂੰ ਪੜ੍ਹਾਈ ਵਿਚ ਬਹੁਤ ਰੁਚੀ ਸੀ ਜੋ ਛੋਟੀ ਉਮਰੇ ਹੀ ਜ਼ਾਹਰ ਹੋ ਗਈ। ਇਸ ਕਾਰਨ ਉਸ ਦੇ ਰਿਸ਼ਤੇਦਾਰ ਉਸ ਨੂੰ 'ਮਹਾਰਾਚਾ ਔਲਾਦ' ਭਾਵ ਮਹਾਰ ਦਾ ਪੁੱਤ ਕਹਿਣ ਲੱਗੇ। ਇਸ ਦਾ ਕਾਰਨ ਮਹਾਰ ਭਾਈਚਾਰੇ ਨਾਲ ਸਬੰਧਿਤ ਡਾ. ਬੀ.ਆਰ. ਅੰਬੇਡਕਰ ਸਨ ਜਿਨ੍ਹਾਂ ਦਾ ਕਹਿਣਾ ਸੀ, "ਸਿੱਖਿਆ ਸ਼ੇਰਨੀ ਦਾ ਦੁੱਧ ਹੈ। ਜੋ ਵੀ ਇਸ ਨੂੰ ਪੀਵੇਗਾ, ਉਹੀ ਦਹਾੜੇਗਾ।"

ਸਕੂਲ ਪੜ੍ਹਾਈ ਦੌਰਾਨ ਹੀ ਏਕਨਾਥ ਆਵਾਡ ਨੇ ਡਾ. ਅੰਬੇਡਕਰ ਨੂੰ ਖੁੱਭ ਕੇ ਪੜ੍ਹ ਲਿਆ; ਉਹ ਨਾਲ ਹੀ ਸੋਸ਼ਲਿਸਟ ਆਗੂ ਅਤੇ ਐਮ.ਪੀ. ਨਾਥ ਪਾਈ ਦੇ ਭਾਸ਼ਣ ਵੀ ਸੁਣਦਾ ਜੋ ਕਿਸੇ ਸਮੇਂ ਬਹੁਤ ਪ੍ਰੇਰਨਾਦਾਈ ਹਸਤੀ ਸੀ ਪਰ ਹੁਣ ਭੁਲਾ ਦਿੱਤਾ ਗਿਆ ਹੈ। ਆਵਾਡ 1970ਵਿਆਂ ਦੌਰਾਨ ਸਮਾਜਿਕ ਜਥੇਬੰਦੀ ਦਲਿਤ ਪੈਂਥਰਜ਼ ਤੇ ਉਸ ਸਮੇਂ ਮਰਾਠਵਾੜਾ ਯੂਨੀਵਰਸਿਟੀ ਨੂੰ ਡਾ. ਅੰਬੇਡਕਰ ਦਾ ਨਾਂ ਦੇਣ ਦੀ ਮੰਗ ਲਈ ਹੋਏ ਜ਼ੋਰਦਾਰ ਅੰਦੋਲਨ ਤੋਂ ਕਾਫੀ ਪ੍ਰਭਾਵਿਤ ਸੀ। ਇਸ ਅੰਦੋਲਨ ਬਾਰੇ ਉਸ ਨੇ ਲਿਖਿਆ ਹੈ: "ਜੇ ਇਕ ਦਿਨ ਯੂਨੀਵਰਸਿਟੀ ਦਾ ਨਾਂ ਬਦਲਣ ਦੇ ਹੱਕ 'ਚ ਮੋਰਚਾ ਨਿਕਲਦਾ ਤਾਂ ਦੂਜੇ ਦਿਨ ਖਿਲਾਫ ਨਿਕਲਦਾ। ਇਸ ਤਰ੍ਹਾਂ ਇਕ ਤੋਂ ਬਾਅਦ ਦੂਜੇ ਮੋਰਚਿਆਂ ਦੀ ਲੜੀ ਜਿਹੀ ਬਣ ਗਈ। ਸ਼ਿਵ ਸੈਨਾ ਵਲੋਂ ਨਾਂ ਬਦਲੀ (ਯੂਨੀਵਰਸਿਟੀ ਦਾ ਨਾਂ ਡਾ. ਅੰਬੇਡਕਰ ਦੇ ਨਾਂ 'ਤੇ ਰੱਖਣ) ਦਾ ਵਿਰੋਧ ਕੀਤਾ ਜਾ ਰਿਹਾ ਸੀ। ਸਾਰੇ ਲੋਕ, ਅਧਿਆਪਕ, ਵਿਦਿਆਰਥੀ, ਵਕੀਲ, ਡਾਕਟਰ ਤੋਂ ਲੈ ਕੇ ਪੇਂਡੂ ਤੱਕ ਇਕ ਜਾਂ ਦੂਜੀ ਧਿਰ 'ਚ ਵੰਡੇ ਗਏ ਸਨ।"

ਨਾਂ ਬਦਲੀ ਦੇ ਇਸ ਅੰਦੋਲਨ ਤੋਂ ਖਿਝ ਕੇ ਉਚੀਆਂ ਜਾਤਾਂ ਨੇ ਦਲਿਤਾਂ ਦਾ ਵਹਿਸ਼ੀਆਨਾ ਦਮਨ ਸ਼ੁਰੂ ਕਰ ਦਿੱਤਾ। ਆਵਾਡ ਲਿਖਦਾ ਹੈ, "ਮਹਾਰ ਗਿਣੇ-ਮਿਥੇ ਹਮਲਿਆਂ ਤੇ ਅੱਗਜ਼ਨੀ ਦਾ ਸ਼ਿਕਾਰ ਹੋਏ। ਮਰਾਠਵਾੜਾ ਦੇ 180 ਪਿੰਡਾਂ ਵਿਚ ਅਜਿਹੀ ਹਿੰਸਾ ਹੋਈ। ਦੰਗੇ-ਫਸਾਦ ਦਸ ਦਿਨ ਜਾਰੀ ਰਹੇ। ਅਠਾਰਾਂ ਥਾਈਂ ਪੁਲੀਸ ਨੇ ਗੋਲੀ ਚਲਾਈ। ਦਲਿਤਾਂ ਦੇ ਹਜ਼ਾਰ ਤੋਂ ਵੱਧ ਘਰ ਸਾੜ ਦਿੱਤੇ ਗਏ।" ਆਵਾਡ ਜੋ ਉਸ ਸਮੇਂ ਕਾਲਜ ਵਿਦਿਆਰਥੀ ਸੀ, ਇਸ ਟਕਰਾਅ ਤੋਂ ਬਹੁਤ ਦੁਖੀ ਹੋਇਆ। ਉਸ ਮੁਤਾਬਿਕ, "ਜਦੋਂ ਇਹ (ਦਲਿਤਾਂ ਖਿਲਾਫ ਹਿੰਸਾ ਦੀਆਂ) ਖਬਰਾਂ ਆਉਂਦੀਆਂ, ਮੈਂ ਬੇਚੈਨ ਹੋ ਜਾਂਦਾ; ਮੇਰਾ ਦਿਲ ਗੁੱਸੇ ਨਾਲ ਭਰ ਜਾਂਦਾ।"

ਗ਼ਰੀਬੀ ਅਤੇ ਜਾਤੀਵਾਦੀ ਵਿਤਕਰੇ ਖਿਲਾਫ ਆਪਣੀ ਮੁੱਢਲੀ ਜੱਦੋਜਹਿਦ ਦਾ ਜ਼ਿਕਰ ਕਰਦਿਆਂ ਆਵਾਡ ਕਹਿੰਦਾ ਹੈ: "ਥੁੜ੍ਹਾਂ-ਤੰਗੀਆਂ 'ਚ ਕੋਈ ਖੁਸ਼ੀ ਨਹੀਂ ਹੋ ਸਕਦੀ। ਜੇ ਤੁਹਾਨੂੰ ਸਾਰੀ ਜ਼ਿੰਦਗੀ ਬੇਇਜ਼ਤੀ ਤੇ ਅਪਮਾਨ ਦਾ ਸ਼ਿਕਾਰ ਹੋਣਾ ਪਵੇ ਤਾਂ ਇਹ ਜ਼ਿੰਦਗੀ ਆਨੰਦਮਈ ਨਹੀਂ ਹੋਵੇਗੀ ਪਰ ਜਦੋਂ ਕੋਈ ਇਨਸਾਨ ਜ਼ਿੰਦਗੀ ਦੇ ਹਾਲਾਤ ਖਿਲਾਫ ਲੜਦਾ ਹੈ, ਬੇਇਨਸਾਫੀ ਖਿਲਾਫ ਖੜ੍ਹਾ ਹੁੰਦਾ ਹੈ ਤਾਂ ਜ਼ਿੰਦਗੀ ਨਿਵੇਕਲਾ ਜੋਸ਼ ਦਿੰਦੀ ਹੈ। ਮੇਰਾ ਤਜਰਬਾ ਹੈ ਕਿ ਸੰਘਰਸ਼ ਨੇ ਹੀ ਮੈਨੂੰ ਰਾਹ ਦਿਖਾਇਆ ਤੇ ਇਸ ਨਾਲ ਮੈਨੂੰ ਆਪਣਾ ਰੋਹ ਤੇ ਗੁੱਸਾ ਸ਼ਾਂਤ ਕਰਨ ਦਾ ਮੌਕਾ ਮਿਲਿਆ। ਇੰਜ ਇਹ ਇਕ ਤਰ੍ਹਾਂ ਮੇਰੀ ਆਦਤ ਹੀ ਬਣ ਗਈ।" ਸੱਤਰਵਿਆਂ ਤੇ ਅੱਸੀਵਿਆਂ ਦੇ ਮਹਾਂਰਾਸ਼ਟਰ ਬਾਰੇ ਆਵਾਡ ਲਿਖਦਾ ਹੈ: "ਉਸ ਵੇਲੇ, ਦੋਵਾਂ ਸ਼ਿਵ ਸੈਨਾ ਤੇ ਕਾਂਗਰਸ ਪਾਰਟੀ ਦਾ ਦਲਿਤਾਂ ਪ੍ਰਤੀ ਜ਼ਹਿਰੀ ਰਵੱਈਆ ਸੀ... ਸ਼ਿਵ ਸੈਨਾ ਨੂੰ ਮੁੰਬਈ ਆਧਾਰਿਤ ਪਾਰਟੀ ਵਜੋਂ ਦੇਖਿਆ ਜਾਂਦਾ ਸੀ ਜਿਹੜੀ ਮਰਾਠੀ ਲੋਕਾਂ ਦੇ ਹੱਕਾਂ ਲਈ ਲੜ ਰਹੀ ਸੀ। ਪਿੰਡਾਂ ਵਿਚ ਇਸ ਦੀ ਦਿੱਖ ਉਚੀਆਂ ਜਾਤਾਂ ਦੀ ਪਾਰਟੀ ਵਾਲੀ ਸੀ ਜਿਹੜੀ ਹਿੰਦੂ ਜਾਤੀਵਾਦੀ ਉਚਤਾ ਦੀ ਰਾਖੀ ਕਰਦੀ ਸੀ।"

ਪਹਿਲਾਂ ਬੀ.ਏ. ਅਤੇ ਫਿਰ ਸਮਾਜਿਕ ਕਾਰਜ ਦੀ ਐਮ.ਏ. ਕਰਨ ਤੋਂ ਬਾਅਦ ਏਕਨਾਥ ਆਵਾਡ ਨੇ ਉਚ-ਜਾਤੀ ਆਦਰਸ਼ਵਾਦੀ ਜੋੜੇ ਨਾਲ ਕੰਮ ਕਰਨਾ ਸ਼ੁਰੂ ਕੀਤਾ। ਇਹ ਜੋੜਾ ਆਪਣੀ ਸੋਸ਼ਲਿਸਟ ਸੋਚ ਸਦਕਾ ਆਦਿਵਾਸੀਆਂ ਲਈ ਕੰਮ ਕਰਨਾ ਚਾਹੁੰਦਾ ਸੀ, ਕਿਉਂਕਿ ਆਦਿਵਾਸੀ ਵਰਗ ਉਦੋਂ (ਹੁਣ ਵਾਂਗ ਹੀ) ਭਾਰਤੀ ਸਮਾਜ ਦਾ ਸਭ ਤੋਂ ਵੱਧ ਸੋਸ਼ਿਤ ਤਬਕਾ ਸੀ। ਆਪਣੇ ਤਜਰਬੇ ਦੇ ਆਧਾਰ 'ਤੇ ਆਵਾਡ ਲਿਖਦਾ ਹੈ: "ਕਬਾਇਲੀ ਕਾਫੀ ਜ਼ੁਲਮ-ਜਬਰ ਬਰਦਾਸ਼ਤ ਕਰ ਸਕਦੇ ਹਨ ਪਰ ਦਲਿਤ ਕਾਫੀ ਸੰਘਰਸ਼ ਕਰ ਸਕਦੇ ਹਨ।" ਉਹ ਜ਼ੋਰ ਦੇ ਕੇ ਆਖਦਾ ਹੈ, "ਕਿਸੇ ਵੀ ਸਮਾਜਿਕ ਅੰਦੋਲਨ ਜਾਂ ਇਨਕਲਾਬ ਵਿਚ ਆਦਿਵਾਸੀ ਕਿਸੇ ਹੋਰ ਭਾਈਚਾਰੇ ਜਾਂ ਆਗੂ ਦੇ ਮਹਿਜ਼ ਪੈਰੋਕਾਰਾਂ ਵਜੋਂ ਹੀ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਦਾ ਕਦੇ ਆਪਣਾ ਕੋਈ ਆਗੂ ਨਹੀਂ ਹੋਇਆ। ਅੱਜ ਤੱਕ ਵੀ, ਕਬਾਇਲੀਆਂ ਦੇ ਬੜੇ ਘੱਟ ਆਪਣੇ ਆਗੂ ਹਨ।" ਮਹਾਂਰਾਸ਼ਟਰ ਭਰ ਵਿਚ ਆਪਣੇ ਦੌਰਿਆਂ ਦੌਰਾਨ, ਆਵਾਡ ਨੂੰ ਵਾਰ-ਵਾਰ ਆਪਣੇ ਬਚਪਨ ਦੇ ਇਸ ਤਜਰਬੇ ਦੀ ਪੁਸ਼ਟੀ ਹੋਈ ਕਿ ਉਸ ਦੇ ਆਪਣੇ ਮਾਂਗ ਭਾਈਚਾਰੇ ਦੇ ਲੋਕ ਅੰਬੇਡਕਰ ਦੇ ਮਹਾਰਾਂ ਦੇ ਮੁਕਾਬਲੇ ਕਿਤੇ ਵੱਧ ਅਧੀਨਗੀ ਪਸੰਦ ਸਨ।

ਉਸ ਨੇ ਉਨ੍ਹਾਂ ਨੂੰ ਇਸ ਅਧੀਨਗੀ ਵਿਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਅਤੇ ਮਾਂਗ ਲੋਕਾਂ ਨੂੰ ਆਪਣੇ ਰਵਾਇਤੀ ਜਾਤ ਆਧਾਰਿਤ ਕੰਮ ਛੱਡਣ ਤੇ ਸਿੱਖਿਅਤ ਹੋਣ ਲਈ ਪ੍ਰੇਰਿਆ। ਉਸ ਦੀ ਇਹ ਸਵੈਜੀਵਨੀ ਅਜਿਹੇ ਅਨੇਕਾਂ ਸੰਘਰਸ਼ਾਂ ਦਾ ਵੇਰਵਾ ਦਿੰਦਾ ਹੈ ਜਿਨ੍ਹਾਂ ਵਿਚ ਉਸ ਨੇ ਸ਼ਿਰਕਤ ਕੀਤੀ- ਕੁਝ ਅੰਦੋਲਨ ਸਫਲ ਰਹੇ, ਕੁਝ ਨਹੀਂ। ਆਪਣੇ ਇਸ ਸੰਘਰਸ਼ਮਈ ਪੈਂਡੇ ਨੂੰ ਤਨਜ਼ੀਆ ਢੰਗ ਨਾਲ ਚੇਤੇ ਕਰਦਾ ਉਹ ਕਹਿੰਦਾ ਹੈ, "ਮੈਂ ਮੋਰਚਿਆਂ, ਅੰਦੋਲਨਾਂ ਵਿਚ ਗਲ-ਗਲ ਤੱਕ ਡੁੱਬਾ ਸਾਂ। ਥਾਣਿਆਂ ਤੇ ਸਰਕਾਰੀ ਦਫਤਰਾਂ ਵਿਚ ਆਮ ਆਉਣਾ-ਜਾਣਾ ਰਹਿੰਦਾ ਸੀ।" ਉਸ ਨੇ ਇਹ ਗੱਲ ਜਾਤੀਵਾਦੀ ਜ਼ੁਲਮਾਂ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਕੀਤੇ ਸੰਘਰਸ਼ ਤੋਂ ਬਾਅਦ ਕਹੀ। ਉਹ ਕਹਿੰਦਾ ਹੈ ਕਿ ਉਸ ਦੇ 'ਹਰ ਪਿੰਡ ਵਿਚ ਦੁਸ਼ਮਣ ਸਨ ਅਤੇ ਜਾਨ ਦਾ ਖਤਰਾ ਬਣਿਆ ਰਹਿੰਦਾ' ਸੀ।

ਏਕਨਾਥ ਆਵਾਡ ਦੀ ਸਵੈਜੀਵਨੀ ਦੇ ਅੰਗਰੇਜ਼ੀ ਅਨੁਵਾਦ ਦਾ ਸਿਰਲੇਖ 'ਸਟਰਾਈਕ ਏ ਬਲੋਅ ਟੂ ਚੇਂਜ ਦਿ ਵਰਲਡ' ਹੈ। ਇਹ ਵਧੀਆ ਸਾਹਿਤਕ ਤੇ ਸਮਾਜ ਸ਼ਾਸਤਰੀ ਲਿਖਤ ਹੈ। ਇਸ ਵਿਚ ਉਸ ਦੇ ਸਾਥੀ ਸੰਘਰਸ਼ਸ਼ੀਲ ਕਾਰਕੁਨਾਂ ਤੇ ਪਰਿਵਾਰਕ ਜੀਆਂ (ਖਾਸਕਰ ਉਸ ਦੀ ਪਤਨੀ) ਦੇ ਵਧੀਆ ਰੇਖਾ ਚਿੱਤਰ ਹਨ ਤੇ ਨਾਲ ਹੀ ਉਨ੍ਹਾਂ ਤਾਕਤਾਂ ਬਾਰੇ ਵੀ ਤਿੱਖੇ ਵਿਸ਼ਲੇਸ਼ਣ ਹਨ ਜਿਹੜੀਆਂ ਸਮਾਜਿਕ ਨਿਆਂ ਦੇ ਅੰਦੋਲਨ ਦੇ ਰਾਹ ਵਿਚ ਅੜਿੱਕਾ ਬਣਦੀਆਂ ਹਨ ਜਾਂ ਇਸ ਨੂੰ ਹੁਲਾਰਾ ਦਿੰਦੀਆਂ ਹਨ। ਉਹ ਲਿਖਦਾ ਹੈ: "ਦਲਿਤਾਂ ਨੂੰ ਮਹਿਜ਼ ਖਾਣਾ ਖੁਆਉਣ ਜਾਂ ਕੁਝ ਪੱਕੇ ਮਕਾਨ ਦੇਣ ਨਾਲ ਛੂਤ-ਛਾਤ ਦੀ ਸਮੱਸਿਆ ਨਹੀਂ ਮੁੱਕ ਸਕਦੀ। ਉਨ੍ਹਾਂ ਵਿਚ ਸਵੈਮਾਣ ਦੀ ਭਾਵਨਾ ਜਗਾਉਣਾ ਇਸ ਤੋਂ ਜ਼ਿਆਦਾ ਜ਼ਰੂਰੀ ਹੈ।" ਇਸੇ ਤਰ੍ਹਾਂ ਮਜ਼ਦੂਰਾਂ ਦੇ ਠੇਕੇਦਾਰੀ ਕਰਨ ਵਾਲੇ ਮਾਂਗ ਭਾਈਚਾਰੇ ਦੇ ਕਿਸੇ ਵਿਅਕਤੀ ਵਲੋਂ ਖਾਹਮਖਾਹ ਹੰਕਾਰ ਦਿਖਾਏ ਜਾਣ 'ਤੇ ਉਹ ਲਿਖਦਾ ਹੈ: "ਕਿਸੇ ਬੰਦੇ ਦਾ ਜਾਤੀ ਰੁਤਬਾ ਜੋ ਵੀ ਹੋਵੇ, ਜਿਉਂ ਹੀ ਉਸ ਨੂੰ ਰਤਾ ਤਾਕਤ ਮਿਲਦੀ ਹੈ, ਭਾਵੇਂ ਕਿਸੇ ਗਰੀਬ ਮਜ਼ਦੂਰ 'ਤੇ ਹੀ ਮਿਲੀ ਹੋਵੇ, ਉਹ ਮਗਰੂਰ ਬਣ ਜਾਂਦਾ ਹੈ।"

ਆਪਣੇ ਸੰਘਰਸ਼ ਦੀ ਸ਼ੁਰੂਆਤ ਬਾਰੇ ਉਹ ਲਿਖਦਾ ਹੈ: "ਮਾਂਗ ਭਾਈਚਾਰੇ ਦਾ ਹੋਣ ਕਾਰਨ ਮੁੱਖ ਦਲਿਤ ਪਾਰਟੀਆਂ ਮੇਰੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀਆਂ। ਜਿਵੇਂ ਬਾਬਾ ਸਾਹਿਬ ਦਾ ਨਾਂ ਵਰਤਣ ਦਾ ਹੱਕ ਕਿਸੇ ਇਕ ਜਾਤ ਨੂੰ ਹੀ ਹੋਵੇ। ਮੈਨੂੰ ਇਹ ਠੀਕ ਨਹੀਂ ਲੱਗਦਾ ਕਿ ਅਸੀਂ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਜਾਤੀਵਾਦੀ ਵਲਗਣਾਂ ਵਿਚ ਬੰਦ ਕਰੀਏ।" ਇਸ ਤਰ੍ਹਾਂ ਆਵਾਡ ਨੇ ਬੀ.ਆਰ. ਅੰਬੇਡਕਰ ਦੀਆਂ ਪ੍ਰਾਪਤੀਆਂ ਨੂੰ ਬਣਦੀ ਮਾਨਤਾ ਦਿਵਾਉਣ ਲਈ ਖੁਦ ਅਹਿਮ ਕਿਰਦਾਰ ਨਿਭਾਇਆ, ਉਨ੍ਹਾਂ ਨੂੰ ਮਹਾਰਾਂ ਵਾਂਗ ਹੀ ਮਾਂਗਾਂ ਲਈ ਤੇ ਨਾਲ ਹੀ ਉਚੀ ਜਾਤ ਦੇ ਵੱਖ-ਵੱਖ ਵਿਅਕਤੀਆਂ ਲਈ ਪ੍ਰੇਰਨਾ ਦਾ ਪ੍ਰਤੀਕ ਬਣਾਇਆ।

ਸੱਤਰਵਿਆਂ ਦੌਰਾਨ ਜਦੋਂ ਏਕਨਾਥ ਆਵਾਡ ਨੌਜਵਾਨ ਹੀ ਸੀ ਤਾਂ ਮਰਾਠਵਾੜਾ ਦੀਆਂ ਉਚੀਆਂ ਜਾਤਾਂ ਯੂਨੀਵਰਸਿਟੀ ਦਾ ਨਾਂ ਡਾ. ਅੰਬੇਡਕਰ ਦੇ ਨਾਂ 'ਤੇ ਰੱਖਣ ਦਾ ਹਿੰਸਕ ਵਿਰੋਧ ਕਰ ਰਹੀਆਂ ਸਨ। ਇਸ ਤੋਂ ਬਹੁਤ ਸਾਲਾਂ ਬਾਅਦ ਆਵਾਡ ਨੇ ਡਾ. ਅੰਬੇਡਕਰ ਦੀ ਪਤਨੀ ਰਮਾਬਾਈ ਦੇ ਨਾਂ 'ਤੇ ਸਹਿਕਾਰੀ ਸਭਾ ਬਣਾਈ ਤੇ ਕਾਮਯਾਬੀ ਨਾਲ ਚਲਾਈ। ਵੱਖ-ਵੱਖ ਜਾਤਾਂ ਦੀਆਂ ਔਰਤਾਂ ਦੀ ਮੈਂਬਰੀ ਵਾਲੀ ਇਹ ਸੁਸਾਇਟੀ ਮਛੇਰਿਆਂ, ਪਸ਼ੂ ਪਾਲਕਾਂ ਅਤੇ ਅਜਿਹੇ ਹੋਰ ਕਿਰਤੀਆਂ ਨੂੰ ਦਲਾਲਾਂ ਦੀ ਲੁੱਟ ਤੋਂ ਬਚਾ ਕੇ ਉਨ੍ਹਾਂ ਦੀ ਜਿਣਸ ਦਾ ਵਾਜਬ ਮੁੱਲ ਦਿਵਾਉਂਦੀ।

ਇਸ 'ਤੇ ਮਾਣ ਕਰਦਾ ਹੋਇਆ ਆਵਾਡ ਲਿਖਦਾ ਹੈ: "ਇਥੋਂ ਤੱਕ ਜਿਹੜੇ ਪੇਂਡੂ ਲੋਕ ਇਸ ਕਾਰਨ ਮੇਰਾ ਵਿਰੋਧ ਕਰਦੇ ਸਨ ਕਿ ਮੈਂ ਮਰਾਠਵਾੜਾ ਯੂਨੀਵਰਸਿਟੀ ਦੀ ਨਾਂ ਬਦਲੀ ਦਾ ਹਮਾਇਤੀ ਸਾਂ, ਉਹ ਵੀ ਬਾਬਾ ਸਾਹਿਬ ਦੀ ਪਤਨੀ ਦੇ ਨਾਂ ਵਾਲੀ ਇਸ ਸੁਸਾਇਟੀ ਦੇ ਮੈਂਬਰ ਸਨ। ਹੋਰ ਮੈਂ ਕੀ ਚਾਹ ਸਕਦਾ ਸਾਂ? ਇਸ ਸਮਾਜਿਕ ਤੌਰ 'ਤੇ ਪਛੜੇ ਜ਼ਿਲ੍ਹੇ ਵਿਚ ਹੁਣ ਉਚੀਆਂ ਜਾਤਾਂ ਵਾਲੇ ਵੀ ਬਾਬਾ ਸਾਹਿਬ ਦਾ ਜਨਮ ਦਿਨ ਮਨਾਉਂਦੇ ਹਨ। ਕੌਣ ਅਜਿਹਾ ਸੁਪਨਾ ਤੱਕ ਦੇਖ ਸਕਦਾ ਸੀ? ਪਰ ਹੁਣ ਇਹ ਸਾਲਾਨਾ ਸਮਾਗਮ ਬਣ ਚੁੱਕਾ ਹੈ।"

ਡਾ. ਬੀ.ਆਰ. ਅੰਬੇਡਕਰ ਛੇ ਦਹਾਕੇ ਪਹਿਲਾਂ ਚਲਾਣਾ ਕਰ ਗਏ ਸਨ ਪਰ ਉਹ ਅੱਜ ਵੀ ਭਾਰਤ ਭਰ ਦੇ ਦਲਿਤਾਂ ਨੂੰ ਸਿੱਖਿਅਤ ਹੋਣ, ਜਥੇਬੰਦ ਹੋਣ ਤੇ ਸੰਘਰਸ਼ ਕਰਨ ਅਤੇ ਨਾਲ ਹੀ ਆਪਣੇ ਨਾਲ ਹੁੰਦੇ ਜਾਤੀਵਾਦੀ ਵਿਤਕਰੇ ਦਾ ਟਾਕਰਾ ਕਰਨ ਅਤੇ ਇਸ ਤੋਂ ਪਾਰ ਪਾਉਣ ਲਈ ਪ੍ਰੇਰਿਤ ਕਰਦੇ ਹਨ। ਇਸ ਤੋਂ ਵੀ ਵੱਡੀ ਗੱਲ ਇਹ ਕਿ ਸ਼ਾਇਦ ਅੱਜ ਉਚੀਆਂ ਜਾਤਾਂ ਵਿਚ ਵੀ ਅੰਬੇਡਕਰ ਦੇ ਨਾਂ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਪ੍ਰਤੀ ਸਤਿਕਾਰ ਹੈ। ਇਹ ਸਤਿਕਾਰ ਸ਼ਾਇਦ ਕਾਫੀ ਦੇਰ ਬਾਅਦ ਆਇਆ ਹੈ ਤੇ ਜਿਸ 'ਤੇ ਕਿੰਤੂ-ਪ੍ਰੰਤੂ ਵੀ ਹੈ ਪਰ ਇਸ ਨੂੰ ਹੋਰ ਰੋਕਿਆ ਨਹੀਂ ਸੀ ਜਾ ਸਕਦਾ।

ਆਪਣੀ ਮੌਤ ਤੋਂ ਇੰਨੇ ਸਾਲਾਂ ਬਾਅਦ ਵੀ ਡਾ. ਅੰਬੇਡਕਰ ਦਲਿਤਾਂ ਲਈ ਇਖਲਾਕੀ, ਸਿਆਸੀ ਤੇ ਬੌਧਿਕ ਅਗਵਾਈ ਲਈ ਸੇਧਗਾਰ ਬਣੇ ਹੋਏ ਹਨ। ਅਫਸੋਸ, ਆਦਿਵਾਸੀਆਂ ਕੋਲ ਅਜਿਹਾ ਕੋਈ ਆਗੂ ਨਹੀਂ ਹੈ ਜਿਹੜਾ ਉਨ੍ਹਾਂ ਨੂੰ ਪ੍ਰੇਰਿਤ ਕਰ ਸਕੇ ਅਤੇ ਇਜ਼ਤ-ਅਣਖ ਤੇ ਸਵੈ-ਮਾਣ ਦੇ ਸੰਘਰਸ਼ ਵਿਚ ਉਨ੍ਹਾਂ ਨੂੰ ਸੇਧ ਦੇ ਸਕੇ।

# ਅਡੋਲ ਕਸ਼ਮੀਰੀ ਪ੍ਰੋਫੈਸਰ ਦੀ ਕਹਾਣੀ, ਉਸ ਦੀ ਜ਼ਬਾਨੀ

*ਪ੍ਰੋਫੈਸਰ ਸਈਦ ਆਰਿਫ ਰਹਿਮਾਨ ਗਿਲਾਨੀ 17 ਅਕਤੂਬਰ 2019 ਨੂੰ 50 ਸਾਲ ਦੀ ਉਮਰ ਵਿਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੂੰ ਭਾਰਤੀ ਪਾਰਲੀਮੈਂਟ ਉਪਰ ਕਥਿਤ ਹਮਲੇ ਦੇ ਮਾਮਲੇ ਵਿਚ ਗ੍ਰਿਫਤਾਰ ਕਰਕੇ ਵਹਿਸ਼ੀ ਤਸੀਹੇ ਦਿੱਤੇ ਗਏ। ਝੂਠੇ ਸਬੂਤਾਂ ਦੇ ਆਧਾਰ 'ਤੇ ਹੀ ਸੈਸ਼ਨ ਕੋਰਟ ਨੇ ਮੌਤ ਦੀ ਸਜ਼ਾ ਸੁਣਾ ਦਿੱਤੀ, ਪਰ ਹਾਈਕੋਰਟ ਵਿਚੋਂ ਉਹ ਬਰੀ ਹੋ ਗਏ। ਇਸ ਦੌਰਾਨ ਉਨ੍ਹਾਂ ਨੇ 22 ਮਹੀਨੇ ਜੇਲ੍ਹ ਵਿਚ ਮੌਤ ਦੇ ਸਾਏ ਹੇਠ ਗੁਜ਼ਾਰੇ। ਇਹ ਭਾਰਤ ਵਿਚ ਕਸ਼ਮੀਰੀ ਅਤੇ ਮੁਸਲਮਾਨ ਹੋਣ ਦੀ ਕੀਮਤ ਸੀ। 2005 ਵਿਚ ਪੁਲਿਸ ਨੇ ਉਨ੍ਹਾਂ ਦਾ ਕਤਲ ਕਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਸਮੇਂ ਸਿਰ ਇਲਾਜ ਨਾਲ ਉਨ੍ਹਾਂ ਦੀ ਜਾਨ ਬਚ ਗਈ। ਫਰਵਰੀ 2016 ਵਿਚ ਅਫਜ਼ਲ ਗੁਰੂ ਦੀ ਬਰਸੀ 'ਤੇ ਪ੍ਰੈਸ ਕਲੱਬ ਆਫ ਇੰਡੀਆ ਵਿਚ ਇਕੱਠ ਨੂੰ ਸੰਬੋਧਨ ਕਰਨ 'ਤੇ ਉਨ੍ਹਾਂ ਨੂੰ ਰਾਜਧ੍ਰੋਹ ਦੇ ਕੇਸ ਵਿਚ ਮੁੜ ਗ੍ਰਿਫਤਾਰ ਕਰ ਲਿਆ। ਨੌਕਰੀ ਤੋਂ ਵੀ ਮੁਅੱਤਲ ਕਰ ਦਿੱਤਾ। ਉਹ ਸਿਆਸੀ ਕੈਦੀਆਂ ਦੀ ਰਿਹਾਈ ਲਈ ਕਮੇਟੀ ਦੇ ਪ੍ਰਧਾਨ ਸਨ ਅਤੇ ਹਮੇਸ਼ਾ ਜਮਹੂਰੀ ਹੱਕਾਂ ਦੀ ਰਾਖੀ ਲਈ ਧੜੱਲੇ ਨਾਲ ਆਵਾਜ਼ ਉਠਾਉਣ ਵਾਲੀ ਅਜ਼ੀਮ ਬੇਖੌਫ ਸ਼ਖਸੀਅਤ ਸਨ। ਕਸ਼ਮੀਰ ਦੇ ਤਾਜ਼ਾ ਹਾਲਾਤ ਨੂੰ ਲੈ ਕੇ ਉਹ ਕਾਫੀ ਮਾਨਸਿਕ ਤਣਾਓ ਵਿਚ ਸਨ। ਸੀਨੀਅਰ ਐਡਵੋਕੇਟ ਨਿੱਤਿਆ ਰਾਮਾਕ੍ਰਿਸ਼ਨਨ ਅਤੇ ਸ਼੍ਰੀਮੋਈ ਨੰਦਿਨੀ ਘੋਸ਼ ਨੇ ਪ੍ਰੋ. ਗਿਲਾਨੀ ਨਾਲ ਇੰਟਰਵਿਊ ਕੀਤੀ ਸੀ, ਜਿਸ ਵਿਚ ਉਨ੍ਹਾਂ ਨੇ ਆਪਣੀ ਗ੍ਰਿਫਤਾਰੀ, ਗੈਰ-ਕਾਨੂੰਨੀ ਹਿਰਾਸਤ ਅਤੇ ਜੇਲ੍ਹਬੰਦੀ ਦੇ ਹਾਲਾਤ ਬਿਆਨ ਕੀਤੇ ਸਨ। ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਇਸ ਇੰਟਰਵਿਊ ਦਾ ਅਨੁਵਾਦ ਛਾਪਿਆ ਜਾ ਰਿਹਾ ਹੈ, ਜਿਸ ਦਾ ਅਨੁਵਾਦ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਪੇਸ਼ ਹੈ, ਦੋ ਕਿਸ਼ਤਾਂ ਵਿਚ ਛਾਪੀ ਜਾ ਰਹੀ ਇਸ ਇੰਟਰਵਿਊ ਦੀ ਪਹਿਲੀ ਕਿਸ਼ਤ। -ਸੰਪਾਦਕ*

**ਐਸ.ਏ.ਆਰ. ਗਿਲਾਨੀ:** ਮੇਰੇ ਕੇਸ ਦੀ ਬਹਿਸ ਸਮੇਂ ਤਸ਼ੱਦਦ ਦੀ ਚਰਚਾ ਹੋਈ ਸੀ। ਉਹ ਕਹਿੰਦੇ ਇਹ ਤਾਂ ਆਮ ਗੱਲ ਹੈ, ਅਸੀਂ ਕੀ ਕਰ ਸਕਦੇ ਹਾਂ। ਜੇ ਸੁਪਰੀਮ ਕੋਰਟ ਕੁਛ ਨਹੀਂ ਕਰ ਸਕਦੀ, ਹੋਰ ਕੌਣ ਕਰੇਗਾ? ਮੈਜਿਸਟ੍ਰੇਟ ਮੇਰੀ ਪਤਨੀ ਅਤੇ ਬੱਚਿਆਂ ਦੀ ਗ਼ੈਰਕਾਨੂੰਨੀ ਹਿਰਾਸਤ ਬਾਰੇ ਜਾਣਦਾ ਸੀ। ਇਹ ਪੁਲਿਸ ਦੀ ਆਹਲਾ ਕਮਾਨ ਦੀ ਸਹਿਮਤੀ ਨਾਲ ਹੁੰਦਾ ਹੈ। ਹਰ ਮੁਕਾਬਲੇ ਤੋਂ ਬਾਦ ਸ਼ਾਮਲ ਪੁਲਸੀਆਂ ਨੂੰ ਤਰੱਕੀ ਦਿੱਤੀ ਜਾਂਦੀ ਹੈ। ਰਾਜਬੀਰ (ਪਾਰਲੀਮੈਂਟ ਉਪਰ ਹਮਲੇ ਦੀ ਤਫਤੀਸ਼ ਕਰਨ ਵਾਲਾ ਅਸਿਸਟੈਂਟ ਕਮਿਸ਼ਨਰ ਆਫ ਪੁਲਿਸ-ਏ.ਸੀ.ਪੀ.) ਨੇ ਮੀਡੀਆ ਵਿਚ ਜਾ ਕੇ ਇਕ ਹਫਤੇ ਵਿਚ ਕੇਸ ਹੱਲ ਕਰ ਲੈਣ ਦੀ ਸ਼ੇਖੀ ਮਾਰੀ, ਉਸ ਨੂੰ ਵੀ ਤਰੱਕੀ ਦਿੱਤੀ ਗਈ।

**ਹਾਈਕੋਰਟ ਨੇ ਮੰਨਿਆ ਕਿ ਪੁਲਿਸ ਵੱਲੋਂ ਤੁਹਾਡੇ ਖਿਲਾਫ ਪੇਸ਼ ਕੀਤੇ ਸਬੂਤ ਮਨਘੜਤ ਹਨ ਲੇਕਿਨ ਸੁਪਰੀਮ ਕੋਰਟ ਮੁੱਦੇ ਦੀ ਤਹਿ ਵਿਚ ਨਹੀਂ ਗਈ। ਕੀ ਅਸੀਂ 15 ਦਸੰਬਰ 2001 ਨੂੰ ਤੁਹਾਡੀ ਗ੍ਰਿਫਤਾਰੀ ਤੋਂ ਗੱਲ ਸ਼ੁਰੂ ਕਰ ਸਕਦੇ ਹਾਂ?**

-ਨਹੀਂ, ਉਨ੍ਹਾਂ ਨੇ ਮੈਨੂੰ 14 ਤਾਰੀਕ ਨੂੰ ਬੱਸ ਵਿਚੋਂ ਚੁੱਕਿਆ, ਜਦਕਿ ਪੁਲਿਸ 15 ਤਰੀਕ ਦੱਸ ਕੇ ਝੂਠ ਬੋਲਦੇ ਰਹੇ।

**ਫਿਰ ਉਹ ਤੁਹਾਨੂੰ ਕਿਹੜੇ ਥਾਣੇ ਲੈ ਕੇ ਗਏ?**

-(ਹੱਸਦਾ ਹੈ) ਨਹੀਂ, ਉਹ ਥਾਣਾ ਨਹੀਂ ਸੀ। ਮੈਨੂੰ ਗੁੜਗਾਓਂ ਲਾਗੇ ਰਾਜੋਕਰੀ ਰੋਡ ਦੇ ਇਕ ਫਾਰਮ ਹਾਊਸ ਵਿਚ ਲਿਜਾਇਆ ਗਿਆ ਸੀ। ਉਥੇ ਬਹੁਤ ਸਾਰੇ ਆਲੀਸ਼ਾਨ ਫਾਰਮ ਹਨ। ਉਦੋਂ ਮੈਨੂੰ ਪਤਾ ਨਹੀਂ ਸੀ। ਮੇਰੀਆਂ ਅੱਖਾਂ ਬੰਨ੍ਹ ਕੇ ਲੈ ਕੇ ਗਏ ਸਨ ਲੇਕਿਨ ਪਿੱਛੇ ਜਿਹੇ ਮੈਨੂੰ ਕਸ਼ਮੀਰ ਬਾਰੇ ਇਕ ਵੱਡੀ ਕਾਨਫਰੰਸ ਵਿਚ ਸੱਦਿਆ ਗਿਆ ਜਿਸ ਵਿਚ ਪਾਕਿਸਤਾਨ ਅਤੇ ਭਾਰਤ ਤੋਂ ਲੋਕ ਸ਼ਾਮਲ ਹੋਏ। ਇਹ ਪੰਜ ਤਾਰਾ ਰਿਜ਼ੌਰਟ- ਅਸ਼ੋਕਾ ਕੰਟਰੀ ਰਿਜ਼ੌਰਟ ਵਿਚ ਹੋਈ ਸੀ। ... ਸੱਦਾ ਪੱਤਰ ਦੇਖ ਕੇ ਮੈਨੂੰ ਚੇਤੇ ਆਇਆ ਕਿ ਜਦੋਂ ਉਨ੍ਹਾਂ ਨੇ ਤਸ਼ੱਦਦ ਦੀ ਪਹਿਲੀ ਝੁੱਟੀ ਖਤਮ ਕੀਤੀ, ਉਨ੍ਹਾਂ ਨੇ ਟੈਲੀਫੋਨ ਕਰਕੇ ਚਾਹ ਮੰਗਵਾਈ ਸੀ। ਮੈਨੂੰ ਵੀ ਥੋੜ੍ਹੀ ਚਾਹ ਅਤੇ ਸਿਗਰਟ ਦਿੱਤੀ ਗਈ। ਸ਼ੂਗਰ ਦੀਆਂ ਪੁੜੀਆਂ ਉਪਰ ਅਸ਼ੋਕਾ ਕੰਟਰੀ ਰਿਜ਼ੌਰਟ ਛਪਿਆ ਹੋਇਆ ਸੀ। ਪੁੱਛਗਿੱਛ ਕੇਂਦਰ ਉਥੇ ਕਿਤੇ ਨੇੜੇ ਹੀ ਸੀ। ਉਥੇ ਮੁੜ ਜਾ ਕੇ ਅਜੀਬ ਮਹਿਸੂਸ ਹੋਇਆ।

**ਤੁਸੀਂ ਮੁੜ ਉਥੇ ਗਏ?**

-ਹਾਂ, ਮੈਂ ਉਥੇ ਕਾਨਫਰੰਸ ਦੇ ਸਿਲਸਿਲੇ ਵਿਚ ਚਾਰ ਦਿਨ ਰਿਹਾ। ਇਹ ਆਲੀਸ਼ਾਨ ਪੰਜ-ਤਾਰਾ ਰਿਜ਼ੌਰਟ ਹੈ। ਫਾਰਮ ਹਾਊਸ ਇਸ ਦੇ ਲਾਗੇ ਹੀ ਸੀ। ਇਹ ਆਈ.ਬੀ. (ਇੰਟੈਲੀਜੈਂਸ ਬਿਊਰੋ) ਦਾ ਖੁਫੀਆ ਅੱਡਾ ਸੀ।

**ਖੁਫੀਆ ਅੱਡਾ?**

-ਉਨ੍ਹਾਂ ਕੋਲ ਐਸੇ ਬਹੁਤ ਸਾਰੇ ਅੱਡੇ ਹਨ। ਵਸੰਤ ਕੁੰਜ ਵਿਚ ਕਈ ਫਲੈਟ, ਕਈ ਐਸੇ ਫਾਰਮ ਹਾਊਸ ਹਨ ਜਿਥੇ ਲੋਕਾਂ ਨੂੰ ਮਹੀਨਿਆਂ ਤਕ ਬੰਦ ਰੱਖਿਆ ਜਾਂਦਾ ਹੈ। ਉਨ੍ਹਾਂ ਨੂੰ ਨੇਪਾਲ, ਪਾਕਿਸਤਾਨ ਤੋਂ ਅਗਵਾ ਕਰਕੇ ਲਿਆਇਆ ਜਾਂਦਾ ਹੈ। ਅਫਗਾਨਿਸਤਾਨ ਤੋਂ ਕੁਝ ਲੋਕਾਂ ਨੂੰ ਹਵਾਈ ਜਹਾਜ਼ ਰਾਹੀਂ ਲਿਆਂਦਾ ਗਿਆ। ਅੱਗੇ ਤੁਸੀਂ ਜਾਣਦੇ ਹੀ ਹੋ ਜਦੋਂ 26 ਜਨਵਰੀ ਜਾਂ 15 ਅਗਸਤ ਤੋਂ ਪਹਿਲਾਂ, ਜਾਂ ਜਦੋਂ ਕੋਈ ਹਮਲਾ ਹੋਣ 'ਤੇ, ਉਹ ਇਹ ਦਾਅਵੇ ਕਰਦੇ ਦੇਖੇ ਜਾ ਸਕਦੇ ਹਨ ਕਿ ਵੱਡੀ ਸਾਜ਼ਿਸ਼ ਨਾਕਾਮ, ਕੇਸ ਹੱਲ ਕਰ ਲਿਆ ਗਿਆ।

**ਬਹੁਤ ਸਾਰੇ ਮੁਕਾਬਲਿਆਂ ਦੇ ਵੇਰਵੇ ਸੁਣਨ ਨੂੰ ਮਿਲਦੇ ਹਨ, ਜਿਵੇਂ ਆਂਸਲ ਪਲਾਜ਼ਾ ਮੁਕਾਬਲਾ।**

-ਜੇਲ੍ਹ ਵਿਚ ਐਸੇ ਲੋਕਾਂ ਨਾਲ ਮੇਰੀ ਮੁਲਾਕਾਤ ਹੋਈ ਹੈ ... ਨਹੀਂ ਜੇਲ੍ਹ ਨਹੀਂ, ਜੁਡੀਸ਼ੀਅਲ ਹਿਰਾਸਤ ਵਿਚ। ਜੇਲ੍ਹ ਵਿਚ ਤਾਂ ਮੈਨੂੰ ਸਦਾ ਕੋਠੜੀ ਵਿਚ ਬੰਦ ਰੱਖਿਆ ਜਾਂਦਾ ਸੀ। ਜੁਡੀਸ਼ੀਅਲ ਹਿਰਾਸਤ ਵਿਚ ਮੈਂ ਲੋਕਾਂ ਨੂੰ ਮਿਲਿਆ। ਤੁਸੀਂ ਕਲਕੱਤਾ ਦੇ ਅਮਰੀਕਨ ਕੌਂਸਲਖਾਨੇ ਉਪਰ ਹਮਲੇ (ਜਨਵਰੀ 2002) ਬਾਰੇ ਜਾਣਦੇ ਹੋ? ਹਿਰਾਸਤ ਵਿਚ ਮੈਨੂੰ ਇਕ ਆਦਮੀ ਮਿਲਿਆ; ਉਸ ਨੇ ਮੈਨੂੰ 'ਸਲਾਮ' ਕਹੀ ਤਾਂ ਮੈਂ ਜਵਾਬ ਵਿਚ 'ਸ਼ੁਕਰੀਆ' ਕਿਹਾ ਲੇਕਿਨ ਮੈਂ ਹੈਰਾਨ ਸੀ। ਉਹ ਆਦਮੀ ਤਾਂ ਮੈਨੂੰ ਜਾਣਦਾ ਵੀ ਨਹੀਂ ਸੀ, ਲਿਹਾਜ਼ਾ ਮੈਂ ਉਸ ਨੂੰ ਇਸ ਦਾ ਕਾਰਨ ਪੁੱਛਿਆ। ਉਸ ਨੇ ਦੱਸਿਆ ਕਿ ਉਹ ਤਾਂ ਪਾਰਲੀਮੈਂਟ ਉਪਰ ਹਮਲੇ ਤੋਂ ਤਿੰਨ ਮਹੀਨੇ ਪਹਿਲਾਂ ਤੋਂ ਹਿਰਾਸਤ ਵਿਚ ਹਨ। 'ਉਨ੍ਹਾਂ ਨੇ ਦੱਸਿਆ ਕਿ ਉਸ ਕੇਸ ਵਿਚ ਉਨ੍ਹਾਂ ਨੇ ਫਸਾਉਣਾ ਤਾਂ ਸਾਨੂੰ ਸੀ ਪਰ ਇਸ ਦੀ ਬਜਾਏ ਉਨ੍ਹਾਂ ਨੇ ਤੁਹਾਨੂੰ ਫਸਾਉਣ ਦਾ ਫੈਸਲਾ ਕੀਤਾ ਹੈ।' ... ਇਕ ਹੋਰ ਮਿਸਾਲ, ਜੈਪੁਰ ਤੋਂ ਪੀ.ਐਚ.ਡੀ. ਦੇ ਇਕ ਸੂਡਾਨੀ ਵਿਦਿਆਰਥੀ ਦੀ ਹੈ। ਉਸ ਨੂੰ ਭਾਰਤ ਵਿਚ ਗ੍ਰਿਫਤਾਰ ਕੀਤਾ ਅਲ-ਕਾਇਦਾ ਦਾ ਪਹਿਲਾ ਵਿਅਕਤੀ ਦੱਸਿਆ ਗਿਆ। ਮੈਂ ਉਸ ਨੂੰ ਇਕ ਵਾਰ ਜੁਡੀਸ਼ੀਅਲ ਹਿਰਾਸਤ ਵਿਚ ਮਿਲਿਆ ਸੀ। ਉਨ੍ਹਾਂ ਨੇ ਸਾਜ਼ਿਸ਼ ਦੀ ਥਿਊਰੀ ਘੜੀ ਜਿਸ ਵਿਚ ਬਿਹਾਰ ਤੋਂ ਬੰਬ ਬਣਾਉਣ ਦਾ ਮਾਹਰ ਮਕੈਨਿਕ ਸੀ ਅਤੇ ਯੂ.ਪੀ. ਤੋਂ ਸੂਫੀ ਬੰਦਾ ਜੋ ਉਨ੍ਹਾਂ ਦਾ ਕਥਿਤ ਰੂਹਾਨੀ ਰਾਹਨੁਮਾ ਸੀ। ਵਿਦਿਆਰਥੀ ਨੇ ਮੈਨੂੰ ਦੱਸਿਆ ਕਿ ਉਹ 3-4 ਮਹੀਨੇ ਤੋਂ ਹਿਰਾਸਤ ਵਿਚ ਸੀ। ਉਸ ਕੋਲ ਉਸ ਖੁਫੀਆ ਅੱਡੇ ਦਾ ਫੋਨ ਨੰਬਰ ਸੀ ਜਿਥੇ ਉਸ ਨੂੰ ਰੱਖਿਆ ਗਿਆ ਸੀ।

ਮਗਰੋਂ ਉਹ ਬਰੀ ਹੋ ਗਿਆ ਅਤੇ ਉਸ ਨੇ ਮੈਨੂੰ ਫੋਨ ਕੀਤਾ। ਮੈਂ ਉਦੋਂ ਸ੍ਰੀਨਗਰ ਵਿਚ ਸੀ। ਮੈਂ ਉਸ ਨੂੰ ਕਿਹਾ ਕਿ ਮੈਂ 2-3 ਦਿਨਾਂ ਤਕ ਵਾਪਸ ਆ ਕੇ ਮਿਲਾਂਗਾ। ਉਸੇ ਰਾਤ ਉਸ ਨੇ ਮੈਨੂੰ ਫੋਨ ਕਰਕੇ ਦੱਸਿਆ, 'ਉਹ ਮੈਨੂੰ ਅੱਜ ਰਾਤ ਨੂੰ ਇਕ ਵਜੇ ਵਾਪਸ ਭੇਜ ਰਹੇ ਹਨ, ਕਿਉਂਕਿ ਮੈਂ ਤੁਹਾਨੂੰ ਫੋਨ ਕੀਤਾ ਸੀ।'

**ਥੋੜ੍ਹਾ ਤੁਹਾਡੀ ਗ੍ਰਿਫਤਾਰੀ ਵੱਲ ਪਰਤੀਏ...**

-ਮੈਨੂੰ ਬੱਸ ਵਿਚੋਂ ਚੁੱਕਿਆ ਗਿਆ ਸੀ। ਹੋਇਆ ਇਉਂ ਕਿ ਮੈਂ ਜਿਸ ਸੀਟ ਉਪਰ ਬੈਠਾ ਸੀ, ਇਕ ਆਦਮੀ ਆ ਕੇ ਮੈਨੂੰ ਜਗ੍ਹਾ ਛੱਡਣ ਲਈ ਕਹਿਣ ਲੱਗਿਆ। ਮੈਂ ਉਸ ਨੂੰ ਕਿਹਾ ਕਿ ਮੈਂ ਤਾਂ ਅਗਲੇ ਸਟਾਪ ਉਪਰ ਉਤਰ ਜਾਣਾ ਹੈ, ਉਹ ਦੂਜੇ ਪਾਸੇ ਬੈਠ ਜਾਵੇ। ਉਸ ਨੇ ਨਾਂਹ ਕਰ ਦਿੱਤੀ ਅਤੇ ਮੇਰੇ ਲਾਗੇ ਖੜ੍ਹਾ ਰਿਹਾ। ਫਿਰ ਉਸ ਨੇ ਮੈਨੂੰ ਦੱਸਿਆ ਕਿ ਉਹ ਪੁਲਿਸ ਵਾਲਾ ਹੈ ਅਤੇ ਉਸ ਦੇ ਸੀਨੀਅਰ ਅਧਿਕਾਰੀ ਮੈਨੂੰ ਮਿਲਣਾ ਚਾਹੁੰਦੇ ਹਨ, ਇਸ ਲਈ ਮੈਂ ਉਸ ਦੇ ਨਾਲ ਚੱਲਾਂ। ਇਸੇ ਦੌਰਾਨ ਟਰੈਫਿਕ ਸਿਗਨਲ ਉਪਰ ਬੱਸ ਹੌਲੀ ਹੋ ਗਈ ਅਤੇ ਉਸ ਨੇ ਇਹ ਸੋਚ ਕੇ ਬੱਸ ਰੋਕਣ ਲਈ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਸ਼ਾਇਦ ਮੈਂ ਭੱਜ ਨਾ ਜਾਵਾਂ। ਉਸ ਦੇ ਹੱਥ ਵਿਚ ਪਿਸਤੌਲ ਦੇਖ ਕੇ ਬੱਸ ਵਿਚ ਖਲਬਲੀ ਮੱਚ ਗਈ।

ਮੈਂ ਸੋਚਿਆ ਕਿ ਬਿਨਾ ਹੀਲ-ਹੁੱਜਤ ਦੇ ਉਸ ਨਾਲ ਜਾਣ ਵਿਚ ਹੀ ਭਲਾ ਹੈ। ਸਟਾਪ ਉਪਰ ਅਸੀਂ ਉਤਰ ਗਏ। ਬਾਹਰ ਇਕ ਮਾਰੂਤੀ 800 ਖੜ੍ਹੀ ਸੀ। ਮੈਨੂੰ ਉਸ ਵਿਚ ਬਿਠਾ ਲਿਆ ਗਿਆ। ਉਸ ਵਿਚ ਪੰਜ ਜਣੇ ਸਵਾਰ ਸਨ - ਡਰਾਈਵਰ, ਅਗਲੀ ਸੀਟ ਉਪਰ ਮੋਹਨ ਚੰਦ ਸ਼ਰਮਾ, ਪਿਛਲੀ ਸੀਟ ਉਪਰ ਰਾਜਬੀਰ ਅਤੇ ਇਕ ਹੋਰ ਆਦਮੀ ਅਤੇ ਉਨ੍ਹਾਂ ਵਿਚਾਲੇ ਮੈਂ ਘੁੱਟਿਆ ਬੈਠਾ ਸੀ। ਦੋਨੋਂ ਪਾਸਿਓਂ ਉਹ ਮੇਰੇ ਸਿਰ ਉਪਰ ਪਿਸਤੌਲਾਂ ਤਾਣੀ ਬੈਠੇ ਸਨ। ਮੇਰੇ ਕੋਲ ਉਸ ਵਕਤ 25000 ਰੁਪਏ ਕੈਸ਼ ਸੀ। ਮੈਂ ਸੋਚਿਆ ਕਿ ਕੋਈ ਲੁੱਟ-ਖੋਹ ਕਰਨ ਵਾਲੇ ਹਨ। ਉਨ੍ਹਾਂ ਨੇ ਮੇਰੀ ਜੇਬ ਵਿਚੋਂ ਕੈਸ਼ ਅਤੇ ਸੁਣਨ ਵਾਲੀ ਮਸ਼ੀਨ ਕੱਢ ਲਈ ਜੋ ਮੈਂ ਕਸ਼ਮੀਰ ਵਿਚ ਆਪਣੀ ਸੱਸ ਲਈ ਖਰੀਦੀ ਸੀ।

ਉਹ ਗੱਡੀ ਭਜਾ ਕੇ ਤੀਸ ਹਜ਼ਾਰੀ, ਉਥੋਂ ਅੰਤਰ-ਰਾਜੀ ਬੱਸ ਅੱਡੇ ਵੱਲ ਲੈ ਗਏ। 25000 ਰੁਪਏ ਉਨ੍ਹਾਂ ਰੱਖ ਲਏ, ਜਾਮਾ-ਤਲਾਸ਼ੀ ਵਿਚ ਸਿਰਫ 700 ਰੁਪਏ ਦਿਖਾਏ ਗਏ ਜੋ ਅਜੇ ਤਕ ਮੈਨੂੰ ਵਾਪਸ ਨਹੀਂ ਮਿਲੇ। ਉਹ ਮੈਨੂੰ ਗਾਲਾਂ ਕੱਢ ਰਹੇ ਸਨ। ਮੈਂ ਇਹੀ ਸੋਚ ਰਿਹਾ ਸੀ ਕਿ ਉਹ ਕੋਈ ਗੈਂਗ ਹੈ। ਤੀਸ ਹਜ਼ਾਰੀ ਵਿਚ ਉਨ੍ਹਾਂ ਮੇਰੇ ਬਟੂਏ ਵਿਚੋਂ ਪੈਸੇ ਕੱਢ ਕੇ ਸਨੈਕ ਖਰੀਦੇ। ਰਾਜਬੀਰ ਨੇ ਗੱਡੀ 'ਚੋਂ ਉਤਰ ਕੇ ਫੋਨ ਕੀਤਾ ਅਤੇ ਉਥੋਂ ਫਿਰ ਚੱਲ ਪਏ। ਫਿਰ ਉਨ੍ਹਾਂ ਨੇ ਕਾਰ ਰਾਜ ਘਾਟ ਵੱਲ ਮੋੜ ਲਈ। ਰਾਜਬੀਰ ਨੇ ਦੁਬਾਰਾ ਫੋਨ ਕੀਤਾ। ਮੇਰੇ ਸਿਰ ਉਪਰ ਪਿਸਤੌਲਾਂ ਉਸੇ ਤਰ੍ਹਾਂ ਤਾਣੀਆਂ ਹੋਈਆਂ ਸਨ। ਹਾਂ, ਜਦੋਂ ਮੈਨੂੰ ਪਤਾ ਲੱਗਿਆ ਕਿ ਉਹ ਪੁਲਿਸ ਵਾਲੇ ਹਨ ਫਿਰ ਮੈਨੂੰ ਮਾਮਲੇ ਦੀ ਗੰਭੀਰਤਾ ਸਮਝ ਪਈ। ਇਕ ਜਗ੍ਹਾ ਇਕ ਟਰੈਫਿਕ ਪੁਲਿਸ ਵਾਲੇ ਨੇ ਉਨ੍ਹਾਂ ਨੂੰ ਰੁਕਣ ਲਈ ਕਿਹਾ ਤਾਂ ਰਾਜਬੀਰ ਨੇ ਉਸ ਨੂੰ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਪਿਸਤੌਲ ਤਾਣ ਲਈ। ਟਰੈਫਿਕ ਪੁਲਿਸ ਵਾਲਾ ਡੌਰ-ਭੌਰ ਸੀ! ਫਿਰ ਉਨ੍ਹਾਂ ਵਿਚੋਂ ਇਕ ਬੋਲਿਆ, 'ਤੂੰ ਉਨ੍ਹਾਂ ਨੂੰ ਨਹੀਂ ਜਾਣਦਾ? ਉਹ ਏ.ਸੀ.ਪੀ. ਸਾਹਿਬ ਰਾਜਬੀਰ ਸਿੰਘ ਨੇ।' ਉਦੋਂ ਮੈਨੂੰ ਮਾਮਲਾ ਸਮਝ ਪਿਆ। ਰਾਜਘਾਟ ਵਿਚ ਉਨ੍ਹਾਂ ਮੇਰੀਆਂ ਅੱਖਾਂ ਬੰਨ੍ਹ ਦਿੱਤੀਆਂ ਅਤੇ ਇਕ ਘੰਟੇ ਤੋਂ ਵੀ ਉਪਰ ਚੱਲਦੇ ਰਹੇ।

ਜਦੋਂ ਗੱਡੀ ਰੋਕ ਕੇ ਉਨ੍ਹਾਂ ਨੇ ਮੈਨੂੰ ਬਾਹਰ ਕੱਢ ਕੇ ਅੱਖਾਂ ਤੋਂ ਪੱਟੀ ਲਾਹੀ ਤਾਂ ਅਸੀਂ ਉਚੀਆਂ ਉਚੀਆਂ ਕੰਧਾਂ ਵਾਲੇ ਲੰਮੇ ਚੌੜੇ ਬਾਗ ਦੇ ਅੰਦਰ ਇਕ ਬੰਗਲੇ ਦੇ ਵਰਾਂਡੇ ਵਿਚ ਖੜ੍ਹੇ ਸੀ। ਇਹ ਐਨਾ ਵੱਡਾ ਸੀ ਕਿ ਇਥੇ ਟਰੈਫਿਕ ਦਾ ਰੌਲਾ-ਗੌਲਾ ਵੀ ਸੁਣਾਈ ਨਹੀਂ ਦੇ ਰਿਹਾ ਸੀ। ਉਥੇ ਬਹੁਤ ਸਾਰੇ ਅਧਿਕਾਰੀ ਮੌਜੂਦ ਸਨ। ਮੈਨੂੰ ਹੁਣ ਵੀ ਨਹੀਂ ਪਤਾ, ਉਹ ਅਸਲ ਵਿਚ ਕੌਣ ਸਨ। ਮੈਂ ਉਨ੍ਹਾਂ ਤੋਂ ਸਿਗਰਟ ਮੰਗੀ।



*ਐਸ.ਏ.ਆਰ. ਗਿਲਾਨੀ*

**ਤੁਸੀਂ ਇਸ ਖੁਫੀਆ ਅੱਡੇ ਬਾਰੇ ਦੱਸ ਸਕਦੇ ਹੋ?**

-ਇਹ ਤਸੀਹੇ ਦੇਣ ਵਾਲੇ ਸਾਜ਼ੋ-ਸਮਾਨ ਨਾਲ ਲੈਸ ਸ਼ਾਹੀ ਫਾਰਮ ਹਾਊਸ ਸੀ। ਉਥੇ ਮੌਜੂਦ ਸਾਰੇ ਲੋਕਾਂ ਬਾਰੇ ਤਾਂ ਮੈਨੂੰ ਪਤਾ ਨਹੀਂ, ਲੇਕਿਨ ਰਾਜਬੀਰ ਅਤੇ ਅਸ਼ੋਕ ਚੰਦ (ਡਿਪਟੀ ਕਮਿਸ਼ਨਰ ਆਫ ਪੁਲੀਸ, ਦਿੱਲੀ) ਉਥੇ ਸਨ। ਉਹ ਸਾਰੇ ਆਹਲਾ ਅਧਿਕਾਰੀ ਸਨ। ਜਦੋਂ ਮੈਂ ਉਨ੍ਹਾਂ ਤੋਂ ਸਿਗਰਟ ਮੰਗੀ, ਉਦੋਂ ਉਨ੍ਹਾਂ 'ਚੋਂ ਇਕ ਨੇ ਕਿਹਾ ਕਿ 'ਤਿੰਨਾਂ ਟੀਮਾਂ' ਵਿਚੋਂ ਕੋਈ ਸਿਗਰਟ ਨਹੀਂ ਪੀਂਦਾ, ਭਾਵ ਰਾਅ, ਆਈ.ਬੀ. ਅਤੇ ਪੁਲਿਸ। ਉਦੋਂ ਮੈਨੂੰ ਸਮਝ ਆਇਆ ਕਿ ਇਹ ਕੋਈ ਅਤਿਅੰਤ ਗੰਭੀਰ ਮਾਮਲਾ ਸੀ।

ਕੁੱਟਮਾਰ ਸ਼ੁਰੂ ਹੋਈ ਤਾਂ ਪਾਰਲੀਮੈਂਟ ਬੰਬ ਧਮਾਕੇ ਦਾ ਕੋਣ ਵੀ ਸਾਹਮਣੇ ਆ ਗਿਆ। ਉਹ ਮੈਨੂੰ ਡੰਡਿਆਂ, ਲੋਹੇ ਦੀਆਂ ਰਾਡਾਂ ਨਾਲ ਕੁੱਟ ਰਹੇ ਸਨ। ਦੋਨੋਂ ਪਾਸਿਓਂ ਦੋ ਜਣੇ। ਫਿਰ ਉਹ ਥੋੜ੍ਹਾ ਰੁਕੇ, ਬਸ ਮੈਨੂੰ ਨੰਗਾ ਕਰਨ ਲਈ। ਮੈਂ ਹੇਠਾਂ ਗਿਰ ਗਿਆ। ਮੁੜ ਤਸ਼ੱਦਦ ਸ਼ੁਰੂ ਹੋ ਗਿਆ। ਹੁਣ ਉਹ ਪਾਰਲੀਮੈਂਟ ਬੰਬ ਧਮਾਕੇ ਵਿਚ ਮਰਨ ਵਾਲਿਆਂ ਦੇ ਨਾਂ ਪੁੱਛ ਰਹੇ ਸਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਨੂੰ ਕੁਝ ਨਹੀਂ ਪਤਾ ਲੇਕਿਨ ਉਹ ਮੁਸਲਮਾਨਾਂ ਨੂੰ ਗਾਲਾਂ ਕੱਢਦੇ ਹੋਏ ਇਹੀ ਗੱਲ ਪੁੱਛਦੇ ਰਹੇ। ਸੀਨੀਅਰ ਚੁੱਪ-ਚਾਪ ਬੈਠੇ ਦੇਖ ਰਹੇ, ਕਦੇ-ਕਦੇ ਕੋਈ ਹਦਾਇਤ ਦੇ ਦਿੰਦੇ।

ਫਿਰ ਅਗਲਾ ਗੇੜ ਸ਼ੁਰੂ ਹੋਇਆ, ਮੈਨੂੰ ਰੱਸੇ ਨਾਲ ਬੰਨ੍ਹਿਆ ਗਿਆ। ਮੇਰੇ ਹੱਥ ਲੋਹੇ ਦੀ ਭਾਰੀ ਲੱਠ ਨਾਲ ਨੂੜ ਕੇ ਲੱਠ ਦੀਵਾਰ ਵਿਚ ਫਸਾ ਕੇ ਮੈਨੂੰ ਲਟਕਾ ਦਿੱਤਾ ਗਿਆ। ਫਿਰ ਇਕ ਜਣਾ ਉਚੇ ਸਟੂਲ ਉਪਰ ਚੜ੍ਹ ਕੇ ਮੈਨੂੰ ਕੁਟਾਪਾ ਚਾੜ੍ਹਨ ਲੱਗ ਪਿਆ। ਮੇਰੇ ਪੈਰਾਂ ਦੀਆਂ ਤਲੀਆਂ ਕੁੱਟਣੀਆਂ ਸ਼ੁਰੂ ਕਰ ਦਿੱਤੀਆਂ। ਦਸੰਬਰ ਦਾ ਮਹੀਨਾ ਸੀ, ਉਸ ਸਾਲ ਠੰਢ ਵੀ ਬਹੁਤ ਸੀ।

ਬੇਹੋਸ਼ ਹੋਣ ਤੱਕ ਉਹ ਇਸੇ ਤਰ੍ਹਾਂ ਕੁੱਟਦੇ ਰਹੇ। ਫਿਰ ਲਾਹ ਕੇ ਹੇਠਾਂ ਸੁੱਟ ਦਿੱਤਾ। ਮੇਰੇ ਹੋਸ਼ ਵਿਚ ਆਉਣ ਤਕ ਥੋੜ੍ਹਾ ਸਾਹ ਲਿਆ, ਫਿਰ ਅਗਲਾ ਤਸ਼ੱਦਦ। ਪੈਰਾਂ ਦੀਆਂ ਤਲੀਆਂ ਵਿਚ ਦਰਦ ਹੋਣ ਕਾਰਨ ਮੈਂ ਖੜ੍ਹਾ ਵੀ ਨਹੀਂ ਹੋ ਸਕਦਾ ਸੀ, ਉਹ ਮੈਨੂੰ ਖਿੱਚ ਕੇ ਦੌੜਨ ਲਈ ਮਜਬੂਰ ਕਰ ਰਹੇ ਸਨ। ਫਿਰ ਉਨ੍ਹਾਂ ਨੇ ਹੋਰ ਤਰ੍ਹਾਂ ਦੇ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ, ਉਨ੍ਹਾਂ ਨੇ ਪਲਾਸ ਨਾਲ ਮੇਰੇ ਗੁਪਤ ਅੰਗਾਂ ਦੇ ਵਾਲ ਪੁੱਟਣੇ ਸ਼ੁਰੂ ਕਰ ਦਿੱਤੇ। ਉਹ ਮੈਨੂੰ ਗਾਲਾਂ ਕੱਢ ਕੇ ਇਕਬਾਲ ਕਰਨ ਲਈ ਕਹਿ ਰਹੇ ਸਨ। ਫਿਰ ਉਨ੍ਹਾਂ ਮੈਨੂੰ ਬਰਫ ਦੀ ਸਿੱਲ ਉਪਰ ਲਿਟਾ ਦਿੱਤਾ ਜੋ ਉਥੇ ਪਹਿਲਾਂ ਹੀ ਲਿਆਂਦੀ ਹੋਈ ਸੀ। ਹਨੇਰਾ ਹੋਣ ਤਕ ਤਸੀਹੇ ਜਾਰੀ ਰਹੇ। ਰਾਤ ਪੈ ਗਈ ਸੀ, ਉਹ ਕਹਿਣ ਲੱਗੇ, 'ਜੇ ਤੂੰ ਇਕਬਾਲ ਨਹੀਂ ਕਰਦਾ, ਅਸੀਂ ਤੇਰਾ ਟੱਬਰ ਚੁੱਕ ਲਿਆਵਾਂਗੇ। ਤੇਰੀ ਬੀਵੀ ਦਾ ਬਲਾਤਕਾਰ ਕਰਾਂਗੇ'। ਉਨ੍ਹਾਂ 'ਚੋਂ ਇਸ ਬਾਬਤ ਇਕ ਫੋਨ ਵੀ ਕੀਤਾ, ਮੈਨੂੰ ਨਹੀਂ ਪਤਾ ਇਹ ਸੱਚੀਮੁੱਚੀ ਸੀ, ਜਾਂ ਮਹਿਜ਼ ਮੈਨੂੰ ਯਰਕਾਉਣ ਲਈ ਸੀ।

*ਕੁੱਟਮਾਰ ਸ਼ੁਰੂ ਹੋਈ ਤਾਂ ਪਾਰਲੀਮੈਂਟ ਬੰਬ ਧਮਾਕੇ ਦਾ ਕੋਣ ਵੀ ਸਾਹਮਣੇ ਆ ਗਿਆ। ਉਹ ਮੈਨੂੰ ਡੰਡਿਆਂ, ਲੋਹੇ ਦੀਆਂ ਰਾਡਾਂ ਨਾਲ ਕੁੱਟ ਰਹੇ ਸਨ। ਦੋਨੋਂ ਪਾਸਿਓਂ ਦੋ ਜਣੇ। ਫਿਰ ਉਹ ਥੋੜ੍ਹਾ ਰੁਕੇ, ਬਸ ਮੈਨੂੰ ਨੰਗਾ ਕਰਨ ਲਈ। ਮੈਂ ਹੇਠਾਂ ਗਿਰ ਗਿਆ। ਮੁੜ ਤਸ਼ੱਦਦ ਸ਼ੁਰੂ ਹੋ ਗਿਆ। ਹੁਣ ਉਹ ਪਾਰਲੀਮੈਂਟ ਬੰਬ ਧਮਾਕੇ ਵਿਚ ਮਰਨ ਵਾਲਿਆਂ ਦੇ ਨਾਂ ਪੁੱਛ ਰਹੇ ਸਨ।*

**ਤੁਹਾਨੂੰ ਉਨ੍ਹਾਂ ਦੀ ਗੱਲ ਮੰਨਣ ਤੋਂ ਕਿਹੜੀ ਚੀਜ਼ ਨੇ ਰੋਕਿਆ ਹੋਇਆ ਸੀ?**

-ਇਹ ਤਾਂ ਮੈਂ ਨਹੀਂ ਜਾਣਦਾ... ਮੈਂ ਤਾਂ ਬਸ ਇਹੀ ਸੋਚ ਰਿਹਾ ਸੀ ਕਿ ਜੋ ਉਨ੍ਹਾਂ ਦੇ ਮਨ ਵਿਚ ਆਇਆ, ਉਹ ਕਰ ਸਕਦੇ ਹਨ। ਮੈਨੂੰ ਮਜ਼ਬੂਤ ਰਹਿ ਕੇ ਉਸ ਦਾ ਮੁਕਾਬਲਾ ਕਰਨਾ ਹੋਵੇਗਾ। ਤੁਹਾਨੂੰ ਪਤਾ ਹੈ, ਸ਼ੁਰੂ ਤੋਂ ਮੇਰੀ ਇਕ ਸਿਆਸਤ ਰਹੀ ਹੈ, ਤੇ ਮੈਂ ਜਾਣਦਾ ਸੀ ਕਿ ਮੈਂ ਕੁਝ ਵੀ ਕਹਾਂ, ਉਹ ਉਸ ਨੂੰ ਮੇਰੇ ਖਿਲਾਫ ਵਰਤ ਸਕਦੇ ਹਨ। ਮੈਂ ਉਨ੍ਹਾਂ ਨੂੰ ਸਮਝਾਉਣ ਦੀ ਅਸਫਲ ਕੋਸ਼ਿਸ਼ ਕਰਦਾ ਰਿਹਾ। ਜਦੋਂ ਉਨ੍ਹਾਂ ਨੇ ਫੋਨ ਕਰਕੇ ਚਾਹ ਦਾ ਆਰਡਰ ਦਿੱਤਾ; ਉਦੋਂ ਮੈਂ ਸ਼ੂਗਰ ਦੇ ਪੈਕਟ ਦੇਖੇ। ਮੈਂ ਫਰਸ਼ ਉਪਰ ਅਲਫ ਨੰਗਾ ਪਿਆ ਸੀ, ਉਠਣ ਤੋਂ ਅਸਮਰੱਥ।

ਉਦੋਂ ਤਕ ਉਨ੍ਹਾਂ ਨੇ ਅਫਸ਼ਾਂ (ਸਹਿ-ਦੋਸ਼ੀ) ਨੂੰ ਵੀ ਗ੍ਰਿਫਤਾਰ ਕਰ ਲਿਆ ਹੋਵੇਗਾ। ਉਹ ਮੈਥੋਂ ਉਨ੍ਹਾਂ ਦੇ ਫੋਨ ਨੰਬਰ ਮੰਗ ਰਹੇ ਸਨ। ਮੈਂ ਇਹੀ ਕਹਿੰਦਾ ਰਿਹਾ, 'ਮੈਨੂੰ ਨਹੀਂ ਪਤਾ'। ਉਥੇ ਆਈ.ਬੀ. ਦਾ ਹੱਟਾ-ਕੱਟਾ ਉਚਾ ਲੰਮਾ ਸਰਦਾਰ ਮੌਜੂਦ ਸੀ।

ਉਸ ਨੇ ਮੇਰੇ ਲਹੂ-ਲੁਹਾਣ ਪੈਰਾਂ ਉਪਰ ਚੜ੍ਹ ਕੇ ਮੇਰੇ ਪੰਜਿਆਂ ਅਤੇ ਗਿੱਟਿਆਂ ਨੂੰ ਬੂਟਾਂ ਨਾਲ ਕੁਚਲਣਾ ਸ਼ੁਰੂ ਕਰ ਦਿੱਤਾ; ਮੇਰੇ ਗੁੱਟਾਂ ਤੋਂ ਲਹੂ ਚੋਅ ਰਿਹਾ ਸੀ। ਉਹ ਮੈਨੂੰ ਲੰਮਾ ਸਮਾਂ ਅਫਸਾਂ ਬਾਰੇ ਵਾਰ-ਵਾਰ ਇਹੀ ਪੁੱਛਦਾ ਰਿਹਾ: 'ਯੇਹ ਕੁੜੀ ਕਹਾਂ ਰਹਤੀ ਹੈ? ਜਾਲੰਧਰ ਕੀ ਹੈ? ਤੁਮਨੇ ਇਸ ਦੀ ਸ਼ਾਦੀ ਮੁਸਲਮਾਨ ਸੇ ਕੈਸੇ ਕਰਵਾਇਆ?'

ਮੇਰਾ ਬੁਰਾ ਹਾਲ ਸੀ। ਸ਼ਾਇਦ ਫਿਰ ਹੋਰ ਤਸੀਹੇ ਦਿੱਤੇ ਗਏ, ਇਹ ਮੈਨੂੰ ਪੱਕਾ ਯਾਦ ਨਹੀਂ। ਫਿਰ ਖਬਰ ਆਈ, ਉਨ੍ਹਾਂ ਨੇ ਅਫਸ਼ਾਂ ਨੂੰ ਲੱਭ ਕੇ ਚੁੱਕ ਲਿਆਂਦਾ ਸੀ। ਹੁਣ ਉਹ ਮੈਨੂੰ ਇਕ ਹੋਰ ਕਾਰ ਵਿਚ ਸੁੱਟ ਕੇ ਲੋਧੀ ਕਲੋਨੀ ਦੇ ਸਪੈਸ਼ਲ ਸੈੱਲ ਵਿਚ ਲੈ ਗਏ। ਇਥੇ ਥਾਣੇ ਵਿਚ ਸ਼ੱਕੀ ਦਹਿਸ਼ਤਗਰਦਾਂ ਤੋਂ ਪੁੱਛਗਿੱਛ ਲਈ ਸਪੈਸ਼ਲ ਕੋਠੜੀਆਂ ਬਣਾਈਆਂ ਗਈਆਂ ਹਨ।

ਥਾਣੇ ਦੇ ਨਾਲ ਹੀ ਆਈ.ਬੀ. ਦਾ ਦਫਤਰ ਹੈ। ਉਦੋਂ ਅੱਧੀ ਰਾਤ ਹੋ ਚੁੱਕੀ ਸੀ। ਮੈਨੂੰ ਹੱਥਕੜੀਆਂ ਅਤੇ ਬੇੜੀ ਵਿਚ ਜਕੜਿਆ ਹੋਇਆ ਸੀ ਲੇਕਿਨ ਉਨ੍ਹਾਂ ਮੇਰੇ ਕੱਪੜੇ ਮੈਨੂੰ ਦੇ ਦਿੱਤੇ ਸਨ। ਉਦੋਂ ਤੱਕ ਉਨ੍ਹਾਂ ਨੇ ਮੇਰੀ ਬੀਵੀ ਆਰਫਾ ਅਤੇ ਮੇਰੇ ਬੱਚਿਆਂ ਨੂੰ ਚੁੱਕ ਲਿਆਂਦਾ ਸੀ; ਮੈਨੂੰ ਪਤਾ ਸੀ, ਉਹ ਉਥੇ ਸਨ। ਮੇਰਾ ਬੇਟਾ ਮਸਾਂ ਸਾਢੇ ਤਿੰਨ ਸਾਲ ਦਾ ਸੀ, ਅਜੇ ਸਕੂਲ ਵੀ ਨਹੀਂ ਸੀ ਜਾਂਦਾ। ਮੈਂ ਉਨ੍ਹਾਂ ਨੂੰ ਕਿਹਾ, 'ਇਸ ਹਾਲਤ ਵਿਚ ਮੈਨੂੰ ਮੇਰੇ ਪਰਿਵਾਰ ਅੱਗੇ ਨਾ ਲਿਜਾਣਾ। ਤੁਹਾਡਾ, ਇਸ ਮੁਲਕ ਦਾ ਬੱਚੇ ਉਪਰ ਮਾੜਾ ਅਸਰ ਪਵੇਗਾ।'

ਉਥੇ ਅਸ਼ੋਕ ਨਾਂ ਦਾ ਨਹਾਇਤ ਬਦਜ਼ੁਬਾਨ ਸ਼ਖਸ ਸੀ। ਉਹ ਬੋਲਿਆ, 'ਵੱਡਾ ਫਿਲਾਸਫਰ ਨਾ ਬਣ, ਯੇਹ ਨਾ ਕਰੋ, ਵੋਹ ਨਾ ਕਰੋ। ਬਕਵਾਸ ਬੰਦ ਕਰ। ਭਗਤ ਸਿੰਘ ਹੋ ਜਾਏਂਗੇ'! (ਮਾਰੇ ਜਾਓਗੇ)।

**(ਚਲਦਾ)**

# ਕਾਗਜ਼ਾਂ 'ਚ ਹੀ ਪੂਰਾ ਹੋਇਆ 'ਘਰ-ਘਰ ਰੁਜ਼ਗਾਰ' ਦਾ ਵਾਅਦਾ



ਚੰਡੀਗੜ੍ਹ: ਕੈਪਟਨ ਸਰਕਾਰ ਵੱਲੋਂ ਭਾਵੇਂ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਹਕੀਕਤ ਇਹ ਹੈ ਕਿ ਪੰਜਾਬ ਸਰਕਾਰ ਦੇ ਕਈ ਵਿਭਾਗਾਂ ਵਿਚ ਮੁਲਾਜ਼ਮਾਂ ਦੀਆਂ ਹਜ਼ਾਰਾਂ ਅਸਾਮੀਆਂ ਸਾਲਾਂ ਤੋਂ ਖਾਲੀ ਹਨ। ਸਰਕਾਰ ਮੰਤਰੀ ਮੰਡਲ ਨਵੀਂ ਭਰਤੀ ਸਬੰਧੀ ਕਈ ਵਾਰ ਫੈਸਲੇ ਲੈ ਚੁੱਕੀ ਹੈ ਪਰ ਫਿਲਹਾਲ ਇਹ ਸਭ ਕੁਝ ਸਰਕਾਰੀ ਫਾਈਲਾਂ ਤੱਕ ਹੀ ਸੀਮਤ ਹੈ। ਬੇਰੁਜ਼ਗਾਰੀ ਨਾਲ ਜੂਝ ਰਹੇ ਸਰਦੇ-ਪੁਜਦੇ ਵਰਗ ਨਾਲ ਸਬੰਧ ਨੌਜਵਾਨ ਜਿਥੇ ਲੱਖਾਂ-ਕਰੋੜਾਂ ਰੁਪਏ ਰੋੜ੍ਹ ਕੇ ਵਿਦੇਸ਼ਾਂ ਵੱਲ ਉਡਾਰੀਆਂ ਮਾਰ ਰਹੇ ਹਨ, ਉਥੇ ਬਾਕੀ ਬਚੇ ਟੈਂਕੀਆਂ ਉਤੇ ਚੜ੍ਹ ਕੇ ਤੇ ਮਰਨ ਵਰਤ ਦੇ ਰਾਹ ਪੈ ਕੇ ਰੌਸ਼ਨੀਆਂ ਭਰੀ ਦੀਵਾਲੀ ਦੀ ਉਡੀਕ ਵਿਚ ਅਧਖੜ ਹੋ ਰਹੇ ਹਨ।

ਦੱਸਣਯੋਗ ਹੈ ਕਿ ਪੰਜਾਬ ਕਾਂਗਰਸ ਨੇ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਮੌਜੂਦਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਰਾਹੀਂ ਬਣਾਏ ਚੋਣ ਮਨੋਰਥ ਪੱਤਰ ਵਿਚ 'ਘਰ ਘਰ ਰੁਜ਼ਗਾਰ ਦੇਣ' ਦਾ ਵਾਅਦਾ ਕੀਤਾ ਸੀ। ਭਾਵੇਂ ਸਰਕਾਰ ਰੁਜ਼ਗਾਰ ਮੇਲੇ ਲਾ ਕੇ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਦਾਅਵੇ ਕਰ ਰਹੀ ਹੈ ਪਰ ਆਮ ਚਰਚਾ ਹੈ ਕਿ ਸਰਕਾਰ ਵੱਲੋਂ ਪਹਿਲਾਂ ਹੀ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਵਿਚ ਚੱਲਦੇ ਪਲੇਸਮੈਂਟ ਕੈਂਪਾਂ ਨੂੰ ਹੀ ਰੁਜ਼ਗਾਰ ਮੇਲਿਆਂ ਦਾ ਨਾਮ ਦੇ ਕੇ ਬੁੱਤਾ ਸਾਰਿਆ ਜਾ ਰਿਹਾ ਹੈ।

ਇਨ੍ਹਾਂ ਰੁਜ਼ਗਾਰ ਮੇਲਿਆਂ ਵਿਚ ਮਿਲਦੀਆਂ ਰਸਮੀ ਨੌਕਰੀਆਂ ਦੀ ਮਿਸਾਲ ਦਾ ਖੁਲਾਸਾ ਕਰਦਿਆਂ ਇਕ ਬੇਰੁਜ਼ਗਾਰ ਨੇ ਦੱਸਿਆ ਕਿ ਉਸ ਨੂੰ ਅਜਿਹੇ ਇਕ ਮੇਲੇ ਵਿਚ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦੀ ਗੁੜਗਾਉਂ ਲਈ ਨੌਕਰੀ ਦਿੱਤੀ ਗਈ ਹੈ, ਜਿਸ ਕਾਰਨ ਉਹ ਡੌਰਭੌਰਾ ਹੋਇਆ ਪਿਆ ਹੈ। ਕਾਂਗਰਸ ਸਰਕਾਰ ਵੱਲੋਂ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਾਰੀ ਕੀਤੇ ਚੋਣ ਮਨੋਰਥ ਪੱਤਰ ਵਿਚਲੇ ਮੁੱਖ 'ਨੌਂ ਨੁਕਤਿਆਂ' ਵਿਚ ਇਕ ਮੁੱਖ ਵਾਅਦਾ 'ਘਰ ਘਰ ਰੁਜ਼ਗਾਰ' ਦੇਣਾ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਉਸ ਵੇਲੇ ਪਾਰਟੀ ਦੇ ਚੋਣ ਮਨੋਰਥ ਪੱਤਰ ਦੇ ਪੰਨਾ ਨੰਬਰ 24 ਵਿਚ 'ਘਰ ਘਰ ਰੁਜ਼ਗਾਰ' ਦੇਣ ਦਾ ਵਾਅਦਾ ਕੀਤਾ ਸੀ। ਇਸ ਵਾਅਦੇ ਵਿਚ ਜ਼ਿਕਰ ਕੀਤਾ ਗਿਆ ਸੀ ਕਿ ਸਮਾਂਬੱਧ ਢੰਗ ਨਾਲ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇਗਾ ਅਤੇ ਹਰੇਕ ਜ਼ਿਲ੍ਹੇ ਵਿਚ 'ਐਂਪਲਾਇਮੈਂਟ ਬਿਊਰੋ' ਬਣਾਏ ਜਾਣਗੇ। ਇਸ ਵਿਚ ਵਾਅਦਾ ਕੀਤਾ ਗਿਆ ਸੀ ਕਿ ਸਾਲ 2022 ਤੱਕ ਸੂਬੇ ਵਿਚਲੇ ਹਰੇਕ ਪਰਿਵਾਰ ਦੇ ਇਕ ਜੀਅ ਨੂੰ ਰੁਜ਼ਗਾਰ ਜ਼ਰੂਰ ਮੁਹੱਈਆ ਕੀਤਾ ਜਾਵੇਗਾ। ਸਰਕਾਰ ਨੇ ਰੁਜ਼ਗਾਰ ਮੁਹੱਈਆ ਨਾ ਕਰਵਾਏ ਜਾਣ ਤਕ ਬੇਰੁਜ਼ਗਾਰਾਂ ਨੂੰ 2500 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦੇਣ ਦਾ ਵਾਅਦਾ ਵੀ ਕੀਤਾ ਸੀ ਪਰ ਇਹ ਵੀ ਪੂਰਾ ਨਹੀਂ ਕੀਤਾ ਗਿਆ।

ਉਧਰ, ਕੈਪਟਨ ਰਾਜ ਦੀ ਤੀਸਰੀ ਦੀਵਾਲੀ ਲੱਖਾਂ ਰੈਗੂਲਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਵੀ ਫਿੱਕੀ ਰਹੀ। ਸਰਕਾਰ ਨੇ ਦੀਵਾਲੀ ਮੌਕੇ ਮੁਲਾਜ਼ਮਾਂ ਨੂੰ ਬਕਾਇਆ 25 ਫੀਸਦ ਡੀਏ ਵਿਚੋਂ ਮਹਿਜ਼ 3 ਫੀਸਦ ਡੀਏ ਦਿੱਤਾ ਹੈ ਅਤੇ ਤਨਖਾਹ ਕਮਿਸ਼ਨ ਦੀ ਰਿਪੋਰਟ ਵੀ ਇਸ ਦੀਵਾਲੀ 'ਤੇ ਲਾਗੂ ਨਹੀਂ ਕੀਤੀ ਗਈ। ਇਸੇ ਕਾਰਨ ਮੁਲਾਜ਼ਮ ਇਸ ਦੀਵਾਲੀ ਨੂੰ 'ਸਰਕਾਰ ਦਾ ਦੀਵਾਲਾ' ਦਿਵਸ ਵਜੋਂ ਮਨਾ ਰਹੇ ਹਨ।

ਇਸ ਤੋਂ ਇਲਾਵਾ ਸਰਕਾਰ ਵੱਲੋਂ ਪਿਛਲੀ ਸਰਕਾਰ ਵਾਂਗ ਹੀ ਮੁਲਾਜ਼ਮਾਂ ਦੀ ਰੈਗੂਲਰ ਭਰਤੀ ਵੀ ਅੱਧੀਆਂ 'ਅਧੂਰੀਆਂ ਤਨਖਾਹਾਂ ਦੇ ਅਧਾਰ 'ਤੇ ਕੀਤੀ ਜਾ ਰਹੀ ਹੈ। ਨਵੇਂ ਰੈਗੂਲਰ ਭਰਤੀ ਕੀਤੇ ਜਾਂਦੇ ਮੁਲਾਜ਼ਮਾਂ ਨੂੰ ਪਹਿਲੇ ਤਿੰਨ ਸਾਲ ਮਹਿਜ਼ ਮੁੱਢਲੀ ਤਨਖਾਹ ਦਿੱਤੀ ਜਾ ਰਹੀ ਹੈ, ਜੋ ਅਸਲ ਤਨਖਾਹ ਦਾ ਮਸਾਂ ਤੀਸਰਾ ਹਿੱਸਾ ਹੀ ਬਣਦੀ ਹੈ। ਪਿਛਲੇ ਸਮੇਂ ਸਰਕਾਰ ਨੇ ਠੇਕੇ 'ਤੇ ਕੰਮ ਕਰਦੇ ਅਧਿਆਪਕਾਂ ਦੀਆਂ 3 ਸਾਲਾਂ ਲਈ 70 ਫੀਸਦ ਤਨਖਾਹਾਂ ਘੱਟ ਕਰ ਕੇ ਰੈਗੂਲਰ ਕਰਨ ਦਾ ਅਜੀਬ ਫੈਸਲਾ ਕਰ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ।

## ਬੇਰੁਜ਼ਗਾਰ ਅਧਿਆਪਕਾਂ ਦੀ ਖਿੱਚ-ਧੂਹ

ਸੰਗਰੂਰ: ਸਿੱਖਿਆ ਮੰਤਰੀ ਦੀ ਕੋਠੀ ਨੇੜੇ ਕਾਲੀ ਦੀਵਾਲੀ ਮਨਾਉਣ ਪੁੱਜੇ ਬੇਰੁਜ਼ਗਾਰ ਬੀ.ਐਡ. ਅਧਿਆਪਕਾਂ ਦੀ ਪੁਲਿਸ ਨਾਲ ਖਿੱਚ-ਧੂਹ ਹੋਈ। ਇਸ ਦੌਰਾਨ ਬੇਰੁਜ਼ਗਾਰ ਮਹਿਲਾ ਅਧਿਆਪਕਾਂ ਦੀਆਂ ਚੁੰਨੀਆਂ ਲੱਥੀਆਂ ਅਤੇ ਫਟ ਗਈਆਂ। ਧੱਕਾ-ਮੁੱਕੀ ਦੌਰਾਨ ਬੇਰੁਜ਼ਗਾਰ ਅਧਿਆਪਕਾਂ ਦਾ ਗੁੱਸਾ ਉਦੋਂ ਹੋਰ ਭੜਕ ਗਿਆ ਜਦੋਂ ਇਕ ਬੇਰੁਜ਼ਗਾਰ ਮਹਿਲਾ ਅਧਿਆਪਕ ਨੇ ਦੋਸ਼ ਲਾਇਆ ਕਿ ਧੱਕਾ-ਮੁੱਕੀ ਦੌਰਾਨ ਡਿਊਟੀ ਮੈਜਿਸਟ੍ਰੇਟ ਨੇ ਉਸ ਨਾਲ ਅਸ਼ਲੀਲ ਹਰਕਤ ਕੀਤੀ ਹੈ ਅਤੇ ਉਸ ਦੇ ਥੱਪੜ ਮਾਰਿਆ ਹੈ। ਕਰੀਬ ਦਸ ਮਿੰਟ ਤੱਕ ਬੇਰੁਜ਼ਗਾਰ ਅਧਿਆਪਕਾਂ ਦੀ ਪੁਲਿਸ ਨਾਲ ਧੱਕਾ-ਮੁੱਕੀ ਚੱਲਦੀ ਰਹੀ।

ਪ੍ਰਦਰਸ਼ਨਕਾਰੀ ਅਧਿਆਪਕਾਂ ਨੇ ਦੱਸਿਆ ਕਿ ਜੇ ਡਿਊਟੀ ਮੈਜਿਸਟ੍ਰੇਟ ਨੇ ਆਪਣੀ ਹਰਕਤ ਲਈ ਮੁਆਫੀ ਨਾ ਮੰਗੀ ਤਾਂ ਉਹ ਡਿਊਟੀ ਮੈਜਿਸਟ੍ਰੇਟ ਦੀ ਕੁੱਟਮਾਰ ਕਰਨ ਲਈ ਮਜਬੂਰ ਹੋਣਗੇ। ਇਸ ਦੌਰਾਨ ਪ੍ਰਦਰਸ਼ਨਕਾਰੀ ਬੇਰੁਜ਼ਗਾਰ ਅਧਿਆਪਕ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਬੁਝੇ ਹੋਏ ਦੀਵੇ ਅਤੇ ਮੋਮਬੱਤੀਆਂ ਰੱਖਣ ਵਿਚ ਸਫਲ ਰਹੇ। ਬੀਤੀ 8 ਸਤੰਬਰ ਤੋਂ ਟੈਟ ਪਾਸ ਬੀ.ਐਡ. ਬੇਰੁਜ਼ਗਾਰ ਅਧਿਆਪਕ ਇਥੇ ਡੀਸੀ ਕੰਪਲੈਕਸ ਅੱਗੇ ਪੱਕਾ ਮੋਰਚਾ ਲਗਾਈ ਬੈਠੇ ਹਨ। ਵਾਰ-ਵਾਰ ਪੈਨਲ ਮੀਟਿੰਗਾਂ ਅਤੇ ਹੋਰ ਭਰੋਸਿਆਂ ਦੇ ਬਾਵਜੂਦ ਅਜੇ ਤੱਕ ਬੇਰੁਜ਼ਗਾਰ ਅਧਿਆਪਕਾਂ ਦੀ ਕੋਈ ਸੁਣਵਾਈ ਨਹੀਂ ਹੋਈ।

# ਸੱਜਣ ਕੁਮਾਰ ਖਿਲਾਫ ਗਵਾਹੀ ਦੇਣ ਵਾਲੇ ਤੇਜਿੰਦਰ ਸਿੰਘ ਦਾ ਦੇਹਾਂਤ

ਮੁਹਾਲੀ: ਨਜ਼ਦੀਕੀ ਪਿੰਡ ਬਲੌਂਗੀ ਵਿਚ ਰਹਿੰਦੇ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਇਕ ਹੋਰ ਗਵਾਹ ਭਾਈ ਤੇਜਿੰਦਰ ਸਿੰਘ ਨੇ ਦਮ ਤੋੜ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਕੌਮੀ ਜਨਰਲ ਸਕੱਤਰ ਕਰਨੈਲ ਸਿੰਘ ਪੀਰਮੁਹੰਮਦ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਦਸੰਬਰ 2009 ਵਿਚ ਤੇਜਿੰਦਰ ਸਿੰਘ ਦੇ ਭਰਾ ਤੇ ਸਿੱਖ ਕਤਲੇਆਮ ਦੇ ਮੁੱਖ ਗਵਾਹ ਗੁਰਚਰਨ ਸਿੰਘ ਦੀ ਮੌਤ ਹੋ ਗਈ ਸੀ।

ਇਹ ਦੋਵੇਂ ਭਰਾ ਸਿੱਖ ਕਤਲੇਆਮ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸੀਨੀਅਰ ਕਾਂਗਰਸ ਆਗੂ ਸੱਜਣ ਕੁਮਾਰ ਖਿਲਾਫ ਕੇਸ ਦੇ ਗਵਾਹ ਸਨ। ਸਿੱਖ ਕਤਲੇਆਮ ਵੇਲੇ ਇਹ ਪਰਿਵਾਰ ਦਿੱਲੀ ਦੇ ਗੁਲਾਬ ਬਾਗ ਵਿਚ ਰਹਿੰਦਾ ਸੀ। ਤੇਜਿੰਦਰ ਸਿੰਘ ਬਲੌਂਗੀ ਦੀ ਮਰਨ ਤੋਂ ਕੁਝ ਪਲ ਪਹਿਲਾਂ ਦੀ ਬਣੀ ਹੋਈ ਵੀਡੀਓ ਵੀ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਗਈ ਹੈ ਜਿਸ ਵਿਚ ਪੀੜਤ ਆਪਣੇ ਇਲਾਜ ਲਈ ਅਪੀਲ ਕਰ ਰਿਹਾ ਹੈ। ਉਸ ਨੇ ਆਪਣੀ ਆਰਥਿਕ ਹਾਲਤ ਦਾ ਵੀ ਹਵਾਲਾ ਦਿੱਤਾ ਹੈ।

ਸ੍ਰੀ ਪੀਰਮੁਹੰਮਦ ਨੇ ਕਿਹਾ ਕਿ ਦਹਾਕਾ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਗੁਰਚਰਨ ਸਿੰਘ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਸੱਜਣ ਕੁਮਾਰ ਖਿਲਾਫ ਮੁੱਖ ਗਵਾਹ ਦੇ ਪਰਿਵਾਰ ਦੀ ਆਰਥਿਕ ਮਦਦ ਕਰਨ ਦਾ ਐਲਾਨ ਕੀਤਾ ਸੀ ਪਰ ਗੁਰਚਰਨ ਸਿੰਘ ਦੀ ਮੌਤ ਤੋਂ ਬਾਅਦ ਪਿਛਲੀ ਅਕਾਲੀ ਸਰਕਾਰ ਅਤੇ ਐਸ.ਜੀ.ਪੀ.ਸੀ. ਨੇ ਇਸ ਪਰਿਵਾਰ ਦੀ ਕਦੇ ਕੋਈ ਸਾਰ ਨਹੀਂ ਲਈ। ਮ੍ਰਿਤਕ ਤੇਜਿੰਦਰ ਸਿੰਘ ਦੇ ਵੱਡੇ ਭਰਾ ਮਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਨਸਾਫ ਦੀ ਕੋਈ ਉਮੀਦ ਨਹੀਂ ਹੈ।

# ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਭਾਰਤ ਰਤਨ ਦੇਣ ਦੀ ਮੰਗ

ਨਵੀਂ ਦਿੱਲੀ: ਕਾਂਗਰਸ ਆਗੂ ਮਨੀਸ਼ ਤਿਵਾੜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕੀਤੀ ਹੈ ਕਿ ਉਹ ਸ਼ਹੀਦ ਭਗਤ ਸਿੰਘ,



ਰਾਜਗੁਰੂ ਅਤੇ ਸੁਖਦੇਵ ਨੂੰ ਭਾਰਤ ਰਤਨ ਦੇਣ ਦਾ ਐਲਾਨ ਕਰਨ। ਸ੍ਰੀ ਮੋਦੀ ਨੂੰ ਲਿਖੇ ਪੱਤਰ ਵਿਚ ਉਨ੍ਹਾਂ ਇਹ ਵੀ ਬੇਨਤੀ ਕੀਤੀ ਹੈ ਕਿ ਇਨ੍ਹਾਂ ਆਜ਼ਾਦੀ ਘੁਲਾਟੀਆਂ ਨੂੰ 'ਸ਼ਹੀਦ-ਏ-ਆਜ਼ਮ' ਦਾ ਖਿਤਾਬ ਰਸਮੀ ਤੌਰ 'ਤੇ ਐਲਾਨਿਆ ਜਾਵੇ। ਉਨ੍ਹਾਂ ਮੁਹਾਲੀ ਸਥਿਤ ਚੰਡੀਗੜ੍ਹ ਹਵਾਈ ਅੱਡੇ ਦਾ ਨਾਮ ਵੀ ਸ਼ਹੀਦ ਭਗਤ ਸਿੰਘ ਦੇ ਨਾਮ ਉਤੇ ਰੱਖਣ ਦੀ ਮੰਗ ਕੀਤੀ ਹੈ।

ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਚਿੱਠੀ ਵਿਚ ਕਿਹਾ ਹੈ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਬਲਿਦਾਨ ਨੇ ਦੇਸ਼ ਭਗਤਾਂ ਨੂੰ ਪ੍ਰੇਰਿਤ ਕੀਤਾ ਸੀ ਅਤੇ ਨੌਜਵਾਨ ਪੀੜ੍ਹੀ ਅੱਜ ਵੀ ਉਨ੍ਹਾਂ ਤੋਂ ਸੇਧ ਲੈ ਰਹੀ ਹੈ। ਉਨ੍ਹਾਂ ਕਿਹਾ ਕਿ 26 ਜਨਵਰੀ 2020 ਨੂੰ ਤਿੰਨੇ ਸ਼ਹੀਦਾਂ ਨੂੰ 'ਭਾਰਤ ਰਤਨ' ਨਾਲ ਨਿਵਾਜਿਆ ਜਾਣਾ ਚਾਹੀਦਾ ਹੈ। ਸ੍ਰੀ ਤਿਵਾੜੀ ਨੇ 25 ਅਕਤੂਬਰ ਨੂੰ ਲਿਖਿਆ ਪੱਤਰ ਟਵਿੱਟਰ 'ਤੇ ਵੀ ਸਾਂਝਾ ਕੀਤਾ ਹੈ।

ਉਨ੍ਹਾਂ ਦਾ ਇਹ ਸੁਝਾਅ ਉਸ ਸਮੇਂ ਆਇਆ ਹੈ ਜਦੋਂ ਮਹਾਰਾਸ਼ਟਰ 'ਚ ਭਾਜਪਾ ਵੱਲੋਂ ਹਿੰਦੂਵਾਦੀ ਆਗੂ ਵੀਰ ਸਾਵਰਕਰ ਨੂੰ ਭਾਰਤ ਰਤਨ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਆਲ ਇੰਡੀਆ ਮਜਲਿਸ-ਏ-ਇਤਿਹਾਦੁਲ ਮੁਸਲਮੀਨ ਦੇ ਮੁਖੀ ਅਸਦ-ਉਦ-ਦੀਨ ਓਵਾਇਸੀ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਭਾਰਤ ਰਤਨ ਦੇਣ ਦੀ ਮੰਗ ਕੀਤੀ ਸੀ।

# ਅਸਤੀਫਾ ਵਾਪਸ ਲੈਣ ਦੇ ਬਾਵਜੂਦ ਖਹਿਰਾ 'ਤੇ ਦਲ ਬਦਲੂ ਕੇਸ ਚੱਲਦਾ ਰਹੇਗਾ: ਸਪੀਕਰ

ਚੰਡੀਗੜ੍ਹ: ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਇਹ ਗੱਲ ਸਪਸ਼ਟ ਕੀਤੀ ਹੈ ਕਿ ਸੁਖਪਾਲ ਸਿੰਘ ਖਹਿਰਾ ਵੱਲੋਂ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫਾ ਵਾਪਸ ਲੈਣ ਦੇ ਬਾਵਜੂਦ ਉਨ੍ਹਾਂ ਵਿਰੁੱਧ ਦਾਇਰ ਪਟੀਸ਼ਨਾਂ ਦੀ ਕਾਨੂੰਨੀ ਕਾਰਵਾਈ ਚੱਲਦੀ ਰਹੇਗੀ ਕਿ ਕਿਉਂ ਨਾ ਉਨ੍ਹਾਂ ਨੂੰ ਦਲਬਦਲੀ ਕਰਨ ਦੇ ਦੋਸ਼ 'ਚ ਮੈਂਬਰੀ ਤੋਂ ਅਯੋਗ ਠਹਿਰਾ ਦਿੱਤਾ ਜਾਵੇ?

ਇਹ 2 ਪਟੀਸ਼ਨਾਂ ਖਹਿਰਾ ਵਿਰੁੱਧ ਭੁਲੱਥ ਹਲਕੇ ਦੇ ਵੋਟਰ ਹਰਸਿਮਰਨ ਸਿੰਘ ਤੇ 'ਆਪ' ਵਿਧਾਇਕ ਦਲ ਦੇ ਨੇਤਾ ਹਰਪਾਲ ਸਿੰਘ ਚੀਮਾ ਵੱਲੋਂ ਦਾਇਰ ਕੀਤੀਆਂ ਗਈਆਂ ਹਨ। ਹਰਸਿਮਰਨ ਸਿੰਘ ਵੱਲੋਂ ਪਿਛਲੇ ਸਾਲ ਅਕਤੂਬਰ ਮਹੀਨੇ ਤੇ ਸ. ਚੀਮਾ ਵੱਲੋਂ ਇਸ ਸਾਲ ਜੁਲਾਈ ਮਹੀਨੇ ਦਾਇਰ ਕੀਤੀਆਂ ਗਈਆਂ ਸਨ, ਜਦੋਂ ਤੱਕ ਇਨ੍ਹਾਂ ਦਾ ਫੈਸਲਾ ਨਹੀਂ ਸੁਣਾਇਆ ਜਾਂਦਾ ਤਦ ਤੱਕ ਵਿਧਾਇਕੀ ਤੋਂ ਅਯੋਗ ਠਹਿਰਾਉਣ ਦੀ ਤਲਵਾਰ ਲਟਕਦੀ ਰਹੇਗੀ।

ਇਸ ਸਬੰਧੀ ਸ. ਖਹਿਰਾ ਨੂੰ ਪੇਸ਼ੀ ਲਈ ਨਵੀਂ ਤਰੀਕ ਦਿੱਤੀ ਜਾਵੇਗੀ। ਉਧਰ, ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਖਹਿਰਾ ਨੇ ਆਮ ਆਦਮੀ ਪਾਰਟੀ ਨਾਲ ਦਗਾ ਤੇ ਧੋਖਾ ਕੀਤਾ ਹੈ, ਇਸ ਲਈ ਉਨ੍ਹਾਂ ਨੂੰ ਪਾਰਟੀ 'ਚ ਵਾਪਸ ਨਹੀਂ ਲਿਆ ਜਾਵੇਗਾ।

# ਪਰਵਾਸੀ ਪੰਛੀਆਂ ਨੇ ਹਰੀਕੇ ਜਲਗਾਹ 'ਤੇ ਲਾਈਆਂ ਰੌਣਕਾਂ



ਅੰਮ੍ਰਿਤਸਰ: ਸਰਦੀਆਂ ਦੇ ਮੌਸਮ ਦੀ ਸ਼ੁਰੂਆਤ ਨਾਲ ਹੀ ਹਰੀਕੇ ਜਲਗਾਹ ਵਿਚ ਪਰਵਾਸੀ ਪੰਛੀਆਂ ਦੀ ਆਮਦ ਸ਼ੁਰੂ ਹੋ ਜਾਂਦੀ ਹੈ ਅਤੇ ਲਗਭਗ 4 ਮਹੀਨੇ ਇਥੇ ਪੰਛੀਆਂ ਦਾ ਮੇਲਾ ਜਿਹਾ ਲੱਗਾ ਰਹਿੰਦਾ ਹੈ। ਹੁਣ ਅਕਤੂਬਰ ਦੇ ਆਖਰੀ ਹਫਤੇ ਵਿਚ ਇਥੇ ਪਰਵਾਸੀ ਪੰਛੀਆਂ ਦੀ ਆਮਦ ਸ਼ੁਰੂ ਹੋ ਗਈ ਹੈ। ਫਿਲਹਾਲ ਇਹ ਘੱਟ ਗਿਣਤੀ ਵਿਚ ਹਨ ਪਰ ਨਵੰਬਰ ਮਹੀਨੇ ਇਨ੍ਹਾਂ ਦੀ ਆਮਦ ਹੋਰ ਵਧ ਜਾਵੇਗੀ ਅਤੇ ਇਹ ਮਾਰਚ ਮਹੀਨੇ ਤੱਕ ਇਥੇ ਰਹਿਣਗੇ। ਸਰਦੀਆਂ ਦੇ ਮੌਸਮ ਵਿਚ ਜਦੋਂ ਕਈ ਮੁਲਕਾਂ ਵਿਚ ਤਾਪਮਾਨ ਸਿਫਰ ਤੋਂ ਹੇਠਾਂ ਚਲਾ ਜਾਂਦਾ ਹੈ ਅਤੇ ਝੀਲਾਂ ਜੰਮ ਜਾਂਦੀਆਂ ਹਨ ਤਾਂ ਸਾਇਬੇਰੀਆ, ਕਜ਼ਾਕਿਸਤਾਨ, ਯੂਰਪ ਆਦਿ ਕਈ ਮੁਲਕਾਂ ਤੋਂ ਪਰਵਾਸੀ ਪੰਛੀ ਘੱਟ ਤਾਪਮਾਨ ਵਾਲੇ ਇਸ ਭਾਰਤੀ ਖੇਤਰ ਵਿਚ ਪੁੱਜ ਜਾਂਦੇ ਹਨ। ਲੰਮੀ ਉਡਾਣ ਮਗਰੋਂ ਇਹ ਪੰਛੀਆਂ ਦੇ ਸਮੂਹ ਅਕਤੂਬਰ ਦੇ ਆਖਰੀ ਹਫਤੇ ਦੌਰਾਨ ਇਥੇ ਪੁੱਜਣੇ ਸ਼ੁਰੂ ਹੋ ਗਏ ਹਨ। ਸਤਲੁਜ ਅਤੇ ਬਿਆਸ ਦਰਿਆ ਦੇ ਸੰਗਮ 'ਤੇ ਬਣੇ ਹਰੀਕੇ ਜਲਗਾਹ ਵਿਖੇ ਡਬਲਿਊ.ਡਬਲਿਊ.ਐਫ. ਦੀ ਖੋਜਕਰਤਾ ਗੀਤਾਂਜਲੀ ਕੰਵਰ ਨੇ ਦੱਸਿਆ ਕਿ ਪਰਵਾਸੀ ਪੰਛੀਆਂ ਦੀਆਂ ਕਈ ਕਿਸਮਾਂ ਹਰੀਕੇ ਵਿਚ ਆਉਣੀਆਂ ਸ਼ੁਰੂ ਹੋ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਥੇ ਆਉਣ ਵਾਲੇ ਪਰਵਾਸੀ ਪੰਛੀਆਂ ਵਿਚ ਜਲ ਕੁਕੜੀਆਂ, ਕੂੰਜਾਂ, ਸੀਗਲ, ਭੁਝਕਣੀਆਂ, ਬਲੂਥਰੋਟ, ਰੈਡਸ਼ਾਂਕ, ਲੰਮੀਆਂ ਧੌਣਾਂ ਵਾਲੇ ਸਾਰਸ ਤੇ ਹੋਰ ਕਈ ਤਰ੍ਹਾਂ ਦੇ ਪੰਛੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਹੁਣ ਸਰਦੀਆਂ ਦੀ ਸ਼ੁਰੂਆਤ ਉਤੇ ਕਾਲੇ ਸਿਰ ਵਾਲੀ ਆਈਬਿਸ ਨੂੰ ਵੇਖਿਆ ਹੈ।

## ਬਿਆਸ ਦਰਿਆ 'ਚ ਡੌਲਫਿਨ ਦੀ ਗਿਣਤੀ ਵਿਚ ਵਾਧਾ

ਅੰਮ੍ਰਿਤਸਰ: ਬਿਆਸ ਦਰਿਆ ਵਿਚ ਦੁਰਲੱਭ ਡੌਲਫਿਨ ਮੱਛੀਆਂ ਨਾ ਸਿਰਫ ਠੀਕ-ਠਾਕ ਹਨ ਸਗੋਂ ਉਨ੍ਹਾਂ ਦੀ ਗਿਣਤੀ 'ਚ ਵੀ ਵਾਧਾ ਹੋ ਰਿਹਾ ਹੈ। ਇਸ ਦਾ ਪ੍ਰਗਟਾਵਾ ਇਥੇ ਦੇਖੀਆਂ ਗਈਆਂ ਤਿੰਨ ਡੌਲਫਿਨ ਮੱਛੀਆਂ ਤੋਂ ਹੋਇਆ ਹੈ, ਜਿਨ੍ਹਾਂ 'ਚ ਡੌਲਫਿਨ ਮੱਛੀਆਂ ਦਾ ਇਕ ਬੱਚਾ ਵੀ ਸ਼ਾਮਲ ਸੀ। ਸਰਵੇ ਦੌਰਾਨ ਹਰੀਕੇ ਜਲਗਾਹ ਤੋਂ ਬਿਆਸ ਦਰਿਆ ਵਾਲੇ ਪਾਸੇ ਲਗਭਗ 25 ਕਿਲੋਮੀਟਰ ਦੂਰ ਪਿੰਡ ਗਡਕਾ ਨੇੜੇ ਇਹ ਤਿੰਨ ਮੱਛੀਆਂ ਦੇਖੀਆਂ ਗਈਆਂ, ਜਿਨ੍ਹਾਂ 'ਚ ਇਕ ਬੱਚਾ ਵੀ ਸ਼ਾਮਲ ਸੀ, ਜਿਸ ਨੂੰ ਦੇਖਣ ਮਗਰੋਂ ਸਪੱਸ਼ਟ ਹੈ ਕਿ ਡੌਲਫਿਨ ਮੱਛੀਆਂ ਦੀ ਬਿਆਸ ਦਰਿਆ ਵਿਚ 'ਬ੍ਰੀਡਿੰਗ' ਵੀ ਹੋ ਰਹੀ ਹੈ। ਇਹ ਸਰਵੇ 13 ਤੋਂ 16 ਅਕਤੂਬਰ ਤੱਕ ਕੀਤਾ ਗਿਆ ਸੀ। ਇਸ ਦੌਰਾਨ ਹਰੀਕੇ ਹੈੱਡ ਵਰਕਸ ਤੋਂ ਹੁਸ਼ਿਆਰਪੁਰ ਹੈੱਡ ਵਰਕਸ ਤਕ ਲਗਭਗ 185 ਕਿਲੋਮੀਟਰ ਤੱਕ ਦਰਿਆ ਵਿਚ ਸਰਵੇ ਕੀਤਾ ਗਿਆ। ਇਸ ਵੇਲੇ ਬਿਆਸ ਦਰਿਆ ਵਿਚ ਇਨ੍ਹਾਂ ਦੁਰਲੱਭ ਪ੍ਰਜਾਤੀ ਦੀਆਂ ਡੌਲਫਿਨ ਮੱਛੀਆਂ ਦੀ ਸੰਖਿਆ ਅਨੁਮਾਨਤ 8 ਤੋਂ 10 ਹੈ।

# ਪੰਜਾਹ ਸਾਲ ਪੁਰਾਣੀਆਂ ਸਰਵੇ ਪੁਸਤਕਾਂ ਮੁੜ ਛਾਪੇਗਾ ਭਾਸ਼ਾ ਵਿਭਾਗ


ਪਟਿਆਲਾ: ਭਾਸ਼ਾ ਵਿਭਾਗ ਪੰਜਾਬ ਵੱਲੋਂ 50 ਸਾਲ ਪਹਿਲਾਂ ਮਨਾਏ ਗਏ ਗੁਰੂ ਨਾਨਕ ਦੇਵ ਦੇ 500ਵੇਂ ਪ੍ਰਕਾਸ਼ ਪੁਰਬ ਦੌਰਾਨ 1969 'ਚ ਛਾਪੀਆਂ ਸਰਵੇ ਪੁਸਤਕਾਂ 'ਸੁਲਤਾਨਪੁਰ ਲੋਧੀ' ਤੇ 'ਡੇਰਾ ਬਾਬਾ ਨਾਨਕ' ਨੂੰ ਅਪਡੇਟ ਕਰਕੇ ਮੁੜ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਵਿਭਾਗ ਦੀ ਕੋਸ਼ਿਸ਼ ਹੈ ਕਿ ਦੋਵੇਂ ਪੁਸਤਕਾਂ ਨੂੰ ਸੁਲਤਾਨਪੁਰ ਲੋਧੀ ਵਿਚ ਪ੍ਰਕਾਸ਼ ਪੁਰਬ ਦੇ ਮੁੱਖ ਸਮਾਗਮ ਉਤੇ ਰਿਲੀਜ਼ ਕੀਤਾ ਜਾਵੇ। ਦੱਸਣਯੋਗ ਹੈ ਕਿ ਸਰਵੇਖਣ ਪੁਸਤਕਾਂ 'ਚ ਸਬੰਧਤ ਸ਼ਹਿਰ ਦੀ ਇਤਿਹਾਸਕ, ਧਾਰਮਿਕ ਤੇ ਸਮਾਜਿਕ ਆਦਿ ਮਹੱਤਤਾ ਆਦਿ ਦੀ ਵਾਕਫੀਅਤ ਹੁੰਦੀ ਹੈ, ਤੇ ਭਾਸ਼ਾ ਵਿਭਾਗ ਨੇ ਹੁਣ ਤੱਕ 50 ਸਰਵੇ ਪੁਸਤਕਾਂ ਛਾਪੀਆਂ ਹਨ।

ਇਨ੍ਹਾਂ ਵਿਚੋਂ ਹੁਣ 'ਸੁਲਤਾਨਪੁਰ ਲੋਧੀ ਤੇ ਡੇਰਾ ਬਾਬਾ ਨਾਨਕ ਦੋਵੇਂ ਪੁਸਤਕਾਂ ਨੂੰ ਅਪਡੇਟ ਕਰਕੇ ਨਵੇਂ ਸਮੀਕਰਨਾਂ ਹੇਠ ਤਿਆਰ ਕੀਤਾ ਜਾ ਰਿਹਾ ਹੈ। ਇਹ ਦੋਵੇਂ ਸਰਵੇ ਪੁਸਤਕਾਂ ਵਿਭਾਗ ਨੇ 1969 'ਚ ਗੁਰੂ ਨਾਨਕ ਦੇਵ ਦੇ ਮਨਾਏ ਗਏ 500ਵੇਂ ਪ੍ਰਕਾਸ਼ ਪੁਰਬ ਜਸ਼ਨਾਂ ਵੇਲੇ ਛਾਪਿਆ ਸੀ। ਵਿਭਾਗ ਦੀ ਡਾਇਰੈਕਟਰ ਕਰਮਜੀਤ ਕੌਰ ਨੇ ਦੱਸਿਆ ਕਿ ਦੋਵੇਂ ਸਰਵੇ ਪੁਸਤਕਾਂ ਇਸ ਵੇਲੇ ਛਪਾਈ ਅਧੀਨ ਹਨ ਤੇ ਨਵੰਬਰ ਦੇ ਪਹਿਲੇ ਹਫਤੇ ਛਪ ਕੇ ਤਿਆਰ ਹੋ ਜਾਣਗੀਆਂ। ਉਨ੍ਹਾਂ ਦੱਸਿਆ ਕਿ ਦੋਵੇਂ ਕਿਤਾਬਾਂ ਦੀ ਇਤਿਹਾਸਕ ਮਹੱਤਤਾ ਨੂੰ ਮੁੱਖ ਰੱਖਦਿਆਂ ਨਵੇਂ ਸਿਰਿਉਂ ਅਪਡੇਟ ਕੀਤਾ ਗਿਆ ਹੈ।

ਇਸ ਲਈ ਸਬੰਧਤ ਮਾਹਿਰਾਂ ਤੇ ਬਾਸ਼ਿੰਦਿਆਂ ਦਾ ਸਹਿਯੋਗ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਸਰਵੇ ਪੁਸਤਕਾਂ ਤੋਂ ਇਲਾਵਾ ਵਿਭਾਗ ਨੇ ਬਟਾਲਾ ਸ਼ਹਿਰ 'ਤੇ ਸਰਵੇ ਪੁਸਤਕ ਪਹਿਲੀ ਵਾਰ ਤਿਆਰ ਕੀਤੀ ਹੈ, ਅਜਿਹੇ 'ਚ ਹੁਣ ਵਿਭਾਗ ਕੋਲ ਪੰਜਾਬ ਦੀਆਂ ਅਹਿਮ ਥਾਵਾਂ 'ਤੇ ਆਧਾਰਿਤ 50 ਸਰਵੇਖਣ ਪੱਧਰ ਦੀਆਂ ਪੁਸਤਕਾਂ ਹੋ ਗਈਆਂ ਹਨ।

# ਟੋਰਾਂਟੋ ਦੀ ਸਕੋਸ਼ੀਆ ਬੈਂਕ ਵਾਟਰਫਰੰਟ ਮੈਰਾਥਨ

20 ਅਕਤੂਬਰ 2019 ਨੂੰ ਟੋਰਾਂਟੋ ਦੀ 30ਵੀਂ ਸਕੋਸ਼ੀਆ ਬੈਂਕ ਵਾਟਰਫਰੰਟ ਮੈਰਾਥਨ ਲੱਗੀ, ਜਿਸ ਦੇ ਨਜ਼ਾਰੇ ਮੈਂ ਵੀ ਲਏ। ਉਸ ਵਿਚ 70 ਤੋਂ ਵੱਧ ਮੁਲਕਾਂ ਦੇ 26,000 ਤੋਂ ਵੱਧ ਦੌੜਾਕ ਸ਼ਾਮਲ ਹੋਏ, ਜਿਨ੍ਹਾਂ ਰਾਹੀਂ 35 ਲੱਖ ਡਾਲਰ ਦਾਨ ਫੰਡ 'ਕੱਠਾ ਹੋਇਆ। ਟੋਰਾਂਟੋ ਦੇ ਟੈਕਸੀਆਂ ਵਾਲੇ ਪੰਜਾਬੀ ਵੀਰਾਂ ਦੇ ਪੀਅਰਸਨ ਏਅਰਪੋਰਟ ਰਨਰਜ਼ ਐਂਡ ਸਪੋਰਟਸ ਕਲੱਬ ਦੇ ਪੰਜਾਹ ਕੁ ਮੈਂਬਰਾਂ ਨੇ ਵੀ ਉਸ ਦੌੜ ਵਿਚ ਭਾਗ ਲਿਆ, ਜਿਨ੍ਹਾਂ ਦੀਆਂ ਕੇਸਰੀ ਦਸਤਾਰਾਂ ਦਰਸ਼ਕਾਂ ਦਾ ਧਿਆਨ ਖਿੱਚਦੀਆਂ ਰਹੀਆਂ। ਖ਼ੁਸ਼ੀ ਦੀ ਗੱਲ ਹੈ ਕਿ ਸਾਡੇ ਪੰਜਾਬੀ ਭਰਾ ਮੈਰਾਥਨ ਦੇ ਮਹਾਂਰਥੀ ਬਾਬਾ ਫੌਜਾ ਸਿੰਘ ਦੀ ਰੀਸ ਕਰਨ ਲੱਗੇ ਹਨ।



**ਪ੍ਰਿੰ. ਸਰਵਣ ਸਿੰਘ**

ਮੈਰਾਥਨ ਦੌੜ ਦਾ ਪਿਛੋਕੜ ਢਾਈ ਹਜ਼ਾਰ ਸਾਲ ਪਹਿਲਾਂ ਲੜੀ ਲੜਾਈ ਨਾਲ ਸਬੰਧਿਤ ਹੈ। 490 ਪੂ. ਈ. ਵਿਚ ਪਰਸ਼ੀਆ ਨੇ ਏਥਨਜ਼ 'ਤੇ ਹਮਲਾ ਕਰਨ ਲਈ ਆਪਣੀ ਫੌਜ ਉਥੋਂ 25 ਕੁ ਮੀਲ ਦੂਰ ਪਿੰਡ ਮੈਰਾਥਨ ਵਿਚ ਉਤਾਰੀ ਸੀ। ਉਦੋਂ ਮੈਰਾਥਨ ਛੋਟਾ ਜਿਹਾ ਪਿੰਡ ਸੀ, ਜੋ ਹੁਣ ਸ਼ਹਿਰ ਬਣ ਗਿਆ ਹੈ। ਯੂਨਾਨ ਦੇ ਜਰਨੈਲ ਨੇ ਆਪਣੇ ਓਲੰਪਿਕਸ ਦੌੜਾਕ ਫਿਡੀਪੀਡੀਸ ਨੂੰ ਸਪਾਰਟਾ ਤੋਂ ਮਦਦ ਲੈਣ ਲਈ ਦੌੜਾਇਆ। ਉਹ ਦੌੜਦਾ, ਦਰਿਆ ਤੈਰਦਾ ਤੇ ਪਹਾੜੀਆਂ ਦੀਆਂ ਚੋਟੀਆਂ ਚੜ੍ਹਦਾ ਸਪਾਰਟਾ ਅੱਪੜਿਆ। ਮਦਦ ਦਾ ਸੁਨੇਹਾ ਦੇ ਕੇ ਵਾਪਸ ਏਥਨਜ਼ ਪਹੁੰਚਿਆ ਹੀ ਸੀ ਕਿ ਬਿਨਾ ਆਰਾਮ ਕੀਤੇ ਉਸ ਨੂੰ ਫੌਜ ਨਾਲ ਮੈਰਾਥਨ ਵੱਲ ਕੂਚ ਕਰਨਾ ਪਿਆ। ਮੈਰਾਥਨ ਦੇ ਮੈਦਾਨ ਵਿਚ ਜੰਮ ਕੇ ਲੜਾਈ ਹੋਈ, ਜਿਸ ਵਿਚ ਯੂਨਾਨੀ ਜਿੱਤ ਗਏ।

ਜਿੱਤ ਦਾ ਸਮਾਚਾਰ ਤੁਰਤ ਏਥਨਜ਼ ਪਹੁੰਚਾਉਣ ਲਈ ਜਰਨੈਲ ਨੇ ਥੱਕੇ-ਟੁੱਟੇ ਫਿਡੀਪੀਡੀਸ ਨੂੰ ਮੁੜ ਏਥਨਜ਼ ਵੱਲ ਦੌੜਾਇਆ। ਦੌੜਦਿਆਂ ਉਹਦੇ ਪੈਰਾਂ 'ਚੋਂ ਖ਼ੂਨ ਸਿਮ ਆਇਆ, ਜਿਸ ਨਾਲ ਲਹੂ ਦੇ ਨਿਸ਼ਾਨ ਪਹਾੜੀ ਪੱਥਰਾਂ 'ਤੇ ਲੱਗਦੇ ਗਏ। ਏਥਨਜ਼ ਵਾਸੀਆਂ ਨੂੰ ਦੂਰੋਂ ਆਪਣੇ ਓਲੰਪੀਅਨ ਦੌੜਾਕ ਦਾ ਝਉਲਾ ਪਿਆ, ਤਾਂ ਉਹ ਘਰਾਂ ਦੀਆਂ ਛੱਤਾਂ ਤੋਂ ਉਤਰ ਕੇ ਸਮਾਚਾਰ ਸੁਣਨ ਲਈ ਅੱਗੇ ਵਧੇ। ਹੰਭੇ, ਹਫੇ ਤੇ ਲਹੂ ਲੁਹਾਣ ਪੈਰਾਂ ਵਾਲੇ ਸਿਰੜੀ ਦੌੜਾਕ ਨੇ ਸਾਰੀ ਸੱਤਿਆ 'ਕੱਠੀ ਕਰ ਕੇ ਕੇਵਲ ਇਹੋ ਕਿਹਾ, "ਖ਼ੁਸ਼ੀਆਂ ਮਨਾਓ, ਆਪਾਂ ਜਿੱਤ ਗਏ ਆਂ!" ਏਨਾ ਕਹਿ ਕੇ ਉਹ ਡਿੱਗ ਪਿਆ ਤੇ ਪਰਲੋਕ ਸਿਧਾਰ ਗਿਆ।

ਮਾਡਰਨ ਓਲੰਪਿਕਸ ਖੇਡਾਂ 1896 ਵਿਚ ਏਥਨਜ਼ ਤੋਂ ਹੀ ਸ਼ੁਰੂ ਕੀਤੀਆਂ ਗਈਆਂ। ਉਨ੍ਹਾਂ ਖੇਡਾਂ 'ਚ ਫਿਡੀਪੀਡੀਸ ਦੀ ਯਾਦ ਵਿਚ ਪੱਚੀ ਕੁ ਮੀਲ ਲੰਮੀ ਦੌੜ ਸ਼ਾਮਲ ਕੀਤੀ ਗਈ, ਜਿਸ ਦਾ ਨਾਂ ਮੈਰਾਥਨ ਦੌੜ ਰੱਖਿਆ ਗਿਆ। ਏਥਨਜ਼ ਦੇ ਇਕ ਰਈਸ ਨੇ ਐਲਾਨ ਕੀਤਾ, ਜੇ ਕੋਈ ਯੂਨਾਨੀ ਇਹ ਦੌੜ ਜਿੱਤ ਜਾਵੇ ਤਾਂ ਉਹ ਦਸ ਲੱਖ ਯੂਨਾਨੀ ਸਿੱਕਿਆਂ ਨਾਲ ਉਸ ਨੂੰ ਆਪਣੀ ਧੀ ਦਾ ਡੋਲਾ ਵੀ ਦੇਵੇਗਾ।

ਦੌੜ ਸ਼ੁਰੂ ਹੋਈ ਤਾਂ ਯੂਨਾਨੀ ਦੌੜਾਕ ਸਪਰਿਡਨ ਲੂਈਸ ਪਹਿਲਾਂ ਪਿੱਛੇ ਰਹਿ ਗਿਆ। ਜਦੋਂ ਤਿੰਨ ਕੁ ਮੀਲ ਦੌੜ ਰਹਿ ਗਈ ਤਾਂ ਉਹ ਸਭ ਤੋਂ ਮੂਹਰੇ ਹੋ ਗਿਆ। ਯੂਨਾਨੀ ਦਰਸ਼ਕਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਉਹ ਸਟੇਡੀਅਮ ਵਿਚ ਸਭ ਤੋਂ ਪਹਿਲਾਂ ਦਾਖ਼ਲ ਹੋਇਆ ਤਾਂ ਦਰਸ਼ਕ ਉਤਸ਼ਾਹ ਵਿਚ ਉਠ ਖੜ੍ਹੇ ਹੋਏ। ਯੂਨਾਨੀ ਬਾਦਸ਼ਾਹ ਦੇ ਦੋਵੇਂ ਸ਼ਹਿਜ਼ਾਦੇ ਖ਼ੁਸ਼ੀ ਵਿਚ ਯੂਨਾਨੀ ਦੌੜਾਕ ਨੂੰ ਹੱਲਾਸ਼ੇਰੀ ਦਿੰਦੇ ਉਹਦੇ ਨਾਲ ਦੌੜਨ ਲੱਗੇ। ਸਪਰਿਡਨ ਲੂਈਸ ਮੈਰਾਥਨ ਦੌੜ ਦਾ ਪਹਿਲਾ ਓਲੰਪਿਕਸ ਚੈਂਪੀਅਨ ਬਣ ਗਿਆ। ਖ਼ੁਸ਼ ਹੋਏ ਯੂਨਾਨ ਦੇ ਬਾਦਸ਼ਾਹ ਨੇ ਜੇਤੂ ਨੂੰ ਵਧਾਈ ਦਿੰਦਿਆਂ ਕਿਹਾ, "ਮੰਗ ਜੋ ਮੰਗਣਾ।"

ਲੂਈਸ ਬੋਲਿਆ, "ਮੇਰੇ ਕੋਲ ਘੋੜਾ ਹੈ, ਪਰ ਘੋੜਾ-ਗੱਡੀ ਨਹੀਂ।" ਉਹ ਢਾਕੀਆ ਸੀ, ਜਿਸ ਦਾ ਕੰਮ ਘੋੜਾ-ਗੱਡੀ ਨਾਲ ਸੌਖਾ ਹੋ ਸਕਦਾ ਸੀ। ਉਸ ਨੇ ਰਾਜੇ ਤੋਂ ਘੋੜਾ-ਗੱਡੀ ਲੈ ਲਈ, ਪਰ ਰਈਸ ਦੀ ਧੀ ਦਾ ਡੋਲਾ ਇਸ ਲਈ ਨਾ ਲਿਆ ਕਿਉਂਕਿ ਉਹ ਪਹਿਲਾਂ ਹੀ ਵਿਆਹਿਆ ਹੋਇਆ ਸੀ।

1896 ਤੋਂ 1924 ਦੀਆਂ ਓਲੰਪਿਕਸ ਖੇਡਾਂ ਤਕ ਮੈਰਾਥਨ ਦੌੜਾਂ ਦੀ ਦੂਰੀ ਇਕੋ ਜਿੰਨੀ ਨਹੀਂ ਸੀ। 1924 ਵਿਚ ਪੈਰਿਸ ਦੀਆਂ ਓਲੰਪਿਕਸ ਖੇਡਾਂ ਤੋਂ ਮੈਰਾਥਨ ਦੌੜਾਂ ਦੀ ਦੂਰੀ ਇਕੋ ਜਿੰਨੀ ਰੱਖਣੀ ਤੈਅ ਹੋਈ। 1908 ਵਿਚ ਲੰਡਨ ਦੀਆਂ ਓਲੰਪਿਕਸ ਖੇਡਾਂ ਦੀ ਮੈਰਾਥਨ ਦੌੜ ਸ਼ਾਹੀ ਨਿਵਾਸ ਤੋਂ ਸ਼ੁਰੂ ਹੋਈ ਸੀ ਤੇ ਵਾਈਟ ਸਟੇਡੀਅਮ ਵਿਚ ਰਾਇਲ ਬੌਕਸ ਮੂਹਰੇ ਮੁੱਕੀ ਸੀ। ਫਾਸਲਾ ਮਿਣਿਆ ਤਾਂ 26 ਮੀਲ 385 ਗਜ ਨਿਕਲਿਆ। 1928 ਤੋਂ ਉਹੋ ਫਾਸਲਾ ਮੈਰਾਥਨ ਦੌੜ ਲਈ ਮਿਆਰੀ ਬਣਾ ਦਿੱਤਾ ਗਿਆ, ਜੋ 42 ਕਿਲੋਮੀਟਰ 195 ਮੀਟਰ ਬਣਦਾ ਹੈ।

1960 'ਚ ਰੋਮ ਦੀਆਂ ਓਲੰਪਿਕਸ ਖੇਡਾਂ ਸਮੇਂ ਇਥੋਪੀਆ ਦਾ ਦੌੜਾਕ ਅਬੇਬੇ ਬਕੀਲਾ ਨੰਗੇ ਪੈਰੀਂ ਦੌੜਿਆ, ਜੋ 2 ਘੰਟੇ 15 ਮਿੰਟ 16.2 ਸਕਿੰਟ ਵਿਚ ਦੌੜ ਪੂਰੀ ਕਰ ਕੇ ਓਲੰਪਿਕਸ ਚੈਂਪੀਅਨ ਬਣਿਆ। 1964 ਵਿਚ ਟੋਕੀਓ ਓਲੰਪਿਕਸ 'ਚ ਵੀ ਉਹ ਅੱਵਲ ਰਿਹਾ। ਟੋਕੀਓ ਵਿਚ ਉਸ ਨੇ 2 ਘੰਟੇ 12 ਮਿੰਟ 11.2 ਸਕਿੰਟ ਵਿਚ ਦੌੜ ਪੂਰੀ ਕੀਤੀ। ਉਦੋਂ ਤਕ ਬਕੀਲਾ ਤੋਂ ਬਿਨਾ ਕਿਸੇ ਵੀ ਦੌੜਾਕ ਨੇ ਓਲੰਪਿਕਸ ਖੇਡਾਂ ਦੀ ਮੈਰਾਥਨ ਦੋ ਵਾਰ ਨਹੀਂ ਸੀ ਜਿੱਤੀ। ਕੁਦਰਤ ਦਾ ਭਾਣਾ ਵੇਖੋ, ਜਦੋਂ ਉਹ ਤੀਜੀ ਵਾਰ ਓਲੰਪਿਕਸ ਖੇਡਾਂ ਦੀ ਮੈਰਾਥਨ ਜਿੱਤਣ ਦਾ ਅਭਿਆਸ ਕਰ ਰਿਹਾ ਸੀ ਤਾਂ ਇਕ ਹਾਦਸੇ ਵਿਚ ਉਹਦੀਆਂ ਦੋਵੇਂ ਲੱਤਾਂ ਕੁਚਲੀਆਂ ਗਈਆਂ। ਜਿਨ੍ਹਾਂ ਲੱਤਾਂ ਨਾਲ ਉਹ ਹਜ਼ਾਰਾਂ ਮੀਲ ਦੌੜਿਆ ਸੀ, ਨਕਾਰਾ ਹੋਈਆਂ ਵੇਖ ਉਹ ਬਹੁਤਾ ਚਿਰ ਜਿਉਂਦਾ ਨਾ ਰਹਿ ਸਕਿਆ ਤੇ 1973 ਵਿਚ ਮਰ ਗਿਆ!

ਇਹ ਮੰਨਣਾ ਸਹੀ ਨਹੀਂ ਕਿ ਮੈਰਾਥਨ ਦੌੜ ਜਾਨ ਲੇਵਾ ਹੁੰਦੀ ਹੈ। ਹੁਣ ਵਿਸ਼ਵ ਵਿਚ 800 ਤੋਂ ਵੱਧ ਵੱਡੀਆਂ ਮੈਰਾਥਨ ਦੌੜਾਂ ਲੱਗਦੀਆਂ ਹਨ, ਪਰ ਦੌੜਦਿਆਂ ਕੋਈ ਨਹੀਂ ਮਰਦਾ। ਮੈਰਾਥਨ ਦੌੜ ਦਾ ਵਿਸ਼ਵ ਰਿਕਾਰਡ ਮਰਦਾਂ ਦਾ 2 ਘੰਟੇ 2 ਮਿੰਟ 57 ਸੈਕਿੰਡ ਅਤੇ ਔਰਤਾਂ ਦਾ 2:15.25 ਹੈ। ਇਨਡੋਰ ਟ੍ਰੈਕ ਉਤੇ ਤਾਂ ਇਕ ਦੌੜਾਕ ਦੋ ਘੰਟੇ ਤੋਂ ਵੀ ਘੱਟ ਸਮੇਂ ਵਿਚ ਦੌੜ ਗਿਆ ਹੈ। ਬੋਸਟਨ ਦੀ ਮੈਰਾਥਨ 1897 ਤੋਂ ਹਰ ਸਾਲ ਲੱਗ ਰਹੀ ਹੈ, ਜੋ ਵਿਸ਼ਵ ਦੀ ਸਿਖਰਲੀ ਮੈਰਾਥਨ ਦੌੜ ਮੰਨੀ ਜਾਂਦੀ ਹੈ। ਪੰਜਾਬੀ ਟੈਕਸੀ ਵੀਰਾਂ ਦੇ ਦੋ ਮੈਂਬਰ ਉਸ ਦੌੜ ਲਈ ਕੁਆਲੀਫਾਈ ਕਰ ਚੁਕੇ ਹਨ। ਲੰਡਨ, ਨਿਊ ਯਾਰਕ, ਸ਼ਿਕਾਗੋ, ਬਰਲਿਨ, ਰੋਟਰਡੈਮ, ਟੋਕੀਓ, ਡੂਬਈ, ਬੀਜਿੰਗ, ਸਿਓਲ, ਰੋਮ, ਹਾਂਗਕਾਂਗ, ਵੈਨਕੂਵਰ ਤੇ ਟੋਰਾਂਟੋ ਆਦਿ ਸ਼ਹਿਰਾਂ ਦੀਆਂ ਮੈਰਾਥਨਾਂ ਵੀ ਵੱਧ ਮਸ਼ਹੂਰ ਹਨ।

ਟੋਰਾਂਟੋ ਦੀ ਵਾਟਰਫਰੰਟ ਮੈਰਾਥਨ ਹਜ਼ਾਰਾਂ ਦੀ ਗਿਣਤੀ ਵਿਚ ਦੌੜਨ ਵਾਲਿਆਂ ਦਾ ਦਰਸ਼ਨੀ ਜੋੜ ਮੇਲਾ ਸੀ। ਜਿਨ੍ਹਾਂ ਨੇ ਵੇਖਿਆ, ਉਹ ਛੇਤੀ ਕੀਤਿਆਂ ਨਹੀਂ ਭੁੱਲ ਸਕਣਗੇ। ਛਾਂਟਵੇਂ ਜੁੱਸਿਆਂ ਦਾ ਉਹ ਮੇਲਾ 22 ਅਕਤੂਬਰ 2017 ਨੂੰ ਲੱਗਾ। ਪੱਗਾਂ/ਪਟਕੇ ਬੰਨ੍ਹ ਕੇ ਉਸ ਵਿਚ ਦੌੜਨ ਵਾਲਿਆਂ ਨੇ ਦੱਸ ਦਿੱਤਾ ਕਿ ਅਸੀਂ ਵੀ ਏਥੇ ਵਸਦੇ ਹਾਂ ਅਤੇ ਸਿਹਤ ਪੱਖੋਂ ਸੁਚੇਤ ਹਾਂ। ਜਿਨ੍ਹਾਂ ਨੇ ਉਹ ਦੌੜ ਲਾਈ, ਉਨ੍ਹਾਂ ਦਾ ਕਹਿਣਾ ਹੈ ਕਿ ਸਾਨੂੰ ਆਪਣੀਆਂ ਉਮਰਾਂ ਦੇ ਪੰਜ ਦਸ ਸਾਲ ਵਧ ਗਏ ਲੱਗਦੇ ਹਨ। ਦੌੜਨ ਦਾ ਅਮਲ ਲੱਗ ਗਿਆ ਹੈ, ਜਿਸ ਨੇ ਮਾੜੇ ਅਮਲ ਛੁਡਾ ਦਿੱਤੇ ਹਨ।

ਟੋਰਾਂਟੋ ਦੀ 30ਵੀਂ ਵਾਟਰਫਰੰਟ ਮੈਰਾਥਨ ਟੋਰਾਂਟੋ ਦੇ ਯੂਨੀਵਰਸਿਟੀ ਐਵੀਨਿਊ ਤੋਂ ਦੌੜ ਸ਼ੁਰੂ ਹੋ ਕੇ ਲੇਕ ਸ਼ੋਰ ਵੱਲ ਦੀ ਲੰਘਦੀ ਹੋਈ ਸਿਟੀ ਹਾਲ ਕੋਲ ਮੁੱਕਣੀ ਸੀ। ਅਸੀਂ ਅੱਠ ਵਜੇ ਦੌੜ ਸ਼ੁਰੂ ਹੋਣ ਵਾਲੀ ਥਾਂ ਪਹੁੰਚ ਗਏ। ਉਸ ਵੇਲੇ ਦੌੜਾਕ ਜੁੱਸੇ ਗਰਮਾਉਂਦੇ ਗੇਂਦਾ ਵਾਂਗ ਬੁੜ੍ਹਕ ਰਹੇ ਸਨ। ਉਨ੍ਹਾਂ ਦੇ ਚਿਹਰਿਆਂ 'ਤੇ ਖੇੜਾ ਸੀ!



ਓਲੰਪਿਕਸ ਦੌੜਾਕ ਫਿਡੀਪੀਡੀਸ ਦਾ ਇਕ ਬੁੱਤ

ਦੌੜਨ ਵਾਲਿਆਂ ਤੋਂ ਬਿਨਾ ਦਰਸ਼ਕ ਵੀ ਵੱਡੀ ਗਿਣਤੀ ਵਿਚ ਮੌਜੂਦ ਸਨ। ਇਨਸਾਨੀ ਨਸਲਾਂ, ਰੰਗਾਂ-ਰੂਪਾਂ ਤੇ ਸ਼ਕਲਾਂ-ਸੂਰਤਾਂ ਦਾ ਅਜਬ ਨਜ਼ਾਰਾ ਸੀ। ਕਈਆਂ ਦੇ ਸੁਡੌਲ ਛਾਂਟਵੇਂ ਜੁੱਸੇ ਨਿਹਾਰਦਿਆਂ ਭੁੱਖ ਲਹਿੰਦੀ ਸੀ। ਏਨਾ ਰੂਪ! 8:45 ਉਤੇ ਪੰਜ ਕੁ ਹਜ਼ਾਰ ਦੌੜਾਕਾਂ ਦਾ ਪਹਿਲਾ ਪੂਰ ਦੌੜਾਇਆ ਗਿਆ। ਮੈਂ ਸਟਾਰਟਿੰਗ ਲਾਈਨ ਦੇ ਲਾਗੇ ਖੜ੍ਹਾ ਸਾਂ। ਦੌੜ ਦਾ ਘੁੱਗੂ ਵੱਜਾ ਤਾਂ ਇੰਜ ਲੱਗਾ ਜਿਵੇਂ ਦੌੜਨ ਵਾਲਿਆਂ ਦੇ ਹੜ੍ਹ ਦਾ ਬੰਨ੍ਹ ਟੁੱਟ ਗਿਆ ਹੋਵੇ ਤੇ ਦੌੜਾਕਾਂ ਦਾ ਦਰਿਆ ਵਹਿ ਤੁਰਿਆ ਹੋਵੇ! ਫਿਰ ਪੰਜ ਪੰਜ ਮਿੰਟਾਂ ਬਾਅਦ ਹੋਰ ਪੂਰ ਛੱਡੇ ਗਏ। ਛੱਬੀ ਹਜ਼ਾਰ ਦੌੜਾਕ ਸੜਕਾਂ ਉਤੇ ਦੌੜਨ ਲੱਗੇ। ਹਰ ਦੌੜਾਕ ਦੀ ਛਾਤੀ ਉਤੇ ਉਹਦਾ ਚੈਸਟ ਨੰਬਰ ਬਕਸੂਏ ਲਾ ਕੇ ਚੰਬੇੜਿਆ ਹੋਇਆ ਸੀ। ਉਹਦੇ ਅੰਦਰਲੇ ਪਾਸੇ ਇਲੈਕਟ੍ਰਾਨਿਕ ਜੰਤਰ ਚਿੱਪ ਸਮੇਤ ਲੱਗਾ ਹੋਇਆ ਸੀ, ਜਿਸ ਵਿਚ ਦੌੜਾਕ ਦਾ ਸਾਰਾ ਵੇਰਵਾ ਦਰਜ ਸੀ। ਦੌੜਦਿਆਂ ਉਸ ਜੰਤਰ ਨੇ ਦੌੜਾਕ ਦੇ ਕਦਮਾਂ, ਫਾਸਲੇ, ਸਮੇਂ ਤੇ ਨਬਜ਼ ਨੂੰ ਰਿਕਾਰਡ ਕਰਦੇ ਜਾਣਾ ਸੀ। ਜੋ ਮੈਰਾਥਨ ਵਿਚ ਦੌੜੇ, ਉਹ ਜਦੋਂ ਮਰਜ਼ੀ ਆਪਣੀ ਦੌੜ ਦਾ ਰਿਕਾਰਡ ਇਸ ਵਿਚੋਂ ਪੜ੍ਹ ਸਕਦੇ ਹਨ। ਦੌੜ ਪੂਰੀ ਕਰਨ ਵਾਲੇ ਦੌੜਾਕਾਂ ਦਾ ਮੈਡਲਾਂ ਨਾਲ ਸਨਮਾਨ ਕੀਤਾ ਗਿਆ। ਦੌੜ ਮਾਰਗ ਦੇ ਹਰ ਦੋ ਕਿਲੋਮੀਟਰ ਦੇ ਫਾਸਲੇ ਉਤੇ ਖਾਣ ਪੀਣ ਦਾ ਸਮਾਨ ਰੱਖਿਆ ਹੋਇਆ ਸੀ। ਹਜ਼ਾਰਾਂ ਵਾਲੰਟੀਅਰ ਨਿਸ਼ਕਾਮ ਸੇਵਾ 'ਚ ਲੱਗੇ ਹੋਏ ਸਨ।



ਹਜ਼ਾਰਾਂ ਦੌੜਾਕਾਂ ਨੂੰ 'ਕੱਠੇ ਦੌੜਦਿਆਂ ਵੇਖਣ ਦਾ ਇਹ ਅਦਭੁੱਤ ਨਜ਼ਾਰਾ ਸੀ। ਵੱਖ-ਵੱਖ ਨਸਲਾਂ, ਰੰਗਾਂ, ਧਰਮਾਂ, ਜਾਤਾਂ, ਬੋਲੀਆਂ, ਦੇਸ਼ਾਂ, ਉਮਰਾਂ, ਵਿਚਾਰਾਂ, ਲਿੰਗ ਭਿੰਨ-ਭੇਦਾਂ ਤੇ ਊਚ-ਨੀਚ ਦਾ ਫਰਕ ਮਿਟਾ ਕੇ ਜਨ ਸਮੂਹ ਦਾ 'ਕੱਠਿਆਂ ਦੌੜਨਾ 'ਜਗਤ ਪਰਿਵਾਰ' ਵਾਂਗ ਲੱਗਾ! ਕੁਝ ਦੌੜਾਕ ਮਸਨੂਈ ਲੱਤਾਂ, ਡੰਗੋਰੀਆਂ ਤੇ ਵ੍ਹੀਲ ਚੇਅਰਾਂ ਨਾਲ ਦੌੜ ਰਹੇ ਸਨ। ਦੋ ਬੀਬੀਆਂ ਆਪਣੇ ਬੁੱਢੇ ਬਾਪ ਨੂੰ ਸਹਾਰਾ ਦਿੰਦੀਆਂ ਦੌੜ ਪੂਰੀ ਕਰਵਾ ਰਹੀਆਂ ਸਨ। ਵਿਚੇ ਮਸਖ਼ਰੇ ਦੌੜੀ ਜਾ ਰਹੇ ਸਨ, ਜੋ ਦਰਸ਼ਕਾਂ ਦਾ ਚਿੱਤ ਪਰਚਾ ਰਹੇ ਸਨ। ਦਰਸ਼ਕ ਆਪੋ ਆਪਣੇ ਪਿਆਰਿਆਂ ਨੂੰ ਕੂਕ-ਕੂਕ ਕੇ ਹੱਲਾਸ਼ੇਰੀ ਦੇ ਰਹੇ ਸਨ। ਦੌੜ ਪੂਰੀ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਪਿਆਰੇ ਮੁਬਾਰਕਾਂ ਦਿੰਦੇ ਚੁੰਮਣ ਦੇ ਰਹੇ ਸਨ। ਬੱਚੇ ਬਾਪੂਆਂ ਦੀਆਂ ਲੱਤਾਂ ਨੂੰ ਚੰਬੜ ਰਹੇ ਸਨ, ਜਿਨ੍ਹਾਂ ਨੂੰ ਕੰਧਾੜੀ ਚੁੱਕਿਆ ਜਾ ਰਿਹਾ ਸੀ। ਯਾਦਗਾਰੀ ਫੋਟੋ ਲੱਥ ਰਹੇ ਸਨ। ਮੈਰਾਥਨ ਪੂਰੀ ਕਰਦਿਆਂ ਦੇ ਸਿਰੜ ਨੂੰ ਸਲਾਮ ਕਿਹਾ ਜਾ ਰਿਹਾ ਸੀ!

ਅਸੀਂ ਮੈਰਾਥਨ ਦਾ ਮੇਲਾ ਵੇਖਦਿਆਂ ਦਸ ਬਾਰਾਂ ਕਿਲੋਮੀਟਰ ਦੀ ਭੱਜ-ਨੱਸ ਕਰ ਚੁਕੇ ਸਾਂ। ਰੂਹ ਰੱਜ ਨਹੀਂ ਸੀ ਰਹੀ। ਏਨੀ ਸੁਹਣੀ ਤੇ ਤੰਦਰੁਸਤ ਜੁਆਨੀ! ਏਨਾ ਫਿੱਟ ਬੁਢਾਪਾ! ਜਦੋਂ ਮੈਰਾਥਨ ਦੌੜ ਦੇ ਜੇਤੂ ਕੀਨੀਆ ਦੇ ਦੌੜਾਕ ਫਿਲਮੋਨੇ ਰੋਨੋ ਨੂੰ ਸਨਮਾਨ ਕਰਨ ਲਈ ਸਟੇਜ 'ਤੇ ਬੁਲਾਇਆ ਗਿਆ ਤਾਂ ਉਸ ਨੇ ਪੰਛੀਆਂ ਦੇ ਪਰਾਂ ਵਾਂਗ ਬਾਹਾਂ ਫੈਲਾ ਕੇ ਗੇੜਾ ਦਿੱਤਾ। ਜਦੋਂ ਉਹ ਸਟੇਜ ਤੋਂ ਉਤਰਿਆ ਤਾਂ ਮੈਂ ਉਸ ਨੂੰ ਵਧਾਈ ਦੇਣ ਗਿਆ। ਮੇਰੀ ਪੱਗ ਦਾੜ੍ਹੀ ਤੋਂ ਉਸ ਨੇ ਮੈਨੂੰ ਫੌਜਾ ਸਿੰਘ ਸਮਝ ਲਿਆ। ਅਸੀਂ ਇਕ ਦੂਜੇ ਨੂੰ ਜੱਫੀ ਪਾਈ ਤਾਂ ਉਹ ਮੇਰੀ ਕੱਛ ਵਿਚ ਆ ਗਿਆ। ਉਹਦਾ ਕੱਦ ਮਸੀਂ ਪੰਜ ਫੁੱਟ ਦੋ ਇੰਚ ਹੋਵੇਗਾ। ਹੈਰਾਨ ਸਾਂ ਕਿ ਚਾਲੀ ਕੁ ਕਿਲੋਗਰਾਮ ਵਜ਼ਨ ਦਾ ਰੋਨੋ, ਜਿਸ ਦਾ ਰੰਗ ਕਾਲਾ, ਦੰਦ ਚਿੱਟੇ, ਨਾਸਾਂ ਚੌੜੀਆਂ, ਸਿਰ ਗੰਜਾ ਤੇ ਕੰਨ ਨਿੱਕੇ ਹਨ, ਛੋਟੇ-ਛੋਟੇ ਕਦਮਾਂ ਨਾਲ 42.195 ਕਿਲੋਮੀਟਰ 2 ਘੰਟੇ 5 ਮਿੰਟ ਵਿਚ ਕਿਵੇਂ ਦੌੜ ਗਿਆ! ਕੈਨੇਡਾ ਦੀ ਧਰਤੀ 'ਤੇ ਅਜੇ ਤਕ ਏਦੂੰ ਘੱਟ ਸਮੇਂ ਵਿਚ ਕੋਈ ਦੌੜਾਕ ਮੈਰਾਥਨ ਨਹੀਂ ਦੌੜਿਆ। ਰੋਨੋ ਨੂੰ 80,000 ਡਾਲਰ ਫਸਟ ਆਉਣ ਦਾ ਸਿਰਵਾਰਨਾ ਤੇ 50,000 ਡਾਲਰ ਨਵਾਂ ਰਿਕਾਰਡ ਰੱਖਣ ਦਾ ਇਨਾਮ ਮਿਲਿਆ।

ਟੋਰਾਂਟੋ ਪੀਅਰਸਨ ਏਅਰਪੋਰਟ ਰਨਰਜ਼ ਐਂਡ ਸਪੋਰਟਸ ਕਲੱਬ ਵਾਲਿਆਂ ਨੂੰ ਵਧਾਈਆਂ, ਜਿਨ੍ਹਾਂ ਨੇ ਮੈਰਾਥਨ ਦੌੜ ਵਿਚ ਭਾਗ ਲੈ ਕੇ ਪੰਜਾਬੀ ਭਾਈਚਾਰੇ ਦੀ ਰੱਖ ਵਿਖਾਈ। ਉਸ ਵਿਚ ਸਾਡੇ ਭਾਈਚਾਰੇ ਦੀਆਂ ਦੋ ਮਾਂਵਾਂ ਵੀ ਆਪਣੇ ਪਤੀਆਂ ਨਾਲ ਦੌੜੀਆਂ। ਅਗਲੀਆਂ ਗਰਮੀਆਂ ਵਿਚ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਵੱਲੋਂ ਟੋਰਾਂਟੋ ਦੇ ਗੁਰੂ ਘਰਾਂ ਤੋਂ ਗੁਰੂ ਘਰਾਂ ਤਕ ਮੈਰਾਥਨ ਦੌੜ ਅਤੇ ਵਾਕ ਕਰਵਾਈ ਜਾਵੇਗੀ।

ਗੁਰੂ ਅੰਗਦ ਦੇਵ ਨੇ ਸਿੱਖਾਂ ਨੂੰ ਮੱਲ ਅਖਾੜੇ, ਗੁਰੂ ਹਰਗੋਬਿੰਦ ਸਾਹਿਬ ਨੇ ਕਸਰਤਾਂ ਤੇ ਦੰਗਲ ਅਤੇ ਗੁਰੂ ਗੋਬਿੰਦ ਸਿੰਘ ਨੇ ਹੋਲੇ ਮਹੱਲੇ ਦੀਆਂ ਮਾਰਸ਼ਲ ਖੇਡਾਂ ਦੇ ਲੜ ਲਾਇਆ ਸੀ ਤਾਂ ਕਿ ਸਿੱਖਾਂ ਦੇ ਜੁੱਸੇ ਤਕੜੇ ਤੇ ਫਿੱਟ ਰਹਿਣ। ਪੰਜਾਬ ਵਿਚ ਗੁਰੂ ਘਰਾਂ ਤੋਂ ਮੰਦਿਰਾਂ ਅਤੇ ਮੰਦਿਰਾਂ ਤੋਂ ਗੁਰੂ ਘਰਾਂ ਤਕ ਮੈਰਾਥਨ ਦੌੜਾਂ ਤੇ ਤੋਰਾਂ ਜਿਥੇ ਜੁੱਸੇ ਫਿੱਟ ਰੱਖਣ ਵਿਚ ਯੋਗਦਾਨ ਪਾ ਸਕਦੀਆਂ ਹਨ, ਉਥੇ ਧਾਰਮਿਕ ਸਦਭਾਵਨਾ ਵੀ ਵਧਾ ਸਕਦੀਆਂ ਹਨ। ਮੈਰਾਥਨ ਦੌੜਾਂ ਨੂੰ ਨਗਰ ਕੀਰਤਨਾਂ ਤੇ ਸ਼ੋਭਾ ਯਾਤਰਾਵਾਂ ਵਾਂਗ ਮਹੱਤਵ ਦਿੱਤੇ ਜਾਣ ਦੀ ਲੋੜ ਹੈ। ਕੀ ਕੋਈ ਸੁਣੇਗਾ?

# ਮੈਕਸੀਕੋ ਸਰਹੱਦ ਉਤੇ 5400 ਬੱਚੇ ਮਾਪਿਆਂ ਤੋਂ ਵੱਖ ਕੀਤੇ

**ਸੈਨ ਡਿਏਗੋ:** ਅਮਰੀਕੀ ਇਮੀਗਰੇਸ਼ਨ ਅਧਿਕਾਰੀਆਂ ਨੇ ਟਰੰਪ ਸਰਕਾਰ ਦੇ ਸ਼ੁਰੂਆਤੀ ਕਾਰਜਕਾਲ ਦੌਰਾਨ ਮੈਕਸਿਕੋ ਨਾਲ ਲੱਗਦੀ ਸਰਹੱਦ ਉਤੇ 1500 ਤੋਂ ਵੱਧ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਤੋਂ ਵੱਖ ਕਰ ਦਿੱਤਾ ਸੀ। ਇਸ ਦੇ ਨਾਲ ਜੁਲਾਈ 2017 ਤੋਂ ਲੈ ਕੇ ਹੁਣ ਤੱਕ 5460 ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਤੋਂ ਵੱਖ ਕੀਤਾ ਜਾ ਚੁੱਕਿਆ ਹੈ।

ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ (ਏ.ਸੀ.ਐਲ.ਯੂ.) ਨੇ ਦੱਸਿਆ ਕਿ ਸਰਕਾਰ ਨੇ ਉਸ ਦੇ ਵਕੀਲ ਨੂੰ ਦੱਸਿਆ ਕਿ ਪਹਿਲੀ ਜੁਲਾਈ 2017 ਤੋਂ 26 ਜੂਨ 2018 ਵਿਚਕਾਰ ਵੱਖ ਕੀਤੇ ਗਏ ਕੁੱਲ 1556 ਬੱਚਿਆਂ 'ਚੋਂ 207 ਬੱਚਿਆਂ ਦੀ ਉਮਰ ਪੰਜ ਸਾਲ ਤੋਂ ਵੀ ਘੱਟ ਸੀ। ਸਾਨ ਡਿਏਗੋ ਦੇ ਸੰਘੀ ਜੱਜ ਨੇ ਸਰਕਾਰ ਨੂੰ ਜੁਲਾਈ 2017 ਤੋਂ ਹੁਣ ਤੱਕ ਮਾਪਿਆਂ ਤੋਂ ਜੁਦਾ ਕੀਤੇ ਗਏ ਸਾਰੇ ਬੱਚਿਆਂ ਦੀ ਪਛਾਣ ਕਰਨ ਦਾ ਹੁਕਮ ਦਿੱਤਾ ਸੀ।



ਸਰਕਾਰ ਕੋਲ ਉਸ ਸਮੇਂ ਬੱਚਿਆਂ ਦਾ ਪਤਾ ਲਾਉਣ ਦੀ ਸਹੀ ਪ੍ਰਣਾਲੀ ਨਹੀਂ ਸੀ। ਏ.ਸੀ.ਐਲ.ਯੂ. ਨਾਲ ਕੰਮ ਕਰਨ ਵਾਲੇ ਵਾਲੰਟੀਅਰ ਗੁਆਟੇਮਾਲਾ ਅਤੇ ਹੋਂਡੂਰਸ 'ਚ ਘਰ-ਘਰ ਜਾ ਕੇ ਕੁਝ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਪਤਾ ਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਜਸਟਿਸ ਵਿਭਾਗ ਨੇ ਕਿਹਾ ਕਿ ਕਈ ਪਰਿਵਾਰਾਂ ਨੂੰ ਵੱਡਾ ਸਦਮਾ ਲੱਗਾ ਹੈ ਅਤੇ ਕਈ ਤਾਂ ਇਸ ਤੋਂ ਉਭਰਨ 'ਚ ਨਾਕਾਮ ਰਹੇ ਹਨ। ਉਂਜ ਸਰਕਾਰ ਨੇ 26 ਜੂਨ 2018 ਨੂੰ ਸਰਕਾਰ ਦੀ ਹਿਰਾਸਤ 'ਚ 2814 ਬੱਚਿਆਂ ਦੀ ਪਛਾਣ ਕੀਤੀ ਸੀ ਜਿਨ੍ਹਾਂ 'ਚੋਂ ਜ਼ਿਆਦਾਤਰ ਨੂੰ ਮਾਪਿਆਂ ਨਾਲ ਮਿਲਾ ਦਿੱਤਾ ਗਿਆ ਹੈ। ਏ.ਸੀ.ਐਲ.ਯੂ. ਨੇ ਕਿਹਾ ਕਿ ਉਨ੍ਹਾਂ ਨੂੰ ਮਿਆਦ ਖ਼ਤਮ ਹੋਣ ਤੋਂ ਇਕ ਦਿਨ ਪਹਿਲਾਂ 1556 ਹੋਰ ਬੱਚਿਆਂ ਦੇ ਨਾਮ ਮਿਲੇ ਹਨ।

# ਯੂਬਾ ਸਿਟੀ ਨਗਰ ਕੀਰਤਨ: ਸ਼ੁਰੂਆਤ ਤੋਂ ਅੱਜ ਤੱਕ-ਇਕ ਝਾਤ

ਚਾਲੀ ਸਾਲ ਪਹਿਲਾਂ ਚਾਰ ਕੁ ਸੌ ਦੇ ਇਕੱਠ ਨਾਲ ਸ਼ੁਰੂ ਹੋਇਆ ਯੂਬਾ ਸਿਟੀ ਦਾ ਨਗਰ ਕੀਰਤਨ ਭਾਰਤ ਤੋਂ ਬਾਹਰ ਸਿੱਖਾਂ/ਪੰਜਾਬੀਆਂ ਦਾ ਹੀ ਨਹੀਂ ਸਗੋਂ ਸਮੁੱਚੇ ਭਾਰਤੀ ਭਾਈਚਾਰੇ ਦੇ ਵੱਡੇ ਇਕੱਠਾਂ 'ਚ ਸ਼ੁਮਾਰ ਹੁੰਦਾ ਹੈ। ਇਹ ਭਾਵੇਂ ਚਾਲੀਵਾਂ ਸਮਾਗਮ ਹੈ, ਪਰ ਇਸ ਵਾਰ ਇਸ ਦੀ ਹੋਰ ਵੀ ਵੱਧ ਅਹਿਮੀਅਤ ਹੈ। ਇਕ ਤਾਂ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਹੈ; ਦੂਜੇ, ਇਹ ਵਰ੍ਹਾ ਸਮਾਗਮ ਕਰਵਾਉਣ ਵਾਲੇ ਗੁਰਦੁਆਰਾ ਟਾਇਰਾ ਬਿਊਨਾ ਦਾ 50ਵਾਂ ਸਥਾਪਨਾ ਸਾਲ ਵੀ ਹੈ।

ਗੁਰਦੁਆਰੇ ਦੀ ਸਥਾਪਨਾ ਅਤੇ ਦੂਜੇ ਗੁਰਦੁਆਰੇ ਬਣਨ ਦਾ ਤਾਂ ਕਿਤੇ ਫਿਰ ਜ਼ਿਕਰ ਕਰਾਂਗੇ, ਇਥੇ ਅਸੀਂ ਨਗਰ ਕੀਰਤਨ ਬਾਰੇ ਹੀ ਚਰਚਾ ਕਰਾਂਗੇ। ਇਹ ਨਗਰ ਕੀਰਤਨ ਕੈਨੇਡਾ ਦੇ

**ਹਰਜਿੰਦਰ ਦੁਸਾਂਝ**

ਸ਼ਹਿਰ ਵੈਨਕੂਵਰ 'ਚ ਪਹਿਲਾਂ ਹੀ ਸਜਾਏ ਜਾਂਦੇ ਨਗਰ ਕੀਰਤਨ ਦੀ ਤਰਜ਼ 'ਤੇ ਸ਼ੁਰੂ ਕੀਤਾ ਗਿਆ ਸੀ। ਵੈਨਕੂਵਰ ਵਾਲੇ ਨਗਰ ਕੀਤਰਤਨ 'ਚ ਸ਼ਾਮਲ ਹੋਣ ਲਈ ਯੂਬਾ ਸਿਟੀ ਤੋਂ ਬਖਤਾਵਰ ਸਿੰਘ ਪੁਰੇਵਾਲ, ਊਧਮ ਸਿੰਘ ਪੁਰੇਵਾਲ ਅਤੇ ਦੀਦਾਰ ਸਿੰਘ ਬੈਂਸ ਹਰ ਸਾਲ ਜਾਂਦੇ ਸਨ। ਇਕ ਸਾਲ ਭਾਰੀ ਬਾਰਿਸ਼ ਦੇ ਬਾਵਜੂਦ ਸੰਗਤ ਨੇ ਪੂਰੇ ਉਤਸ਼ਾਹ ਨਾਲ ਨਗਰ ਕੀਰਤਨ ਸਜਾਇਆ ਤਾਂ ਉਥੇ ਹੀ



*ਯੂਬਾ ਸਿਟੀ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆਉਣ ਵਾਲੇ ਅਤੇ ਬਾਨੀ ਡਾਇਰੈਕਟਰ ਨੰਬਰਦਾਰ ਗੰਢਾ ਸਿੰਘ ਹੀਰ*

ਊਧਮ ਸਿੰਘ ਪੁਰੇਵਾਲ ਨੇ ਆਖਿਆ ਕਿ ਅਮਰੀਕੀ ਸਿੱਖਾਂ ਅੰਦਰ ਇਨ੍ਹਾਂ ਕੈਨੇਡੀਅਨ ਸਿੱਖਾਂ ਵਾਂਗ ਹੋਰ ਉਤਸ਼ਾਹ ਅਤੇ ਜੋਸ਼ ਭਰਨ ਲਈ ਅਜਿਹਾ ਨਗਰ ਕੀਰਤਨ ਯੂਬਾ ਸਿਟੀ ਵੀ ਸਜਾਇਆ ਜਾਵੇ।

1978 ਦੇ ਮਗਰਲੇ ਮਹੀਨਿਆਂ ਦੌਰਾਨ ਯੂਬਾ ਸਿਟੀ ਦੇ ਪੰਜਾਬੀ ਭਾਈਚਾਰੇ ਵਿਚ ਨਗਰ ਕੀਰਤਨ ਸਜਾਉਣ ਦੀਆਂ ਵਿਚਾਰਾਂ ਤੁਰੀਆਂ। ਭਾਈਚਾਰੇ ਵਿਚੋਂ ਕੁਝ ਕੁ ਨੇ ਡਰ ਵੀ ਦਰਸਾਇਆ ਕਿ ਗੈਰ-ਭਾਰਤੀ ਉਨ੍ਹਾਂ ਦਾ ਵਿਰੋਧ ਕਰਨਗੇ। ਉਦੋਂ ਅਜੇ ਨਸਲੀ ਵਿਤਕਰੇ ਦੀ ਰਹਿੰਦ-ਖੂੰਹਦ ਬਾਕੀ ਸੀ। ਖੈਰ, ਫੈਸਲਾ ਹੋਇਆ ਕਿ ਯੂਬਾ ਸਿਟੀ ਵਿਚ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਮੌਕੇ ਕੀਤਾ ਜਾਵੇ, ਜੋ ਨਵੰਬਰ ਵਿਚ ਆਉਂਦਾ ਹੈ। ਵੈਨਕੂਵਰ ਵਾਲਾ ਨਗਰ ਕੀਰਤਨ ਵਿਸਾਖੀ ਮੌਕੇ ਹੁੰਦਾ ਹੋਣ ਕਰਕੇ ਵੱਖਰਾ ਦਿਨ ਰੱਖਣ ਬਾਰੇ ਵਿਚਾਰਾਂ ਹੋਈਆਂ। ਉਂਜ, ਇਸ ਦਾ ਇਕ ਅਹਿਮ ਕਾਰਨ ਯੂਬਾ ਸਿਟੀ ਦਾ ਖੇਤੀ ਕਿੱਤਾ ਹੋਣਾ ਵੀ ਸੀ। ਬਹੁਗਿਣਤੀ ਭਾਈਚਾਰਾ ਖੇਤੀ ਨਾਲ ਜੁੜਿਆ ਹੋਇਆ ਸੀ। ਨਵੰਬਰ ਮਹੀਨੇ ਖੇਤੀ ਦੇ ਅਹਿਮ ਕੰਮ ਮੁੱਕ ਜਾਂਦੇ ਹਨ ਤੇ ਉਦੋਂ ਬਹੁਗਿਣਤੀ ਕੋਲ ਖੁੱਲ੍ਹਾ ਸਮਾਂ ਹੁੰਦਾ ਸੀ।

ਫੈਸਲੇ ਉਪਰੰਤ ਦੀਦਾਰ ਸਿੰਘ ਬੈਂਸ ਤੇ ਡਾ. ਗੁਲਜ਼ਾਰ ਸਿੰਘ ਜੌਹਲ ਨੇ ਅੱਗੇ ਹੋ ਕੇ ਉਸ ਵਕਤ ਦੇ ਪੰਜਾਬੀ ਪਤਵੰਤਿਆਂ ਨੂੰ ਨਾਲ ਲੈ ਕੇ ਸ਼ਹਿਰ ਅਤੇ ਕਾਊਂਟੀ ਦੇ ਪ੍ਰਸ਼ਾਸਨ ਨਾਲ ਨਗਰ ਕੀਰਤਨ ਬਾਰੇ ਸਲਾਹ ਮਸ਼ਵਰਾ ਕੀਤਾ ਤੇ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ। ਇਸ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਸਜਾਉਣ ਲਈ



*ਗੁਰੂ ਘਰ ਤੇ ਨਗਰ ਕੀਰਤਨ ਦੇ ਬਾਨੀ ਡਾਇਰੈਕਟਰ ਤੇ ਗੁਰੂ ਘਰ ਨੂੰ ਪਹਿਲੇ ਤਿੰਨ ਏਕੜ ਦੇਣ ਵਾਲੇ ਊਧਮ ਸਿੰਘ ਪੁਰੇਵਾਲ ਤੇ ਬਖਤਾਵਰ ਸਿੰਘ ਪੁਰੇਵਾਲ ਭਰਾ*

ਵੈਨਕੂਵਰ ਦੀ ਤਰਜ਼ 'ਤੇ ਫਲੋਟ ਬਣਾਇਆ ਗਿਆ। ਫਲੋਟ ਬਣਾਉਣ ਲਈ ਉਹੀ ਕਾਰੀਗਰ ਤੇ ਸੇਵਾਦਾਰ ਮੰਗਵਾਏ ਗਏ, ਜੋ ਵੈਨਕੂਵਰ ਨਗਰ ਕੀਰਤਨ ਦੀ ਤਿਆਰੀ ਕਰਦੇ ਸਨ।

ਸ. ਦੀਦਾਰ ਸਿੰਘ ਬੈਂਸ ਨੇ ਨਵੇਂ ਲਿਆਂਦੇ ਟਰੈਕਟਰਾਂ 'ਚੋਂ ਇਕ ਫਲੋਟ ਬਣਾਉਣ ਲਈ ਦਿੱਤਾ ਅਤੇ ਨਾਲ ਹੀ ਕਹਿ ਦਿੱਤਾ ਕਿ ਇਸ ਫਲੋਟ ਨੂੰ



*ਬਾਨੀ ਮੇਹਰ ਸਿੰਘ ਤੰਬਰ*

ਇਸੇ ਤਰ੍ਹਾਂ ਹੀ ਰੱਖ ਲਿਆ ਜਾਵੇ। ਇਹ ਫਲੋਟ ਸ. ਬੈਂਸ ਦੇ ਫਾਰਮ ਦੀ ਮਕੈਨਿਕ ਸ਼ਾਪ 'ਚ ਤਿਆਰ ਕੀਤਾ ਗਿਆ।

ਇਸ ਪਿਛੋਂ ਹੋਰ ਫਲੋਟ ਵੀ ਬਣਦੇ ਗਏ, ਜਿਨ੍ਹਾਂ ਨੂੰ ਬਣਾਉਣ ਲਈ ਸਥਾਨਕ ਗੱਭਰੂ ਅਤੇ ਕਾਰੀਗਰ ਵੀ ਜੁੜਦੇ ਗਏ। ਪੁਰਾਣੇ ਫਲੋਟਾਂ 'ਚੋਂ ਹੁਣ ਤੱਕ ਸੋਭਾ ਬਣਦਾ ਆ ਰਿਹਾ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਹੈ, ਜੋ ਕਾਰੀਗਰ ਸਵਰਨ ਸਿੰਘ ਅਤੇ ਉਨ੍ਹਾਂ ਦੇ ਭਰਾ ਨੇ ਸਥਾਨਕ ਗੱਭਰੂਆਂ ਦੀ ਮਦਦ ਨਾਲ ਤਿਆਰ ਕੀਤਾ ਸੀ। ਨਗਰ ਕੀਰਤਨ ਨੂੰ ਪ੍ਰਸ਼ਾਸਨ ਨੇ 'ਸਿੱਖ ਪਰੇਡ' ਵਜੋਂ



*ਗੁਰੂ ਘਰ ਦੇ ਬਾਨੀ ਥਿਆੜਾ ਪਰਿਵਾਰ ਦੀ ਤੀਜੀ ਪੀੜੀ 'ਚੋਂ ਮੌਜੂਦਾ ਸਕੱਤਰ ਸਰਬਜੀਤ ਸਿੰਘ ਥਿਆੜਾ ਆਪਣੇ ਭਰਾ ਨਾਲ*

ਮਾਨਤਾ ਦਿੱਤੀ ਅਤੇ ਪੰਜਾਬੀ ਭਾਈਚਾਰਾ ਇਸ ਨੂੰ 'ਸਿੱਖ ਜਲੂਸ' ਵਜੋਂ ਪ੍ਰਚਾਰਦਾ ਤੇ ਸਤਿਕਾਰਦਾ ਸੀ। 'ਜਲੂਸ' ਸ਼ਬਦ ਜਲਸੇ ਤੋਂ ਬਣਿਆ ਹੈ। 1994-95 ਵਿਚ ਕੁਝ ਲੋਕਾਂ ਨੇ ਜਲੂਸ ਸ਼ਬਦ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਸ਼ਬਦ ਨਗਰ ਕੀਰਤਨ ਪ੍ਰਚਲਿਤ ਹੋ ਗਿਆ। ਬਜ਼ੁਰਗ ਅਜੇ ਵੀ ਜਲੂਸ ਹੀ ਕਹਿੰਦੇ ਹਨ।

1980 ਵਿਚ ਦੂਜੇ ਨਗਰ ਕੀਰਤਨ ਵੇਲੇ ਸੰਗਤ ਵਿਚ ਉਤਸ਼ਾਹ ਕੁਝ ਘਟਿਆ ਲੱਗਦਾ ਸੀ। ਉਦੋਂ ਮੁੜ ਦੀਦਾਰ ਸਿੰਘ ਬੈਂਸ ਨੇ ਆਪਣੇ ਪਰਿਵਾਰ ਤੇ ਹਮਖਿਆਲ ਦੋਸਤਾਂ ਨੂੰ ਪ੍ਰੇਰ ਕੇ ਨਾਲ ਤੋਰਿਆ ਅਤੇ ਨਗਰ ਕੀਰਤਨ ਨੂੰ ਸਫਲ ਬਣਾਉਣ ਲਈ ਉਪਰਾਲਾ ਕੀਤਾ। ਇਹ ਯਤਨ ਬੇਹੱਦ ਸਫਲ ਹੋਇਆ। ਨਗਰ ਕੀਰਤਨ ਵੇਲੇ ਸਮੁੱਚੇ ਲੰਗਰ ਦੀ ਸੇਵਾ ਮੌਜੂਦਾ ਪ੍ਰਧਾਨ ਅਤੇ ਦੀਦਾਰ ਸਿੰਘ ਬੈਂਸ ਦੇ ਛੋਟੇ ਭਰਾ ਜਸਵਤ ਸਿੰਘ ਬੈਂਸ ਨੇ ਕੀਤੀ। ਇਸ ਤੋਂ ਇਲਾਵਾ ਊਧਮ ਸਿੰਘ ਪੁਰੇਵਾਲ ਤੇ ਬਖਤਾਵਰ ਸਿੰਘ ਪੁਰੇਵਾਲ ਪਰਿਵਾਰ, ਪੁੰਨਾ ਸਿੰਘ ਤੇ ਮਾਤਾ ਨੰਦ ਕੌਰ ਪਰਿਵਾਰ, ਬਖਤਾਵਰ ਸਿੰਘ ਢਿੱਲੋਂ ਪਰਿਵਾਰ, ਖਜ਼ਾਨ ਸਿੰਘ ਪਰਿਵਾਰ, ਉਜਾਗਰ ਸਿੰਘ ਚੀਮਾ ਤੇ ਸਮੂਹ ਚੀਮਾ ਪਰਿਵਾਰ, ਡਾ. ਗੁਲਜ਼ਾਰ ਸਿੰਘ ਜੌਹਲ, ਮਲਕੀਤ ਸਿੰਘ ਜੌਹਲ ਤੇ ਸਮੂਹ ਜੌਹਲ ਪਰਿਵਾਰਾਂ, ਲਾਈਵਓਕ ਵਾਲੇ ਰਾਜਿੰਦਰ ਸਿੰਘ ਧਾਮੀ ਪਰਿਵਾਰ, ਮਾਸਟਰ ਗੁਲਜ਼ਾਰ ਸਿਘ ਪਰਿਵਾਰ, ਕਰਨੈਲ ਸਿੰਘ ਤੱਖਰ, ਮੌਜੂਦਾ ਸਕੱਤਰ ਸਰਬਜੀਤ ਸਿੰਘ ਥਿਆੜਾ ਦੇ ਦਾਦਾ ਭਗਤ ਸਿੰਘ ਥਿਆੜਾ ਪਰਿਵਾਰ, ਸੇਵਾ ਸਿੰਘ ਤੇ ਬੀਬੀ ਪ੍ਰੀਤਮ ਕੌਰ ਅਤੇ ਅਜਮੇਰ ਸਿੰਘ ਸਮੇਤ ਅਨੇਕਾਂ ਹੋਰ ਸ਼ਖਸੀਅਤਾਂ ਤੇ ਪਰਿਵਾਰਾਂ ਨੇ ਨਗਰ ਕੀਰਤਨ ਨੂੰ ਸਫਲ ਬਣਾਉਣ ਲਈ ਤਨੋ-ਮਨੋ-ਧਨੋਂ ਸੇਵਾ ਕੀਤੀ।

ਜ਼ਿਕਰਯੋਗ ਗੱਲ ਇਹ ਵੀ ਹੈ ਕਿ ਉਦੋਂ ਦਿਲਬਾਗ ਸਿੰਘ ਬੈਂਸ, ਸਤਿੰਦਰ ਨਾਥ ਡੇਵਿਡ, ਮਹਿੰਗਾ ਸਿੰਘ ਭੱਟੀ, ਹਰਿਭਜਨ ਸਿੰਘ ਸੰਧੂ ਤੇ ਇਨ੍ਹਾਂ ਦੇ ਹੋਰ ਸੰਗੀ-ਸਾਥੀ ਸੇਵਾ ਭੇਟਾ ਇਕੱਤਰ ਕਰਨ ਤੋਂ ਲੈ ਕੇ ਸਭ ਕਾਰਜ ਸੁਚੱਜੇ ਰੂਪ 'ਚ ਨੇਪਰੇ ਚਾੜ੍ਹਦੇ ਰਹੇ। ਕੈਪਟਨ ਜਗਰੂਪ ਸਿੰਘ ਅਟਵਾਲ, ਮਾਸਟਰ ਹਰੀ ਸਿੰਘ ਐਵਰਿਸਟ ਅਤੇ ਗੁਰਪਾਲ ਸਿੰਘ ਬੈਂਸ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ, ਜਿਨ੍ਹਾਂ ਦਾ ਜ਼ਿੰਮਾ ਅਨੁਸ਼ਾਸਨ ਬਣਾਈ ਰੱਖਣ ਦਾ ਹੁੰਦਾ ਸੀ।

ਇਸ ਦੇ ਨਾਲ ਹੀ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਦੀਦਾਰ ਸਿੰਘ ਬੈਂਸ ਆਪਣਾ ਨਿੱਜੀ ਅਸਰ-ਰਸੂਖ ਅਤੇ ਪੈਸਾ ਖਰਚ ਕੇ ਦੇਸ਼-ਵਿਦੇਸ਼ ਤੋਂ ਸਿੱਖ ਵਿਦਵਾਨ ਅਤੇ ਰਾਗੀ-ਢਾਡੀ ਸੱਦਦੇ ਰਹੇ। ਗੈਰ ਭਾਰਤੀਆਂ ਵਿਚ ਸਮਾਗਮ ਨੂੰ ਪ੍ਰਵਾਨ ਕਰਵਾਉਣ ਲਈ ਉਨ੍ਹਾਂ ਕੈਲੀਫੋਰਨੀਆ ਅਤੇ ਕੌਮੀ ਪੱਧਰ ਦੇ ਰਾਜਸੀ ਨੇਤਾਵਾਂ ਨੂੰ ਸਮੇਂ-ਸਮੇਂ ਸੱਦਿਆ। ਦਰਜਨਾਂ ਵਾਰ ਇਥੇ ਕੈਲੀਫੋਰਨੀਆ ਦੇ ਗਵਰਨਰ ਆਏ। 1984 ਦੇ ਚੱਕਰਵਿਊ ਦੌਰਾਨ ਪ੍ਰਸ਼ਾਸਨ ਨਗਰ ਕੀਰਤਨ ਦੀ ਪ੍ਰਵਾਨਗੀ ਦੇਣ ਤੋਂ ਹਿਚਕਚਾ ਰਿਹਾ ਸੀ, ਪਰ ਸ਼ਹਿਰ ਦੇ ਪੰਜਾਬੀ ਪਤਵੰਤਿਆਂ ਦੀਆਂ ਕੋਸ਼ਿਸ਼ਾਂ ਕਰਕੇ ਉਸ ਸਮੇਂ ਵੀ ਪ੍ਰਵਾਨਗੀ ਮਿਲ ਗਈ ਤੇ ਬੜੇ ਉਤਸ਼ਾਹ ਨਾਲ ਨਗਰ ਕੀਰਤਨ ਸਜਾਇਆ ਗਿਆ।

ਅੱਜ ਇਹ ਨਗਰ ਕੀਰਤਨ ਯੂਬਾ ਸਿਟੀ ਜਾਂ ਕੈਲੀਫੋਰਨੀਆ ਦਾ ਨਾ ਰਹਿ ਕੇ ਦੁਨੀਆਂ ਭਰ ਵਿਚ ਫੈਲੀ ਸਿੱਖ ਸੰਗਤ ਦਾ ਬਣ ਗਿਆ ਹੈ। ਸਾਧਾਰਨ ਸਿੱਖਾਂ ਤੋਂ ਲੈ ਕੇ ਉਚ ਅਹੁਦਿਆਂ 'ਤੇ ਬੈਠੇ ਸਿੱਖਾਂ ਸਮੇਤ ਹਰ ਸਾਲ ਦੁਨੀਆਂ ਭਰ 'ਚੋਂ ਤਮਾਮ ਨਾਮਣੇ ਵਾਲੇ ਸਿੱਖ ਇਸ ਵਿਚ ਸ਼ਿਰਕਤ ਕਰਦੇ ਹਨ। ਸਿੱਖਾਂ ਤੋਂ ਬਿਨਾ ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਮੁਸਲਿਮ ਭਾਈਚਾਰੇ ਸਮੇਤ ਭਾਰਤ ਦੇ ਹੋਰ ਫਿਰਕਿਆਂ ਦੇ ਲੋਕ ਇਸ ਸਮਾਗਮ ਨੂੰ ਆਪਣਾ ਸਮਝ ਕੇ ਆਉਂਦੇ ਹਨ।

ਨਗਰ ਕੀਰਤਨ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਹੈ, ਪਰ ਸੰਗਤ ਦੀ ਸਹੂਲਤ ਲਈ ਆਏ ਸਾਲ ਨਵੰਬਰ ਦੇ ਪਹਿਲੇ ਹਫਤੇ ਕੀਤਾ ਜਾਂਦਾ ਹੈ। ਇਸ ਸਾਲ ਇਹ ਨਗਰ ਕੀਰਤਨ ਤਿੰਨ ਨਵੰਬਰ ਨੂੰ ਸਜਾਇਆ ਜਾ ਰਿਹਾ ਹੈ। ਪਿਛਲੇ ਸਾਲਾਂ ਵਾਂਗ ਅਖੰਡ ਪਾਠਾਂ ਦੀ ਲੜੀ ਚੱਲ ਰਹੀ ਹੈ। ਦੇਸ਼-ਵਿਦੇਸ਼ ਤੋਂ ਰਾਗੀ-ਢਾਡੀ ਤੇ ਹੋਰ ਸਿੱਖ ਵਿਦਵਾਨ ਪੁੱਜ ਰਹੇ ਹਨ। ਅਖੀਰਲਾ ਅਖੰਡ ਪਾਠ ਸੰਗਤ ਵਲੋਂ ਪਹਿਲੀ ਨਵੰਬਰ ਨੂੰ ਖੁੱਲ੍ਹੇਗਾ, ਜਿਸ ਦਾ ਭੋਗ 3 ਨਵੰਬਰ ਨੂੰ ਪਵੇਗਾ। ਭੋਗ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ



*ਨਗਰ ਕੀਰਤਨ ਦੇ ਮੁੱਖ ਫਲੋਟ ਦੀ ਹੋ ਰਹੀ ਤਿਆਰੀ ਵਿਚ ਹਰਿਮੰਦਰ ਸਾਹਿਬ ਦਾ ਦਿੱਸ ਰਿਹਾ ਮਾਡਲ*

ਸ਼ਹਿਰ ਵਿਚ ਫੇਰੀ ਪਾਉਣ ਲਈ ਨਿਕਲੇਗੀ।

ਇਸ ਵਾਰ ਜਿਥੇ ਇਹ ਚਾਲੀਵਾਂ ਨਗਰ ਕੀਰਤਨ ਹੈ, ਇਸ ਦੇ ਨਾਲ ਹੀ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ



*ਮੌਜੂਦਾ ਪ੍ਰਧਾਨ ਜਸਵੰਤ ਸਿੰਘ ਬੈਂਸ ਆਪਣੇ ਵੱਡੇ ਭਰਾ ਦੀਦਾਰ ਸਿੰਘ ਬੈਂਸ ਨਗਰ ਕੀਰਤਨ ਤੇ ਗੁਰੂ ਘਰ ਦੇ ਇੱਕੋ ਇੱਕ ਜੀਵਤ ਬਾਨੀ ਡਾਇਰੈਕਟਰ ਨਾਲ*

ਅਤੇ ਗੁਰਦੁਆਰੇ ਦੇ 50ਵੇਂ ਸਥਾਪਨਾ ਦਿਵਸ ਨੂੰ ਵੀ ਸਮਰਪਿਤ ਹੈ। ਸੋ, ਕੁਦਰਤੀ ਇਸ ਵਾਰ ਸੰਗਤ ਪਹਿਲੇ ਸਾਲਾਂ ਤੋਂ ਵੱਧ ਹੋਵੇਗੀ। ਸੰਗਤ ਵਧਣ ਨਾਲ ਗੁਰਦੁਆਰਾ ਪ੍ਰਬੰਧਕਾਂ ਅਤੇ ਯੂਬਾ ਸਿਟੀ ਤੇ ਆਸ ਪਾਸ ਦੇ ਸ਼ਹਿਰਾਂ ਦੀ ਮੇਜ਼ਬਾਨ



*ਬਾਨੀ ਮੈਂਬਰ ਤੇ ਦੋਵੇਂ ਸਾਬਕਾ ਪ੍ਰਧਾਨ ਦਿਲਬਾਗ ਸਿੰਘ ਬੈਂਸ ਤੇ ਮਹਿੰਗਾ ਸਿੰਘ ਭੱਟੀ*

ਸੰਗਤ ਦੀ ਅਨੁਸ਼ਾਸਨ ਬਣਾਉਣ ਅਤੇ ਬਾਹਰੋਂ ਆਏ ਸ਼ਰਧਾਲੂਆਂ ਦੀ ਸੇਵਾ ਸੰਭਾਲ ਲਈ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ।

ਸੰਗਤ ਵਿਚੋਂ ਬਹੁਤ ਸਾਰੇ ਸ਼ਰਧਾਲੂ ਸ਼ਾਇਦ ਬੁਰਾ ਮੰਨਾਉਣ ਪਰ ਸੱਚੀ ਗੱਲ ਹੈ ਕਿ ਸੰਗਤ ਵਿਚੋਂ ਬਹੁਤ ਸਾਰੇ ਸੱਜਣ-ਸਨੇਹੀ ਕੁਤਾਹੀ ਵੀ ਕਰ ਜਾਂਦੇ ਹਨ ਅਤੇ ਜ਼ਿੰਮੇਵਾਰੀ ਵੀ ਭੁੱਲ ਜਾਂਦੇ ਹਨ। ਸਾਨੂੰ ਯਾਦ ਹੈ ਕਿ 1993 ਤੱਕ ਸੰਗਤ ਸੜਕ ਦੇ ਇਕ ਪਾਸੇ ਹੀ ਤੁਰਦੀ ਸੀ। ਅਸੀਂ ਸਮਝਦੇ ਹਾਂ, ਉਦੋਂ ਸੰਗਤ ਘੱਟ ਹੁੰਦੀ ਸੀ, ਪਰ ਇਸ ਦੇ ਬਾਵਜੂਦ ਕੁਝ ਸੱਜਣ ਲੰਗਰ ਦੇ ਜੂਠੇ ਕੱਪ-ਪਲੇਟਾਂ ਵਗੈਰਾ ਲੋਕਾਂ ਦੇ ਘਰਾਂ ਅੱਗੇ ਸੁੱਟ ਦਿੰਦੇ ਸਨ। ਇਥੋਂ ਤੱਕ ਕਿ ਬੀਬੀਆਂ ਬੱਚਿਆਂ ਦੇ ਨੈਪਕਿਨ ਲੈਟਰ ਬਾਕਸਾਂ 'ਚ ਰੱਖਦੀਆਂ ਦੇਖੀਆਂ ਗਈਆਂ। ਇਸ ਬਾਰੇ ਸ਼ਿਕਾਇਤਾਂ ਹੋਈਆਂ, ਨਤੀਜੇ ਵਜੋਂ ਨਗਰ ਕੀਰਤਨ ਦਾ ਰੂਟ ਬਦਲ ਦਿੱਤਾ ਗਿਆ। ਉਂਜ ਵੀ ਸੰਗਤ ਵਧਦੀ ਗਈ ਅਤੇ ਫਲੋਟ ਛੋਟੇ ਵਾਹਨਾਂ ਦੀ ਥਾਂ ਵੱਡੇ ਟਰੱਕਾਂ 'ਤੇ ਬਣਨ ਲੱਗੇ। ਰੂਟ ਬਦਲਣ ਦਾ ਇਹ ਵੀ ਇਕ ਕਾਰਨ ਹੈ, ਪਰ ਵੱਡਾ ਕਾਰਨ ਸ਼ਿਕਾਇਤਾਂ ਸਨ। ਪ੍ਰਬੰਧਕਾਂ ਵਲੋਂ ਸਮੁੱਚੇ ਰੂਟ 'ਤੇ ਕੂੜਾ-ਕਰਕਟ ਸੁੱਟਣ ਲਈ ਅਤੇ ਬਾਥਰੂਮ ਦੇ ਪ੍ਰਬੰਧ ਕੀਤੇ ਜਾਂਦੇ ਹਨ। ਸੰਗਤ ਨੂੰ ਵੀ ਸਹਿਯੋਗ ਦਿੰਦਿਆਂ ਕੂੜਾ-ਕਰਕਟ ਰੱਖੇ ਗਏ ਡਰੰਮਾਂ ਵਿਚ ਹੀ ਸੁੱਟਣਾ ਚਾਹੀਦਾ ਹੈ ਤੇ ਬਾਥਰੂਮਾਂ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਨਗਰ ਕੀਰਤਨ ਦੌਰਾਨ ਕੂੜਾ-ਕਰਕਟ ਇਕੱਤਰ ਕਰ ਰਹੇ ਸੇਵਾਦਾਰਾਂ ਨੂੰ ਸੰਗਤ ਦੇ ਅਥਾਹ ਸਹਿਯੋਗ ਦੀ ਲੋੜ ਹੁੰਦੀ ਹੈ।

ਸੰਗਤ ਦੀ ਸਹੂਲਤ ਅਤੇ ਟਰੈਫਿਕ ਕੰਟਰੋਲ ਕਰਨ ਲਈ ਸਥਾਨਕ ਪੁਲਿਸ ਅਤੇ ਪ੍ਰਬੰਧਕਾਂ ਵਲੋਂ ਵਿਸ਼ੇਸ਼ ਰੂਟ ਬਣਾਏ ਜਾਂਦੇ ਹਨ। ਸ਼ਹਿਰ ਦੇ ਬਾਹਰ ਪਾਰਕਿੰਗ ਬਣਾਈ ਜਾਂਦੀ ਹੈ, ਜਿਥੋਂ ਗੁਰਦੁਆਰੇ ਤੱਕ ਵਿਸ਼ੇਸ਼ ਬੱਸਾਂ ਚਲਦੀਆਂ ਹਨ। ਪੁਲਿਸ ਵਲੋਂ ਕੁਝ ਵਿਸ਼ੇਸ਼ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਹਰ ਸਾਲ ਸੰਗਤ ਨੂੰ ਅਪੀਲਾਂ ਕੀਤੀਆਂ ਜਾਂਦੀਆਂ

(ਬਾਕੀ ਅਗਲੇ ਸਫੇ 'ਤੇ)

# ਯੂਬਾ ਸਿਟੀ ਨਗਰ ਕੀਰਤਨ: ਸ਼ੁਰੂਆਤ ਤੋਂ ਅੱਜ ਤੱਕ-ਇਕ ਝਾਤ

*(ਪਿਛਲੇ ਸਫੇ ਦੀ ਬਾਕੀ)*

ਹਨ ਕਿ ਉਹ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਅਤੇ ਨਗਰ ਕੀਰਤਨ ਮੌਕੇ ਸ਼ਹਿਰ ਦੇ ਦੂਜੇ ਭਾਈਚਾਰਿਆਂ ਦੀ ਸਹੂਲਤ ਦਾ ਖਿਆਲ ਰੱਖਦਿਆਂ ਉਨ੍ਹਾਂ ਦਾ ਸਤਿਕਾਰ ਬਹਾਲ ਰੱਖਣ। ਦੁਕਾਨਦਾਰਾਂ ਨੂੰ ਕਿਰਪਾਨਾਂ ਵਰਗੇ ਤਿੱਖੇ ਹਥਿਆਰ ਵੇਚਣ ਦੀ ਮਨਾਹੀ ਹੁੰਦੀ



ਹੈ। ਪਤਾ ਲੱਗਾ ਹੈ ਕਿ ਪੁਲਿਸ ਇਸ ਵਾਰ ਵੱਧ ਸਖਤੀ ਵਰਤ ਸਕਦੀ ਹੈ।

ਇਸ ਵਾਰ ਦਾ ਨਗਰ ਕੀਰਤਨ ਭਾਵੇਂ ਕਈ ਪੱਖਾਂ ਤੋਂ ਅਹਿਮ ਹੈ, ਪਰ ਪ੍ਰਬੰਧਕਾਂ ਵਿਚਾਲੇ ਆਪਸੀ ਤਾਲਮੇਲ ਅਤੇ ਸਹਿਯੋਗ ਦੀ ਘਾਟ ਰੜਕਦੀ ਹੈ। ਵੱਖੋ-ਵੱਖਰੇ ਕਾਰਜ ਨੇਪਰੇ ਚਾੜ੍ਹਨ ਲਈ ਭਾਵੇਂ ਵੱਖੋ-ਵੱਖਰੀਆਂ ਕਮੇਟੀਆਂ ਬਣੀਆਂ ਹੋਈਆਂ ਹਨ, ਪਰ ਕਮੇਟੀਆਂ ਦੇ ਸਮੂਹ ਮੈਂਬਰਾਂ ਦੀ ਥਾਂ ਸੰਗਤ ਵੱਧ ਉਤਸ਼ਾਹ ਨਾਲ ਸੇਵਾ ਕਰ ਰਹੀ ਹੈ। ਗੁਰਦੁਆਰੇ ਵਿਚ ਲੰਮੇ ਸਮੇਂ ਤੋਂ ਆਉਣ ਵਾਲੇ ਬਜੁਰਗ ਮਹਿਸੂਸ ਕਰ ਰਹੇ ਹਨ ਕਿ ਨਵੀਂ ਪੀੜ੍ਹੀ ਦੇ ਪ੍ਰਬੰਧਕਾਂ ਵਿਚ ਆਪਸੀ ਸਤਿਕਾਰ ਅਤੇ ਸਹਿਯੋਗ ਦੀ ਕਿਧਰੇ ਘਾਟ ਰੜਕਦੀ ਰਹਿੰਦੀ ਹੈ। ਦੋਸ਼ ਇਹ ਵੀ ਹੈ ਕਿ ਨਵੀਂ ਨਸਲ ਵਿਚ ਸੇਵਾ ਦੀ ਘਾਟ ਹੈ ਅਤੇ ਚੌਧਰ ਦੀ ਭੁੱਖ ਜਾਂ ਦਿਖਾਵਾ ਵੱਧ ਹੈ। ਕਈ ਸੇਵਾਦਾਰ ਤਾਂ ਲੰਗਰ ਲਾਉਣ ਦੀ ਥਾਂ ਨੂੰ ਲੈ ਕੇ ਬਹਿਸਦੇ ਦੇਖੇ ਗਏ।

ਉਂਜ, ਚੰਗੀ ਗੱਲ ਇਹ ਹੈ ਕਿ ਪ੍ਰਧਾਨ ਜਸਵੰਤ ਸਿੰਘ ਬੈਂਸ ਅਤੇ ਸਕੱਤਰ ਸਰਬਜੀਤ ਸਿੰਘ ਥਿਆੜਾ ਨਵੀਂ ਅਤੇ ਪੁਰਾਣੀ ਪੀੜ੍ਹੀ ਵਿਚ ਤਕੜੀ ਕੜੀ ਹਨ ਤੇ ਉਨ੍ਹਾਂ ਦੀ ਸਮੁੱਚੀ ਟੀਮ ਸਭ ਨੂੰ ਨਾਲ ਲੈ ਕੇ ਚੱਲਣ ਦੇ ਸਮਰਥ ਹੈ ਅਤੇ ਤਾਲਮੇਲ ਬਣਾ ਕੇ ਚੱਲ ਰਹੀ ਹੈ।

ਫਿਰ ਵੀ ਭਾਈਚਾਰੇ ਵਿਚ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਕਮੇਟੀ ਦੇ ਚੰਗੇ ਪ੍ਰਬੰਧਾਂ ਦੇ ਬਾਵਜੂਦ ਨਵੀਂ ਪੀੜ੍ਹੀ ਦੇ ਕੁਝ ਲੋਕ ਜਿਨ੍ਹਾਂ ਦੀ ਗੁਰਦੁਆਰੇ, ਸਿੱਖ ਧਰਮ ਅਤੇ ਭਾਈਚਾਰੇ ਲਈ ਕੋਈ ਦੇਣ ਜਾਂ ਕੁਰਬਾਨੀ ਨਹੀਂ, ਉਹ ਆਪਣੀ ਹਉਮੈ ਲਈ ਪੁਰਾਣੇ, ਕੁਰਬਾਨੀ ਵਾਲੇ ਸੱਜਣਾਂ ਤੇ ਪਰਿਵਾਰਾਂ ਨੂੰ ਨਜ਼ਰਅੰਦਾਜ਼ ਕਰਕੇ ਆਪਣੀ ਫੋਕੀ ਸ਼ੋਹਰਤ ਲਈ ਸੰਗਤ ਨੂੰ ਗੁੰਮਰਾਹ ਕਰ ਰਹੇ ਹਨ ਜਦ ਕਿ ਪੁਰਾਣੀ ਪੀੜ੍ਹੀ ਦੇ ਬਜੁਰਗਾਂ ਦੀਆਂ ਕੁਰਬਾਨੀਆਂ ਤੇ ਭਾਈਚਾਰੇ ਨੂੰ ਦੇਣ ਤੋਂ ਸਬਕ ਲੈਣ ਦੀ ਲੋੜ ਹੈ, ਨਾ ਕਿ ਉਨ੍ਹਾਂ ਦੇ ਨਾਂਵਾਂ 'ਤੇ ਕੂਚੀ ਫੇਰਨ ਦੀ ਕੋਝੀ ਕੋਸ਼ਿਸ਼ ਕਰਨਾ।

11 ਸਤੰਬਰ 2001 ਨੂੰ ਅਮਰੀਕਾ 'ਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਵਾਲੇ ਨਗਰ ਕੀਰਤਨ ਵਿਚ ਦੁਨੀਆਂ ਭਰ ਤੋਂ ਆਏ ਸਿੱਖਾਂ ਅਤੇ ਗੈਰ ਸਿੱਖ ਸਕਾਲਰਾਂ ਦਾ ਇਕੱਠ ਰਿਕਾਰਡ ਤੋੜ ਸੀ। ਉਸ ਵਕਤ ਸਿੱਖਾਂ 'ਤੇ ਨਸਲੀ ਹਮਲੇ ਹੋਏ ਪਰ ਸਿੱਖਾਂ ਦੇ ਹੱਕ ਵਿਚ ਦੇਸ਼ ਭਰ 'ਚੋਂ ਗੈਰ ਭਾਰਤੀ ਅਮਰੀਕੀ ਬੁੱਧੀਜੀਵੀ ਅਤੇ ਰਾਜਸੀ ਲੀਡਰ ਯੂਬਾ ਸਿਟੀ ਦੇ ਨਗਰ ਕੀਰਤਨ ਵਿਚ ਪੁੱਜੇ। ਉਹ ਸਭ ਪੁਰਾਣੇ ਸਿੱਖਾਂ ਦੀ ਕੁਰਬਾਨੀ ਅਤੇ ਭਾਈਚਾਰਕ ਸਾਂਝ ਦੇ ਨਾਂ ਸੀ। ਦੋ ਨਵੰਬਰ ਨੂੰ ਹੁੰਦੇ ਸੈਮੀਨਾਰ ਵਿਚ ਉਸ ਵਕਤ ਤਮਾਮ ਅਮਰੀਕੀ ਬੁੱਧੀਜੀਵੀ ਆਏ ਸਨ। ਇਸ ਵਾਰ ਵੀ ਦੋ ਨਵੰਬਰ ਦੇ ਦਿਨ ਹੋ ਰਹੇ ਸੈਮੀਨਾਰ ਵਿਚ ਭਾਰਤ ਦਾ ਸੰਵਿਧਾਨ ਘੜਨ ਵਾਲੀ ਕਮੇਟੀ ਦੇ ਚੇਅਰਮੈਨ ਅਤੇ ਦਲਿਤ ਆਗੂ ਡਾ. ਭੀਮ ਰਾਓ ਅੰਬੇਡਕਰ ਦੇ ਪੋਤਰੇ ਅਤੇ ਭਾਰਤੀ ਪਾਰਲੀਮੈਂਟ ਦੇ ਸਾਬਕਾ ਮੈਂਬਰ ਪ੍ਰਕਾਸ਼ ਰਾਓ ਆ ਰਹੇ ਹਨ। ਉਹ ਬੁੱਧ ਧਰਮ ਦੇ ਗਿਆਤਾ ਹਨ। ਸਮਾਗਮ ਬਾਰੇ ਹੋਰ ਜਾਣਕਾਰੀ ਗੁਰਦੁਆਰੇ ਦੇ ਫੋਨ: 530-673-9918 ਰਾਹੀਂ ਲਈ ਜਾ ਸਕਦੀ ਹੈ।

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

ਫੋਨ: 317-750-1900

ਭਾਈ ਸੱਜਣ ਸਿੰਘ ਜੀ ਦੀ ਰਹਿਨੁਮਾਈ ਹੇਠ

ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਨਿਸ਼ਕਾਮ ਸੇਵਾ ਸੁਸਾਇਟੀ ਵਲੋਂ
ਸ੍ਰੀ ਅੰਮ੍ਰਿਤਸਰ ਸਾਹਿਬ 'ਚ 50 ਕਮਰਿਆਂ ਦੀ ਇਮਾਰਤ ਉਸਾਰੀ ਅਧੀਨ!



ਭਾਈ ਸੱਜਣ ਸਿੰਘ ਜੀ

ਮਕਸਦ

* ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਰਿਹਾਇਸ਼ ਦਿੱਤੀ ਜਾਵੇਗੀ।
* ਇਨ੍ਹਾਂ ਬੱਚਿਆਂ ਨੂੰ 12ਵੀਂ ਤੱਕ ਦੀ ਵਿੱਦਿਆ ਮੁਫਤ ਦਿੱਤੀ ਜਾਵੇਗੀ।
* ਇਨ੍ਹਾਂ ਬੱਚਿਆਂ ਨੂੰ ਧਾਰਮਿਕ ਵਿੱਦਿਆ ਪ੍ਰਦਾਨ ਕੀਤੀ ਜਾਵੇਗੀ।
* ਪੰਗਤ ਵਿਚ ਸੰਗਤ ਦੇ ਸਿਧਾਂਤ ਅਨੁਸਾਰ ਲੰਗਰ ਉਪਲਬਧ ਹੋਵੇਗਾ।
* ਇਸ ਇਮਾਰਤ ਦੇ ਅੰਦਰ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੋਵੇਗਾ।





ਗੁਰੂ ਪਿਆਰੀ ਸਾਧ ਸੰਗਤ ਜੀ,

ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿਚ ਹਰ ਕਿਸੇ ਨੇ ਆਪੋਧਾਪ ਪਈ ਹੋਈ ਹੈ, ਪਰ ਗੁਰੂ ਸਾਹਿਬਾਨ ਦੇ ਸਿਧਾਂਤ ਤੇ ਕੋਈ ਵਿਰਲਾ ਹੀ ਪਹਿਰਾ ਦੇ ਰਿਹਾ ਹੈ। ਗਰੀਬ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਅਤੇ ਉਨ੍ਹਾਂ ਨੂੰ ਸਮੇਂ ਦੇ ਨਾਲ ਤੋਰਨ ਦੀ ਕਿਸੇ ਕੋਲ ਵਿਹਲ ਨਹੀਂ। ਅਸੀਂ ਆਪ ਸਭ ਦੇ ਸਹਿਯੋਗ ਨਾਲ ਇਕ ਇਹੋ ਜਿਹਾ ਓਟ ਆਸਰਾ ਬਣਾਉਣ ਜਾ ਰਹੇ ਹਾਂ ਜਿੱਥੋਂ ਗਰੀਬ ਗੁਰਬਿਆਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਹਰ ਤਰ੍ਹਾਂ ਦਾ ਸਹਿਯੋਗ ਮਿਲੇਗਾ। ਇਹ ਜੀਵਨ ਨਾਸ਼ਵਾਨ ਹੈ, ਇਸ ਲਈ ਗੁਰੂ ਦੀ ਬਖਸ਼ੀ ਮਾਇਆ ਵਿਚੋਂ ਜੇਕਰ ਅਸੀਂ ਦੂਜਿਆਂ ਦੇ ਜੀਵਨ ਨੂੰ ਸੁਧਾਰਨ ਵਿਚ ਦਾਨ ਕਰਦੇ ਹਾਂ ਤਾਂ ਬਿਨਾਂ ਸ਼ੱਕ ਪ੍ਰਮਾਤਮਾ ਉਸ ਦਾਨ ਦੇ ਬਦਲੇ ਤੁਹਾਨੂੰ ਸੰਤੁਸ਼ਟੀ ਜ਼ਰੂਰ ਬਖਸ਼ੇਗਾ। ਸੋ ਮੇਰੀ ਆਪ ਸਭ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਆਪ ਜੀ ਇਸ ਪ੍ਰੋਜੈਕਟ ਵਿਚ ਆਪਣਾ ਹਿੱਸਾ ਪਾਓ ਅਤੇ ਗਰੀਬ ਗੁਰਬਿਆਂ ਦੇ ਜੀਵਨ ਨੂੰ ਉੱਚਾ ਚੁੱਕਣ ਵਿਚ ਸਹਿਯੋਗ ਕਰਨ ਦਾ ਮਾਣ ਹਾਸਲ ਕਰੋ।

– ਭਾਈ ਸੱਜਣ ਸਿੰਘ



ਦਾਨੀ ਸੱਜਣ ਹੇਠ ਲਿਖੇ ਅਕਾਊਂਟ ਵਿਚ ਦਾਨ ਭੇਜ ਸਕਦੇ ਹਨ

Account Name : SHRI GURU RAMDAS GURMAT SOCIETY INC.
Bank : CAPITAL ONE
Routing Number : 0 2 1 4 0 7 9 1 2
Account number : 7 5 2 8 8 9 9 3 4 6

ਸਥਾਨ

ਟੈਂਪਲ ਕਲੋਨੀ, ਸ੍ਰੀ ਅੰਮ੍ਰਿਤਸਰ ਸਾਹਿਬ,
ਤਾਰਾਂ ਵਾਲਾ ਪੁਲ ਦੇ ਕੋਲ

# ਮੁੜ-ਸੁਰਜੀਤੀ ਦੀ ਕਲਾ ਦਾ ਸੁਹਜ ਅਤੇ ਸਿਆਸਤ



*ਮੁੜ ਸੁਰਜੀਤੀ ਅੰਦੋਲਨ ਦੀਆਂ ਪ੍ਰਸਿਧ ਹਸਤੀਆਂ*

## ਕਲਾ ਪਰਿਕਰਮਾ



**ਰਣਦੀਪ ਮੱਦੋਕੇ**
**ਫੋਨ: +91-98146-93368**

ਯੂਰਪੀ ਮੁੜ-ਸੁਰਜੀਤੀ (Renaissance) ਦਾ ਆਗਾਜ਼ ਭਾਵੇਂ ਇਤਾਲਵੀ ਗਣਰਾਜ ਤੋਂ 15ਵੀਂ ਸਦੀ ਵਿਚ ਹੁੰਦਾ ਹੈ ਪਰ ਇਸ ਦਾ ਪ੍ਰਭਾਵ ਪੂਰੇ ਯੂਰਪ ਉਪਰ ਪਿਆ। ਮੁੜ-ਸੁਰਜੀਤੀ ਬਾਰੇ ਦੋ ਤਰ੍ਹਾਂ ਦੇ ਵਿਚਾਰ ਹਨ: ਇਕ ਇਸ ਨੂੰ ਮੱਧਯੁਗ ਤੋਂ ਆਧੁਨਿਕਤਾ ਵੱਲ ਕ੍ਰਾਂਤੀਕਾਰੀ ਤਬਦੀਲੀ ਮੋੜੇ ਵਜੋਂ ਪ੍ਰਭਾਸ਼ਿਤ ਕਰਦਾ ਹੈ; ਦੂਜਾ ਸਿਰਫ ਮੱਧਯੁੱਗ ਅਤੇ ਆਧੁਨਿਕਤਾ ਵਿਚਕਾਰ ਅਹਿਮ ਲਕੀਰ ਕਹਿੰਦਾ ਹੈ ਜੋ ਮੱਧਯੁੱਗ ਨੂੰ ਕੋਈ ਵੱਡੀ ਵੰਗਾਰ ਨਹੀਂ ਸਗੋਂ ਸਿਰਫ ਮੱਧਯੁਗ ਤੋਂ ਆਧੁਨਿਕਤਾ ਵੱਲ ਸਫਰ ਵਿਚਲਾ ਅਹਿਮ ਪੜਾ ਸੀ।


ਅੱਠਵੀਂ ਤੋਂ ਬਾਰਵੀਂ ਸਦੀ ਤਕ ਪਹਿਲਾਂ ਹੀ ਇਸ ਦਾ ਮੁਢ ਬੱਝ ਚੁੱਕਾ ਸੀ। ਮੁੜ-ਸੁਰਜੀਤੀ ਅੰਦੋਲਨ ਸਮੇਂ ਭਾਵੇਂ ਆਧੁਨਿਕ ਪੂੰਜੀ ਆਰਥਿਕਤਾ ਦਾ ਮੁਢ ਬੱਝ ਗਿਆ ਸੀ ਪਰ ਅਜੇ ਆਧੁਨਿਕ ਮਧ ਵਰਗੀ ਜਮਾਤ ਆਪਣੇ ਮੁਢਲੇ ਪੜਾਅ ਵਿਚ ਵੀ ਨਹੀਂ ਉਭਰੀ ਸੀ। ਉਂਜ, ਸਿਧਾਂਤਕ ਤੌਰ 'ਤੇ ਇਤਾਲਵੀ ਮੁੜ-ਸੁਰਜੀਤੀ ਨੂੰ ਅਸੀਂ ਸਿਰੇ ਤੋਂ ਆਧੁਨਿਕ ਵਿਗਿਆਨਕ ਉਥਾਨ ਤਾਂ ਨਹੀਂ ਕਹ ਸਕਦੇ, ਜਿਵੇਂ ਬਹੁ ਗਿਣਤੀ ਉਦਾਰਵਾਦੀਆਂ ਦਾ ਮੰਨਣਾ ਹੈ ਕਿ ਯੂਰਪੀ ਮੁੜ-ਸੁਰਜੀਤੀ ਨੇ ਕਲਾਸਕੀ ਦਰਸ਼ਨ, ਸਹਿਤ ਅਤੇ ਕਲਾ ਦੀ ਮੁੜ-ਸੁਰਜੀਤੀ ਦਾ ਬਾਨਣੂ ਬੰਨ੍ਹਿਆ ਸਗੋਂ ਇਹ ਪੁਰਾਤਨ ਅਤੇ ਨਵੇਂ ਵਿਚਾਰ ਦੀ ਮੁਢਲੀ ਜਿਹੀ ਕਸ਼ਮਕਸ਼ ਸੀ। ਅਜੇ ਮਧਯੁਗੀ ਕੈਥੋਲਿਕ ਮਤ ਅਤੇ ਸੱਤਾ ਦੀ ਜਕੜ ਸਮਾਜਿਕ, ਸਭਿਆਚਾਰਕ, ਸਿਆਸੀ ਅਤੇ ਵਿੱਤੀ ਖੇਤਰਾਂ ਵਿਚ ਮਜ਼ਬੂਤ ਸੀ।

ਅਸੀਂ ਮੁੜ-ਸੁਰਜੀਤੀ ਕਲਾ ਅੰਦੋਲਨ ਬਾਰੇ ਗੱਲ ਕਰ ਰਹੇ ਹਾਂ, ਭਾਵੇਂ ਇਹ ਅੰਦੋਲਨ ਪੁਰਾਣੀਆਂ ਧਾਰਨਾਵਾਂ ਦੇ ਉਲਟ ਨਵੀਂ ਸਿਰਜਣਾ ਦਾ ਪਿੜ ਬੰਨ੍ਹ ਰਿਹਾ ਸੀ ਪਰ ਅਜੇ ਤੱਕ ਸਥਾਪਤੀ ਦੇ ਪ੍ਰਭਾਵ ਹੇਠ ਸੀ, ਜਾਂ ਕਹਿ ਲਵੋ ਕਿ ਦਖਲ ਤੋਂ ਮੁਕਤ ਨਹੀਂ ਸੀ। ਸ਼ਖਸੀ ਆਜ਼ਾਦੀ ਦੇ ਵਿਚਾਰਾਂ ਨੂੰ ਬੂਰ ਨਹੀਂ ਸੀ ਪਿਆ। ਮੁੜ-ਸੁਰਜੀਤੀ ਕਾਲ ਦਾ ਜਨ ਸਾਧਾਰਨ ਅਜੇ ਪੂਰੀ ਤਰ੍ਹਾਂ ਗਿਰਜੇ ਦੇ ਪ੍ਰਭਾਵ ਵਿਚ ਅਧਿਆਤਮ ਦੇ ਚੱਕਰਾਂ ਵਿਚ ਬੁਰੀ ਤਰ੍ਹਾਂ ਉਲਝਿਆ ਹੋਇਆ ਸੀ ਜਿਥੇ ਅਜੇ ਧਾਰਮਿਕ ਅਤੇ ਸਿਆਸੀ ਗਠਜੋੜ ਨੂੰ ਸਵਾਲ ਕਰਨ ਦਾ ਵਿਚਾਰ ਕੋਈ ਇੰਨਾ ਵੱਡਾ ਤੇ ਵਿਆਪਕ ਨਹੀਂ ਸੀ।

ਮੁੜ-ਸੁਰਜੀਤੀ ਕਾਲ ਦੀ ਕਲਾ ਸਿਰਜਣਾ ਅਤੇ ਸਮਾਜਿਕ ਸਿਆਸੀ ਦਸ਼ਾ ਦਾ ਜਿਵੇਂ ਉਪਰ ਜ਼ਿਕਰ ਕੀਤਾ ਹੈ, ਇਥੇ ਚੁਫੇਰੇ ਸਮਾਜਿਕ ਵਰਗ ਵੰਡ ਨੂੰ ਅਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਸਿਰਜਣਾ ਦੇ ਖੇਤਰ ਵਿਚ ਜੇਕਰ ਸਮਾਜਿਕ ਰੁਤਬੇ ਦੇ ਪ੍ਰਭਾਵ ਦੀ ਗੱਲ ਕਰੀਏ ਤਾਂ ਇਹ ਸਾਫ ਨਜ਼ਰ ਆਵੇਗੀ। ਕੁਆਤਰੋਚੈਂਤੋ ਮੁੜ-ਸੁਰਜੀਤੀ ਦੇ ਪਹਿਲੇ ਪੜਾਅ ਵਿਚ ਅਜਿਹੇ ਕਲਾਕਾਰਾਂ ਵੀ ਹੋਏ ਜੋ ਸਮਾਜ ਦੇ ਹੇਠਲੇ ਵਰਗਾਂ ਵਿਚੋਂ ਸਨ ਅਤੇ ਜਿਨ੍ਹਾਂ ਦਾ ਜ਼ਿਕਰ ਕਦੇ ਵੀ ਪੇਸ਼ੇਵਰ ਕਲਾਕਰਾਂ ਵਜੋਂ ਨਹੀਂ ਹੋਇਆ, ਕਿਉਂਕਿ ਉਹ ਸਥਾਪਤ ਅਕਾਦਮਿਕ ਅਦਾਰਿਆਂ ਤੋਂ ਕਲਾ ਸਿਖਿਆ ਪ੍ਰਾਪਤ ਨਹੀਂ ਸਨ ਅਤੇ ਇਨ੍ਹਾਂ ਕਲਾਕਾਰਾਂ ਨੇ ਉਚ ਵਰਗ ਦੇ ਕਲਾਕਾਰਾਂ ਦੀਆਂ ਕਾਰਜਸ਼ਾਲਾਵਾਂ ਵਿਚੋਂ ਦਹਾਕਿਆਂ ਬੱਧੀ ਸਹਾਇਕ ਦੇ ਤੌਰ 'ਤੇ ਕੰਮ ਕਰਦਿਆਂ ਕਲਾ ਦਾ ਗਿਆਨ ਹਾਸਿਲ ਕੀਤਾ ਸੀ। ਇਨ੍ਹਾਂ ਕਲਾਕਾਰਾਂ ਦੀ ਕਲਾ ਦੇ ਸਿਧਾਂਤਕ ਮਾਨਦੰਡ ਅਤੇ ਵਿਸ਼ੇ ਅਕਾਦਮਿਕ ਕਲਾਕਾਰਾਂ ਤੋਂ ਭਾਵੇਂ ਵੱਖ ਨਹੀਂ ਸਨ ਪਰ ਕੁਲੀਨ ਵਰਗ ਵਿਚ ਇਨ੍ਹਾਂ ਨੂੰ ਕੋਈ ਬਹੁਤੀ ਪ੍ਰਵਾਨਗੀ ਨਹੀਂ ਮਿਲੀ।



*ਮੁੜ-ਸੁਰਜੀਤੀ ਕਲਾ ਨਾਲ ਸਬੰਧਤ ਇਕ ਕਿਰਤ।*



*ਮਾਈਕਲਐਂਜਲੋ ਦੇ ਚਿੱਤਰ ਆਦਮ ਦੀ ਉਤਪਤੀ ਦਾ ਇੱਕ ਹਿੱਸਾ।*

ਇਨ੍ਹਾਂ ਕਲਾਕਾਰਾਂ ਵਿਚੋਂ ਆਂਦਰਿਆ ਡੇਲ ਕੈਸਟਾਗਨੋ ਕਿਸਾਨ ਦਾ ਪੁੱਤ ਸੀ, ਪਾਬਲੋ ਉਸੇਲੋ ਨਾਈ, ਫਿਲਿਪੋ ਲਿੱਪੀ ਕਸਾਈ, ਪੋਲਾਜੁਓਲੀ ਮੁਰਗੀ ਪਾਲਕ ਪਰਿਵਾਰ ਵਿਚੋਂ ਸਨ। ਇਨ੍ਹਾਂ ਦੀ ਪਛਾਣ ਕਲਕਾਰ ਹੋਣ ਦੇ ਬਾਵਜੂਦ ਸਾਡੇ ਭਾਰਤੀ ਜਾਤਵਾਦੀ ਸਮਾਜ ਵਾਂਗ ਹੀ ਇਨ੍ਹਾਂ ਦੇ ਪੁਸ਼ਤੈਨੀ ਕਿੱਤਿਆਂ, ਵਰਗ ਜਾਂ ਫਿਰ ਇਨ੍ਹਾਂ ਦੇ ਉਸਤਾਦਾਂ ਕਰਕੇ ਹੀ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਨੂੰ ਗਵਾਰਾਂ ਵਜੋਂ ਹੀ ਦੇਖਿਆ ਜਾਂਦਾ ਸੀ, ਕਿਉਂਕਿ ਉਚ ਵਰਗ ਅਕਸਰ ਨਿਮਨ ਵਰਗ ਬਾਰੇ 'ਘਾਹੀਆਂ ਦੇ ਪੁੱਤਾਂ ਦਾ ਕੰਮ ਘਾਹ ਖੋਤਣਾ' ਹੀ ਆਂਕਦਾ ਹੈ।

ਯੂਰਪੀ ਮੁੜ-ਸੁਰਜੀਤੀ ਦੇ ਪਸਾਰ ਨੂੰ ਅਸੀਂ ਦਸਵੀਂ ਦਹਿਸਦੀ ਦੇ ਪਹਿਲੇ ਅਧ ਵਿਚਕਾਰ ਫੈਲਿਆ ਦੇਖਦੇ ਹਾਂ। ਇਸ ਸਮੇ ਦੇ ਮੁੱਖ ਕਲਾਕਾਰ, ਦਾਰਸ਼ਨਿਕ ਅਤੇ ਵਿਗਿਆਨੀ ਲਿਓਨਾਦੋ ਦਾ ਵਿੰਚੀ, ਮਾਈਕਲਐਂਜਲੋ, ਡੇਸੀਡੇਰਿਅਸ ਇਰਾਸਮਸ, ਰੇਨੇ, ਡੇਸਕੈਰਟਸ, ਗਲੀਲਿਓ, ਨਿਕੋਲਸ ਕੋਪ੍ਰਨਿਕਸ, ਥੌਮਸ ਹੋਬਬਸ, ਜਿਓਫਰੀ ਚੌਸਰ, ਦਾਂਤੇ, ਵਿਲੀਅਮ ਸ਼ੇਕਸਪੀਅਰ ਆਦਿ ਸਨ, ਇਸ ਸਮੇਂ ਦੌਰਾਨ ਸਾਹਿਤ, ਕਲਾ, ਦਰਸ਼ਨ, ਵਿਗਿਆਨ ਅਤੇ ਮਨੁਖਤਾਵਾਦੀ ਸਿਧਾਂਤਾਂ 'ਤੇ ਕੰਮ ਹੋਇਆ ਜੋ ਅਜੋਕੇ ਆਧੁਨਿਕਤਾਵਾਦ ਦਾ ਸਾਮਾ ਬਣਿਆ।

ਮੁੜ-ਸੁਰਜੀਤੀ ਦੇ ਸਹਿਤ ਕਲਾ ਵਿਗਿਆਨ ਅਤੇ ਦਰਸ਼ਨ ਦੀਆਂ ਤੰਦਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਸਨ ਜਿਸ ਦਾ ਅਸਰ ਇਨ੍ਹਾਂ ਸਾਰੇ ਖੇਤਰਾਂ 'ਤੇ ਇਕ ਦੂਜੇ ਦੇ ਪੂਰਕ ਵਜੋਂ ਸਾਫ ਦਿਖਦਾ ਹੈ। ਸਹਿਤ ਅਤੇ ਕਲਾ ਅਚੇਤ-ਸੁਚੇਤ ਰੂਪ ਵਿਚ ਮੁੱਢ ਕਦੀਮ ਤੋਂ ਧਰਮ ਅਤੇ ਸੱਤਾ ਦੇ ਗਠਜੋੜ ਦਾ ਗੁਣਗਾਨ ਕਰਨ ਲਈ ਜ਼ਬਤਬਧ ਸੀ। ਮੁੜ ਸੁਰਜੀਤੀ ਕਲਾ ਅੰਦੋਲਨ ਦੇ ਕਲਾਕਾਰਾਂ ਨੇ ਸ਼ਖਸੀ ਆਜ਼ਾਦੀ ਅਤੇ ਵਿਚਾਰ ਰੱਖਣ ਦੀ ਆਜ਼ਾਦੀ ਮੁੱਢ ਬੰਨ੍ਹਿਆ।

ਮੁੜ-ਸੁਰਜੀਤੀ ਦੌਰਾਨ ਕਲਾ, ਇਮਾਰਤਸਾਜ਼ੀ ਅਤੇ ਵਿਗਿਆਨ ਦੀਆਂ ਤੰਦਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਸਨ। ਅਸਲ ਵਿਚ ਇਹ ਬੜਾ ਅਲੋਕਾਰੀ ਸਮਾਂ ਸੀ ਜਦੋਂ ਅਧਿਐਨ ਦੇ ਸਾਰੇ ਖੇਤਰ ਇਕਜੁੱਟ ਹੋ ਰਹੇ ਸਨ। ਮਿਸਾਲ ਵਜੋਂ, ਵਿੰਚੀ ਵਰਗੇ ਕਲਾਕਾਰਾਂ ਨੇ ਵਿਗਿਆਨਕ ਸਿਧਾਂਤਾਂ ਜਿਵੇਂ ਸਰੀਰ ਵਿਗਿਆਨ ਨੂੰ ਉਨ੍ਹਾਂ ਦੇ ਕੰਮ ਵਿਚ ਸ਼ਾਮਲ ਕੀਤਾ ਤਾਂ ਜੋ ਉਹ ਮਨੁੱਖੀ ਸਰੀਰ ਨੂੰ ਅਸਾਧਾਰਨ ਸ਼ੁਧਤਾ ਨਾਲ ਆਪਣੇ ਚਿੱਤਰਾਂ ਵਿਚ ਸਿਰਜ ਸਕਣ। ਫਿਲਿਪੋ ਬਰਨੇਲੈਸਚੀ ਵਰਗੇ ਇਮਾਰਤਸਾਜ਼ ਨੇ ਹਿਸਾਬ ਅਤੇ ਇੰਜਨੀਅਰਿੰਗ ਦਾ ਸੁਮੇਲ ਕਰਕੇ ਵਿਸ਼ਾਲ ਗੁੰਬਦਾਂ ਵਾਲੀਆਂ ਇਮਾਰਤਾਂ ਦੇ ਨਮੂਨੇ ਤਿਆਰ ਕਰਨ ਲਈ ਅਧਿਐਨ ਕੀਤਾ। ਡੇਸਕੈਰਟਸ ਅਤੇ ਗਲੀਲਿਓ ਵਰਗੇ ਖਗੋਲ ਵਿਗਿਆਨੀਆਂ ਨੇ ਸੌਰ ਮੰਡਲ, ਧਰਤੀ ਅਤੇ ਗ੍ਰਹਿਆਂ ਬਾਰੇ ਨਵੇਂ ਵਿਚਾਰ ਅਤੇ ਦ੍ਰਿਸ਼ਟੀ ਮੁਹੱਈਆ ਕੀਤੀ।

ਮੁੜ-ਸੁਰਜੀਤੀ ਕਲਾ ਯਥਾਰਥਵਾਦ ਅਤੇ ਕੁਦਰਤਵਾਦ ਦੀ ਖੋਜ ਕਰਦੀ ਹੈ। ਕਲਾਕਾਰਾਂ ਨੇ ਮਨੁਖਾਂ ਅਤੇ ਵਸਤੂਆਂ ਨੂੰ ਸਹੀ, ਜੀਵਤ ਯਥਾਰਥ ਨਾਲ ਦਰਸਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਆਪਣੇ ਕੰਮ ਵਿਚ ਡੂੰਘਾਈ ਜੋੜਨ ਲਈ ਤਕਨੀਕਾਂ, ਜਿਵੇਂ ਪ੍ਰਸੰਗ, ਪਰਛਾਵੇਂ ਅਤੇ ਰੌਸ਼ਨੀ ਦੀ ਵਰਤੋਂ ਕੀਤੀ। ਭਾਵਨਾਵਾਂ ਵਰਗੇ ਗੁਣਾਂ ਨੂੰ ਕਲਾਕਾਰਾਂ ਨੇ ਦ੍ਰਿਸ਼ ਕਲਾ ਵਿਚ ਛੋਹਣ ਅਤੇ ਸਮਝਣ ਦੀ ਕੋਸ਼ਿਸ਼ ਕੀਤੀ। ਕੁਝ ਸਭ ਤੋਂ ਮਸ਼ਹੂਰ ਕਲਾਤਮਕ ਰਚਨਾਵਾਂ ਜਿਹੜੀਆਂ ਮੁੜ-ਸੁਰਜੀਤੀ ਵੇਲੇ ਸਿਰਜੀਆਂ ਸਨ, ਉਨ੍ਹਾਂ ਵਿਚੋਂ ਮੋਨਾਲਿਜ਼ਾ, ਹਜ਼ਰਤ ਈਸਾ ਦਾ ਆਖਿਰੀ ਰਾਤਰੀ ਭੋਜ, ਡੇਵਡ ਦਾ ਬੁੱਤ, ਆਦਮ ਦੀ ਉਤਪਤੀ ਆਦਿ ਲਿਓਨਾਦੋ ਦਾ ਵਿੰਚੀ ਅਤੇ ਮਾਈਕਲਐਂਜਲੋ ਨੇ ਬਣਾਏ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਨਵੰਬਰ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-402



*ਰੋਜੀ ਰੋਟੀ ਕੇ ਲੀਏ ਪੰਜਾਬ ਕੀਆ ਪਰਵਾਸ।*
*ਰੂਪ ਯਹਾਂ ਕਾ ਧਾਰਿਆ, ਪੜ੍ਹਨਾ ਅਬ ਇਤਿਹਾਸ।*

## ਕੈਪਸ਼ਨ ਮੁਕਾਬਲਾ-400



ਰੰਗ ਬਰੰਗੇ ਮੰਜਿਆਂ ਦੀ ਵੀ
ਪੂਰੀ ਹੈ ਸੀ ਕਦੇ ਚੜ੍ਹਾਈ।
ਬੈਡਾਂ ਆ ਕੇ ਬਾਹਰ ਕੱਢ'ਤੇ
ਚਿਣਤੀ ਵਿਹੜੇ ਦੇ ਵਿਚ ਲਾਈ।
**-ਜਗਮੀਤ ਸਿੰਘ ਪੰਧੇਰ**
**ਵਿੰਨੀਪੈਗ, ਐਮ. ਬੀ. (ਕੈਨੇਡਾ)**
**ਫੋਨ: 1-431-887-7222**

---

ਬੈਡ, ਸੋਫਿਆਂ ਨੇ ਮੰਜੇ ਖੂੰਜੇ ਲਾ'ਤੇ,
ਕਦੇ ਸੀ ਇਨ੍ਹਾਂ ਦੀ ਪੂਰੀ ਸਰਦਾਰੀ।
ਧੁੱਪ, ਛਾਂ, ਅੰਬਰ, ਤਾਰਿਆਂ ਤੋਂ ਹੋਏ ਵਾਂਝੇ,
ਛੱਤੀ ਤਰ੍ਹਾਂ ਦੇ ਘਰ, ਕੰਮ ਜਾਂਦੇ ਸੀ ਸਾਰੀ।
ਦੌਣ, ਮੱਲ, ਜੀਅ, ਬਾਤਾਂ, ਭੁੱਲ ਗਏ,
ਭੁੱਲ ਗਈ ਬੁਣਨ ਦੀ ਕਲਾਕਾਰੀ।
**-ਦਵਿੰਦਰ ਕੌਰ**

---

ਭਲੇ ਵੇਲਿਆਂ ਦੀ ਗੱਲ ਹੈ ਇਹ
ਮੰਜੇ-ਬਿਸਤਰੇ 'ਕੱਠੇ ਕਰਦੇ,
ਜਿਥੇ ਠਹਿਰਦੀ ਸੀ ਜੰਨ।
ਸਮਾਜਕ ਕਾਰਜ ਰਲ ਮਿਲ ਕਰਦੇ
ਕਰਦੇ ਸਭ ਕੰਮ ਲੱਕ ਬੰਨ।
ਸਮੇਂ ਦੀ ਤੇਜੀ ਨੇ ਬੰਦਾ ਕੀਤਾ ਇਕੱਲਾ
ਭੱਜ ਲੋ ਭੱਜ ਲੋ ਹੁੰਦੀ ਰਹੇ ਹਰ ਦਮ।
**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**
**ਫੋਨ: 91-98784-69639**

---

ਗਰੀਬਾਂ ਲਈ ਨੇ ਪਲੰਘ ਨੁਆਰੀ,
ਸਭਿਆਚਾਰ ਦਾ ਅੰਗ ਹੈ।
ਸਵਰਗਾਂ ਦੇ ਝੂਟੇ ਸੁੱਖ ਨਿਧਾਨੀ,
ਭਾਵੇਂ ਘਰ ਭੁੱਜਦੀ ਭੰਗ ਹੈ।
ਹੱਡ ਤੋੜਵੀਂ ਕਰ ਮੁਸ਼ੱਕਤ ਮੁੜਨ,
ਤਰਕਾਲਾਂ ਨੂੰ ਵਲ ਝੁੰਗੀਆਂ।
ਡਾਹ ਸੌਂ ਜਾਂਦੇ ਫਿਰ ਵੇਚ ਕੇ ਘੋੜੇ,
ਲੈ ਉਤੇ ਪਾਟੀਆਂ ਲੁੰਗੀਆਂ।
**-ਸੇਵਾ ਸਿੰਘ ਨੂਰਪੁਰੀ**

---

ਵਿਆਹ ਵਾਲਾ ਘਰ ਲਗਦਾ ਕੋਈ
ਘਰ ਵਿਚ ਵੇਖ ਕੇ ਮੰਜੇ,
ਮੁੰਜ ਬਾਣ ਤੇ ਸੂਤ ਰੰਗ ਕੇ,
ਕਈ ਰੰਗਾਂ ਵਿਚ ਰੰਗੇ।
ਕੋਠੇ ਉਤੇ ਚਾੜ੍ਹ ਕੇ ਮੰਜੇ
ਰਲ ਕੇ ਸੀ ਰੋਟੀ ਖਾਂਦੇ,
ਜਦੋਂ ਬਾਬਾ ਜੀ ਲੰਬੀ ਬਾਤ ਸੁਣਾਉਂਦੇ,
ਸਭ ਬੱਚੇ ਸੌ ਜਾਂਦੇ।
ਖਟਮਲਾਂ ਵਾਲੇ ਮੰਜੇ ਘਰਾਂ ਵਿਚ
ਖੂੰਜਿਆਂ ਵਿਚ ਟਿਕਾਏ,
ਬਦਲੀ ਸੋਚ ਨਵਾਂ ਯੁਗ ਆਇਆ,
ਡਬਲ-ਬੈਡ ਬਣਵਾਏ।
**-ਮਾਸਟਰ ਪ੍ਰੀਤਮ ਸਿੰਘ ਲੰਮੇ**
**ਫੋਨ: 925-325-2486**

---

ਸਾਇੰਸ ਦਾ ਯੁਗ ਮਸ਼ੀਨੀ ਯੁਗ
ਹੁੰਦੇ ਸੀ ਜੋ ਮੰਜੇ
ਸਾਰੇ ਸਮਾਜ ਦਾ ਸੀ ਉਸ 'ਚ ਹੱਥ।
ਕੋਈ ਬਾਹੀਆਂ, ਪਾਵੇ ਬਣਾਵੇ।
ਲੋੜ ਸੀ ਸੂਤ, ਸਣ, ਸਨੂਕੜਾ।
ਡਾਹ ਕੋਠੇ ਖੁੱਲ੍ਹੇ ਅਸਮਾਨ ਥੱਲੇ
ਚੰਨ, ਤਾਰੇ ਟਹਿਕਦੇ ਅਨੰਦ ਸੀ ਬਖਸ਼ਦੇ।
ਕੋਈ ਬਨਾਕਾ ਗੀਤ-ਮਾਲਾ ਸੁਣੇ
ਕੁਝ ਬਾਤਾਂ ਪਾ ਪਾ ਹਸੀ ਉਡਾਉਂਦੇ।
ਬੀਮਾਰ ਠਮਾਰ ਜਾਂ ਕੋਈ ਬਿਪਤਾ ਆਵੇ
ਸਭ ਇਕ ਦਮ ਹੋ ਇਕੱਠੇ ਹੱਲ ਕਰ ਲੈਂਦੇ।
ਵੜ ਗਏ ਹੁਣ ਸਭ ਅੰਦਰੀਂ
ਨਹੀਂ ਪਤਾ ਗੁਆਢੀ ਜਿੰਦਾ ਹੈ ਜਾਂ ਮਰਿਆ।
ਸੌਂ ਜਾਓ ਗੱਦਿਆਂ 'ਤੇ
ਕਾਰਖਾਨਿਆਂ 'ਚ ਬਣਦੇ।
**-ਦਰਸ਼ਨਪਾਲ ਦੋਸਾਂਝ**

# ਅਜੋਕੇ ਕਸ਼ਮੀਰ ਦੀ ਪੜ੍ਹੀ-ਸੁਣੀ ਦਾਸਤਾਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਵੀਹ ਕੁ ਦਿਨ ਹੋਏ ਮੈਨੂੰ ਕਸ਼ਮੀਰ ਦੇ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿਚ ਪੰਜ ਦਿਨ ਰਹਿ ਕੇ ਆਈਆਂ ਦੋ ਔਰਤਾਂ ਦੀ ਆਪ ਬੀਤੀ ਜਾਣਨ ਦਾ ਮੌਕਾ ਮਿਲਿਆ। ਉਹ ਦੋਵੇਂ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੂਮਨ ਦੀਆਂ ਸਰਗਰਮ ਮੈਂਬਰ ਹਨ। ਐਨੀ ਰਾਜਾ ਖੱਬੇ ਪੱਖੀ ਨੇਤਾ ਵੀ. ਰਾਜਾ ਦੀ ਜੀਵਨ ਸਾਥਣ ਹੈ ਤੇ ਕੰਵਲਜੀਤ ਢਿੱਲੋਂ ਥੀਏਟਰ ਸੰਸਾਰ ਦੀ ਜਾਣੀ-ਪਛਾਣੀ ਕਾਰਕੁਨ। ਉਨ੍ਹਾਂ ਨਾਲ ਕਸ਼ਮੀਰ ਗਈਆਂ ਤਿੰਨ ਹੋਰ ਔਰਤਾਂ ਵਿਚੋਂ ਮੁਸਲਿਮ ਵੂਮਨ ਫੋਰਮ ਦੀ ਡਾ. ਸਈਦਾ ਹਮੀਦ ਤੇ ਪ੍ਰਗਤੀਸ਼ੀਲ ਮਹਿਲਾ ਸੰਗਠਨ ਦੀ ਪੂਨਮ ਕੌਸ਼ਿਕ ਤੋਂ ਬਿਨਾ ਨੈਸ਼ਨਲ ਫੈਡਰੇਸ਼ਨ ਦੀ ਪਾਖੜੀ ਜਹੀਰ ਵੀ ਸਨ। ਇਸ ਟੋਲੀ ਨੇ 17 ਤੋਂ 21 ਸਤੰਬਰ ਤੱਕ ਸ੍ਰੀ ਨਗਰ, ਸ਼ੋਪੀਆ, ਬੰਦੀਪੁਰਾ ਤੇ ਪੁਲਵਾਮਾ ਦੀਆਂ ਔਰਤਾਂ ਅਤੇ ਬੱਚਿਆਂ ਤੋਂ ਬਿਨਾ ਸਕੂਲਾਂ, ਕਾਲਜਾਂ, ਹਸਪਤਾਲਾਂ ਤੇ ਵੱਡੀਆਂ ਦੁਕਾਨਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਨਾਲ ਵੀ ਖੁਲ੍ਹ ਕੇ ਗੱਲਾਂ ਕੀਤੀਆਂ। ਉਹ ਸੱਭੇ ਧਾਰਾ 370 ਦੇ ਹਟਾਏ ਜਾਣ ਪਿੱਛੋਂ ਮੁਜਰਮਾਂ ਵਾਂਗ ਵਿਚਰ ਰਹੀਆਂ ਸਨ। ਜਿਧਰ ਜਾਂਦੀਆਂ, ਫੌਜੀ ਅੱਖਾਂ ਉਨ੍ਹਾਂ ਦਾ ਪਿੱਛਾ ਕਰਦੀਆਂ ਸਨ।

ਸ੍ਰੀਮਤੀ ਰਾਜਾ ਤੇ ਕੰਵਲਜੀਤ ਦੀ ਪੇਸ਼ਕਾਰੀ ਏਨੀ ਕਰੁਣਾਮਈ ਸੀ ਕਿ ਮੈਨੂੰ ਯਕੀਨ ਨਹੀਂ ਸੀ ਆ ਰਿਹਾ; ਪਰ ਜਦੋਂ ਅਕਤੂਬਰ ਅੱਧ ਵਿਚ ਕਸੌਲੀ ਵਿਖੇ ਖੁਸ਼ਵੰਤ ਸਿੰਘ ਸਾਹਿਤ ਮੇਲੇ ਦੇ ਅਜੋਕੇ ਕਸ਼ਮੀਰ ਨੂੰ ਪ੍ਰਣਾਏ ਸੈਸ਼ਨ ਵਿਚ ਭਾਗ ਲੈ ਰਹੀ ਰਾਧਾ ਕੁਮਾਰ ਨੇ ਆਪਣੇ ਭਾਸ਼ਣ ਦਾ ਤੋੜਾ ਇਹ ਕਹਿ ਕੇ ਝਾੜਿਆ ਕਿ ਢਾਈ ਮਹੀਨਿਆਂ ਤੋਂ ਕੈਦੀਆਂ ਵਾਲਾ ਜੀਵਨ ਜਿਉ ਰਹੇ ਕਸ਼ਮੀਰੀਆਂ ਦੀ ਸੁਤੰਤਰਤਾ ਬਹਾਲ ਕਰਨ ਦੀ ਸਖਤ ਲੋੜ ਹੈ ਤਾਂ ਰਾਜਾ ਤੇ ਢਿੱਲੋਂ ਦੀ ਪੇਸ਼ਕਾਰੀ 'ਤੇ ਮੋਹਰ ਲੱਗ ਗਈ। ਜਦੋਂ ਦੋ ਦਿਨ ਹੋਰ ਲੰਘਣ 'ਤੇ ਮੀਡੀਆਂ ਦੀਆਂ ਰਿਪੋਰਟਾਂ ਤੋਂ ਪਤਾ ਲੱਗਾ ਕਿ ਉਥੋਂ ਦੀ ਸਰਕਾਰ ਨੇ ਸਕੂਲਾਂ ਵਿਚ ਵਿਦਿਆਰਥੀਆਂ ਦੀ ਹਾਜ਼ਰੀ ਪੱਕੀ ਕਰਨ ਦੀ ਜ਼ਿੰਮੇਵਾਰੀ ਜਿਲਾ ਪ੍ਰਸ਼ਾਸਕਾਂ ਦੇ ਮੋਢਿਆਂ 'ਤੇ ਲੱਦ ਦਿੱਤੀ ਹੈ ਤਾਂ ਰਾਜਾ ਤੇ ਢਿਲੋਂ ਦਾ ਬਿਆਨ ਪੱਥਰ ਉਤੇ ਲੀਕ ਵਾਂਗ ਜਾਪਿਆ। ਖਬਰਾਂ ਤਾਂ ਇਹ ਵੀ ਹਨ ਕਿ ਸਰਕਾਰ ਵਲੋਂ ਸੈਨਿਕ ਪਾਬੰਦੀਆਂ ਹਟਾਏ ਜਾਣ ਦੇ ਦਾਅਵੇ ਪੂਰਾ ਸੱਚ ਨਹੀਂ। ਜੇ ਕਿਸੇ ਥਾਂ ਤੋਂ ਅਜ ਪਾਬੰਦੀ ਹਟਾਈ ਜਾਂਦੀ ਹੈ ਤਾਂ ਅਗਲੇ ਦਿਨ ਫੇਰ ਲਾਉਣੀ ਪੈ ਜਾਂਦੀ ਹੈ।

ਰਾਜਾ-ਢਿੱਲੋਂ ਜੋੜੀ ਨੇ ਉਨ੍ਹਾਂ ਮਾਂਵਾਂ ਦੀ ਹਿਰਦੇਵੇਦਕ ਕਹਾਣੀ ਵੀ ਸੁਣਾਈ, ਜੋ ਆਪਣੇ ਹੱਥੀਂ ਪਾਲੇ 13 ਤੇ 18 ਸਾਲ ਦੇ ਪੁੱਤਰਾਂ ਦੇ ਮੂੰਹ ਵੇਖਣ ਨੂੰ ਤਰਸ ਰਹੀਆਂ ਸਨ। ਉਨ੍ਹਾਂ ਨੂੰ ਫੌਜੀ ਵਰਦੀ ਵਾਲੇ ਉਨ੍ਹਾਂ ਦੇ ਸਾਹਮਣੇ ਘਰੋਂ ਚੁੱਕ ਕੇ ਲਿਜਾ ਚੁਕੇ ਹਨ। ਉਨ੍ਹਾਂ ਵਿਚ ਉਨ੍ਹਾਂ ਭੈਣਾਂ ਦੇ ਛੋਟੇ ਭਰਾ ਵੀ ਸ਼ਾਮਲ ਸਨ, ਜੋ ਆਉਣ ਵਾਲੇ ਇਮਤਿਹਾਨ ਦੀ ਤਿਆਰੀ ਕਰਨ ਲਈ ਸੁਤੇ ਸਿੱਧ ਹੀ ਘਰ ਦੇ ਅੰਦਰਲੇ ਕਮਰੇ ਦੀ ਬੱਤੀ ਜਗਾ ਕੇ ਬੈਠੀਆਂ ਸਨ। ਉਨ੍ਹਾਂ ਬਾਲਕਾਂ ਦੇ ਵੱਡੇ ਭਰਾ ਵੀ, ਜਿਨ੍ਹਾਂ ਦੀਆਂ ਮਾਂਵਾਂ ਨੇ ਆਪਣੇ ਬਾਲਕ ਨੂੰ ਪੌਟੀ ਕਰਾਉਣ ਵਾਸਤੇ ਆਪਣੇ ਮੋਬਾਈਲ ਦੀ ਲੋਅ ਦਾ ਸਹਾਰਾ ਲਿਆ ਸੀ। ਮੈਨੂੰ ਉਨ੍ਹਾਂ ਦੀ ਗੱਲਾਂ ਸੁਣ ਕੇ ਆਪਣੇ ਮਰਹੂਮ ਮਿੱਤਰ ਸ. ਸ. ਮੀਸ਼ਾ ਦਾ ਸ਼ੇਅਰ ਚੇਤੇ ਆ ਗਿਆ,

ਘਰਾਂ ਦੇ ਵਿਚ ਹਨੇਰਾ ਹੈ
ਕਿਹੋ ਜਿਹਾ ਸਵੇਰਾ ਹੈ।
ਰੂਹ ਦਾ ਜ਼ਿਕਰ ਨਾ ਕਰਿਆ ਕਰ
ਦੇਹ ਦਾ ਚੁੱਪ ਬਥੇਰਾ ਹੈ।

ਸ੍ਰੀਮਤੀ ਰਾਜਾ ਇੱਕ ਪਰਿਵਾਰ ਦੇ ਮੈਂਬਰਾਂ ਨਾਲ ਗੱਲ ਕਰ ਰਹੀ ਸੀ ਕਿ ਪੰਜ ਸਾਲ ਦੇ ਬੱਚੇ ਨੇ ਗਲੀ ਦੇ ਕੁੱਤਿਆਂ ਦੀ ਆਵਾਜ਼ ਸੁਣ ਕੇ ਆਪਣੇ ਬੁੱਲ੍ਹਾਂ 'ਤੇ ਉਂਗਲੀ ਧਰ ਕੇ ਇਸ਼ਾਰਾ ਕੀਤਾ ਕਿ ਉਚੀ ਨਾ ਬੋਲੋ। ਇਸ ਬਾਲਕ ਨੂੰ ਪਤਾ ਸੀ ਕਿ ਕੁੱਤੇ ਤਦ ਹੀ ਭੌਂਕਦੇ ਸਨ, ਜਦ ਫੌਜੀ ਘਰਾਂ ਦੇ ਬਾਹਰ ਗਸ਼ਤ ਕਰਦੇ ਸਨ। ਫੌਜੀ ਔਰਤਾਂ ਨੂੰ ਤਾਂ ਬਖਸ਼ ਦਿੰਦੇ ਸਨ, ਪਰ ਘਰਾਂ ਦੇ ਮਰਦ, ਬੱਚੇ ਹੋਣ ਜਾਂ ਬੁੱਢੇ, ਉਨ੍ਹਾਂ ਦੀਆਂ ਚਪੇੜਾਂ ਦੇ ਹੀ ਨਹੀਂ, ਫੌਜੀ ਬੂਟਾਂ ਦੇ ਠੁੱਡਿਆਂ ਦੇ ਵੀ ਸ਼ਿਕਾਰ ਹੋ ਜਾਂਦੇ ਸਨ। ਪਬਲਿਕ ਟਰਾਂਸਪੋਰਟ ਬੰਦ ਹੋਣ ਕਾਰਨ ਬੇਹਦ ਗੰਭੀਰ ਹਾਲਤਾਂ ਵਿਚ ਵੀ ਆਉਣਾ-ਜਾਣਾ ਅਸੰਭਵ ਸੀ।

ਇਕ ਕਸ਼ਮੀਰੀ ਨੇ ਦੱਸਿਆ ਕਿ ਇਨ੍ਹੀਂ ਦਿਨੀਂ ਉਸ ਦੀ ਮਾਂ ਚਲਾਣਾ ਕਰ ਗਈ ਤਾਂ ਉਹ ਆਪਣੀਆਂ ਭੈਣਾਂ ਨੂੰ ਖਬਰ ਨਹੀਂ ਦੇ ਸਕਿਆ ਤੇ ਉਸ ਨੂੰ ਧੀਆਂ ਦੀ ਗੈਰਹਾਜ਼ਰੀ ਵਿਚ ਹੀ ਦਫਨਾ ਦਿੱਤਾ ਗਿਆ। ਟੈਲੀਫੋਨ, ਇੰਟਰਨੈਟ ਤੇ ਮੋਬਾਈਲ ਜਾਮ ਸਨ। ਆਵਾਜਾਈ ਦੇ ਵਸੀਲਿਆਂ ਦੀ ਤੰਗੀ ਤੇ ਫੌਜੀਆਂ ਵਲੋਂ ਕੀਤੇ ਤਸ਼ੱਦਦ ਦੀਆਂ ਖਬਰਾਂ ਸੁਣ ਕੇ ਗਰਭਵਤੀ ਔਰਤਾਂ ਸਤਮਾਹੇ ਤੇ ਅਠਮਾਹੇ ਬੱਚਿਆਂ ਨੂੰ ਜਨਮ ਦੇ ਰਹੀਆਂ ਹਨ। ਪੰਜ ਮੈਂਬਰੀ ਟੀਮ ਨੂੰ ਦੋ ਤਿੰਨ ਗਰਭਵਤੀਆਂ ਦੇ ਹਮਲ ਗਿਰਨ ਦੇ ਕਿੱਸੇ ਵੀ ਸੁਣਨੇ ਪਏ। ਰਾਤ ਦੀ ਡਿਊਟੀ 'ਤੇ ਜਾ ਰਹੇ ਹੱਡੀਆਂ ਦੇ ਇੱਕ ਡਾਕਟਰ ਨੂੰ ਨਾਕੇ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਕੇ ਸੱਤ ਦਿਨ ਹਵਾਲਾਤ ਵਿਚ ਡੱਕੀ ਰਖਣ ਦੀ ਘਟਨਾ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਸੀ।

ਇੱਕ ਘਰ ਦੇ 22 ਸਾਲ ਦੇ ਨੌਜਵਾਨ ਨੂੰ ਫੌਜੀ ਚੁੱਕਣ ਆਏ ਤਾਂ ਉਸ ਦੇ ਹੱਥ 'ਤੇ ਪਲੱਸਤਰ ਲੱਗਾ ਵੇਖ ਉਸ ਤੋਂ ਛੋਟੇ 17 ਸਾਲ ਦੇ ਮੁੰਡੇ ਨੂੰ ਲੈ ਗਏ। ਇੱਕ ਹੋਰ ਪਿੰਡ ਦੇ ਦੋ ਨੌਜਵਾਨਾਂ ਨੂੰ ਲੈ ਗਏ ਸਨ। ਉਨ੍ਹਾਂ ਵਿਚੋਂ ਇੱਕ ਹੱਡੀਆਂ ਭੰਨਵਾ ਕੇ ਪਰਤ ਆਇਆ, ਪਰ ਦੂਜੇ ਦੀ ਕਿਸੇ ਨੂੰ ਕੋਈ ਖਬਰ ਨਹੀਂ ਸੀ।

ਰਾਜਾ-ਢਿੱਲੋਂ ਜੋੜੀ ਨੂੰ ਇਹ ਵੀ ਦੱਸਿਆ ਗਿਆ ਕਿ ਜੇ ਕਿਸੇ ਕਸ਼ਮੀਰੀ ਬੂਹੇ 'ਤੇ ਫੌਜ ਦੀ ਖੌਫਨਾਕ ਦਸਤਕ ਸੁਣਾਈ ਦੇਵੇ ਤਾਂ ਅਕਸਰ ਘਰ ਦੇ ਬਜੁਰਗ ਨੂੰ ਬੂਹਾ ਖੋਲ੍ਹਣ ਲਈ ਭੇਜਿਆ ਜਾਂਦਾ ਸੀ, ਇਹ ਸੋਚ ਕੇ ਕਿ ਬਜੁਰਗ ਨੂੰ ਸ਼ਾਇਦ ਉਹ 'ਬਖਸ਼' ਦੇਣ; ਪਰ ਫੌਜੀਆਂ ਦੇ ਥੱਪੜ ਬਜੁਰਗ, ਨੌਜਵਾਨ ਤੇ ਅੱਲ੍ਹੜ 'ਚ ਫਰਕ ਨਹੀਂ ਸਨ ਕਰਦੇ ਅਤੇ ਸਭ ਦੇ ਮੂੰਹ 'ਤੇ ਥੱਪੜ ਦੀ ਗੂੰਜ ਓਨੀ ਹੀ ਜ਼ੋਰਦਾਰ ਹੁੰਦੀ ਸੀ।

ਪਿੰਡਾਂ ਵਿਚ ਬਹੁਤ ਸਾਰੀਆਂ ਔਰਤਾਂ ਦੀਆਂ ਸੁਨੀਆਂ ਅੱਖਾਂ ਵਿਚ ਸਵਾਲ ਸਨ ਕਿ ਫੌਜ ਵੱਲੋਂ ਘਰਾਂ 'ਚੋਂ ਚੁੱਕੇ ਗਏ ਉਨ੍ਹਾਂ ਦੇ ਪੁੱਤਰ ਕਿਥੇ ਸਨ? ਉਨ੍ਹਾਂ ਦੇ ਆਦਮੀ ਜਦੋਂ ਬੱਚਿਆਂ ਬਾਰੇ ਪੁੱਛਣ ਪੁਲਿਸ ਚੌਕੀ ਜਾਂਦੇ ਤਾਂ ਉਨ੍ਹਾਂ ਨੂੰ ਹੈਡਕੁਆਰਟਰ ਜਾਣ ਲਈ ਕਹਿ ਦਿੱਤਾ ਜਾਂਦਾ। ਉਹ ਔਖੇ-ਸੌਖੇ ਹੈਡਕੁਆਰਟਰ ਪਹੁੰਚਦੇ ਤਾਂ ਉਥੇ ਅੱਗੇ ਬੋਰਡ 'ਤੇ ਲੱਗੀਆਂ ਪੱਥਰਬਾਜ਼ਾਂ ਦੀਆਂ ਸੂਚੀਆਂ 'ਚ ਉਨ੍ਹਾਂ ਦੇ ਬੱਚਿਆਂ ਦੇ ਨਾਂ ਲਿਖੇ ਹੁੰਦੇ, ਜਿਨ੍ਹਾਂ ਨੂੰ ਅੱਗੋਂ ਆਗਰਾ, ਜੋਧਪੁਰ, ਲਖਨਊ ਅਤੇ ਝੱਜਰ ਦੀਆਂ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਹੈ। ਬਹੁਤ ਸਾਰੇ ਲੋਕਾਂ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਉਨ੍ਹਾਂ ਦੇ ਪੁੱਤਰ ਕਿੱਥੇ ਬੰਦ ਹਨ! ਇਕ ਅੰਦਾਜ਼ੇ ਅਨੁਸਾਰ ਧਾਰਾ-370 ਹਟਾਉਣ ਪਿੱਛੋਂ ਕਸਮੀਰ 'ਚ ਆਇਦ ਪਾਬੰਦੀਆਂ ਪਿੱਛੋਂ ਫੌਜ ਨੇ ਹੁਣ ਤੱਕ ਕੋਈ 13 ਹਜ਼ਾਰ ਨੌਜਵਾਨਾਂ ਨੂੰ ਚੁੱਕ ਲਿਆ ਹੈ।

ਉਥੇ ਤਾਂ ਇਕ ਟਰੱਕ ਚਾਲਕ ਦਾ ਟਰੱਕ ਫੌਜ ਜ਼ਬਰੀ ਵਰਤ ਰਹੀ ਹੈ। ਉਸ ਦਾ ਡਰਾਈਵਿੰਗ ਲਾਇਸੈਂਸ ਤੇ ਹੋਰ ਅਹਿਮ ਦਸਤਾਵੇਜ਼ ਫੌਜ ਨੇ ਆਪਣੇ ਕੋਲ ਰੱਖ ਲਏ ਹਨ ਤੇ ਉਹ ਹੁਣ ਫੌਜ ਲਈ ਟਰੱਕ ਚਲਾ ਰਿਹਾ ਹੈ। ਉਸ ਨੇ ਦੱਸਿਆ ਕਿ ਉਹ ਪਿਛਲੇ 45 ਦਿਨਾਂ ਤੋਂ ਫੌਜ ਦੇ ਨਾਲ ਸੀ ਤੇ ਉਸ ਦੇ ਪਰਿਵਾਰ ਨੂੰ ਉਸ ਬਾਰੇ ਕੋਈ ਸੂਚਨਾ ਨਹੀਂ ਸੀ ਦਿੱਤੀ ਗਈ।

ਕਸ਼ਮੀਰੀਆਂ ਵੱਲੋਂ ਏਸ ਤਰ੍ਹਾਂ ਝੱਲੇ ਜਾ ਰਹੇ ਜ਼ਲਾਲਤ ਅਤੇ ਤਸ਼ੱਦਦ ਨੇ ਉਨ੍ਹਾਂ ਨੂੰ ਇਸ ਮੁਕਾਮ 'ਤੇ ਪਹੁੰਚਾ ਦਿੱਤਾ ਹੈ, ਜਿਥੋਂ ਪਿੱਛੇ ਮੁੜਨਾ ਹੁਣ ਮੁਸ਼ਕਿਲ ਹੈ। ਧਾਰਾ 370 ਖਤਮ ਕੀਤੇ ਜਾਣ ਪਿਛੋਂ ਉਨ੍ਹਾਂ ਦੀ ਭਾਰਤ ਨਾਲ ਜੁੜੀ ਆਖਰੀ ਤੰਦ ਵੀ ਹੁਣ ਟੁੱਟ ਗਈ ਹੈ। ਕਸ਼ਮੀਰ ਦੇ ਉਹ ਆਗੂ ਤੇ ਲੋਕ, ਜੋ ਹਮੇਸ਼ਾ ਭਾਰਤ ਦੇ ਪੱਖ ਵਿਚ ਖੜ੍ਹੇ ਰਹੇ, ਉਨ੍ਹਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਹੈ।

ਐਨੀ ਰਾਜਾ ਤੇ ਕੰਵਲਜੀਤ ਢਿੱਲੋਂ ਨੇ ਦੱਸਿਆ ਕਿ ਅਜੋਕੇ ਕਸ਼ਮੀਰੀ ਪੂਰਨ ਸੁਤੰਤਰਤਾ ਮੰਗਦੇ ਹਨ। ਉਹ ਨਾ ਹੀ ਭਾਰਤ ਨਾਲ ਰਲਨਾ ਚਾਹੁੰਦੇ ਹਨ ਤੇ ਨਾ ਹੀ ਪਾਕਿਸਤਾਨ ਨਾਲ। ਇਥੇ ਇਹ ਗੱਲ ਵੀ ਦੱਸਣੀ ਬਣਦੀ ਹੈ ਕਿ ਕਸ਼ਮੀਰ ਵਿਚ ਬੇਚੈਨੀ ਦੇ ਬੀਜ ਸਤ ਦਹਾਕੇ ਪਹਿਲਾਂ 22 ਅਕਤੂਬਰ 1947 ਨੂੰ ਕਸ਼ਮੀਰੀਆਂ 'ਤੇ ਬੋਲੇ ਕਬਾਇਲੀਆਂ ਦੇ ਹਮਲੇ ਨੇ ਬੀਜੇ ਸਨ, ਜਿਨ੍ਹਾਂ ਨੂੰ ਨਵੀਂ ਹੋਂਦ ਵਿਚ ਆਈ ਪਾਕਿਸਤਾਨੀ ਸਰਕਾਰ ਨੇ ਭੇਜਿਆ ਸੀ। ਖੁਦਾ ਖੈਰ ਕਰੇ! ਰਾਜਾ-ਢਿੱਲੋਂ ਟੋਲੀ ਦੇ ਬਾਕੀ ਮੈਂਬਰਾਂ ਨੇ ਵੀ ਇਹੀਓ ਨਤੀਜਾ ਕੱਢਿਆ ਸੀ।

**ਅੰਤਿਕਾ: ਮਿਰਜ਼ਾ ਗ਼ਾਲਿਬ**

ਹਮ ਕੋ ਮਾਲੂਮ ਹੈ
ਜੰਨਤ ਕੀ ਹਕੀਕਤ ਲੇਕਿਨ,
ਦਿਲ ਕੇ ਖ਼ੁਸ਼ ਰਖਨੇ ਕੋ
ਗ਼ਾਲਿਬ ਯਹ ਖਿਆਲ ਅੱਛਾ ਹੈ।

# ਕਿਸਾਨੀ ਸੰਸਕ੍ਰਿਤੀ ਜਨ ਜੀਵਨ ਦੀ ਮਹਿਕ

ਲੋਕ ਧਾਰਾ

ਇਤਿਹਾਸ ਦੀਆਂ ਪੈੜਾਂ ਪੰਜਾਬ ਦੇ ਜੱਟਾਂ ਨੂੰ ਆਰੀਆ ਨਸਲ ਨਾਲ ਜਾ ਜੋੜਦੀਆਂ ਹਨ। ਇਹ ਆਰੀਆ ਨਸਲ ਦੇ ਇੰਡੋ-ਸਿੱਥੀਅਨ ਘਰਾਣੇ ਹਨ, ਜਿਨ੍ਹਾਂ ਨੂੰ ਪੰਜਾਬ ਦੇ ਮੋਢੀ ਵਸਨੀਕ ਹੋਣ ਦਾ ਮਾਣ ਪ੍ਰਾਪਤ ਹੈ।

ਜੱਟ ਪੰਜਾਬ ਦੀ ਇੱਕ ਸਿਰਮੌਰ ਜਾਤੀ ਹੈ। ਇਨ੍ਹਾਂ ਦੀ ਸਰੀਰਕ ਬਣਤਰ, ਨਰੋਆ ਤੇ ਤਕੜਾ ਸਰੀਰ, ਗੋਲੀਆਂ ਵਰਗੇ ਜਿਸਮ, ਪਹਾੜਾਂ ਵਰਗਾ ਬੁਲੰਦ ਹੌਸਲਾ, ਦਰਿਆਵਾਂ ਵਰਗੀ ਦਰਿਆਦਿਲੀ, ਸੂਰਮਤਾਈ, ਨਿਡਰਤਾ, ਮਿਹਨਤੀ ਤੇ ਖਾੜਕੂ ਸੁਭਾਅ ਇਨ੍ਹਾਂ ਦੀ ਵਿਲੱਖਣ ਪਛਾਣ ਹੈ। ਇਹ ਨਾ



ਸੁਖਦੇਵ ਮਾਦਪੁਰੀ
ਫੋਨ: 91-94630-34472


ਕੁਦਰਤੀ ਆਫਤਾਂ ਤੋਂ ਘਬਰਾਉਂਦੇ ਹਨ ਤੇ ਨਾ ਹੀ ਸਮਾਜਕ ਵਰਤਾਰਿਆਂ ਤੋਂ। ਇਨ੍ਹਾਂ ਦੀਆਂ ਜਨਾਨੀਆਂ ਵੀ ਮਨ ਮੋਹਣੀਆਂ ਹਨ, ਪਰੀਆਂ ਵਰਗੀਆਂ-ਸਰੂ ਵਰਗਾ ਸਰੀਰ ਤੇ ਸੂਰਜੀ ਕਿਰਨਾਂ ਵੰਡਦੇ ਹੁਸਨਾਕ ਚਿਹਰੇ, ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਵਾਲੀਆਂ।

ਪੰਜਾਬ ਦੇ ਜੱਟ ਭਿੰਨ-ਭਿੰਨ ਕਬੀਲਿਆਂ ਦਾ ਮਿਲਿਆ ਜੁਲਿਆ ਭਾਈਚਾਰਾ ਹੈ। ਜੱਟਾਂ, ਗੁੱਜਰਾਂ, ਰਾਜਪੂਤਾਂ ਅਤੇ ਸੈਣੀਆਂ ਦੇ ਗੋਤ ਸਾਂਝੇ ਹਨ, ਰਸਮ ਰਿਵਾਜ ਸਾਂਝੇ ਹਨ। ਮੰਨਤਾਂ ਮਨੌਤਾਂ ਸਾਂਝੀਆਂ ਹਨ। ਜੱਟ ਵੱਖ-ਵੱਖ ਧਰਮਾਂ 'ਚ ਵੰਡੇ ਹੋਏ ਹਨ-ਸਿੱਖ, ਹਿੰਦੂ, ਮੁਸਲਮਾਨ ਤੇ ਬਿਸ਼ਨੋਈ ਆਦਿ ਪਰ ਇਨ੍ਹਾਂ ਦਾ ਖੂਨ ਸਾਂਝਾ ਹੈ ਤੇ ਸਭਿਆਚਾਰ ਵੀ ਸਾਂਝਾ ਹੈ। ਪੰਜਾਬ ਦਾ ਜੱਟ ਕਦੀ ਵੀ ਕੱਟੜ ਧਰਮੀ ਤੇ ਕੱਟੜ ਪੰਥੀ ਨਹੀਂ ਰਿਹਾ। ਉਹ ਸਾਰੇ ਧਰਮਾਂ ਨੂੰ ਸਤਿਕਾਰਦਾ ਹੈ। ਅੱਜ ਵੀ ਪੰਜਾਬ ਦੇ ਜੱਟ ਸਿੱਖ ਨੈਣਾਂ ਦੇਵੀ ਦੇ ਚਾਲੇ 'ਤੇ ਜਾਂਦੇ ਹਨ, ਹਰਦੁਆਰ ਆਪਣੇ ਵਡੇਰਿਆਂ ਦੇ ਫੁੱਲ ਜਲ ਪਰਵਾਹ ਕਰਦੇ ਹਨ, ਪਹੋਏ ਗਤਿਆ ਕਰਾਉਂਦੇ ਹਨ, ਮੁਸਲਮਾਨ ਪੀਰਾਂ ਫਕੀਰਾਂ ਦੀਆਂ ਦਰਗਾਹਾਂ 'ਤੇ ਜ਼ਿਆਰਤਾਂ ਕਰਦੇ ਹਨ, ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ, ਅੰਮ੍ਰਿਤਸਰ ਦੀ ਵਿਸਾਖੀ, ਫਤਿਹਗੜ੍ਹ ਸਾਹਿਬ ਦਾ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਅਤੇ ਮੁਕਤਸਰ ਦੀ ਮਾਘੀ ਆਦਿ ਇਨ੍ਹਾਂ ਦੇ ਤੀਰਥ ਅਸਥਾਨ ਹਨ।

ਪੰਜਾਬ ਦੇ ਜੱਟਾਂ ਦਾ ਮੁੱਢਲਾ ਜੀਵਨ ਜੋਖਮ ਭਰਪੂਰ ਸੀ। ਅਨੇਕਾਂ ਸਦੀਆਂ ਪਹਿਲਾਂ ਉਹ ਦਰਿਆਵਾਂ ਦੇ ਕੰਢਿਆਂ 'ਤੇ ਫਿਰਤੂ ਕਬੀਲਿਆਂ ਦੇ ਰੂਪ ਵਿਚ ਰਹਿੰਦੇ ਸਨ। ਪਸ਼ੂ ਪਾਲਣੇ ਤੇ ਖੇਤੀ ਦੀ ਕਾਰ ਇਨ੍ਹਾਂ ਦਾ ਮੁੱਖ ਧੰਦਾ ਸੀ। ਇਹ ਜੱਟ ਹੀ ਸਨ, ਜਿਨ੍ਹਾਂ ਨੇ ਜਾਨ ਹੂਲਵੀਂ ਮਿਹਨਤ ਨਾਲ ਜੰਗਲਾਂ ਬੇਲਿਆਂ ਨੂੰ ਸਾਫ ਕਰਕੇ ਜ਼ਮੀਨਾਂ ਵਾਹੀਯੋਗ ਬਣਾਈਆਂ ਤੇ ਪੱਕੇ ਤੌਰ 'ਤੇ ਨਿੱਕੇ-ਨਿੱਕੇ ਪਿੰਡ ਵਸਾ ਕੇ ਉਹ ਜ਼ਮੀਨਾਂ ਅਤੇ ਪਿੰਡਾਂ ਦੇ ਮਾਲਕ ਬਣ ਗਏ। 11ਵੀਂ ਸਦੀ ਦੇ ਸ਼ੁਰੂ ਤਕ ਉਹ ਪੰਜਾਬ ਦੇ ਬਹੁਤ ਸਾਰੇ ਇਲਾਕੇ ਵਿਚ ਫੈਲ ਚੁਕੇ ਸਨ। ਰਿਗਵੇਦ, ਮਹਾਂਭਾਰਤ ਅਤੇ ਪੁਰਾਣ ਇਨ੍ਹਾਂ ਦੇ ਪੰਜਾਬ 'ਚ ਆਬਾਦ ਹੋਣ ਦੀ ਸ਼ਾਹਦੀ ਭਰਦੇ ਹਨ।

ਪੰਜਾਬੀ ਜੱਟਾਂ ਨੇ ਬੜੀ ਮਿਹਨਤ ਨਾਲ ਜ਼ਮੀਨਾਂ ਆਬਾਦ ਕੀਤੀਆਂ, ਪਿੰਡ ਵਸਾਏ, ਇਸ ਲਈ ਇਨ੍ਹਾਂ ਦੇ ਰੋਮ-ਰੋਮ ਵਿਚ ਆਪਣੀ ਮਿੱਟੀ ਦਾ ਮੋਹ ਰਮਿਆ ਹੋਇਆ ਹੈ। ਉਹ ਆਪਣੀ ਮਿੱਟੀ ਦੇ ਕਣ-ਕਣ ਨੂੰ ਪਿਆਰ ਕਰਦੇ ਹਨ। ਦੇਸ਼ ਭਗਤ ਸੂਰਮੇ ਹਨ। ਇਹ ਜੱਟ ਹੀ ਸਨ, ਜਿਨ੍ਹਾਂ ਨੇ ਵਿਦੇਸ਼ੀ ਜਰਵਾਣਿਆਂ-ਸਿਕੰਦਰ, ਤੈਮੂਰਲੰਗ, ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ, ਮੁਹੰਮਦ ਗੌਰੀ ਤੇ ਮਹਿਮੂਦ ਗਜ਼ਨਵੀ ਆਦਿ ਜਿਹੇ ਹਮਲਾਵਰਾਂ ਦਾ ਮੁਕਾਬਲਾ ਕਰਕੇ ਉਨ੍ਹਾਂ ਦੇ ਛੱਕੇ ਛੁਡਾਏ।

ਆਦਿ ਕਾਲ ਤੋਂ ਹੀ ਕਿਸਾਨੀ ਜੀਵਨ ਪੰਜਾਬੀਆਂ ਦੀ ਪ੍ਰਮੁੱਖ ਜੀਵਨ ਧਾਰਾ ਰਹੀ ਹੈ ਤੇ ਪਿੰਡ ਇਕ ਸੰਪੂਰਨ ਇਕਾਈ ਦੇ ਰੂਪ ਵਿਚ ਵਿਕਸਿਤ ਹੋ ਚੁਕਾ ਸੀ। ਜੱਟ ਜ਼ਮੀਨਾਂ ਦੇ ਮਾਲਕ ਸਨ ਤੇ ਹੋਰ ਉਪ ਜਾਤੀਆਂ ਇਨ੍ਹਾਂ ਦੇ ਸਹਿਯੋਗੀ ਦੇ ਰੂਪ ਵਿਚ ਵਿਚਰ ਰਹੀਆਂ ਸਨ। ਲੋਕਾਂ ਦੀਆਂ ਜੀਵਨ ਲੋੜਾਂ ਥੋੜ੍ਹੀਆਂ ਸਨ। ਹਰ ਲੋੜ ਪਿੰਡ ਵਿਚ ਹੀ ਪ੍ਰਾਪਤ ਹੋ ਜਾਂਦੀ ਸੀ। ਜੱਟ ਜ਼ਿਮੀਂਦਾਰ ਫਸਲਾਂ ਉਗਾਉਂਦੇ ਸਨ, ਤਰਖਾਣ, ਲੁਹਾਰ, ਝਿਊਰ, ਘੁਮਾਰ, ਜੁਲਾਹੇ, ਨਾਈ, ਛੀਂਬੇ, ਪ੍ਰੋਹਿਤ, ਤੇਲੀ, ਮੀਰਾਸੀ, ਡੂਮ, ਬਾਜ਼ੀਗਰ ਆਦਿ ਉਪ ਜਾਤੀਆਂ ਇਨ੍ਹਾਂ ਦੀ ਖੇਤੀਬਾੜੀ ਅਤੇ ਸਮਾਜਕ ਕਾਰਜਾਂ ਵਿਚ ਮਦਦਗਾਰ ਹੁੰਦੀਆਂ। ਇਨ੍ਹਾਂ ਨੂੰ ਸੇਪੀ ਆਖਦੇ ਸਨ। ਇਸ ਮਦਦ ਦੇ ਬਦਲ ਵਿਚ ਜੱਟ ਕਿਸਾਨ ਇਨ੍ਹਾਂ ਨੂੰ ਹਾੜ੍ਹੀ ਸਾਉਣੀ ਆਪਣੀ ਫਸਲ ਤੋਂ ਪ੍ਰਾਪਤ ਹੋਈ ਜਿਣਸ ਵਿਚੋਂ ਬੰਨ੍ਹਵਾਂ ਹਿੱਸਾ ਸੇਪ ਦੇ ਰੂਪ ਵਿਚ ਦਿੰਦਾ ਸੀ। ਨਕਦ ਪੈਸੇ ਦੇਣ ਦਾ ਰਿਵਾਜ਼ ਨਹੀਂ ਸੀ।



ਹਰ ਹਲ ਦੀ ਖੇਤੀ ਅਨੁਸਾਰ ਹਰੇਕ ਉਪਜਾਤੀ ਲਈ ਦਾਣਿਆਂ ਦੀ ਮਾਤਰਾ ਬੰਨ੍ਹੀ ਹੋਈ ਸੀ, ਜਿਵੇਂ ਇਕ ਹਲ ਦੀ ਖੇਤੀ ਕਰਨ ਵਾਲਾ ਕਿਸਾਨ ਤਰਖਾਣ ਨੂੰ ਦੋ ਮਣ ਦਾਣੇ, ਦੋ ਹਲਾਂ ਵਾਲਾ ਚਾਰ ਮਣ ਦਾਣੇ ਹਾੜ੍ਹੀ-ਸਾਉਣੀ ਦਿੰਦਾ ਸੀ। ਤਰਖਾਣ ਲੱਕੜੀ ਦਾ ਕੰਮ ਕਰਦੇ ਸਨ, ਲੁਹਾਰ ਲੋਹੇ ਦੇ ਸੰਦ ਬਣਾਉਂਦੇ, ਘੁਮਾਰ ਭਾਂਡੇ ਤੇ ਘੜੇ ਆਦਿ ਪਥਦੇ, ਜੁਲਾਹਿਆਂ ਦਾ ਕੰਮ ਖੱਦਰ ਦਾ ਕੱਪੜਾ ਬੁਣਨਾ ਸੀ। ਛੀਂਬੇ ਕੱਪੜੇ ਲੀੜੇ ਸਿਊਂਦੇ ਸਨ ਤੇ ਝਿਊਰ ਘਰਾਂ ਵਿਚ ਜਾ ਕੇ ਪਾਣੀ ਭਰਦੇ। ਰਵਿਦਾਸੀਆਂ ਦਾ ਕੰਮ ਜੁੱਤੀਆਂ ਸਿਊਣਾ ਤੇ ਮੁਰਦੇ ਪਸ਼ੂ ਚੁਕਣਾ ਸੀ। ਬਾਲਮੀਕੀਏ ਗੋਹਾ ਕੂੜਾ ਕਰਦੇ ਸਨ ਤੇ ਜੱਟਾਂ ਨਾਲ ਸਾਂਝੀ ਸੀਰੀ ਰਲਦੇ ਸਨ। ਪਿੰਡ ਦਾ ਪ੍ਰੋਹਿਤ ਪਿੰਡ ਦਾ ਹਟਵਾਣੀਆ ਸੀ ਤੇ ਨਾਲ ਹੀ ਦਵਾਈ ਬੂਟੀ ਦਾ ਅਹੁਤ ਪ੍ਰਹਤ ਕਰਨ ਵਾਲਾ ਹਕੀਮ। ਤੇਲੀ ਕੋਹਲੂ ਨਾਲ ਤੇਲ ਕੱਢਦੇ ਸਨ। ਨਾਈ ਵਿਆਹ ਸ਼ਾਦੀਆਂ ਸਮੇਂ ਰਿਸ਼ਤੇਦਾਰੀਆਂ ਵਿਚ ਗੱਠਾਂ ਦੇਣ ਅਤੇ ਘਰਾਂ ਵਿਚ ਭਾਂਡੇ ਮਾਂਜਣ ਦਾ ਕੰਮ ਕਰਦੇ ਸਨ। ਮੀਰਾਸੀ, ਡੂਮ, ਭਰਾਈ ਪੇਂਡੂਆਂ ਦੇ ਮਨੋਰੰਜਨ ਲਈ ਨਕਲਾਂ ਦੇ ਅਖਾੜੇ ਲਾਉਂਦੇ ਅਤੇ ਬਾਜ਼ੀਗਰ ਬਾਜ਼ੀਆਂ ਪਾਉਂਦੇ।

ਹਰੇ ਇਨਕਲਾਬ ਤੋਂ ਪਹਿਲਾਂ ਹਾੜ੍ਹੀ ਦੀ ਵਾਢੀ ਸਮੇਂ ਸਾਰੇ ਪਿੰਡ ਦਾ ਜੀਅ ਜੀਅ ਸਰਗਰਮ ਹੋ ਜਾਂਦਾ। ਕਣਕ ਪੰਜਾਬ ਦੀ ਮੁੱਖ ਫਸਲ ਸੀ। ਕਣਕ ਦੀ ਵਾਢੀ ਸਮੇਂ ਖੇਤਾਂ 'ਚ ਰੌਣਕਾਂ ਲੱਗ ਜਾਣੀਆਂ, ਵਾਢੀਆਂ ਨੇ ਲਲਕਾਰੇ ਮਾਰਨੇ, ਕਿਧਰੇ ਦਾਤੀਆਂ ਦੇ ਦੰਦੇ ਕੱਢਣ ਲਈ ਤਰਖਾਣ ਨੇ ਖੇਤੋ ਖੇਤ ਫਿਰਨਾ, ਕਿਧਰੇ ਝਿਊਰ ਨੇ ਪਾਣੀ ਦੀ ਮਸ਼ਕ ਭਰ ਕੇ ਵਾਢੀ ਕਰਨ ਵਾਲਿਆਂ ਨੂੰ ਓਕ ਨਾਲ ਪਾਣੀ ਪਿਲਾਉਣਾ, ਜੇ ਕਿਸੇ ਜੱਟ ਨੇ ਹਾੜ੍ਹੀ ਵੱਢਣ ਲਈ ਆਵ੍ਹਤ ਲਾਈ ਹੋਣੀ ਤਾਂ ਭਰਾਈ ਨੇ ਢੋਲ 'ਤੇ ਡੱਗਾ ਮਾਰ ਕੇ ਕਣਕ ਵੱਢਦੇ ਜੱਟਾਂ ਦੇ ਹੌਸਲੇ ਬੁਲੰਦ ਕਰਨੇ, ਮੀਰਾਸੀ ਤੇ ਡੂਮ ਵੀ ਖੇਤੀਂ ਪੁਜ ਜਾਂਦੇ, ਉਹ ਵੀ ਨਕਲਾਂ ਲਾ ਕੇ ਉਨ੍ਹਾਂ ਦਾ ਥਕੇਵਾਂ ਲਾਹੁੰਦੇ। ਹਰ ਜੱਟ ਨੇ ਝਿਊਰ, ਤਖਾਣ, ਘੁਮਾਰ ਤੇ ਹੋਰ ਲਾਗੀ ਤੱਬੀ ਨੂੰ ਬੱਬਾ-ਬੱਬਾ ਭਰ ਕੇ ਕਣਕ ਦੇ ਲਾਣ ਦਾ ਦੇ ਦੇਣਾ। ਇਸ ਤਰ੍ਹਾਂ ਇਹ ਲਾਗੀ ਕਈ-ਕਈ ਭਰੀਆਂ ਹਰ ਰੋਜ਼ ਦੀਆਂ ਕੱਠੀਆਂ ਕਰ ਲੈਂਦੇ। ਇੰਜ ਉਹ ਆਪਣੇ ਟੱਬਰ ਦੇ ਗੁਜ਼ਾਰੇ ਜੋਗਾ ਸਾਲ ਭਰ ਦਾ ਅਨਾਜ 'ਕੱਠਾ ਕਰ ਲੈਂਦੇ।

ਸੁਖੀ ਸਾਂਦੀ ਵਸਦੇ ਪੰਜਾਬ ਦੇ ਹਰ ਪਿੰਡ ਦੀਆਂ ਖੁਸ਼ੀਆਂ ਗਮੀਆਂ ਸਾਂਝੀਆਂ ਸਨ; ਮੇਲੇ, ਦਿਨ ਦਿਹਾਰ ਤੇ ਹੋਰ ਰਸਮੋ ਰਿਵਾਜ਼ ਸਾਂਝੇ ਸਨ। ਹਰ ਪਾਸੇ ਮੁਹੱਬਤਾਂ ਦੀ ਲਹਿਰ ਬਹਿਰ ਸੀ। ਪੰਜਾਬ ਦਾ ਕਿਸਾਨ ਇਕ ਦਾਤੇ ਦੇ ਰੂਪ 'ਚ ਵਿਚਰਦਾ ਸੀ।

ਮਸ਼ੀਨੀ ਸਭਿਅਤਾ ਦੇ ਵਿਕਾਸ ਕਾਰਨ ਪੰਜਾਬ ਦੇ ਪੇਂਡੂ ਜੀਵਨ ਵਿਚ ਢੇਰ ਸਾਰੀਆਂ ਤਬਦੀਲੀਆਂ ਆ ਗਈਆਂ ਹਨ, ਪੁਰਾਣਾ ਪੰਜਾਬ ਕਿਧਰੇ ਵੀ ਨਜ਼ਰ ਨਹੀਂ ਆ ਰਿਹਾ, ਸਿਰਫ ਯਾਦਾਂ ਬਾਕੀ ਹਨ।

ਪੰਜਾਬ ਦੇ ਪੇਂਡੂ ਲੋਕਾਂ ਦੀ ਭਾਈਚਾਰਕ ਸਾਂਝ, ਮੁਹੱਬਤਾਂ, ਲੋਕ ਨਾਚ, ਖੇਡਾਂ, ਲੋਕ ਗੀਤ, ਰਸਮੋ ਰਿਵਾਜ ਅਤੇ ਮੇਲੇ ਮੁਸਾਹਵੇ ਪੰਜਾਬੀ ਸੱਭਿਆਚਾਰ ਦੀਆਂ ਰੁੜ੍ਹੀਆਂ ਹਨ, ਇਨ੍ਹਾਂ ਵਿਚ ਪੰਜਾਬੀ ਸਭਿਆਚਾਰ ਤੇ ਲੋਕ ਸੰਸਕ੍ਰਿਤੀ ਦੇ ਅੰਸ਼ ਸਮੋਏ ਹੋਏ ਹਨ।

ਪੰਜਾਬ ਦਾ ਲੋਕ ਸਾਹਿਤ, ਜੋ ਮੁਖ ਰੂਪ ਵਿਚ ਕਿਸਾਨੀ ਲੋਕ ਸਾਹਿਤ ਹੀ ਹੈ, ਜੋ ਪੰਜਾਬੀਆਂ ਦੇ ਮਨੋਰੰਜਨ ਦਾ ਵਿਸ਼ੇਸ਼ ਸਾਧਨ ਹੀ ਨਹੀਂ ਰਿਹਾ, ਸਗੋਂ ਉਨ੍ਹਾਂ ਦੀ ਜੀਵਨ ਅਗਵਾਈ ਵੀ ਕਰਦਾ ਰਿਹਾ ਹੈ। ਇਸ ਵਿਚ ਕਿਸਾਨੀ ਜੀਵਨ ਦੇ ਵਿਕਾਸ ਦੀ ਵਿਥਿਆ ਵੀ ਹੈ ਤੇ ਜੀਵਨ ਝਲਕੀਆਂ ਵੀ ਵਿਦਮਾਨ ਹਨ। ਇਸ ਵਿਚ ਪੰਜਾਬ ਦੀ ਧਰਤੀ ਦੀ ਮਹਿਕ ਹੈ, ਖੁਸ਼ਬੂ ਹੈ, ਪੰਜਾਬ ਦੀ ਲੋਕ ਆਤਮਾ ਹੈ, ਰੂਹ ਹੈ। ਇਹ ਸਾਡੀ ਵਿਸਰ ਰਹੀ ਅਨਮੋਲ ਵਿਰਾਸਤ ਦਾ ਵਡਮੁੱਲਾ ਖਜਾਨਾ ਹੈ।

# ਭਾਰਤੀ ਮੀਡੀਆ, ਤਾਨਾਸ਼ਾਹੀ ਅਤੇ ਕਸ਼ਮੀਰ ਮੁੱਦਾ

ਪੋਸਟ-ਟਰੁੱਥ, ਹਾਈਪਰ-ਰਿਐਲਿਟੀ ਅਤੇ ਫੇਕ ਨਿਊਜ਼ ਦੇ ਘੜਮੱਸ ਵਿਚ ਭਾਰਤੀ ਮੀਡੀਆ ਸਾਹਮਣੇ ਜ਼ਮੀਰ, ਨੈਤਿਕਤਾ, ਪੱਤਰਕਾਰੀ ਦੇ ਮੁੱਲਾਂ ਵਰਗੇ ਸਵਾਲ ਮੂੰਹ ਅੱਡੀ ਖੜ੍ਹੇ ਹਨ। ਪਿੱਛੇ ਜਿਹੇ 'ਦਿ ਗਾਰਡੀਅਨ' ਅਖਬਾਰ ਲਈ ਲਿਖੀ ਆਪਣੀ ਵਿਸ਼ੇਸ਼ ਸੰਪਾਦਕੀ ਵਿਚ 'ਕਰੰਟ ਅਫੇਅਰਜ਼' ਦੇ ਸੰਪਾਦਕ ਨਾਥਨ ਰਾਬਿਨਸਨ ਨੇ ਲਿਖਿਆ: "ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਨਿਰਪੱਖ ਪੱਤਰਕਾਰੀ ਰੂਪੀ ਕੋਈ ਸ਼ੈਅ ਨਹੀਂ ਹੁੰਦੀ, ਅਸੀਂ ਸਾਰੇ ਨੈਤਿਕ ਮੂੱਲਾਂ ਅਤੇ ਆਪੋ-ਆਪਣੇ ਨਜ਼ਰੀਏ ਨਾਲ ਬੱਧੇ



ਡਾ. ਕੁਲਦੀਪ ਕੌਰ
ਫੋਨ: +91-98554-04330

ਹੋਏ ਹਾਂ। ਇਹ ਮੁੱਲ ਅਤੇ ਨਜ਼ਰੀਆ ਤੱਥਾਂ ਦੀ ਵਿਆਖਿਆ ਤੇ ਵਿਸ਼ਲੇਸ਼ਣ ਕਰਦੇ ਸਮੇਂ ਗਹਿਰੀ ਮਾਰ ਕਰਦੇ ਹਨ। ਇਸ ਸਮੱਸਿਆ ਦਾ ਇਕਲੌਤਾ ਹੱਲ ਖੁਦ ਨੂੰ ਫਰੋਲਣਾ ਹੈ- ਅਸੀਂ ਕੌਣ ਹਾਂ, ਕਿਥੋਂ ਆਏ ਹਾਂ। ਜੇ ਅਸੀਂ ਆਪਣੀ ਸਿਆਸਤ ਦਾ ਹੀਜ-ਪਿਆਜ਼ ਖੁਦ ਸਮਝ ਜਾਂਦੇ ਹਾਂ ਤਾਂ ਸਾਡੀ ਭਰੋਸੇਯੋਗਤਾ ਵਧਦੀ ਹੈ, ਬਜਾਏ ਇਸ ਦੇ ਕਿ ਅਸੀਂ ਇਸ ਸੱਚਾਈ ਤੋਂ ਲਗਾਤਾਰ ਮੁਨਕਰ ਹੋਈ ਜਾਈਏ।"

ਤੱਥਾਂ ਅਤੇ ਸੱਚ ਬਾਰੇ ਸਿਧਾਂਤਕ ਸਮਝ ਪੁਖਤਾ ਕਰਨ ਲਈ ਅਮਰੀਕੀ ਪ੍ਰੈੱਸ ਇੰਸਟੀਚਿਊਟ ਦੁਆਰਾ ਨੈਤਿਕ ਦੁਬਿਧਾ ਤੋਂ ਬਚਣ ਲਈ ਸੁਝਾਈ ਜੁਗਤ ਵੀ ਧਿਆਨ ਯੋਗ ਹੈ। ਇਸ ਸੰਸਥਾ ਅਨੁਸਾਰ- "ਕਈ ਵਾਰ ਕਿਸੇ ਨਿਊਜ਼ ਸਟੋਰੀ 'ਚੋਂ ਪੱਖਪਾਤ ਅਤੇ ਨਜ਼ਰੀਆ ਮਨਫੀ ਕਰਦੇ ਕਰਦੇ ਤੱਥ ਵੀ ਕਿਰ ਜਾਂਦੇ ਹਨ। ਚੰਗਾ ਹੋਵੇ, ਜੇ ਪੱਤਰਕਾਰ ਇਹ ਮੰਨ ਲਵੇ ਕਿ ਸਟੋਰੀ 'ਚ ਪੱਖਪਾਤ ਮੌਜੂਦ ਹੈ ਅਤੇ ਉਸ ਦਾ ਸੰਪਾਦਨ ਕਰਦੇ ਸਮੇਂ ਇਹ ਤੈਅ ਕਰ ਲਵੇ ਕਿ ਕੀ ਰੱਖਣਾ ਹੈ ਅਤੇ ਕੀ ਸ਼ਾਮਿਲ ਨਹੀਂ ਕੀਤਾ ਜਾਣਾ ਚਾਹੀਦਾ। ਪੱਖਪਾਤ ਸਮਾਜਿਕ ਪ੍ਰਬੰਧ ਵਿਚੋਂ ਘੜਿਆ-ਘੜਾਇਆ ਆਉਂਦਾ ਹੈ ਅਤੇ ਬਹੁਤ ਵਾਰ ਭਾਸ਼ਾ/ਸ਼ਬਦ ਚੋਣ ਰਾਹੀਂ ਆਪਣਾ ਕੰਮ ਕਰਦਾ ਹੈ। ਪੱਤਰਕਾਰ ਕੌਣ ਹੈ, ਤੋਂ ਬਿਨਾ ਸਟੋਰੀ ਨੂੰ ਫੈਸਲਾਕੁਨ ਮੁਕਾਮ ਤੱਕ ਪਹੁੰਚਾਉਣ ਵਿਚ ਮੀਡੀਆ ਸੰਸਥਾ ਦੇ ਅੰਤਰਿਮ ਉਦੇਸ਼ਾਂ ਅਤੇ ਵਪਾਰਿਕ ਹਿੱਤਾਂ ਦਾ ਵੀ ਵੱਡਾ ਰੋਲ ਹੈ।"

ਕਸ਼ਮੀਰ ਨੂੰ ਪ੍ਰਬੰਧਕੀ ਤੇ ਅਮਨ-ਕਾਨੂੰਨ ਦੀ ਸਮੱਸਿਆ ਵਜੋਂ ਦੇਖਿਆ ਜਾਣਾ ਸਰਕਾਰ ਦੀ ਸਿਆਸਤ ਦੇ ਲਿਹਾਜ ਨਾਲ ਤਾਂ ਇਕਹਿਰੀ ਪਰਤ ਦੀ ਨਿਸ਼ਾਨਦੇਹੀ ਕਰਦਾ ਹੀ ਹੈ, ਮੀਡੀਆ ਲਈ ਵੀ ਚੁਣੌਤੀ ਪੈਦਾ ਕਰਦਾ ਹੈ। ਭਾਰਤ 'ਚ ਮੀਡੀਆ ਕੋਈ ਜਥੇਬੰਦ ਜਾਂ ਪੇਸ਼ੇਵਰ ਉਦਯੋਗ ਨਹੀਂ। ਜੇ ਮੁੱਖਧਾਰਾ ਮੀਡੀਆ (ਹਿੰਦੀ-ਅੰਗਰੇਜ਼ੀ) ਨੂੰ ਹੀ ਦੇਖ ਲਿਆ ਜਾਵੇ ਤਾਂ ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਭਾਰਤ ਦੇ ਸਾਰੇ ਨਾਮੀ ਅਖਬਾਰਾਂ (ਜਿਨ੍ਹਾਂ ਦੀ ਛਪਣ ਗਿਣਤੀ ਲੱਖ ਤੋਂ ਉਪਰ ਹੈ) ਦੇ ਪ੍ਰਬੰਧਕੀ ਮੰਡਲਾਂ ਵਿਚ ਕਾਰਪੋਰੇਟ ਜਗਤ ਦੀਆਂ ਸਿਰਕੱਢ ਹਸਤੀਆਂ ਮੌਜੂਦ ਹਨ। ਇਨ੍ਹਾਂ ਹਸਤੀਆਂ ਲਈ ਅਖਬਾਰ ਕੱਢਣਾ, ਚੈਨਲ ਚਲਾਉਣਾ ਜਾਂ ਸੰਚਾਰ-ਪ੍ਰਬੰਧਨ, ਸਮਾਜਿਕ-ਉਪਯੋਗਤਾ ਦੀ ਥਾਂ ਇਕ ਦਬਾਉ ਸਮੂਹ ਬਣਨ ਦੇ ਪੱਖ ਤੋਂ ਜ਼ਿਆਦਾ ਮਹੱਤਵਪੂਰਨ ਹੈ। ਭਾਰਤੀ ਗਣਰਾਜ ਵਰਗੀ ਜਮਹੂਰੀਅਤ ਅੰਦਰ ਸੱਤਾ ਦੇ ਬਹੁਤ ਸਾਰੇ ਸਮਾਨਾਂਤਰ ਕੇਂਦਰ ਇਕ ਦੂਜੇ ਵਿਰੁੱਧ ਅਤੇ ਇਕ ਦੂਜੇ ਦੇ ਗੱਠਜੋੜ ਵਿਚ ਕੰਮ ਕਰਦੇ ਹਨ।

ਮਿਸਾਲ ਵਜੋਂ ਭਾਰਤੀ ਜਮਹੂਰੀਅਤ ਵਿਚ ਦਿਲਚਸਪੀ ਰੱਖਣ ਵਾਲਿਆਂ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਕਿਸ ਖਿੱਤੇ ਦੇ ਵੋਟਰ ਕਿਨ੍ਹਾਂ ਮੁੱਦਿਆਂ ਦੇ ਆਧਾਰ 'ਤੇ ਕਿਹੜੇ ਨੁਮਾਇੰਦਿਆਂ ਨੂੰ ਸਮਰਥਨ ਦਿੰਦੇ ਹਨ। ਕੀ ਇਸ ਸਮਰਥਨ ਦਾ ਆਧਾਰ ਜਮਹੂਰੀ ਚੇਤਨਾ ਹੈ? ਕੀ ਇਹ ਸਹਿਹੋਂਦ ਅਤੇ ਸੰਵੇਦਨਸ਼ੀਲਤਾ ਦੀਆਂ ਧਾਰਨਾਵਾਂ ਹਨ ਜਾਂ ਇਹ ਸਿਰਫ ਸੱਤਾ ਦੇ ਸੰਸਦੀ ਰਾਸਤੇ ਰਾਹੀਂ ਆਰਥਿਕ, ਸਮਾਜਿਕ, ਕੁਦਰਤੀ, ਪ੍ਰਸ਼ਾਸਕੀ, ਸੰਸਥਾਈ ਸਾਧਨਾਂ ਤੇ 'ਕਬਜ਼ੇ' ਦੀ ਜੁਗਾੜਬੰਦੀ ਹੈ? ਮੀਡੀਆ ਨੂੰ ਭਾਰਤੀ ਗਣਤੰਤਰ ਅਤੇ ਜਮਹੂਰੀਅਤ ਦਾ ਚੌਥਾ ਥੰਮ੍ਹ ਸਮਝਣ ਦੇ ਦੌਰ ਤੋਂ ਪਾਠਕ/ਸਰੋਤਿਆਂ/ਦਰਸ਼ਕਾਂ ਦੇ ਖਪਤਕਾਰਾਂ ਵਿਚ ਵਟ ਜਾਣ ਦੇ ਭਾਣੇ ਨੂੰ ਸਮਝਣ ਲਈ ਜਮਹੂਰੀਅਤ ਦੇ ਢਾਂਚੇ ਦੀ ਸਿਆਸੀ-ਆਰਥਿਕਤਾ ਨੂੰ ਸਮਝਣਾ ਜ਼ਰੂਰੀ ਹੈ। ਇਸ ਨੂੰ ਸਮਝਣ ਤੋਂ ਬਿਨਾ ਇਹ ਅਸੰਭਵ ਹੀ ਨਹੀਂ ਸਗੋਂ ਨਾ ਮੁਮਕਿਨ ਵੀ ਹੈ।

ਦਿੱਲੀ ਆਧਾਰਿਤ 'ਮੀਡੀਆ ਸਟੱਡੀ ਗਰੁੱਪ' ਦੁਆਰਾ ਭਾਰਤੀ ਮੀਡੀਆ ਬਾਰੇ ਕਰਵਾਏ ਕੁਝ ਅਧਿਐਨਾਂ ਤੋਂ ਉਪਰੋਕਤ ਦਲੀਲ ਦੀ ਸਾਰਥਿਕਤਾ ਸਮਝੀ ਜਾ ਸਕਦੀ ਹੈ। ਇਸ ਗਰੁੱਪ ਦੇ ਸਰਵੇਖਣ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਮੀਡੀਆ ਸਮੂਹਾਂ ਦੀ ਮਾਲਕੀ ਤੋਂ ਲੈ ਕੇ ਛਪਣ ਸਮਗਰੀ ਦੀ ਇਜਾਰੇਦਾਰੀ ਅਜਿਹੇ ਸਿਆਸੀ ਦਬਾਉ-ਸਮੂਹਾਂ ਦੇ ਹੱਥਾਂ ਵਿਚ ਹੈ ਜਿਨ੍ਹਾਂ ਦੀਆਂ ਨੀਹਾਂ ਉਚ ਜਾਤ, ਲਿੰਗਕ ਉਚਤਾ, ਖੇਤਰੀ ਉਚਤਾ ਅਤੇ ਵਿਚਾਰਧਾਰਕ ਉਚਤਾ ਦੀਆਂ ਮਿਥਕ ਭਾਵਨਾਤਮਿਕ ਤੇ ਕਲਪਿਤ ਆਧਾਰਾਂ 'ਤੇ ਖੜ੍ਹੀਆਂ ਹਨ। ਮੀਡੀਆ ਵਿਚ ਪੱਤਰਕਾਰਾਂ ਦਾ ਸਚਾਈ ਅਤੇ 'ਦੂਜਿਆਂ ਦੀਆਂ ਜ਼ਿੰਦਗੀਆਂ' ਨਾਲ ਵਾਸਤਾ ਬਹੁਤ ਵਾਰ ਹਕੀਕੀ ਸਬੂਤਾਂ ਦੀ ਥਾਂ ਆਪਣੇ ਅੰਦਰ ਪਏ ਡਰਾਂ, ਅੰਦੇਸ਼ਿਆਂ, ਦੂਜਿਆਂ ਲਈ ਨਾ-ਪਸੰਦਗੀ ਅਤੇ ਵਿਤਕਰੇ ਭਰੀ ਸੋਚ ਰਾਹੀ ਪੈਂਦਾ ਹੈ।

ਮਿਸਾਲ ਵਜੋਂ ਇਸ ਤੱਥ ਨੂੰ ਨਕਾਰਿਆ ਨਹੀਂ ਜਾ ਸਕਦਾ ਕਿ ਜੇ ਕਿਸੇ ਮੀਡੀਆ ਹਾਊਸ ਵਿਚ 75% ਮਰਦ ਪੱਤਰਕਾਰ ਹਨ ਤਾਂ ਭਾਰਤ ਵਰਗੇ ਲਿੰਗ ਵਿਤਕਰੇ ਵਾਲੇ ਮੁਲਕ ਵਿਚ ਉਹ ਬਲਤਾਕਾਰ ਵਰਗੀ ਤਰਾਸਦੀ ਨੂੰ ਨਿਊਜ਼ ਸਟੋਰੀ ਵਿਚ ਬਦਲਦੇ ਸਮੇਂ ਕਿਸ ਤਰ੍ਹਾਂ ਦੀਆਂ ਮਨੋਵਿਗਿਆਨਕ ਗੁੰਝਲਾਂ ਅਤੇ ਸਮਾਜਿਕ ਦਬਾਉ ਵਿਚੋਂ ਗੁਜ਼ਰਦੇ ਹੋਣਗੇ। ਇਸ ਦਾ ਦੂਜਾ ਪਾਸਾ ਭਾਰਤ ਵਿਚ ਪੱਤਰਕਾਰੀ ਦੀ ਪੜ੍ਹਾਈ ਅਤੇ



ਸਿਖਲਾਈ ਦੀਆਂ ਖਾਮੀਆਂ ਵੱਲ ਧਿਆਨ ਦਿਵਾਉਂਦਾ ਹੈ। ਸਾਡੀ ਸਿੱਖਿਆ ਪ੍ਰਣਾਲੀ ਵਿਚੋਂ ਨਾਦਰਦ ਹੋ ਰਹੀ ਵਿਗਿਆਨਕ ਸੂਝ-ਸਮਝ, ਤਰਕਸ਼ੀਲਤਾ, ਜਮਹੂਰੀ ਮੁੱਲਾਂ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਲੱਗੇ ਖੋਰੇ ਦੀ ਜਿੰਨੀ ਸਪਸ਼ਟ ਵਿਆਖਿਆ ਭਾਰਤੀ ਮੀਡੀਆ ਵਿਚ 'ਸੂਚਨਾ ਦੇਣ ਦੇ ਧੂੰਦਕਾਰੇ' (ਭੰਬਲਭੂਸੇ) ਰਾਹੀਂ ਸਮਝੀ ਜਾ ਸਕਦੀ ਹੈ, ਉਸ ਦਾ ਕੋਈ ਤਤਕਾਲੀ ਉਦਾਹਰਣ ਮਿਲਣਾ ਮੁਸ਼ਕਿਲ ਹੈ।

ਇਸ ਵਿਆਖਿਆ ਦੀ ਇਕ ਤੰਦ 1927 ਵਿਚ ਜਰਮਨ ਤਾਨਾਸ਼ਾਹ ਹਿਟਲਰ ਦੇ ਸੂਚਨਾ ਤੇ ਪ੍ਰਾਪੇਗੰਡਾ ਮੰਤਰੀ ਗੋਇਬਲਜ਼ ਦੁਆਰਾ ਸ਼ੁਰੂ ਕੀਤੇ ਅਖਬਾਰ 'ਦਰ ਅਨਗਰਿਫ' (ਦਿ ਅਟੈਕ) ਨਾਲ ਜਾ ਜੁੜਦੀ ਹੈ। 1930 ਦੇ ਆਰਥਿਕ ਮੰਦੇ ਕਾਰਨ ਜਰਮਨੀ ਵਿਚ ਬੇਰੁਜ਼ਗਾਰਾਂ ਦੀਆਂ ਭੀੜਾਂ ਅਤੇ ਸਿਆਸੀ ਅਸਥਿਰਤਾ ਦੇ ਮਾਹੌਲ ਵਿਚ ਗੋਇਬਲਜ਼ ਨੇ ਕੈਮਰੇ ਅਤੇ ਰੇਡੀਓ ਰਾਹੀਂ ਹਿਟਲਰ ਦਾ 'ਮਸੀਹੇ' ਵਾਲਾ ਅਕਸ ਘੜਨ ਵਿਚ ਮੁੱਖ ਭੂਮਿਕਾ ਅਦਾ ਕੀਤੀ। ਮਸਲਨ, ਹਿਟਲਰ ਦੀ ਜਰਮਨੀ ਦੇ ਚਾਂਸਲਰ ਵਜੋਂ ਨਿਯੁਕਤੀ ਦਾ ਰੇਡੀਓ 'ਤੇ ਸਿੱਧਾ ਪ੍ਰਸਾਰਨ ਕੀਤਾ ਗਿਆ। ਸਕੂਲਾਂ ਵਿਚ ਬੱਚਿਆਂ ਨੂੰ ਸੰਬੋਧਿਤ ਕਰਦੇ ਖਾਸ ਭਾਸ਼ਣਾਂ ਦੀ ਲੜੀ ਸ਼ੁਰੂ ਕੀਤੀ ਗਈ। ਜਾਣ-ਬੁੱਝ ਕੇ ਉਕਸਾਣ ਲਈ ਯਹੂਦੀਆਂ ਤੇ ਕਮਿਊਨਿਸਟਾਂ ਉਤੇ ਹਮਲੇ ਸ਼ੁਰੂ ਕੀਤੇ ਗਏ ਅਤੇ ਬਾਅਦ ਵਿਚ ਆਪਣੀਆਂ ਰੈਲੀਆਂ/ਮੀਟਿੰਗਾਂ ਤੇ ਪ੍ਰਚਾਰ ਮੁਹਿੰਮਾਂ ਵਿਚ ਇਸ ਦਾ 'ਰਾਸ਼ਟਰ ਦੀ ਸੁਰੱਖਿਆ' ਅਤੇ 'ਨਸਲ ਲਈ ਮਾਣ' ਵਰਗੇ ਨਾਅਰਿਆਂ ਦੇ ਸ਼ੋਰ ਨਾਲ ਗੁਣਗਾਣ ਕੀਤਾ ਗਿਆ।

ਫਿਰ 1933 ਤੱਕ ਆਉਂਦੇ ਆਉਂਦੇ ਸਾਰੀਆਂ ਪ੍ਰਸ਼ਾਸਕੀ ਇਕਾਈਆਂ, ਅਦਾਰਿਆਂ ਅਤੇ ਪੇਸ਼ੇਵਰ ਕੰਮਾਂ ਵਿਚ ਸ਼ਾਮਿਲ ਯਹੂਦੀਆਂ ਦੇ ਬਾਈਕਾਟ ਦੀ ਪ੍ਰਾਪੇਗੰਡਾ ਮੁਹਿੰਮ ਸ਼ੁਰੂ ਕੀਤੀ ਗਈ। ਇਨ੍ਹਾਂ ਸਾਰੀਆਂ ਮੁਹਿੰਮਾਂ ਵਿਚ 'ਐਡੀਟਰਜ਼ ਲਾਅ' ਦੀ ਅਹਿਮ ਭੂਮਿਕਾ ਸੀ। ਇਸ ਕਾਨੂੰਨ ਰਾਹੀਂ ਅਖਬਾਰਾਂ ਅਤੇ ਪੱਤਰਕਾਰਾਂ ਨੂੰ ਇਹ ਸਪੱਸ਼ਟ ਕਿਹਾ ਗਿਆ ਕਿ ਉਹ ਆਪਣੀਆਂ ਲਿਖਤਾਂ 'ਰਾਸ਼ਟਰੀ ਹਿੱਤਾਂ' ਅਨੁਸਾਰ ਢਾਲਣ। ਸਿਆਸੀ ਹਿੱਤਾਂ ਤੋਂ ਪ੍ਰੇਰਿਤ ਸੈਂਸਰਸ਼ਿਪ ਤਹਿਤ 1939 ਤੱਕ ਜਰਮਨੀ ਵਿਚ ਨਾਗਰਿਕਾਂ ਦੁਆਰਾ ਵਿਦੇਸ਼ੀ ਰੇਡੀਓ ਸੁਣਨ ਤੇ ਕਾਨੂੰਨਨ ਪਾਬੰਦੀ ਲਾ ਦਿੱਤੀ ਗਈ। ਦਸ ਲੱਖ ਰੇਡੀਓ ਜਰਮਨ ਜਨਤਾ ਵਿਚ ਮੁਫਤ ਵਿਚ ਵੰਡੇ ਗਏ ਅਤੇ ਹਿਟਲਰ ਦੀ ਜੀਵਨੀ ਵਿਚ ਦਰਜ ਦੋ ਫਾਰਮੂਲੇ, ਜਰਮਨ ਪ੍ਰਾਪੇਗੰਡਾ ਮਾਡਲ ਦਾ ਆਧਾਰ ਬਣ ਗਏ।

ਪਹਿਲੇ ਫਾਰਮੂਲੇ ਦੀ ਵਿਆਖਿਆ ਕਰਦਿਆਂ ਹਿਟਲਰ ਲਿਖਦਾ ਹੈ- 'ਪ੍ਰਾਪੇਗੰਡਾ ਬਹੁਗਿਣਤੀ ਲਈ ਹੁੰਦਾ ਹੈ। ਇਸ ਨੂੰ ਸਸਤੀ ਭਾਸ਼ਾ ਵਿਚ ਪ੍ਰਚਾਰੋ ਤਾਂ ਕਿ ਬਹੁਗਿਣਤੀ ਦੇ ਮੂਰਖ ਤੋਂ ਮੂਰਖ ਬੰਦੇ ਨੂੰ ਇਸ ਦੀ ਸਮਝ ਆ ਜਾਵੇ। ਉਨ੍ਹਾਂ ਦੀਆਂ ਭਾਵਨਾਵਾਂ ਨੂੰ ਜਗਾਓ। ਸੁਨੇਹਾ ਉਨ੍ਹਾਂ ਨੂੰ ਮਨੋਵਿਗਿਆਨਕ ਤੌਰ 'ਤੇ ਬੰਨ੍ਹ ਕੇ ਰੱਖੇ। ਜ਼ਿਆਦਾਤਰ ਲੋਕ ਨਾ ਤਾਂ ਸਿਆਸੀ ਮਾਹਿਰ ਹੁੰਦੇ ਹਨ, ਨਾ ਹੀ ਜਨਤਕ ਹਿੱਤਾਂ ਨੂੰ ਸੋਚਣ ਸਮਝਣ ਵਾਲੇ, ਬਹੁਤੇ ਤਾਂ ਅਜਿਹੀ ਬਚਕਾਨਾ ਭੀੜ ਦਾ ਹਿੱਸਾ ਹਨ ਜਿਨ੍ਹਾਂ ਨੂੰ ਆਪਣੇ ਬਾਰੇ ਵੀ ਬਹੁਤੀ ਸਮਝ ਨਹੀਂ ਅਤੇ ਨਾ ਹੀ ਉਹ ਤਰਕ ਜਾਂ ਦਲੀਲ ਦੇ ਆਧਾਰ ਤੇ ਕੋਈ ਫੈਸਲਾ ਕਰ ਸਕਦੇ ਹਨ। ਉਹ ਉਨ੍ਹਾਂ ਬੱਚਿਆਂ ਦੀ ਨਿਆਈਂ ਹਨ ਜਿਹੜੇ ਅੱਜ ਇਕ ਵਿਚਾਰ ਨਾਲ ਖੜ੍ਹੇ ਹੁੰਦੇ ਹਨ ਤੇ ਕੱਲ੍ਹ ਦੂਜੇ ਵਿਚਾਰ ਦਾ ਸਮਰਥਨ ਕਰਦੇ ਹਨ। ਭਾਵਨਾਵਾਂ ਦੀ ਲਪੇਟ ਵਿਚ ਆਈ ਅਵਾਮ ਕੋਲ ਤਰਕ ਨਾਲ ਸੋਚਣ ਸਮਝਣ ਤੇ ਵਿਚਾਰਨ ਦਾ ਸਮਾਂ ਹੀ ਨਹੀਂ। ਉਹ ਜਾਂ ਤਾਂ ਪਿਆਰ ਕਰਦੀ ਹੈ, ਜਾਂ ਨਫਰਤ; ਜਾਂ ਸੱਚ ਸਮਝ ਲੈਂਦੀ ਹੈ ਜਾਂ ਪੂਰਾ ਝੂਠ। ਪ੍ਰਾਪੇਗੰਡਾ ਸੱਚ ਦੀ ਨਿਰਪੱਖ ਜਾਂਚ ਕਰਨ ਲਈ ਨਹੀਂ ਹੁੰਦਾ ਅਤੇ ਨਾ ਹੀ ਇਨਸਾਫ ਵਰਗੀ ਸ਼ੈਅ ਬਾਰੇ ਸਿਧਾਂਤਕ ਬਹਿਸਾਂ ਵਿਚ ਪੈਣ ਲਈ ਹੁੰਦਾ ਹੈ। ਇਹ ਆਪਣੇ ਪਾਸੇ ਦਾ ਸੱਚ ਨਿਤਾਰਨ ਦਾ ਜ਼ਰੀਆ ਹੈ। ਲੋਕਾਈ ਭੁੱਲਣਹਾਰ ਹੈ। ਇਸ ਲਈ ਕੁਝ ਕੁ ਜ਼ਰੂਰੀ ਜਿਹੇ ਨੁਕਤਿਆਂ ਤੇ ਫੋਕਸ ਰਹੋ। ਹੋ ਸਕੇ ਤਾਂ ਪੁਰਾਣੀਆਂ ਤੇ ਰੂੜੀਵਾਦੀ ਧਾਰਨਾਵਾਂ ਰਾਹੀਂ ਪ੍ਰਚਾਰ ਕਰੋ। ਤੱਥਾਂ ਨੂੰ ਨਾਅਰਿਆਂ ਦੀ ਭਾਸ਼ਾ ਦਿਉ ਅਤੇ ਉਨ੍ਹਾਂ ਨੂੰ ਉਦੋਂ ਤੱਕ ਦੁਹਰਾਉਂਦੇ ਰਹੋ ਜਦ ਤੱਕ ਸਭ ਤੋਂ ਅਖੀਰਲਾ ਸ਼ਖਸ ਤੁਹਾਡੀ ਹਾਂ ਵਿਚ ਹਾਂ ਨਹੀਂ ਮਿਲਾ ਦਿੰਦਾ'।

ਇਨ੍ਹਾਂ ਸਾਰੇ ਤੱਥਾਂ ਦੀ ਰੋਸ਼ਨੀ ਵਿਚ ਭਾਰਤੀ ਮੀਡੀਆ ਦੀ ਕਾਰਗੁਜ਼ਾਰੀ ਪਰਖੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਭਾਰਤੀ ਮੀਡੀਆ ਦੀ ਭੂਮਿਕਾ ਬੇਹੱਦ ਨਿਰਾਸ਼ਾਜਨਕ ਰਹੀ ਹੈ। ਜਿਥੇ 'ਦਿ ਗਾਰਡੀਅਨ', 'ਦਿ ਵਾਸ਼ਿੰਗਟਨ ਪੋਸਟ', 'ਅਲ-ਜ਼ਜੀਰਾ', 'ਬੀਬੀਸੀ' ਅਤੇ 'ਰਾਇਟਰਜ਼' ਵਰਗੀਆਂ ਮੁੱਖ ਕੌਮਾਂਤਰੀ ਸੰਸਥਾਵਾਂ ਨੇ ਕਸ਼ਮੀਰ ਦੇ ਹਾਲਾਤ ਬਾਰੇ ਵਿਸਥਾਰਤ ਰਿਪੋਰਟਾਂ ਅਤੇ ਖਬਰਾਂ ਪ੍ਰਕਾਸ਼ਿਤ ਕੀਤੀਆਂ, ਭਾਰਤੀ ਮੀਡੀਆ ਦਾ ਵੱਡਾ ਹਿੱਸਾ ਚਿੱਟੇ ਮੋਤੀਆ ਦਾ ਸ਼ਿਕਾਰ ਹੋਇਆ ਰਿਹਾ। ਆਪਣੀਆਂ ਤਰਕ ਵਿਹੂਣੀਆਂ, ਜੰਗ ਨੂੰ ਸੱਦਾ ਦਿੰਦੀਆਂ ਅਤੇ ਕਸ਼ਮੀਰ ਵਿਚ 'ਸਭ ਠੀਕ-ਠਾਕ ਹੈ' ਦੀਆਂ ਅਣਗਿਣਤ ਘੜੀਆਂ-ਘੜਾਈਆਂ ਗੈਰ-ਜ਼ਿੰਮੇਵਾਰ ਝੂਠੀਆਂ ਕਹਾਣੀਆਂ ਪ੍ਰਚਾਰਦਾ ਭਾਰਤੀ ਮੀਡੀਆ ਆਪਣੀ ਭਰੋਸੇਯੋਗਤਾ ਗੁਆ ਬੈਠਾ ਹੈ।

ਆਪਣੀ ਮਹੱਤਵਪੂਰਨ ਕਿਤਾਬ 'ਡੈੱਥ ਆਫ ਦਿ ਲਿਬਰਲ ਕਲਾਸ' ਵਿਚ ਕ੍ਰਿਸ ਹੈੱਜਜ਼ ਲਿਖਦਾ ਹੈ- 'ਜੇ ਅਸੀਂ ਹਕੀਕਤ ਵਿਚ ਜੰਗ ਦੇਖੀ ਹੋਵੇ, ਜੇ ਸਾਨੂੰ ਸਮਝ ਹੋਵੇ ਕਿ ਜੰਗ ਛੋਟੇ ਬੱਚਿਆਂ ਤੇ ਨਿਰਦੋਸ਼ਾਂ ਨਾਲ ਕੀ ਕਰਦੀ ਹੈ ਤਾਂ ਅਸੀਂ ਜੰਗ ਦੀ ਮਿੱਥ ਤੋਂ ਇਨਕਾਰੀ ਹੋ ਜਾਈਏ'। ਜੇ ਕਿਸੇ ਦਿਨ, ਅਚਾਨਕ ਹੀ ਤੁਹਾਨੂੰ ਸਕੂਲੀ ਬੱਚਿਆਂ ਦੀਆਂ ਕਬਰਾਂ ਤੇ ਰੋਂਦੇ-ਵਿਲਕਦੇ ਉਨ੍ਹਾਂ ਦੇ ਮਾਪੇ ਮਿਲ ਜਾਣ ਤਾਂ ਸ਼ਾਇਦ ਤੁਹਾਨੂੰ ਉਸ ਫੂੰ-ਫਾਂ ਤੋਂ ਵਿਹਲ ਮਿਲੇ ਜਿਹੜੀ ਤੁਸੀਂ ਘਰੇ ਬੈਠੇ ਜੰਗ ਬਾਰੇ ਕਰਦੇ ਫਿਰਦੇ ਹੋ। ਇਸੇ ਲਈ ਜੰਗ ਸਾਨੂੰ ਫਿਲਟਰ ਕਰਦੇ ਦਿਖਾਈ ਜਾਂਦੀ ਹੈ।

ਸਾਨੂੰ ਦੱਸਿਆ ਜਾਂਦਾ ਹੈ ਕਿ ਜੰਗ ਜ਼ਰੂਰੀ ਹੈ, ਇਸ ਦਾ ਗੁਣਗਾਣ ਜ਼ਰੂਰੀ ਹੈ ਪਰ ਜੰਗ ਦੇ ਨਤੀਜੇ ਸਾਥੋਂ ਛੁਪਾ ਲਏ ਜਾਂਦੇ ਹਨ। ਜੰਗ ਸਾਨੂੰ ਅੰਨ੍ਹੀ ਬਹਾਦਰੀ ਅਤੇ ਮਨੋਰੰਜਨ ਦਾ ਜ਼ਰੀਆ ਹੀ ਭਾਸਦੀ ਰਹਿੰਦੀ ਹੈ। ਇਸ ਮਨੋਰੰਜਕ ਖੇਡ ਵਿਚ ਜ਼ਖਮੀ ਤੇ ਅਪੰਗ ਹੋਏ ਅਤੇ ਮਾਰੇ ਗਏ ਲੋਕਾਂ ਦੀ ਕੋਈ ਜ਼ਰੂਰਤ ਹੀ ਮਹਿਸੂਸ ਨਹੀਂ ਕੀਤੀ ਜਾਂਦੀ। ਉਨ੍ਹਾਂ ਨੂੰ ਭਗੌੜੇ ਮੰਨ ਲਿਆ ਜਾਂਦਾ ਹੈ। ਅਸੀਂ ਉਨ੍ਹਾਂ ਨੂੰ ਦੇਖਣਾ ਵੀ ਪਸੰਦ ਨਹੀਂ ਕਰਦੇ। ਅਸੀਂ ਉਨ੍ਹਾਂ ਨੂੰ ਸੁਣਨਾ ਵੀ ਨਹੀਂ ਚਾਹੁੰਦੇ। ਉਹ ਸਾਡੀ ਚੇਤਨਾ ਦੇ ਕਿਨਾਰਿਆਂ ਤੇ ਭੂਤਾਂ ਵਾਂਗ ਮੰਡਰਾਉਂਦੇ ਰਹਿੰਦੇ ਹਨ। ਅਸੀਂ ਘੇਸਲ ਮਾਰਦੇ ਹਾਂ ਅਤੇ ਉਨ੍ਹਾਂ ਦੀ ਹੋਂਦ ਤੋਂ ਮੁਨਕਰ ਹੋ ਜਾਂਦੇ ਹਾਂ। ਸਾਥੋਂ ਉਨ੍ਹਾਂ ਦਾ ਦਰਦ ਬਰਦਾਸ਼ਤ ਨਹੀਂ ਹੁੰਦਾ। ਅਸੀਂ ਤਾਂ ਮੌਤ ਦੇ ਡੱਗੇ ਤੇ ਜ਼ਸਨ ਮਨਾਉਣ ਵਿਚ ਰੁੱਝੇ ਹਾਂ। ਅਸੀਂ ਆਪਣੀ 'ਆਨ-ਬਾਨ-ਸ਼ਾਨ', 'ਇੱਜ਼ਤ', 'ਮਰਿਆਦਾ', 'ਦੇਸ਼ਭਗਤੀ' ਅਤੇ 'ਹੀਰੋਗਿਰੀ' ਚਮਕਾਉਣ ਵਿਚ ਡੁੱਬੇ ਹੋਏ ਹਾਂ ਪਰ ਤਰਾਸਦੀ ਦੇਖੋ ਕਿ ਇਹ ਸਾਰੇ ਸ਼ਬਦ ਆਪਣੀ ਹੋਂਦ ਵੀ ਗੁਆ ਚੁੱਕੇ ਹਨ ਅਤੇ ਆਪਣੇ ਅਰਥ ਵੀ'।

ਢਾਈ ਮਹੀਨਿਆਂ ਤੋਂ ਅਸੀਂ ਕਸ਼ਮੀਰ ਨੂੰ ਵੱਡੀ ਜੇਲ੍ਹ 'ਚ ਤਬਦੀਲ ਕਰਕੇ 'ਖੁਸ਼' ਹਾਂ, ਤਸੱਲੀ ਵਿਚ ਹਾਂ। ਕੀ ਅਸੀਂ ਕਦੇ ਇਸ ਤੱਥ 'ਤੇ ਗੌਰ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਖੁਦ ਨੂੰ ਰਾਸ਼ਟਰ ਵਜੋਂ ਨਿਰੰਕੁਸ਼, ਡਰੇ, ਹਿੰਸਾਵਾਦੀ ਤੇ ਨਫਰਤ ਨਾਲ ਭਰੇ ਵਿਸ਼ਾਲ ਪਿੰਜਰੇ ਵਿਚ ਤਬਦੀਲ ਕਰ ਲਿਆ ਹੈ?

# ਮਹਾਰਾਸ਼ਟਰ ਤੇ ਹਰਿਆਣਾ ਦੇ ਨਤੀਜੇ ਅਤੇ ਭਾਜਪਾ

ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਇਕ ਟਿੱਪਣੀਕਾਰ ਨੇ ਪੂਰੇ ਭਰੋਸੇ ਨਾਲ ਭਵਿਖਵਾਣੀ ਕੀਤੀ ਕਿ ਇਨ੍ਹਾਂ ਚੋਣਾਂ ਤੋਂ ਬਾਅਦ ਸਭ ਤੋਂ ਜ਼ਿਆਦਾ ਨੁਕਸਾਨ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੇ ਦੁਸ਼ਿਅੰਤ ਚੌਟਾਲਾ ਨੂੰ ਹੋਇਆ ਹੈ। ਕਾਰਨ ਪੁੱਛਣ 'ਤੇ ਉਨ੍ਹਾਂ ਨੇ ਦੱਸਿਆ ਕਿ 10 ਸੀਟਾਂ ਮਿਲਣ ਅਤੇ ਤਿਕੋਣੀ ਵਿਧਾਨ ਸਭਾ ਦੇ ਬਾਅਦ ਸੱਤਾ ਦੀ

ਅਭੈ ਕੁਮਾਰ ਦੂਬੇ

ਚਾਬੀ ਦੁਸ਼ਿਅੰਤ ਦੀ ਜੇਬ 'ਚ ਸੀ ਪਰ ਉਹ ਉਸ ਨੂੰ ਜੇਬ ਵਿਚ ਹੀ ਪਾਈ ਬੈਠੇ ਰਹੇ ਅਤੇ ਭਾਜਪਾ ਨੇ ਤੇਜ਼ੀ ਨਾਲ ਅੱਠ ਆਜ਼ਾਦ ਵਿਧਾਇਕਾਂ ਨੂੰ ਮਨਾ ਕੇ ਸਰਕਾਰ ਬਣਾਉਣ ਯੋਗ ਗਿਣਤੀ ਇਕੱਠੀ ਕਰ ਲਈ। ਮੈਂ ਵੀ ਇਨ੍ਹਾਂ ਟਿੱਪਣੀਕਾਰਾਂ ਦੇ ਵਿਸ਼ਲੇਸ਼ਣ ਨਾਲ ਸਹਿਮਤ ਸੀ।

ਮੇਰੀ ਸਮਝ ਸੀ ਕਿ ਪਹਿਲੀ ਗੱਲ ਤਾਂ ਭਾਜਪਾ ਨੂੰ ਦੁਸ਼ਿਅੰਤ ਵਰਗਾ ਕੋਈ ਮਜ਼ਬੂਤ ਜਾਟ ਨੇਤਾ ਨਹੀਂ ਚਾਹੀਦਾ (ਕਿਉਂਕਿ ਉਸ ਦੀ ਰਾਜਨੀਤੀ ਮੁੱਖ ਤੌਰ 'ਤੇ ਗੈਰ-ਜਾਟ ਵੋਟਾਂ 'ਤੇ ਟਿਕੀ ਹੈ) ਜੋ ਨਾਲ ਆਉਣ ਲਈ ਮਜ਼ਬੂਤ ਸੌਦੇਬਾਜ਼ੀ ਕਰੇਗਾ। ਦੂਜਾ, ਭਾਜਪਾ ਇਹ ਵੀ ਸੋਚ ਸਕਦੀ ਸੀ ਕਿ ਜੇ.ਜੇ.ਪੀ. ਨੂੰ ਛੱਡ ਦੇਣ ਨਾਲ ਵੀ ਕਾਂਗਰਸ ਨੂੰ ਉਸ ਦੀ ਮਦਦ ਨਹੀਂ ਮਿਲ ਸਕਦੀ, ਕਿਉਂਕਿ ਚੌਟਾਲਾ ਪਰਿਵਾਰ ਦੀ ਹੁੱਡਾ ਪਰਿਵਾਰ ਨਾਲ ਪੁਰਾਣੀ ਰੰਜਿਸ਼ ਹੈ। ਕੋਈ ਚੌਟਾਲਾ ਕਿਸੇ ਹੁੱਡਾ ਨੂੰ ਮੁੱਖ ਮੰਤਰੀ ਨਹੀਂ ਬਣਾਏਗਾ ਅਤੇ ਕੋਈ ਹੁੱਡਾ ਕਿਸੇ ਚੌਟਾਲੇ ਨੂੰ ਆਪਣੇ ਨਾਲ ਸੱਤਾ ਵਿਚ ਭਾਈਵਾਲ ਨਹੀਂ ਬਣਾਏਗਾ। ਜੋ ਵੀ ਹੋਵੇ, ਇਹ ਥੀਸਸ ਕਿੰਨਾ ਵੀ ਭਰੋਸੇਯੋਗ ਕਿਉਂ ਨਾ ਲੱਗ ਰਿਹਾ ਹੋਵੇ, ਇਸ ਸਮੇਂ ਇਹ ਸਾਰੀਆਂ ਟਿੱਪਣੀਆਂ ਫਾਲਤੂ ਸਾਬਤ ਹੋ ਚੁੱਕੀਆਂ ਹਨ। ਚੌਟਾਲਾ ਨੇ ਮਨੋਹਰ ਲਾਲ ਖੱਟਰ ਦੇ ਦੂਸਰੇ ਮੁੱਖ ਮੰਤਰੀ ਕਾਲ ਵਿਚ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕ ਲਈ ਹੈ। ਭਾਜਪਾ ਕੋਲ ਹੁਣ ਗੋਪਾਲ ਕਾਂਡਾ ਨੂੰ ਛੱਡ ਕੇ ਬਾਕੀ ਸੱਤ ਆਜ਼ਾਦ ਵਿਧਾਇਕਾਂ ਦਾ ਸਮਰਥਨ ਵੀ ਹੈ ਅਤੇ ਜੇ.ਜੇ.ਪੀ. ਦਾ ਵੀ; ਭਾਵ ਉਸ ਕੋਲ 55 ਤੋਂ ਜ਼ਿਆਦਾ ਵਿਧਾਇਕ ਹਨ।

ਜ਼ਾਹਰ ਹੋ ਚੁੱਕਾ ਹੈ ਕਿ ਦੁਸ਼ਿਅੰਤ ਸ਼ੁਰੂ ਤੋਂ ਹੀ ਦੋਵੇਂ ਪਾਸੇ ਸਰਗਰਮੀ ਦਿਖਾ ਰਹੇ ਸਨ। ਉਨ੍ਹਾਂ ਨੇ ਕਾਂਗਰਸ ਨਾਲ ਗੱਲ ਕਰਨ ਦੀ ਰਾਹ ਵੀ ਖੁੱਲ੍ਹੀ ਛੱਡੀ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਤੋਂ ਹੁੰਦਿਆਂ ਹੋਇਆਂ ਅਨੁਰਾਗ ਠਾਕੁਰ ਰਾਹੀਂ ਭਾਜਪਾ ਨਾਲ ਵੀ। ਜਿਉਂ ਹੀ ਭਾਜਪਾ ਗੋਪਾਲ ਕਾਂਡਾ ਕਾਰਨ ਨੈਤਿਕ ਦੁਬਿਧਾ ਵਿਚ ਫਸੀ, ਉਵੇਂ ਹੀ ਉਸ ਦੀ ਦਿਲਚਸਪੀ ਦੁਸ਼ਿਅੰਤ ਵਲ ਵਧ ਗਈ। ਭਾਜਪਾ ਦੇ ਸਾਰੇ ਜਾਟ ਨੇਤਾ ਚੋਣ ਹਾਰ ਚੁੱਕੇ ਸਨ। ਪਾਰਟੀ ਦੀ ਸਮਝ ਵਿਚ ਆ ਗਿਆ ਸੀ ਕਿ ਜਾਟ ਵੋਟਰ ਭਾਜਪਾ ਦੇ ਜਾਟ ਉਮੀਦਵਾਰਾਂ ਨੂੰ ਗੱਦਾਰ ਦੀ ਨਜ਼ਰ ਨਾਲ ਦੇਖ ਰਹੇ ਹਨ। ਉਸ ਨੂੰ ਲੱਗਿਆ ਕਿ ਦੁਸ਼ਿਅੰਤ ਨੂੰ ਉਪ ਮੁੱਖ ਮੰਤਰੀ ਬਣਾ ਕੇ ਉਹ ਹਰਿਆਣਾ ਦੇ ਜਾਟ ਸਮਾਜ ਵਿਚ ਨਵੇਂ ਸਿਰੇ ਤੋਂ ਦਾਖਲ ਹੋ ਸਕਦੀ ਹੈ ਅਤੇ ਸਰਕਾਰ ਵੀ ਮਜ਼ਬੂਤ ਰਹੇਗੀ। ਜੇ ਜੇ.ਜੇ.ਪੀ. ਕੋਈ ਮੁਸ਼ਕਿਲ ਪੈਦਾ ਕਰਦੀ ਹੈ ਤਾਂ ਉਸ ਕੋਲ ਹਮੇਸ਼ਾ ਹੀ 6-7 ਆਜ਼ਾਦ ਵਿਧਾਇਕਾਂ ਦਾ ਸਮਰਥਨ ਵੀ ਰਹੇਗਾ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਹਰਿਆਣਾ ਵਿਚ ਬਹੁਮਤ ਨਾ ਹਾਸਲ ਕਰ ਸਕਣ ਦੇ ਬਾਵਜੂਦ ਭਾਜਪਾ ਕੋਲ ਇਸ ਸਮੇਂ ਦੋਵੇਂ ਹੱਥਾਂ ਵਿਚ ਲੱਡੂ ਹਨ ਪਰ ਸਵਾਲ ਇਹ ਹੈ ਕਿ ਮਹਾਰਾਸ਼ਟਰ ਵਿਚ ਬਹੁਮਤ ਹਾਸਲ ਕਰ ਲੈਣ ਦੇ ਬਾਵਜੂਦ ਉਸ ਦੇ ਹੱਥਾਂ ਵਿਚ ਇਸੇ ਤਰ੍ਹਾਂ ਦੇ ਲੱਡੂ ਹਨ? ਵੋਟਾਂ ਦੀ ਗਿਣਤੀ ਵਾਲੇ ਦਿਨ ਮੇਰੇ ਨਾਲ ਟੀ.ਵੀ. 'ਤੇ ਚਰਚਾ ਕਰਦੇ ਹੋਏ ਸ਼ਿਵ ਸੈਨਾ ਦੇ ਬੁਲਾਰੇ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਨਾ ਸਿਰਫ ਅਦਿਤਿਆ ਠਾਕਰੇ ਨੂੰ ਪਹਿਲੇ ਢਾਈ ਸਾਲ ਲਈ ਮੁੱਖ ਮੰਤਰੀ ਬਣਾਉਣਾ ਚਾਹੇਗੀ ਸਗੋਂ ਭਾਜਪਾ ਤੋਂ ਪੁਰਾਣਾ 'ਬੈਕਲਾਗ' ਵੀ ਵਸੂਲਣ ਦੀ ਕੋਸ਼ਿਸ਼ ਕਰੇਗੀ। ਉਨ੍ਹਾਂ ਦੀ ਦਲੀਲ ਸੀ ਕਿ 18 ਸੰਸਦ ਮੈਂਬਰਾਂ ਦੇ ਬਾਵਜੂਦ ਮੋਦੀ ਸਰਕਾਰ ਨੇ ਸ਼ਿਵ ਸੈਨਾ ਦੇ ਸਿਰਫ ਇਕ ਸੰਸਦ ਮੈਂਬਰ ਨੂੰ ਹੀ ਮੰਤਰੀ ਬਣਾਇਆ ਹੈ, ਉਹ ਵੀ ਭਾਰੀ ਉਦਯੋਗ ਦਾ; ਭਾਵ ਹੁਣ ਨਾ ਸਿਰਫ ਦਵਿੰਦਰ ਫੜਨਵੀਸ ਨੂੰ ਸ਼ਿਵ ਸੈਨਾ ਦੇ ਨਾਲ ਬਰਾਬਰ ਦੀ ਸੱਤਾ ਸਾਂਝੀ ਕਰਨੀ ਪਵੇਗੀ ਸਗੋਂ ਕੇਂਦਰ ਵਿਚ ਵੀ ਮੋਦੀ ਨੂੰ ਸ਼ਿਵ ਸੈਨਾ ਦੇ ਸਮਰਥਨ ਦਾ ਜ਼ਿਆਦਾ ਮੁੱਲ ਚੁਕਾਉਣਾ ਹੋਵੇਗਾ।

ਜੋ ਵੀ ਹੋਵੇ, ਹਰਿਆਣਾ ਵਿਚ ਭਾਜਪਾ ਵਲੋਂ ਕੀਤੀ ਜਾਣ ਵਾਲੀ ਜੋੜ-ਤੋੜ ਦੀ ਮਜਬੂਰੀ ਅਤੇ ਮਹਾਰਾਸ਼ਟਰ ਵਿਚ ਫੜਨਵੀਸ ਦੀ ਕੁਰਸੀ 'ਤੇ ਲੱਗਣ ਵਾਲਾ ਸ਼ਿਵ ਸੈਨਾ ਦਾ ਗ੍ਰਹਿਣ ਦੱਸਦਾ ਹੈ ਕਿ ਇਨ੍ਹਾਂ ਦੋਵੇਂ ਸੂਬਿਆਂ ਦੀ ਜਿੱਤ ਓਨੀ 'ਅਸਾਧਾਰਨ' ਵੀ ਨਹੀਂ ਹੈ ਜਿੰਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਾਅਵਾ ਕੀਤਾ ਹੈ।

ਇਹ ਕਹਿਣਾ ਗਲੇ ਤੋਂ ਥੱਲੇ ਨਹੀਂ ਉਤਰਦਾ ਕਿ ਮਹਾਰਾਸ਼ਟਰ ਅਤੇ ਹਰਿਆਣਾ ਭਾਜਪਾ ਦੇ ਰਵਾਇਤੀ ਗੜ੍ਹ ਨਹੀਂ ਹਨ, ਇਸ ਲਈ ਕਿਸੇ ਨਾ ਕਿਸੇ ਤਰ੍ਹਾਂ ਸੱਤਾ ਵਿਚ ਦੁਬਾਰਾ ਆ ਜਾਣਾ ਅਸਾਧਾਰਨ ਪ੍ਰਾਪਤੀ ਹੈ। ਭਾਵੇਂ ਕਿਸੇ ਵੀ ਕਸਵੱਟੀ ਤੋਂ ਪਰਖੀਏ, ਭਾਜਪਾ ਦਾ ਪ੍ਰਦਰਸ਼ਨ ਨਿਰਾਸ਼ਾਜਨਕ ਹੀ ਰਿਹਾ ਹੈ। ਦੋਵੇਂ ਸੂਬਿਆਂ ਵਿਚ ਉਸ ਦੇ ਕਈ-ਕਈ ਮੰਤਰੀ ਬੁਰੀ ਤਰ੍ਹਾਂ ਨਾਲ ਚੋਣ ਹਾਰੇ। ਦੋਵੇਂ ਹੀ ਸੂਬਿਆਂ ਵਿਚ ਉਸ ਦੀ ਚੋਣਾਵੀ ਰਣਨੀਤੀਆਂ ਨੂੰ ਸਫਲ ਨਹੀਂ ਮੰਨਿਆ ਜਾ ਸਕਦਾ। ਹਰਿਆਣਾ ਵਿਚ ਜਾਟ ਬਨਾਮ ਗੈਰ-ਜਾਟ ਦਾ ਫੰਡਾ ਫਲਾਪ ਹੋ ਗਿਆ। ਮਹਾਰਾਸ਼ਟਰ ਵਿਚ ਫੜਨਵੀਸ ਦੀ ਅਗਵਾਈ ਵਿਚ ਬਣਾਇਆ ਗਿਆ ਜਾਤੀਗਤ ਗੱਠਜੋੜ ਕੰਮ ਨਹੀਂ ਆਇਆ। ਦੋਹਾਂ ਸੂਬਿਆਂ 'ਚ ਮੋਦੀ ਵਲੋਂ ਉਠਾਏ ਗਏ ਰਾਸ਼ਟਰਵਾਦੀ ਮੁੱਦੇ ਵੀ ਵੋਟਰਾਂ ਨੂੰ ਆਕਰਸ਼ਤ ਕਰਨ 'ਚ ਅਸਫਲ ਰਹੇ।

ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਭਾਜਪਾ ਦਾ ਅਤਿ-ਆਤਮਵਿਸ਼ਵਾਸ ਬੁਰੀ ਤਰ੍ਹਾਂ ਨਾਲ ਫਲਾਪ ਹੋ ਗਿਆ ਹੈ। 75 ਤੋਂ ਪਾਰ ਅਤੇ 220 ਤੋਂ ਪਾਰ ਦੀ ਸ਼ੇਖੀ ਦਾ ਜੰਮ ਕੇ ਮਜ਼ਾਕ ਉਡਿਆ ਹੈ। ਦਰਅਸਲ, ਇਹ ਰਾਸ਼ਟਰੀ ਸਿਆਸੀ ਵਿਚਾਰਧਾਰਾ ਨੂੰ ਇਕ ਨਵਾਂ ਰੁਖ ਦੇਣਾ ਚਾਹੁੰਦੀ ਸੀ। ਵੋਟਰਾਂ ਨੇ ਭਾਜਪਾ ਦਾ ਇਹ ਸੁਪਨਾ ਤੋੜ ਦਿੱਤਾ ਹੈ। ਇਸ ਲਈ ਇਹ ਜਿੱਤ 'ਅਸਾਧਾਰਨ' ਨਹੀਂ ਸਗੋਂ 'ਸਾਧਾਰਨ' ਹੈ।

# ਵਕਤ-ਵਰਕੇ ਦੀ ਇਬਾਰਤ

**ਚਿਰਾਗ-ਡਾਰ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸੁਪਨਿਆਂ ਦਾ ਸੁਪਨਾ ਲਿਆ ਸੀ, "ਜੀਵਨ ਵਿਚ ਜਿੰਨੀ ਜਲਦੀ ਆਪਣਾ ਟੀਚਾ ਮਿੱਥੋਗੇ, ਸੰਭਾਵਨਾ ਨੂੰ ਸੱਚ ਕਰਨ ਦਾ ਸੰਕਲਪ ਲਵੋਗੇ, ਪ੍ਰਾਪਤੀ ਤੀਕ ਮਾਨਸਿਕ ਅਤੇ ਸਰੀਰਕ ਬੇਚੈਨੀ ਵਿਚ ਰਹੋਗੇ ਤਾਂ ਸੱਚ ਤੁਹਾਡਾ ਹੋਵੇਗਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਵਕਤ ਅਤੇ ਵਖਤ ਦੀ ਗੱਲ ਕੀਤੀ ਹੈ। ਉਹ ਕਹਿੰਦੇ ਹਨ, "ਵਕਤ ਕਦੇ ਵੀ ਸਮੁੱਚੇ ਰੂਪ ਵਿਚ ਕਿਸੇ ਦੇ ਹੱਕ ਵਿਚ ਨਹੀਂ ਹੁੰਦਾ। ਇਸ ਨੂੰ ਆਪਣੇ ਹੱਕ ਵਿਚ ਕਰਨਾ ਹੁੰਦਾ।...ਵਕਤ ਦੀ ਵਹਿੰਗੀ ਢੋਂਦਿਆਂ ਮਨੁੱਖ ਸਰਵਣ ਪੁੱਤਰ ਵੀ ਬਣਦਾ, ਹਰਨਾਖਸ਼ ਬਾਪ ਵਰਗਾ ਨਿਰਦਈ ਵੀ ਹੁੰਦਾ। ਨਾਨਕ ਦਰਵੇਸ਼ ਵੀ ਅਤੇ ਉਚ ਦਾ ਪੀਰ।...ਵਖਤ ਦੀ ਦਹਿਲੀਜ਼ 'ਤੇ ਵਹਿਮ, ਵੈਰਾਗ, ਵੀਰਾਨੀ ਜਾਂ ਵਹਿਸ਼ਤ ਨਾ ਧਰੋ, ਸਗੋਂ ਇਸ ਨੂੰ ਦਲੇਰੀ, ਦਮਦਾਰੀ, ਦਿਲ-ਗੁਰਦੇ ਅਤੇ ਦਰਿਆ-ਦਿਲੀ ਨਾਲ ਲਬਰੇਜ਼ ਕਰੋ, ਵਖਤ ਨੂੰ ਆਪਣੀ ਹੋਂਦ ਛੁਪਾਉਣ ਦੀ ਕਾਹਲ ਹੋਵੇਗੀ।" -ਸੰਪਾਦਕ***

ਵਕਤ ਹਮੇਸ਼ਾ ਇਕਸਾਰ ਨਹੀਂ ਹੁੰਦਾ। ਕਦੇ ਚੰਗਾ, ਕਦੇ ਮੰਦਾ। ਕਦੇ ਹੱਕ 'ਚ, ਕਦੇ ਵਿਰੋਧ ਵਿਚ। ਕਦੇ ਸੁਖਾਵਾਂ ਤੇ ਕਦੇ ਅਕਾਵਾਂ। ਕਦੇ ਆਪਣਾ ਹੀ ਲਗਦਾ ਤੇ ਕਦੇ ਬੇਗਾਨਾ। ਵਕਤ ਕਦੇ ਸੂਖਮ ਅਹਿਸਾਸ ਨਾਲ ਤਾਰੀ, ਕਦੇ ਖੁਆਬ ਖੁਮਾਰੀ। ਕਦੇ ਧਰਤ 'ਤੇ ਡੇਰਾ ਤੇ ਕਦੇ ਅੰਬਰ ਉਡਾਰੀ। ਕਦੇ ਤ੍ਰੇਲ-ਭਿਜੀਆਂ ਜੂਹਾਂ, ਕਦੇ ਕੇਸਰ ਸੰਜੋਈਆਂ ਸੂਹਾਂ। ਕਦੇ ਚਾਅ-ਚਾਂਗਰ ਅਤੇ ਕਦੇ ਪਿਆਰ-ਪੁਖਤਗੀ। ਕਦੇ ਹਾਵਾਂ ਦੀ ਧੂਣੀ, ਕਦੇ ਗਮਾਂ ਦੀ ਨਾ ਕਤੇਂਦੀ ਪੂਣੀ। ਕਦੇ ਦੁੱਖਾਂ ਦਾ ਪਹਾੜ ਤੇ ਕਦੇ ਹਿੱਕ ਤਪੇਂਦਾ ਹਾੜ। ਕਦੇ ਸਾਵਣ ਦੀਆਂ ਝੜੀਆਂ ਤੇ ਕਦੇ ਮਾਰੂਥਲਾਂ 'ਚ ਤਕਦੀਰਾਂ ਸੜੀਆਂ।

ਵਕਤ ਕਦੇ ਵੀ ਸਮੁੱਚੇ ਰੂਪ ਵਿਚ ਕਿਸੇ ਦੇ ਹੱਕ ਵਿਚ ਨਹੀਂ ਹੁੰਦਾ। ਇਸ ਨੂੰ ਆਪਣੇ ਹੱਕ ਵਿਚ ਕਰਨਾ ਹੁੰਦਾ। ਤੁਹਾਡੀ ਦਲੇਰੀ ਤੇ ਹਿੰਮਤ ਸਾਹਵੇਂ ਵਕਤ ਤੁਹਾਡੇ ਹੱਕ ਵਿਚ ਖੜਦਾ ਅਤੇ ਧਿਰ ਬਣ ਕੇ ਤਮੰਨਾਵਾਂ ਸੰਗ ਵਰਦਾ।

ਹਰ ਵਕਤ ਲੰਘ ਜਾਂਦਾ, ਕਦੇ ਨਹੀਂ ਰੁਕਦਾ, ਪਰ ਇਸ ਦੀਆਂ ਪੈੜਾਂ ਸਦਾ ਉਕਰੀਆਂ ਜਾਂਦੀਆਂ। ਇਨ੍ਹਾਂ ਪੈੜਾਂ ਦੀ ਮਹਾਨਤਾ ਹਰੇਕ ਲਈ ਵੱਖ-ਵੱਖ। ਪੈਰ-ਪੈਗੰਬਰੀ ਵਿਚੋਂ ਹੀ ਵਕਤ ਨੂੰ ਪਰਖਿਆ ਜਾਂਦਾ। ਵਕਤ ਸੁਨਹਿਰੀ ਵੀ ਹੁੰਦਾ ਤੇ ਕਾਲਖੀ ਵੀ। ਇਸ ਦੀ ਤਾਸੀਰ ਨੂੰ ਹਾਲਾਤ, ਹਾਕਮ ਅਤੇ ਹਸਤੀਆਂ ਨਿਰਧਾਰਤ ਕਰਦੀਆਂ। ਇਸ ਦੀ ਤਕਦੀਰ ਨੂੰ ਇਨਸਾਨੀਅਤ ਨਾਲ ਪ੍ਰਣਾਏ ਵਿਲੱਖਣ ਲੋਕਾਂ ਦੀਆਂ ਤਰਜ਼ੀਹਾਂ, ਤਦਬੀਰ ਨੂੰ ਨਵੀਂ ਸੋਧ, ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਦੀਆਂ।

ਵਕਤ ਦੀ ਵਹਿੰਗੀ ਢੋਂਦਿਆਂ ਮਨੁੱਖ ਸਰਵਣ ਪੁੱਤ ਵੀ ਬਣਦਾ, ਹਰਨਾਖਸ਼ ਬਾਪ ਜਿਹਾ ਨਿਰਦਈ ਵੀ ਹੁੰਦਾ। ਨਾਨਕ ਦਰਵੇਸ਼ ਵੀ ਅਤੇ ਉਚ ਦਾ ਪੀਰ। ਇਹ ਤਾਂ ਵਹਿੰਗੀ ਦੀ ਸੂਰਤ ਅਤੇ ਸੀਰਤ ਨੇ ਹੀ ਸਪੱਸ਼ਟ ਕਰਨਾ ਹੁੰਦਾ ਕਿ ਮਨੁੱਖ ਕੀ ਏ?

ਵਕਤ ਦੀ ਤਹਿਜ਼ੀਬ ਵਿਚ ਬਹੁਤ ਕੁਝ ਹੁੰਦਾ, ਜੋ ਮਨੁੱਖ ਦਾ ਹਾਸਲ ਵੀ ਤੇ ਹੋਣੀ ਵੀ ਹੁੰਦਾ। ਮਾਰਗ-ਦਰਸ਼ਨ ਵੀ ਅਤੇ ਦੁਬਿਧਾ ਵਿਚਲਾ ਦਵੰਦ ਵੀ। ਅੰਦਰ ਤੋਂ ਬਾਹਰ ਦਾ ਸਫਰ ਵੀ ਤੇ ਬਾਹਰੋਂ ਅੰਦਰ ਜਾਣ ਦਾ ਦਰ ਵੀ। ਖਲਾਅ ਦੀ ਪਰਵਾਜ਼ ਵੀ ਅਤੇ ਕਦਮ ਉਠਾਉਣ ਦੀ ਬੇਹਿੰਮਤੀ ਵੀ। ਆਪਣੇ ਤੋਂ ਆਪਣੇ ਤੀਕ ਪਹੁੰਚਣ ਦਾ ਹਰਫਨਾਮਾ ਵੀ ਅਤੇ ਆਪਣੇ ਤੋਂ ਦੂਰ ਜਾਣ ਦਾ ਬਹਾਨਾ ਵੀ।

ਵਕਤ ਦੇ ਬਹੁਤ ਸਾਰੇ ਰੰਗ। ਇਨ੍ਹਾਂ ਰੰਗਾਂ ਦੀ ਸਮੁੱਚਤਾ ਹੀ ਇਸ ਨੂੰ ਰੰਗ-ਬਰੰਗਤਾ ਬਖਸ਼ਦੀ। ਇਸ ਕਾਰਨ ਹੀ ਇਕਸਾਰਤਾ ਟੁੱਟਦੀ ਤੇ ਨਿਰੰਤਰਤਾ ਬਰਕਰਾਰ ਰਹਿੰਦੀ। ਇਸ ਨਿਰੰਤਰਤਾ ਵਿਚੋਂ ਹੀ ਜੀਵਨ ਨੂੰ ਗਤੀ ਅਤੇ ਮਨੁੱਖੀ ਸੋਚ ਨੂੰ ਖੰਭ ਮਿਲਦੇ।

ਵਕਤ ਦੀ ਹਨੇਰੀ ਵਿਚ ਜਦ ਆਲ੍ਹਣਿਆਂ ਦੇ ਤੀਲੇ ਬਿਖਰ ਜਾਂਦੇ, ਕੱਖਹੀਣ ਝੁੱਗੀਆਂ ਅੰਬਰ ਨੂੰ ਛੱਤ ਬਣਾਉਂਦੀਆਂ ਜਾਂ ਤਨ ਦੀਆਂ ਲੀਰਾਂ ਵੀ ਕੱਜਣ ਬਣਨ ਤੋਂ ਬੇਵੱਸ ਹੋ ਜਾਂਦੀਆਂ ਤਾਂ ਵਕਤ ਦੀ ਅੱਖ ਵਿਚ ਆਇਆਂ ਹੰਝੂ ਬਹੁਤ ਹੀ ਭਿਆਨਕ ਹੁੰਦਾ। ਇਸ ਭਿਆਨਕਤਾ ਕਾਰਨ ਨਿਰਬਲ ਵਿਅਕਤੀ ਵੀ ਜ਼ਰਜ਼ਰੀਆਂ ਮਰਿਆਦਾਵਾਂ, ਦਲੀਲਾਂ, ਮੱਕਾਰੀ, ਫਰੇਬ ਦਾ ਸਿਵਾ ਸੇਕਣ ਲਈ ਮਜਬੂਰ ਹੋ ਜਾਂਦਾ। ਫਿਰ ਸਮੇਂ ਦੇ ਮੱਥੇ ਦੀਆਂ ਲਿਖੀਆਂ ਵੀ ਉਘੜਦੀਆਂ।

ਵਕਤ ਦੇ ਵਿਹੜੇ ਵਿਚ ਵਕਤ ਵੀ ਤੇ ਵਿਚਾਰ ਵੀ। ਖੇੜੇ ਵੀ ਤੇ ਖੁਸ਼ੀਆਂ ਵੀ। ਜੰਗਾਂ ਵੀ ਅਤੇ ਕਬਰ-ਚਿਣਾਈ ਵੀ। ਰੁਸਵਾਈ ਵੀ ਤੇ ਮੰਨ-ਮਨਾਈ ਵੀ। ਪੀੜਾ ਤੇ ਪ੍ਰਸੰਨਤਾ ਵੀ, ਦੁੱਖ ਤੇ ਸੁੱਖ ਵੀ। ਹਾਸੇ ਵੀ ਤੇ ਹੰਝੂ ਵੀ। ਉਮੀਦ ਤੇ ਤਾਕੀਦ ਵੀ। ਦਿਲਗੀਰੀ ਵੀ ਤੇ ਉਦਮਗੀਰੀ ਵੀ। ਹੌਸਲਾ ਵੀ ਤੇ ਹੰਭਲਾ ਵੀ। ਹੁੰਗਰ ਵੀ ਤੇ ਹਾਕ ਵੀ। ਹੁੰਗਾਰਾ ਵੀ ਤੇ ਲਾਰਾ ਵੀ। ਪਿਆਰ ਦੀ ਛੋਹ ਵੀ ਅਤੇ ਦੁਸ਼ਮਣੀ ਦੀ ਅੱਗ ਵੀ। ਸੁਘੜ ਨਸੀਹਤਾਂ ਵੀ ਤੇ ਚੁਗਲੀਆਂ ਕਰਦੀ ਅੱਗ ਵੀ। ਜੀਵਨ ਨੂੰ ਸੁੰਦਰ ਬਣਾਉਣ ਦੀਆਂ ਸਲਾਹਾਂ ਵੀ ਤੇ ਲੋਕ-ਮਨਾਂ ਵਿਚ ਬੀਜੀਆਂ ਆਹਾਂ ਵੀ। ਬਹੁਤ ਕੁਝ ਹੁੰਦਾ ਸਮੇਂ ਦੀ ਕੁੱਖ 'ਚ। ਸਮੇਂ ਕੋਲੋਂ ਕੀ ਲੈਣਾ, ਕਿਹੜੇ ਅਰਥਾਂ ਨੂੰ ਜੀਵਨ-ਜਾਚ ਦਾ ਅੰਗ ਬਣਾਉਣਾ ਅਤੇ ਕਿਵੇਂ ਸਾਥ ਸਦੀਵੀ ਨਿਭਾਉਣਾ, ਇਹ ਮਨੁੱਖ ਦੇ ਆਪਣੇ ਵੱਸ। ਸੁਚਾਰੂ ਸੋਚ ਵਕਤ 'ਤੇ ਉਕਰੀਆਂ ਮਾਰੂ ਘਟਨਾਵਾਂ ਵਿਚੋਂ ਵੀ ਕੋਈ ਸੁਰਖ ਸੁਨੇਹੇ ਲੈ, ਰਾਹਾਂ ਵਿਚ ਚਾਨਣੀ ਤਰੌਂਕ ਸਕਦੀ, ਜਦੋਂ ਕਿ ਨਿੱਘਰੀ ਸੋਚ ਵਾਲੇ ਦੇ ਮਨ ਵਿਚ ਚੰਗੇਰੇ ਪੱਖ ਦੀ ਥਾਂ ਹਨੇਰਾ ਪੱਖ ਹੀ ਭਾਰੂ ਰਹਿੰਦਾ, ਤੇ ਕੁਝ ਹੋਰ ਮਾੜਾ ਕਰਨ ਲਈ ਉਤਾਰੂ ਰਹਿੰਦਾ। ਜਦ ਕਿਸੇ ਦੀ ਕਮੀਨਗੀ ਤੇ ਗਲਾਜ਼ਤ ਸੰਵੇਦਨਾ 'ਤੇ ਭਾਰੂ ਹੋ ਜਾਵੇ ਤਾਂ ਚੰਗਿਆਈ ਦੀ ਆਸ ਕਿੰਜ ਰੱਖੋਗੇ?

ਵਕਤ ਦੇ ਪਿੰਡੇ 'ਤੇ ਉਕਰੇ ਵਕਤ ਨੂੰ ਪਛਾਨਣਾ, ਸਮਝਣਾ, ਪਰਤਾਂ ਫਰੋਲਣਾ, ਦੂਰਗਾਮੀ ਅਸਰਾਂ ਦੀ ਨਿਸ਼ਾਨਦੇਹੀ ਕਰਨੀ, ਅਸੀਮ ਕੁ-ਪ੍ਰਭਾਵਾਂ ਅਤੇ ਸੁ-ਪ੍ਰਭਾਵਾਂ ਵਿਚਲੇ ਅਸਾਵੇਂਪਣ ਨੂੰ ਕਿਆਸਣਾ। ਫਿਰ ਵਕਤੀ ਵਖਤ ਵਿਚੋਂ ਉਭਰਨ ਲਈ ਵਸੀਲਿਆਂ ਨੂੰ ਮਨ 'ਚ ਧਾਰਨਾ, ਉਨ੍ਹਾਂ ਦੀ ਸਾਰਥਕਤਾ ਨੂੰ ਵਿਚਾਰਨਾ ਅਤੇ ਵਕਤ ਦਾ ਹਾਣੀ ਬਣ ਕੇ ਇਸ ਵਿਚੋਂ ਉਭਰਨ ਲਈ ਨਰੋਏ ਕਦਮ ਉਠਾਉਣਾ ਹੀ ਇਨਸਾਨ ਦੀ ਸਭ ਤੋਂ ਵੱਡੀ ਪਹਿਲ ਹੁੰਦੀ। ਇਸ ਪਹਿਲ ਨੂੰ ਪ੍ਰਾਪਤੀ ਬਣਾ, ਵਕਤ ਦੇ ਮੱਥੇ 'ਤੇ ਅਜਿਹਾ ਸੂਰਜ ਉਗਾਉਂਦਾ ਕਿ ਕੋਈ ਵੀ ਹਨੇਰੇ ਜਗਦੇ ਇਸ ਨੂੰ ਬੁਝਾਉਣ ਦਾ ਸੋਚ ਵੀ ਨਹੀਂ ਸਕਦਾ।

ਯਾਦ ਰੱਖਣਾ! ਵਕਤ ਗੁਜਰ ਜਾਂਦਾ, ਵਖਤ ਵੀ ਲੰਘ ਜਾਂਦਾ; ਪਰ ਅਜਿਹੇ ਵਕਤ ਆਪਣਿਆਂ/ਬਿਗਾਨਿਆਂ ਵਲੋਂ ਨਿਭਾਇਆ ਰੋਲ ਬਹੁਤ ਸਾਰੀਆਂ ਯਾਦਾਂ ਮਨ-ਤਖਤੀ 'ਤੇ ਝਰੀਟ ਜਾਂਦਾ। ਇਹ ਝਰੀਟਾਂ ਸੁਖਦਾਈ ਅਨੁਭਵ ਵੀ ਹੁੰਦੀਆਂ ਤੇ ਦਰਦ ਦੀ ਇੰਤਹਾ ਵੀ। ਇਨ੍ਹਾਂ ਯਾਦਾਂ ਵਿਚੋਂ ਹੀ ਆਪਣੇਪਨ ਤੇ ਬਿਗਾਨੇਪਨ ਦੀ ਸੋਝੀ ਮਿਲਦੀ ਕਿ ਕਿਵੇਂ ਕੁਝ ਲੋਕ ਆਪਣੇ ਬਣ ਕੇ ਫਰੇਬ ਕਮਾਉਂਦੇ, ਜਦੋਂ ਕਿ ਕੁਝ ਪਰਾਏ ਨਿਸ਼ਕਾਮ ਤੇ ਨੇਕਨੀਤ ਹੁੰਦੇ।

ਵਕਤ ਦੀ ਬੀਹੀ ਵਿਚ ਜਦ ਵਕਤ ਦਨਦਨਾਉਂਦਾ ਤਾਂ ਕੁਝ ਅਜਿਹਾ ਕਰ ਜਾਂਦਾ ਕਿ

> **ਵਕਤ ਦੀ ਇਬਾਰਤ ਨੂੰ ਫਰੋਲਿਆਂ ਮਨੁੱਖ ਬਹੁਤ ਕੁਝ ਨੂੰ ਆਪਣਾ ਹਾਸਲ ਬਣਾ ਸਕਦਾ, ਕਿਉਂਕਿ ਵਕਤ ਦੀ ਵਹੀ ਵਿਚ ਵੀ ਛੁਪਿਆ ਏ ਸਭ ਤੋਂ ਵੱਡਾ ਸੱਚ ਕਿ ਵਕਤ ਵਿਚਾਰੇ ਸੋ ਬੰਦਾ ਹੋਏ। ਵਕਤ ਨੂੰ ਵਿਚਾਰ ਕੇ, ਸਮਝ ਕੇ ਅਤੇ ਇਸ ਅਨੁਸਾਰ ਕਦਮ ਉਠਾਉਣ ਵਾਲਿਆਂ ਦੇ ਭਾਗਾਂ ਵਿਚ ਮੰਜ਼ਿਲਾਂ ਹੁੰਦੀਆਂ, ਦੂਰ-ਦਿਸਹੱਦੇ ਉਨ੍ਹਾਂ ਨੂੰ ਨਮਸਕਾਰਦੇ ਅਤੇ ਦਰ-ਦਰਵਾਜੀਂ ਉਨ੍ਹਾਂ ਲਈ ਪਾਣੀ ਡੋਲ੍ਹਿਆ ਤੇ ਤੇਲ ਚੋਇਆ ਜਾਂਦਾ। ਸ਼ੁਗਨਾਂ ਦੀ ਰੁੱਤ ਵਿਹੜਿਆਂ ਨੂੰ ਹੀ ਨਸੀਬ ਹੁੰਦੀ, ਜੋ ਵਕਤ ਦੀ ਵਿਸੰਗਤੀ ਨੂੰ ਆਪਣੇ ਹੱਕ ਵਿਚ ਵਿਗਸਣ ਲਾਉਂਦੇ ਅਤੇ ਚਮਨ ਦਾ ਹਾਸਲ ਬਣਾਉਂਦੇ।**

ਮਨ ਡੋਲਦਾ। ਕਦਮ ਥਿੜਕਦੇ। ਸਭ ਕੁਝ ਫਨਾਹ ਹੋਇਆ ਜਾਪਦਾ। ਲੱਗਦਾ ਜਿਵੇਂ ਕਾਇਨਾਤ ਹੀ ਦੁਸ਼ਮਣ ਬਣ ਕੇ ਵਿਨਾਸ਼ ਕਰਨ 'ਤੇ ਤੁਲੀ ਹੋਵੇ, ਪਰ ਅਜਿਹਾ ਕੁਝ ਨਹੀਂ ਹੁੰਦਾ। ਵਖਤ, ਮਨੁੱਖ ਦੀ ਪ੍ਰੀਖਿਆ। ਇਸ ਵਿਚੋਂ ਪਾਸ ਹੋਣਾ ਹੀ ਮਰਦ-ਨਿਸ਼ਾਨੀ। ਵਖਤ ਦੁਨਿਆਵੀ ਪਦਾਰਥ, ਵਸਤਾਂ, ਘਰ, ਡੰਗਰ, ਮਕਾਨ, ਜਾਇਦਾਦ ਜਾਂ ਫਸਲ ਤਬਾਹ ਕਰ ਸਕਦਾ; ਪਰ ਮਨੁੱਖ ਵਿਚਲੀ ਹਿੰਮਤ, ਮਨ ਦੀ ਕਰੜਾਈ ਅਤੇ ਸਿਰੜ ਨੂੰ ਨਹੀਂ ਡੁਲਾ ਸਕਦੀ। ਮਨੁੱਖ ਦੀ ਹਿੰਮਤ ਸਾਹਵੇਂ ਤਾਂ ਦਰਿਆ ਵੀ ਮੁਹਾਣ ਮੋੜ ਲੈਂਦੇ। ਪੌਣ ਵੀ ਦਿਸ਼ਾ ਬਦਲ ਲੈਂਦੀ। ਅੰਬਰ ਬਣਦਾ ਚਾਨਣ ਦਾ ਪੀੜ੍ਹਾ। ਚੰਨ ਤੇ ਤਾਰੇ ਮਨੁੱਖੀ ਦਿਲਦਾਰੀ ਤੇ ਉਸਾਰੂ ਸੋਚ ਨੂੰ ਸਲਾਮਾਂ ਕਰਦੇ। ਮਨੁੱਖ ਭਵਿੱਖ-ਮੁਖੀ ਸੋਚ ਤੇ ਕੁਝ ਚੰਗੇਰਾ ਕਰਨ ਦੀ ਉਪਾਸਨਾ ਨਾਲ ਪਹਿਲੇ ਨਾਲੋਂ ਬਿਹਤਰ ਪ੍ਰਾਪਤੀਆਂ ਕਰ, ਕੁਦਰਤ ਦੇ ਕਹਿਰ ਨੂੰ ਹੈਰਾਨੀ ਵਿਚ ਪਾ ਦਿੰਦਾ। ਅਕਸਰ ਹੀ ਬਜੁਰਗ ਕਿਹਾ ਕਰਦੇ ਸਨ ਕਿ ਹਰ ਸਾਲ ਹੜ੍ਹ ਨਾਲ ਸਾਡੀਆਂ ਫਸਲਾਂ ਤਾਂ ਮਰ ਜਾਂਦੀਆਂ ਸਨ, ਪਰ ਅਸੀਂ ਕਦੇ ਹਿੰਮਤ ਨਹੀਂ ਸੀ ਹਾਰੀ। ਫਿਰ ਉਸੇ ਤਨਦੇਹੀ ਨਾਲ ਫਿਰ ਤੋਂ ਸ਼ੁਰੂ ਕਰ, ਜ਼ਿੰਦਗੀ ਨੂੰ ਲੀਹ 'ਤੇ ਲੈ ਆਉਂਦੇ ਸਾਂ। ਪਤਾ ਨਹੀਂ ਅਜੋਕਾ ਕਿਸਾਨ ਜਾਂ ਆਦਮੀ ਕਿਉਂ ਝੱਟ ਹੀ ਹਾਰ ਮੰਨ ਲੈਂਦਾ ਏ ਅਤੇ ਖੁਦਕੁਸ਼ੀਆਂ ਦੇ ਰਾਹੇ ਤੁਰ ਪੈਂਦਾ ਏ?

ਵਕਤ ਦੀ ਇਬਾਰਤ ਨੂੰ ਫਰੋਲਿਆਂ ਮਨੁੱਖ ਬਹੁਤ ਕੁਝ ਨੂੰ ਆਪਣਾ ਹਾਸਲ ਬਣਾ ਸਕਦਾ, ਕਿਉਂਕਿ ਵਕਤ ਦੀ ਵਹੀ ਵਿਚ ਵੀ ਛੁਪਿਆ ਏ ਸਭ ਤੋਂ ਵੱਡਾ ਸੱਚ ਕਿ ਵਕਤ ਵਿਚਾਰੇ ਸੋ ਬੰਦਾ ਹੋਏ। ਵਕਤ ਨੂੰ ਵਿਚਾਰ ਕੇ, ਸਮਝ ਕੇ ਅਤੇ ਇਸ ਅਨੁਸਾਰ ਕਦਮ ਉਠਾਉਣ ਵਾਲਿਆਂ ਦੇ ਭਾਗਾਂ ਵਿਚ ਮੰਜ਼ਿਲਾਂ ਹੁੰਦੀਆਂ, ਦੂਰ-ਦਿਸਹੱਦੇ ਉਨ੍ਹਾਂ ਨੂੰ ਨਮਸਕਾਰਦੇ ਅਤੇ ਦਰ-ਦਰਵਾਜੀਂ ਉਨ੍ਹਾਂ ਲਈ ਪਾਣੀ ਡੋਲ੍ਹਿਆ ਤੇ ਤੇਲ ਚੋਇਆ ਜਾਂਦਾ। ਸ਼ੁਗਨਾਂ ਦੀ ਰੁੱਤ ਵਿਹੜਿਆਂ ਨੂੰ ਹੀ ਨਸੀਬ ਹੁੰਦੀ, ਜੋ ਵਕਤ ਦੀ ਵਿਸੰਗਤੀ ਨੂੰ ਆਪਣੇ ਹੱਕ ਵਿਚ ਵਿਗਸਣ ਲਾਉਂਦੇ ਅਤੇ ਚਮਨ ਦਾ ਹਾਸਲ ਬਣਾਉਂਦੇ।

ਉਜੜੇ ਬਾਗਾਂ ਨੂੰ ਭਾਗ ਲਾਉਣੇ, ਸੁੰਨਸਾਨ ਨਗਰ ਵਿਚ ਜੀਵਨ ਧੜਕਾਉਣਾ ਅਤੇ ਸੁੰਨਤਾ ਦੇ ਹੋਠਾਂ 'ਤੇ ਬੋਲ ਟਿਕਾਉਣਾ, ਉਨ੍ਹਾਂ ਦੇ ਹਿੱਸੇ ਆਇਆ, ਜੋ ਵਕਤ ਲਈ ਵੰਗਾਰ ਬਣੇ।

ਵਕਤ ਨੂੰ ਲਲਕਾਰਨਾ ਅਤੇ ਇਸ ਦੀਆਂ ਅਮੋੜ ਕੰਨੀਆਂ ਨੂੰ ਸਾਧਣਾ, ਜਦ ਇਤਿਹਾਸ ਦਾ ਰੌਸ਼ਨ ਵਰਕਾ ਬਣਦਾ ਤਾਂ ਇਸ ਵਿਚੋਂ ਬਾਬਾ ਨਾਨਕ ਵੀ ਪ੍ਰਗਟਦਾ, ਜੋ ਬਾਬਰ ਨੂੰ ਲਲਕਾਰ ਸਕਦਾ ਅਤੇ ਰੱਬ ਨੂੰ ਉਲਾਹਮਾ ਵੀ ਦੇ ਸਕਦਾ। ਜਦ ਅਜਿਹੇ ਰਹਿਬਰ ਦੇ ਭਗਤ ਦੇ ਬੋਲ ਹੀ ਖਾਮੋਸ਼ ਹੋ ਜਾਣ ਜਾਂ ਉਨ੍ਹਾਂ ਦੀਆਂ ਕਲਮਾਂ ਵਿਚ ਖੜੋਤ ਪੈਦਾ ਹੋ ਜਾਵੇ ਤਾਂ ਕੌਣ ਹੋਵੇਗਾ ਜੋ ਵਕਤ ਨੂੰ ਵੰਗਾਰ ਸਕੇ? ਕਬਰ 'ਤੇ ਜਗਦਾ ਚਿਰਾਗ, ਉਨ੍ਹਾਂ ਸੂਰਜਾਂ ਦੇ ਮੱਥੇ 'ਤੇ ਬੇਸ਼ਰਮੀ ਧਰ ਜਾਂਦਾ, ਜੋ ਹਨੇਰਿਆਂ ਤੋਂ ਡਰ ਕੇ ਅਲੋਪ ਹੋ ਗਏ। ਜਿਸ ਚਾਨਣ ਵਿਚ ਕਾਲਖ ਨਾਲ ਆਢਾ ਲਾਉਣ ਦੀ ਹਿੰਮਤ ਨਾ ਹੋਵੇ, ਉਸ ਨੂੰ ਚਾਨਣ ਅਖਵਾਉਣ ਦਾ ਕੋਈ ਹੱਕ ਨਹੀਂ।

ਵਖਤ ਦੀ ਦਹਿਲੀਜ਼ 'ਤੇ ਵਹਿਮ, ਵੈਰਾਗ, ਵੀਰਾਨੀ ਜਾਂ ਵਹਿਸ਼ਤ ਨਾ ਧਰੋ, ਸਗੋਂ ਇਸ ਨੂੰ ਦਲੇਰੀ, ਦਮਦਾਰੀ, ਦਿਲ-ਗੁਰਦੇ ਅਤੇ ਦਰਿਆ-ਦਿਲੀ ਨਾਲ ਲਬਰੇਜ਼ ਕਰੋ, ਵਖਤ ਨੂੰ ਆਪਣੀ ਹੋਂਦ ਛੁਪਾਉਣ ਦੀ ਕਾਹਲ ਹੋਵੇਗੀ।

ਵਖਤ ਵਿਚ ਵਹਿਮੀ ਲੋਕ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੁੰਦੇ। ਉਹ ਇਕ ਕਸ਼ਟ ਕਾਰਨ ਕਈ ਕਸ਼ਟਾਂ ਨੂੰ ਖਿਆਲਾਂ ਵਿਚ ਉਪਜਾਉਂਦੇ। ਇਕ ਔਕੜ ਵਿਚੋਂ ਲੰਘਣ ਦੀ ਥਾਂ ਨਵੀਆਂ ਔਕੜਾਂ ਸਿਰਜਦੇ। ਬਹੁਤੀ ਵਾਰ ਮਨ ਦਾ ਵਹਿਮ ਤੁਹਾਡੀ ਕਮਜ਼ੋਰੀ ਹੁੰਦੀ। ਇਸ ਨੂੰ ਆਪਣੀ ਤਾਕਤ ਬਣਾ ਕੇ ਮਨੁੱਖ ਨਵੀਆਂ ਪੁਲਾਂਘਾਂ ਨੂੰ ਪਹਿਲ-ਕਦਮੀ ਬਣਾ ਸਕਦਾ।

ਵਕਤ ਦੇ ਵਿਰੜੇ ਵਿਚ ਕੁਝ ਚਿਰਾਗ ਹਰਦਮ ਬੁਝਣ ਬੁਝਣ ਹੀ ਕਰਦੇ। ਕੁਝ ਚਿਰਾਗ ਖੁਦ ਨੂੰ ਬੁਝਣ ਨਹੀਂ ਦਿੰਦੇ ਕਿਉਂਕਿ ਜਿੰਨਾ ਚਿਰ ਅੰਤਰੀਵੀ ਜੋਤ ਜਗਦੀ ਹੈ, ਕੋਈ ਵੀ ਤਾਕਤ ਚਿਰਾਗ ਨੂੰ ਬੁਝਾ ਨਹੀਂ ਸਕਦੀ। ਕੁਝ ਚਿਰਾਗ ਤਾਂ ਤੇਲ ਅਤੇ ਬੱਤੀ ਦੀ ਅਣਹੋਂਦ ਵਿਚ ਖੁਦ ਨੂੰ ਬਾਲ ਕੇ ਰੌਸ਼ਨੀ ਵੰਡਣ ਦੇ ਕਰਮ ਵਿਚ ਖੜੋਤ ਨਹੀਂ ਆਉਣ ਦਿੰਦੇ, ਕਿਉਂਕਿ ਚਾਨਣ ਦਾ ਬਿਨ-ਲਾਭ ਵਣਜ ਕਰਨਾ, ਉਨ੍ਹਾਂ ਦਾ ਧਰਮ।

ਵਕਤ ਨੂੰ ਹਰ ਵੇਲੇ ਹੀ ਚਾਨਣ ਦੀ ਲੋੜ, ਕਿਉਂਕਿ ਆਲੇ-ਦੁਆਲੇ ਤਾਂ ਪਸਰਿਆ ਹੋਇਆ ਹੈ ਅੰਧ-ਗੁਬਾਰ; ਤਾਂ ਹੀ ਕਲਮ ਕੂਕਦੀ,

ਵਕਤ 'ਤੇ ਉਕਰੀ ਮਸਤਕ ਰੇਖਾ
ਕਿਰਨਾਂ ਦੀ ਤ੍ਰਿਹਾਈ
ਗਮ-ਗਰਭ ਨੂੰ ਗੋਦ ਖਿਡਾਵੇ
ਤੇ ਪੀੜਾ ਸੰਗ ਪ੍ਰਣਾਈ
ਇਸ ਦੀ ਜੂਹੇ ਤਦਬੀਰ-ਤੰਦਾਂ ਨੇ
ਤਰਜ਼ੀਹਾਂ ਉਲਝਾਈਆਂ
ਤੇ ਵਕਤ-ਪੌਲੇ 'ਚ ਬੰਨ ਗਈਆਂ
ਤੜਫ, ਤਾਂਘ, ਤਨਹਾਈਆਂ

ਵਕਤਾ ਵੇ! ਕਦੇ ਵਖਤ ਵਿਚਾਰੀਂ
ਤੇ ਮੱਥੇ ਬੀਜੀਂ ਤਾਰੇ
ਕਲਮ, ਹਰਫ ਤੇ ਜ਼ਰਜ਼ਰੀ ਵਰਕਾ
'ਵਾਜਾਂ ਮਾਰ ਕੇ ਹਾਰੇ

ਵਕਤਾ ਵੇ! ਤੇਰੇ ਮੋਢੇ ਬਗਲੀ
ਕਾਹਤੋਂ ਖਾਲਮ-ਖਾਲੀ
ਕੇਹੀ ਸੁੰਨ ਤੇ ਕਾਹਦਾ ਝੋਰਾ
ਤੇ ਭੁੱਖ ਦੇ ਸੰਗ ਭਿਆਲੀ

ਵੇਲਿਆ ਵੇ! ਤੇਰੇ ਨੈਣੀਂ ਸੁਪਨੇ
ਸਾਹੀਂ ਵਿਰਵੇ ਹੋਏ
ਕਦੇ ਤਾਂ ਇਸ ਦੀ ਕਾਲਖ ਨਗਰੀ
ਚਾਨਣ ਪਹਿਰ-ਪਰੋਏ

ਵਕਤਾ ਵੇ! ਤੇਰੇ ਵਿਹੜੇ ਵਿਚ
ਰਾਤ ਕਦੇ ਨਾ ਹੋਵੇ
ਹਰ ਘਰ ਦੇ ਹੀ ਦਰ-ਦਰਵਾਜੇ
ਸਰਘੀ ਆ ਕੇ ਧੋਵੇ

ਵਕਤਾ ਵੇ! ਚੱਲ ਸੁਪਨ ਵਿਹਾਜੀਏ
ਤੇ ਸੋਚੀਂ ਸਫਰ ਉਗਾਈਏ
ਤੇ ਅੰਦਰ ਉਗਮੇ ਰਾਤ-ਬਨੇਰੇ
ਹਿੰਮਤ-ਚਿਰਾਗ ਜਗਾਈਏ
ਰੁੱਸ ਗਈਆਂ ਜੋ ਰਾਹਾਂ ਸਾਥੋਂ
ਪੈੜਾਂ ਦੇ ਨਾਂ ਲਾਈਏ
ਤੇ ਸਮਿਆਂ ਦੀ ਸੱਖਣੀ ਸਰਦਲੇ
ਪਾਣੀ ਡੋਲ ਕੇ ਆਈਏ।

ਕਈ ਵਾਰ ਵਖਤ ਕੁਝ ਲੋਕਾਂ ਦੀ ਵੀ ਉਪਜ ਹੁੰਦਾ। ਸਿਰਫ ਨਿੱਜੀ ਸੁਆਰਥ ਦੀ ਪੂਰਤੀ ਲਈ, ਹਉਮੈ ਲਈ, ਧੌਂਸ ਜਮਾਉਣ ਜਾਂ ਵਕਤ ਨੂੰ ਪੁਠਾ ਗੇੜਾ ਦੇਣ ਲਈ। ਵਖਤ ਪਾਉਣਾ, ਇਨ੍ਹਾਂ ਦਾ ਸ਼ੁਗਲ, ਪਰ ਕਈਆਂ ਲਈ ਜਾਨ ਦਾ ਖੌਅ ਵੀ ਹੁੰਦਾ। ਵਖਤੀ ਲੋਕ ਨਾ ਬਣੋ ਸਗੋਂ ਵਕਤ ਦੀ ਤਲੀਆਂ 'ਤੇ ਲੱਗੀ ਉਸ ਮਹਿੰਦੀ ਦਾ ਗੂੜ੍ਹਾ ਰੰਗ ਬਣੋ, ਜੋ ਸੁਹਾਗਣ ਦਾ ਰੂਪ ਨਿਖਾਰਦੀ, ਬੁੱਢ-ਸੁਹਾਗਣ ਹੋਣ ਦੀ ਦੁਆ ਵੀ ਹੁੰਦਾ।

ਉਸ ਵਕਤ ਨੂੰ ਨਤਮਸਤਕ ਹੋਵੋ, ਜਿਸ ਵਿਚ ਮਰਨਹਾਰੇ ਪਲ ਜਿਉਣ ਜੋਗੇ ਪਹਿਰ ਬਣਦੇ। ਕੋਰੇ ਵਰਕਿਆਂ ਨੂੰ ਹਰਫ ਨਸੀਬ ਹੁੰਦੇ। ਘਰਾਂ ਨੂੰ ਦਰ ਤੇ ਦਰਾਂ ਨੂੰ ਚੋਏ ਤੇਲ ਦਾ ਵਿਸਮਾਦ ਹਾਸਲ ਹੁੰਦਾ। ਜੋੜੇ ਹੱਥਾਂ ਵਿਚ ਆਸਥਾ ਤੇ ਅਰਦਾਸ ਦਾ ਭਰਿਆ ਕਾਸਾ ਅਤੇ ਦੀਦਿਆਂ ਵਿਚ ਸੁਪਨਿਆਂ ਦਾ ਵਾਸਾ ਹੁੰਦਾ। ਉਦਾਸ ਚਿਹਰਿਆਂ 'ਤੇ ਆਸ ਚਮਕੇ, ਹਾਰੇ ਹੋਇਆਂ ਨੂੰ ਵਿਸ਼ਵਾਸ ਮਿਲੇ ਅਤੇ ਰੱਕੜ ਬਣੇ ਮਨਾਂ ਵਿਚ ਫੁੱਲ ਖਿੜਨ।

ਕੁਝ ਵਕਤ ਕਦੇ ਨਹੀਂ ਪਰਤਦੇ। ਸਿਰਫ ਉਨ੍ਹਾਂ ਦੀਆਂ ਯਾਦਾਂ ਸੰਗ ਜਿਉਣਾ ਹੀ ਜੀਵਨ ਦਾ ਹਾਸਲ ਹੁੰਦਾ। ਅਜਿਹੀਆਂ ਯਾਦਾਂ ਵਿਚ ਹੀ ਵੱਸਦਾ ਹੈ-ਮਾਂ ਦੀ ਗੋਦ ਦਾ ਨਿੱਘ, ਬਾਪ ਦੀ ਛਾਂਵੇਂ ਤੁਰਨਾ, ਬਚਪਨ ਦੀਆਂ ਨਿੱਕੀਆਂ ਸ਼ਰਾਰਤਾਂ ਦਾ ਚੇਤਾ, ਕੋਠਿਆਂ ਤੋਂ ਬੇਧਿਆਨੇ ਵਿਚ ਹੀ ਛਾਲ ਮਾਰਨੀ, ਦਾਦੇ-ਦਾਦੀ ਤੇ ਨਾਨੇ-ਨਾਨੀ ਦੀਆਂ ਬਾਤਾਂ ਦੇ ਹੁੰਗਾਰੇ ਭਰਦਿਆਂ ਉਨ੍ਹਾਂ ਦੀ ਗੋਦ ਵਿਚ ਹੀ ਸੌਂ ਜਾਣਾ, ਲੰਗੋਟੀਏ ਯਾਰਾਂ ਨਾਲ ਮੌਜ-ਮਸਤੀ ਦੇ ਦਿਨ, ਜੀਵਨ ਦੀ ਦੁਪਹਿਰੇ ਸੂਹੇ ਰੰਗਾਂ ਵਿਚ ਰੰਗੇ ਜਾਣਾ, ਰੂਹ-ਰਮਜ਼ ਨੂੰ ਮਿਲਣ ਦੀ ਤਮੰਨਾ, ਸੱਜਣਾਂ ਦੀ ਮੋਹ-ਮਿਲਣੀ 'ਚ ਸਮੇਂ ਦੇ ਰੁਕ ਜਾਣ ਦਾ ਅਹਿਸਾਸ, ਆਪਣੀ ਧੁਨ 'ਚ ਸਫਰ ਨੂੰ ਨਵੇਂ ਦਿਸਹੱਦੇ ਦੇਣਾ ਤੇ ਇਕ ਸੁਪਨੇ ਦੀ ਪੂਰਤੀ ਪਿਛੋਂ ਇਕ ਹੋਰ ਸੁੰਦਰ ਸੁਪਨੇ ਵੰਨੀਂ ਲੰਮੀ ਪੁਲਾਂਘ ਪੁੱਟਣੀ। ਇਨ੍ਹਾਂ ਯਾਦਾਂ ਦਾ ਸਰਮਾਇਆ ਵਿਰਲਿਆਂ ਦਾ ਨਸੀਬ। ਇਹ ਯਾਦਾਂ ਹੀ ਬੰਦੀਆਂ ਅਦੀਬ।

ਸਫਲ ਵਿਅਕਤੀ ਉਹ ਹੁੰਦੇ, ਜੋ ਵਕਤ ਦੀ ਅੱਖ ਵਿਚ ਝਾਕਦੇ, ਇਸ ਦੀਆਂ ਸੂਖਮ-ਤਰੰਗਾਂ ਨੂੰ ਮਹਿਸੂਸ ਕਰਦੇ ਅਤੇ ਫਿਰ ਵਕਤ ਨੂੰ ਸੁਪਨਿਆਂ ਦੀ ਸਰਜ਼ਮੀਂ ਬਣਾ, ਨਵੀਆਂ ਚਾਨਣ-ਖਿੱਤੀਆਂ ਦਾ ਸਿਰਨਾਵਾਂ ਦਿੰਦੇ, ਕਿਉਂਕਿ,

ਚਾਨਣਾਂ ਦੀ ਹੋਣੀ ਜਦ 'ਨੇਰੇ ਦੀ ਗੁਲਾਮ ਹੋ ਜੇ
ਤਾਂ ਦਿਨ-ਦੀਵੀਂ ਪੈਂਦੀ ਘੁੱਪ ਰਾਤ
ਸੂਰਜ ਵੀ ਧਰਤੀ ਤੋਂ ਪਰੇ ਪਰੇ ਰਹਿੰਦਾ ਉਦੋਂ
ਅੱਖਾਂ ਅੱਡੀ ਉਡੀਕੇ ਪ੍ਰਭਾਤ
ਬੰਦਿਆਂ 'ਚੋਂ ਬੰਦਾ ਫਿਰ ਖੁਦ ਹੀ ਅਲੋਪ ਹੁੰਦਾ
ਹਰ ਇਕ ਬਣ ਜਾਂਦਾ ਜਾਤ
ਸਮਿਆਂ ਦੀ ਦੇਹਲੀ 'ਤੇ ਹੰਝੂਆਂ ਦਾ ਖਾਰਾ ਪਾਣੀ
ਬਿਨ-ਤਾਰੇ ਅੰਬਰੀਂ ਪਰਾਤ
ਹਰਫਾਂ 'ਚ ਹਰੇਵੇ ਤੇ ਹਾਵਿਆਂ ਦੀ ਲੇਰ ਗੂੰਜੇ
ਪੀੜਾ ਬਣੇ ਹਰਫ-ਸੁਗਾਤ
ਅਰਥੀ ਨੂੰ ਆਪਣੇ ਹੀ ਮੋਢੇ ਉਤੇ ਚੁੱਕੀ ਫਿਰੇ
ਹੌਕੇ ਜਿਹੀ ਆਦਮ ਦੀ ਜਾਤ
ਪੌਣਾਂ ਉਤੇ ਉਕਰੀ ਇਬਾਦਤ ਦੀ ਆਸਥਾ ਵੀ
ਭੁੱਲ ਜਾਂਦੀ ਪਾਉਣੀ ਖੈਰਾਤ
ਘਰਾਂ ਅਤੇ ਖੇਤਾਂ ਵਿਚ ਖੇੜਾ ਜੋ ਸੀ ਮੌਲਦਾ
ਬਣ ਜਾਂਦਾ ਬੀਤੀ ਹੋਈ ਬਾਤ
ਪਰ! ਅਜਿਹੇ ਵਕਤ
ਰਹਿਣ ਨਾ ਸਦੀਵ ਕਦੇ
ਆਉਣਾ ਇਕ ਪਲ ਜਦ ਸੂਰਜ ਨੇ ਅੱਖ ਖੋਲ੍ਹ
ਸਰਘੀ ਦਾ ਦਰ ਖੜਕਾਉਣਾ
ਸੁੰਨੇ ਪਏ ਬਨੇਰਿਆਂ ਤੋਂ ਝਰ ਰਹੀ ਧੁੱਪੜੀ ਨੇ
ਵਿਹੜਿਆਂ ਦੀ ਚੁੱਪ ਨੂੰ ਬੁਲਾਉਣਾ
ਬੁੱਢੇ ਹੋਏ ਘਰਾਂ 'ਚ ਪਰਤ ਕੇ ਪਰਿੰਦਿਆਂ ਨੇ
ਘਰ-ਨਾਦ ਘਰ-ਜੂਹੇ ਲਾਉਣਾ
ਮੀਚੇ ਹੋਏ ਦੀਦਿਆਂ ਨੇ ਸੁਪਨੇ ਹੰਘਾਲ ਕੇ
ਆਲ੍ਹਣੇ 'ਚ ਅੰਬਰ ਸਜਾਉਣਾ
ਪੌਣ-ਸਰਗੋਸ਼ੀਆਂ ਨੇ ਵੰਡ ਕੇ ਸੁਗੰਧੀਆਂ
ਵੀਰਾਨ ਹੋਇਆ ਚਮਨ ਮਹਿਕਾਉਣਾ
ਸੋਚ-ਸੰਧੂਰੀਆਂ ਨੇ ਪੈੜਾਂ ਦਾ ਸਫਰ ਬਣ
ਸਿਦਕ ਨਾਂਵੇਂ ਮੰਜ਼ਿਲਾਂ ਨੂੰ ਲਾਉਣਾ
ਵਕਤ 'ਤੇ ਉਕਰੀ ਇਬਾਰਤ ਦੀ ਇਨਾਇਤ ਨਾਲ
ਸੁੱਤਾ ਪਿਆ ਅੰਦਰ ਜਗਾਉਣਾ।

ਉਹ ਵਕਤ ਕਿੰਜ ਭੁੱਲੇ, ਜਿਸ ਨੇ ਸੁੰਨ ਨੂੰ ਤੋੜਿਆ। ਚੁੱਪ ਦੇ ਹੋਠਾਂ 'ਤੇ ਬੋਲ ਧਰੇ, ਸ਼ਬਦਾਂ ਨੂੰ ਅਰਥ ਵਰੇ। ਜੋ ਤਿੱਖੜ ਦੁਪਹਿਰਾਂ 'ਚ ਛਾਂ ਕਰੇ, ਮਨ ਦੇ ਖਾਲੀਪਣ ਨੂੰ ਭਰੇ, ਸੁੱਕੇ ਅੰਤਰੀਵ ਨੂੰ ਹਰਾ ਕਰੇ ਅਤੇ ਜਿੰਦ ਦੇ ਖਾਲੀ ਛਾਬੇ ਨੂੰ ਸੁਖਨ ਦੇ ਟੁੱਕ ਨਾਲ ਭਰੇ।

ਵਕਤ ਹੀ ਹੁੰਦਾ, ਜੋ ਅੰਬਰ ਨੂੰ ਸੰਦਲੀ ਜੂਹ ਬਣਾਉਂਦਾ। ਧਰਤ ਨੂੰ ਰਾਗ-ਰੰਗੀ ਰੂਹ ਬਣਾਉਂਦਾ। ਵਿਹੜਿਆਂ ਨੂੰ ਭਾਗ ਲਾਉਂਦਾ ਅਤੇ ਵਕਤ ਦੀ ਬੇਰੁਖੀ ਦੇ ਕੰਨਾਂ 'ਚ ਬਹਾਰ ਦੀ ਆਮਦ ਦੀ ਸੂਹ ਗੁਣਗੁਣਾਉਂਦਾ। ਅਜਿਹਾ ਵਕਤ ਸਦਾ ਸਲਾਮਤ ਰਹੇ ਅਤੇ ਇਸ ਵਕਤ ਵਿਚੋਂ ਵਰਕਿਆਂ ਨੂੰ ਇਬਾਰਤ, ਇਬਾਰਤ ਨੂੰ ਇਬਾਦਤ ਅਤੇ ਇਬਾਦਤ ਨੂੰ ਇਨਾਇਤ ਹਾਸਲ ਹੁੰਦੀ ਰਹੇ।

ਵਕਤ ਦੇ ਵਿਹੜੇ ਵਿਚ ਸ਼ੁਭ-ਚਿੰਤਨ ਦੀਆਂ ਕਲਮਾਂ ਲਾਓ। ਸ਼ੁਭ-ਭਾਵਨਾ ਦਾ ਪਾਣੀ ਪਾਓ ਅਤੇ ਸ਼ੁਭ-ਵਿਚਾਰ ਦੀ ਰੂੜੀ ਮਿਲਾਓ। ਇਹ ਕਲਮਾਂ ਬਹੁਤ ਵੱਡੇ ਬਿਰਖ ਬਣ ਕੇ ਮੌਲਣਗੀਆਂ, ਟਾਹਣੀਆਂ 'ਤੇ ਲੱਗੇ ਸੂਹੇ ਫੁੱਲਾਂ ਨਾਲ ਜ਼ਿੰਦਗੀ ਨੂੰ ਮੌਲਣ ਦਾ ਸ਼ਰਫ ਹਾਸਲ ਹੋਵੇਗਾ। ਫੁੱਲਾਂ ਦੀ ਸੁਗੰਧ ਵਿਚ ਤਮਾਮ ਨਿਆਮਤਾਂ ਹੀ ਮਨੁੱਖ ਦਾ ਹਾਸਲ ਹੋਣਗੀਆਂ। ਅਜਿਹੇ ਚੌਗਿਰਦੇ ਵਿਚ ਮਾਨਵਤਾ ਨੂੰ ਨਵਾਂ ਮੁਹਾਂਦਰਾ ਮਿਲੇਗਾ, ਜੋ ਵਕਤ ਦਾ ਹਾਸਲ ਹੋਵੇਗਾ।

ਵਕਤ ਨੂੰ ਅਜਿਹਾ ਹਾਸਲ ਬਣਾਉਣ ਵਿਚ ਦੇਰ ਕਿਉਂ ਕਰਨੀ!

# ਰੱਬ ਦੀ ਈ-ਮੇਲ

ਕੁਝ ਸਾਲ ਪਹਿਲਾਂ ਛਪੀ ਮੇਰੀ ਪੁਸਤਕ 'ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤੱਕ: ਅਕਾਦਮਿਕ ਵਿਸ਼ਲੇਸ਼ਣ' ਦੇ ਸਰਵਰਕ ਉਤੇ ਧਰਮ ਅਤੇ ਵਿਗਿਆਨ ਦੀ ਵਿਚਾਰਧਾਰਾ ਦੀ ਸੰਧੀ 'ਚੋਂ 'ਰੱਬ ਦੀ ਈ-ਮੇਲ' ਕਸ਼ੀਦ ਕਰਕੇ ਛਾਪੀ ਗਈ ਸੀ (ਚਿਤਰ-1)। ਇਸ ਈ-ਮੇਲ ਨੇ ਵਿਦਵਾਨਾਂ ਅਤੇ ਪਾਠਕਾਂ ਵਿਚ ਉਤਸੁਕਤਾ ਜਗਾਈ ਸੀ ਤੇ ਹੈਰਾਨਕੁਨ ਸਵਾਲ ਵੀ ਖੜ੍ਹੇ ਕੀਤੇ ਸਨ। ਇਸ ਲੇਖ ਵਿਚ ਉਨ੍ਹਾਂ ਦੇ ਸ਼ੰਕੇ ਨਵਿਰਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਰੱਬ ਦੀ ਈ-ਮੇਲ ਗੁਰੂ ਨਾਨਕ ਦੇਵ ਜੀ ਦੇ ਮੂਲਮੰਤਰ ਦੇ ਪਹਿਲੇ ਯੁਜ਼ ੴ ਅਤੇ ਵਿਗਿਆਨੀ ਆਇਨਸਟਾਈਨ ਦੇ ਊਰਜਾ ਦੇ ਫਾਰਮੂਲੇ E=Mc2 ਨੂੰ ਜੋੜ ਕੇ ਬਣਾਈ ਗਈ ਹੈ। ਈ-ਮੇਲ ਦੇ ਇਹ ਦੋਵੇਂ ਹਿੱਸੇ ਰੱਬ ਦੀ ਭਾਲ ਦੇ ਸੂਚਕ ਹਨ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਮੂਲਮੰਤਰ ਵਿਚ ਰੱਬ ਦੇ ਸੂਖਮ ਗੁਣ/ਲੱਛਣ ਦਰਸਾ ਕੇ ਉਸ ਅਪਾਰ ਸ਼ਕਤੀ ਦੀ ਪਰਿਭਾਸ਼ਾ ਦਿੱਤੀ ਹੈ। ਭੌਤਿਕ ਵਿਗਿਆਨੀ ਆਇਨਸਟਾਈਨ ਨੇ ਇਸ ਸ਼ਕਤੀ ਦੀ ਥਾਹ ਪਾਉਣ

ਡਾ. ਗੁਰੁਮੇਲ ਸਿੱਧੂ
gurmel.sidhu@gmail.com

ਦੀ ਕੋਸ਼ਿਸ਼ ਕੀਤੀ ਹੈ।

ਮੂਲਮੰਤਰ ਵਿਚ ਰੱਬ ਦੀ ਪਛਾਣ ਦੇ ਨੌਂ ਲੱਛਣ (Attributes) ਦੱਸੇ ਗਏ ਹਨ: ੴ 1 ਸਤਿ ਨਾਮੁ 2 ਕਰਤਾ ਪੁਰਖੁ 3 ਨਿਰਭਉ 4 ਨਿਰਵੈਰੁ 5 ਅਕਾਲ ਮੂਰਤਿ 6 ਅਜੂਨੀ 7 ਸੈਭੰ 8 ਗੁਰ ਪ੍ਰਸਾਦਿ 9

1. ੴ=ਰੱਬ ਕੇਵਲ ਇਕ ਹੈ।
2. ਸਤਿ ਨਾਮੁ=ਉਸ ਦਾ ਨਾਮ ਸੰਪੂਰਨ (Absolute) ਸੱਚਾਈ ਹੈ।
3. ਕਰਤਾ ਪੁਰਖੁ=ਉਹ ਸ੍ਰਿਸ਼ਟੀ ਦਾ ਸਿਰਜਣਹਾਰ ਹੈ।
4. ਨਿਰਭਉ=ਉਹ ਹਰ ਤਰ੍ਹਾਂ ਦੇ ਭੈਅ/ਡਰ ਤੋਂ ਮੁਕਤ ਹੈ।
5. ਨਿਰਵੈਰ=ਉਸ ਦਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ।
6. ਅਕਾਲ ਮੂਰਤਿ=ਉਹ ਸਮੇਂ ਦੀ ਬੰਦਿਸ਼ ਤੋਂ ਬਾਹਰ ਹੈ। (ਰੱਬ ਦਾ ਇਹ ਲੱਛਣ ਕਿਸੇ ਹੋਰ ਧਰਮ ਵਿਚ ਨਹੀਂ ਮਿਲਦਾ।)
7. ਅਜੂਨੀ=ਉਹ ਜੰਮਣ-ਮਰਨ ਦੇ ਚੱਕਰ ਤੋਂ ਮੁਕਤ ਹੈ। (ਰੱਬ ਦਾ ਇਹ ਲੱਛਣ ਵੀ ਹੋਰ ਧਰਮਾਂ ਵਿਚ ਨਹੀਂ ਹੈ।)
8. ਸੈਭੰ=ਉਹ ਹਰ ਥਾਂ ਵਿਦਮਾਨ ਹੈ।
9. ਗੁਰ ਪ੍ਰਸਾਦਿ=ਉਹ ਕਣ ਕਣ ਵਿਚ ਰਮਿਆ ਹੋਇਆ ਹੈ, ਜਿਸ ਦਾ ਭੇਦ ਗੁਰੂ ਦੀ ਸਿਖਿਆ ਰਾਹੀਂ ਪਾਇਆ ਜਾ ਸਕਦਾ ਹੈ।

ੴ ਨੂੰ ਬੀਜ ਮੰਤਰ ਕਹਿੰਦੇ ਹਨ, ਜਿਸ ਦਾ ਭਾਵ ਹੈ, ਰੱਬ ਦੀ ਜੜ੍ਹ ਜਾਂ ਮੂਲ। ਇਹ ਸ਼ਬਦ ਦੋ ਯੁਜਾਂ ਤੋਂ ਬਣਿਆ ਹੈ, ਗਣਿਤ ਦਾ '੧' ਅਤੇ ਭਾਸ਼ਾ ਦਾ 'ਓ', ਜਿਸ ਦਾ ਸੰਯੁਕਤ ਭਾਵ ਹੈ, ਰੱਬ ਸਿਰਫ ਤੇ ਸਿਰਫ ਇਕ ਹੈ। ਅਹਿਮ ਸਵਾਲ ਇਹ ਹੈ ਕਿ ਬਾਬੇ ਨਾਨਕ ਨੇ ਭਾਸ਼ਾ ਦੇ 'ਇਕ' ਦੀ ਥਾਂ ਗਣਿਤ ਦਾ ਅੰਕੜਾ '੧' ਕਿਉਂ ਵਰਤਿਆ? ਇਹ ਵੀ ਸੋਚਣ ਵਾਲੀ ਗੱਲ ਹੈ ਕਿ ਇਹ ਅੰਕੜਾ ਸਿਰਫ ਮੂਲਮੰਤਰ ਵਿਚ ਹੀ ਵਰਤਿਆ ਗਿਆ ਹੈ, ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਵਿਚ ਇਸ ਦੀ ਵਰਤੋਂ ਨਹੀਂ ਕੀਤੀ ਗਈ। ਗੁਰੂ ਗ੍ਰੰਥ ਸਾਹਿਬ ਵਿਚ ਪੂਰਾ ਮੂਲਮੰਤਰ 33 ਵਾਰ, ਸੰਖੇਪ ਰੂਪ ਵਿਚ (ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ) 8 ਵਾਰ, ਸੰਖਿਪਤ ਰੂਪ ਵਿਚ (ੴ ਸਤਿ ਗੁਰ ਪ੍ਰਸਾਦਿ) 525 ਵਾਰ ਅਤੇ ਬੀਜ ਮੰਤਰ (ੴ ) 3 ਵਾਰ ਵਰਤਿਆ ਗਿਆ ਹੈ। ਮੂਲਮੰਤਰ ਦੇ ਵੱਖਰੇ ਵੱਖਰੇ ਰੂਪ, ਰਾਗਾਂ ਦੇ ਸ਼ੁਰੂ ਵਿਚ ਵਰਤੇ ਗਏ ਹਨ। ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਵਿਚ ੧ ਦੀ ਥਾਂ ਭਾਸ਼ਾਈ ਸ਼ਬਦ 'ਇਕ' ਦੀ ਵਰਤੋਂ ਕੀਤੀ ਗਈ ਹੈ। ਸਵਾਲ ਹੈ ਕਿ ਮੂਲਮੰਤਰ ਵਿਚ ਅੰਕੜੇ ੧ ਦੀ ਵਰਤੋਂ ਕਿਉਂ ਅਹਿਮ ਸਮਝੀ ਗਈ? ਇਸ ਬਾਰੇ ਮੇਰਾ ਅੰਦਾਜ਼ਾ ਅਤੇ ਦਲੀਲ ਇੰਜ ਹਨ:

ਗਣਿਤ ਦੇ ਅੰਕੜੇ ੧ ਤੋਂ ਮੂਲਮੰਤਰ ਦਾ ਅਰੰਭ ਕਰਨਾ ਬਾਬੇ ਨਾਨਕ ਦੀ ਦਿੱਭ ਦ੍ਰਿਸ਼ਟੀ ਅਤੇ ਪਰਪੱਕ ਵਿਗਿਆਨਕ ਸੋਚ ਦਾ ਸੂਚਕ ਹੈ। ਬਾਬਾ ਜੀ ਨੇ ਇਕੋ ਪਰਮ ਸ਼ਕਤੀ (ਪਰਮਾਤਮਾ, ਈਸ਼ਵਰ, ਰਹੀਮ, ਗੌਡ, ਯਹੋਵਾ) ਦੀ ਸੱਚਾਈ ਨੂੰ ਨਿਸ਼ਚਿਤ ਸੀਮਾ ਵਿਚ ਬੰਨ੍ਹ ਕੇ ਦਵੈਤ ਦੇ ਸੰਕਲਪ ਦਾ ਰਾਹ ਹਰ ਪਾਸਿਉਂ ਬੰਦ ਕਰ ਦਿੱਤਾ ਹੈ। ਭਾਸ਼ਾਈ ਸ਼ਬਦ 'ਇਕ' ਵੀ ਵਰਤਿਆ ਜਾ ਸਕਦਾ ਸੀ, ਪਰ ਗੁਰੂ ਨਾਨਕ ਨੇ ਅਜਿਹਾ ਨਹੀਂ ਕੀਤਾ। ਉਪਨਿਸ਼ਦਾਂ ਵਿਚ ਏਕਮ ਸ਼ਬਦ ਦੀ ਵਰਤੋਂ ਬ੍ਰਹਮਾ ਦੇ ਸੰਦਰਭ ਵਿਚ ਕੀਤੀ ਗਈ ਹੈ: 'ਏਕਮ ਬ੍ਰਹਮਾ ਦਵਿਤੀਉ ਨਾਸਤੀ।'

ਅਰਥਾਤ, ਬ੍ਰਹਮਾ ਇਕ ਹੈ, ਦੂਜਾ ਕੋਈ ਨਹੀਂ। ਪਰ ਹਿੰਦੂ ਗ੍ਰੰਥਾਂ ਵਿਚ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਤਿੰਨ ਵੱਖ-ਵੱਖ ਦੇਵਤੇ ਮੰਨਿਆ ਗਿਆ ਹੈ। ਦੱਖਣੀ ਓਂਕਾਰ ਬਾਣੀ ਵਿਚ ਗੁਰੂ ਨਾਨਕ ਲਿਖਦੇ ਹਨ,

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥
(ਰਾਮਕਲੀ ੧)

ਅਰਥਾਤ, ਪਰਮਾਤਮਾ ਤੋਂ ਹੀ ਬ੍ਰਹਮਾ ਦੀ ਉਤਪਤੀ ਹੋਈ।


ਇਸਲਾਮ ਅਤੇ ਇਸਾਈ ਧਰਮ ਏਕਵਾਦ (Monoism) ਦੀ ਹਾਮੀ ਭਰਦੇ ਹਨ, ਪਰ ਇਸ ਬਾਰੇ ਸਪੱਸ਼ਟ ਨਹੀਂ ਜਾਪਦੇ। ਕਾਰਨ ਦੋ ਹਨ-ਪਹਿਲਾ, ਦਵੈਤਵਾਦੀ (Dualism) ਭਾਵਨਾ ਅਤੇ ਦੂਜਾ, ਭਾਸ਼ਾਈ ਅਨਿਸ਼ਚਿਤਤਾ। ਦਵੈਤਵਾਦ ਇਸਲਾਮ ਦੇ ਕਲਮੇ 'ਤਯੱਯਬ' ਵਿਚੋਂ ਉਪਲਬਧ ਹੁੰਦਾ ਹੈ। ਇਸ ਅਨੁਸਾਰ ਰੱਬ ਇਕ ਹੈ (ਲਾ ਇਲਾਹਾ ਇੱਲਲਿੱਲਾਹ), ਪਰ ਦੂਜੇ ਪਦ 'ਮੁਹੰਮਦ ਰਸੂਲ ਅੱਲਾਹ' ਵਿਚ ਮੁਹੰਮਦ ਸਾਹਿਬ ਨੂੰ ਰੱਬ ਦਾ ਸਨੇਹੀ ਜਾਂ ਰੱਬ ਤੇ ਇਨਸਾਨ ਵਿਚਾਲੇ ਵਿਚੋਲਾ ਕਰਾਰ ਦਿੱਤਾ ਗਿਆ ਹੈ। ਇਸ ਪੱਖ ਤੋਂ ਇਸਲਾਮ ਵਿਚ ਦਵੈਤਵਾਦ ਦੇ ਲੱਛਣ ਦਾ ਝੌਲਾ ਪੈਂਦਾ ਹੈ, ਭਾਵੇਂ ਇਸ ਭਾਵਨਾ ਨੂੰ ਬਹੁਤੇ ਇਸਲਾਮੀ ਵਿਦਵਾਨ ਸਵੀਕਾਰ ਨਹੀਂ ਕਰਦੇ। ਇਸੇ ਤਰ੍ਹਾਂ ਇਸਾਈ ਧਰਮ ਵਿਚ ਭਾਵੇਂ ਰੱਬ ਨੂੰ ਇਕ ਮੰਨਿਆ ਗਿਆ ਹੈ, ਪਰ ਦੂਜੇ ਪਾਸੇ ਈਸਾ ਮਸੀਹ ਨੂੰ ਰੱਬ ਦਾ ਫਰਜ਼ੰਦ ਕਹਿ ਕੇ ਮੁਕਤੀ ਦਾ ਸਾਧਨ ਦੱਸਿਆ ਗਿਆ ਹੈ।

ਭਾਸ਼ਾ ਪੱਖੋਂ ਸ਼ਬਦ 'ਇਕ' ਜਾਂ 'ਏਕਮ' ਨਿਸ਼ਚਿਤ ਅਰਥ ਨਹੀਂ ਦਿੰਦੇ, ਕਿਉਂਕਿ ਇਹ ਪਰਮਾਤਮਾ ਦੇ ਬਾਹਰੀ ਅਰਥਾਂ ਦੇ ਧਾਰਨੀ ਹਨ, ਅੰਦਰੂਨੀ ਭਾਵਨਾ ਨੂੰ ਵਿਅਕਤ ਨਹੀਂ ਕਰਦੇ। ਕਾਰਨ, ਇਨ੍ਹਾਂ ਦਾ ਉਲਟ ਭਾਵੀ ਸ਼ਬਦ 'ਅਨੇਕ', ਏਕ ਦੇ ਅਰਥ ਵਿਚ ਸ਼ੰਕਾ ਪੈਦਾ ਕਰਦਾ ਹੈ। ਸੰਰਚਨਵਾਦ ਦੀ ਵਿਚਾਰਧਾਰਾ ਪੱਖੋਂ ਸ਼ਬਦ (Word) ਨਿਸ਼ਚਿਤ ਅਰਥ ਨਹੀਂ ਦਿੰਦਾ। ਸ਼ਬਦ ਮਹਿਜ਼ ਇਕ ਇਕਾਈ ਹੈ, ਜਿਸ ਵਿਚ ਉਸ ਦੀ ਧੁਨੀ ਅਤੇ ਵਿਚਾਰ ਛੁਪੇ ਹੋਏ ਹਨ। ਸੰਰਚਨਾਵਾਦ ਦੀ ਭਾਸ਼ਾ ਵਿਚ ਸ਼ਬਦ ਨੂੰ ਚਿਹਨ, ਧੁਨੀ ਨੂੰ ਚਿਹਨਕ ਅਤੇ ਸੰਕਲਪ ਨੂੰ ਚਿਹਨਿਤ ਕਿਹਾ ਜਾਂਦਾ ਹੈ। ਮੂਲਮੰਤਰ ਵਿਚ ੴ ਵਿਚਾਰ ਹੈ, ਇਕ ਓਅੰਕਾਰ ਇਸ ਦੀ ਧੁਨੀ ਹੈ ਅਤੇ ਬਾਕੀ ਦੇ ਸ਼ਬਦ ਸੰਕਲਪ ਹਨ। ਓ ਨਾਲ ਲੱਗਾ ਗਣਿਤ ਦਾ ਹਿੰਦਸਾ ੧, ਰੱਬ ਦੇ ਨਿਰਪੇਖ ਅਤੇ ਅਸੀਮ (Absolute) ਪੱਖ ਨੂੰ ਦਰਸਾਉਂਦਾ ਹੈ, ਸ਼ਬਦ 'ਇਕ' ਰੱਬ ਦੀ ਇਕਾਈ ਦਾ ਸੰਪੂਰਨ ਵਰਗੀਕਰਣ ਨਹੀਂ ਕਰਦਾ।

ਮੂਲਮੰਤਰ ਦੇ ਅੱਖਰ ਓ ਨੂੰ ਓਅੰਕਾਰ ਕਰਕੇ ਉਚਾਰਿਆ ਜਾਂਦਾ ਹੈ। ਇਸ ਦੀ ਨਿਰੁਕਤੀ ਵੈਦਿਕ ਸ਼ਬਦ 'ਓਮ' ਤੋਂ ਹੋਈ। ਓਮ ਦਾ ਧਾਤੂ ਸ਼ਬਦ ਵੈਦਿਕ ਭਾਸ਼ਾ ਦਾ 'ਨਵ' ਹੈ, ਜੋ ਪਹਿਲਾਂ 'ਪ੍ਰਣਵ' ਸ਼ਬਦ ਵਿਚ ਵਿਗਸਿਆ। ਪ੍ਰਣਵ ਨੂੰ ਈਸ਼ਵਰ ਦਾ ਵਾਚਕ ਮੰਨਿਆ ਗਿਆ। ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਅਨੁਸਾਰ ਨਾਦ ਅਤੇ ਬਿੰਦੂ ਅਸਲ ਵਿਚ ਸੰਪੂਰਨ ਬ੍ਰਹਿਮੰਡ ਵਿਚ ਵਿਆਪਕ ਅਨਾਹਤ ਨਾਦਿ ਜਾਂ ਅਨਹਦ ਨਾਦ ਰਾਹੀਂ ਵਿਅਕਤ ਹੁੰਦੇ ਹਨ। ਇਹ ਨਾਦ ਅਸਲੋਂ ਉਪਾਧੀ ਰਹਿਤ ਹੋਣ ਕਾਰਨ ਪ੍ਰਣਵ ਜਾਂ ਓਅੰਕਾਰ ਅਖਵਾਉਂਦਾ ਹੈ।

ਗਣਿਤ ਦੀ ਅਹਿਮੀਅਤ ਬਾਬੇ ਨਾਨਕ ਦੇ ਸਮੇਂ ਵਧੀ, ਜਦੋਂ ਇਸਾਈ ਧਰਮ ਦੇ ਪਾਦਰੀ ਨਿਕੋਲਸ ਕੁਪਰਨੀਕਸ (1473-1543) ਨੇ ਗਣਿਤ ਦੇ ਫਾਰਮੂਲਿਆਂ ਰਾਹੀਂ ਧਰਤੀ ਨੂੰ ਸੂਰਜ ਦੇ ਦੁਆਲੇ ਘੁੰਮਦੀ ਸਿੱਧ ਕੀਤਾ। ਗੁਰੂ ਨਾਨਕ (1469-1539) ਅਤੇ ਕੁਪਰਨੀਕਸ ਸਮਕਾਲੀ ਸਨ। ਦੋਵੇਂ 70 ਸਾਲ ਦੀ ਉਮਰ ਭੋਗ ਕੇ ਪ੍ਰਲੋਕ ਸਿਧਾਰੇ। ਕੁਪਰਨੀਕਸ ਤਾਰਾ-ਵਿਗਿਆਨ (Cosmology) ਦਾ ਗਿਆਤਾ ਸੀ। ਉਸ ਨੇ ਹੈਲੀਓਸੈਂਟ੍ਰਿਕ (Heliocentric) ਸਿਧਾਂਤ ਪੇਸ਼ ਕੀਤਾ, ਜਿਸ ਅਨੁਸਾਰ ਧਰਤੀ ਅਤੇ ਹੋਰ ਗ੍ਰਹਿ ਸੂਰਜ ਦੁਆਲੇ ਘੁੰਮਦੇ ਹਨ। ਇਸ ਤੋਂ ਪਹਿਲਾਂ ਮਿਸਰ ਦੇ ਤਾਰਾ ਵਿਗਿਆਨੀ ਕਲੌਡੀਅਸ ਟੌਲਮੀ (Claudius Ptolemy) ਦੇ ਜਿਓਸੈਂਟ੍ਰਿਕ (Geocentric) ਸਿਧਾਂਤ ਦੀ ਮਾਨਤਾ ਸੀ, ਜਿਸ ਅਨੁਸਾਰ ਧਰਤੀ ਬ੍ਰਹਿਮੰਡ ਦਾ ਧੁਰਾ ਹੈ, ਇਹ 24 ਘੰਟਿਆਂ ਵਿਚ ਆਪਣੇ ਦੁਆਲੇ ਅਤੇ ਇਕ ਸਾਲ ਵਿਚ ਸੂਰਜ ਦੁਆਲੇ ਚੱਕਰ ਲਾਉਂਦੀ ਹੈ। ਟੌਲਮੀ ਦਾ ਸਮਾਂ 90-168 ਏ. ਡੀ. ਸੀ। ਬਾਈਬਲ (New Testament) 367 ਏ. ਡੀ. ਦੇ ਕਰੀਬ ਸੰਪਾਦਤ ਕੀਤੀ ਗਈ। ਉਸ ਵੇਲੇ ਜਿਓਸੈਂਟ੍ਰਿਕ ਵਿਚਾਰ ਦੀ ਮਾਨਤਾ ਸੀ, ਤੇ ਬਾਈਬਲ ਵਿਚ ਟੌਲਮੀ ਦੇ ਵਿਚਾਰ ਦੀ ਵਰਤੋਂ ਥਾਂ-ਪੁਰ-ਥਾਂ ਮਿਲਦੀ ਹੈ। ਕੁਝ ਮਿਸਾਲਾਂ ਹਨ:

"He (God) has fixed the earth firm, immovable." (Chronicles 16:30)




(ਚਿਤਰ-1) ਰੱਬ ਦੀ ਈ-ਮੇਲ।

"Thou (God) hast fixed the earth immovable and firm" (Psalm 93:1)

"He has fixed the earth firm, immovable…" (Psalm 96:10)

ਕੁਪਰਨੀਕਸ ਨੇ ਇਸ ਮਿੱਥ ਨੂੰ ਤੋੜਨ ਲਈ ਗਣਿਤ (ਜਿਉਮੈਟਰੀ ਅਤੇ ਅਲਜਬਰਾ) ਦੇ ਫਾਰਮੂਲੇ ਵਰਤ ਕੇ ਬਾਈਬਲ ਦੇ ਜਿਓਸੈਂਟ੍ਰਿਕ ਸਿਧਾਂਤ ਨੂੰ ਗਲਤ ਸਾਬਿਤ ਕੀਤਾ, ਫਲਸਰੂਪ, ਇਸਾਈ ਧਰਮ ਮਰਯਾਦਾ ਦੀ ਚੂਲ ਹਿੱਲ ਗਈ। ਇਹ ਖਬਰ ਸਾਰੇ ਸੰਸਾਰ ਵਿਚ ਜੰਗਲ ਦੀ ਅੱਗ ਵਾਂਗ ਫੈਲੀ। ਗਣਿਤ ਵਿਦਿਆ ਦੀ ਇਸ ਅਹਿਮੀਅਤ ਨੇ ਗੁਰੂ ਨਾਨਕ ਦੇਵ ਦੀ ਦਿੱਭ ਦ੍ਰਿਸ਼ਟੀ ਨੂੰ ਪ੍ਰਭਾਵਿਤ ਕੀਤਾ ਹੋਵੇ। ਹੋ ਸਕਦਾ ਹੈ ਕਿ ਬਾਬੇ ਨਾਨਕ ਨੇ ਉਸ ਵੇਲੇ ਦੇ ਪੋਪ ਲਿਉ-10 (Leo-X) ਨਾਲ ਇਸ ਬਾਰੇ ਸੰਵਾਦ ਵੀ ਰਚਾਇਆ ਹੋਵੇ। ਗਵਾਹੀ ਮਿਲਦੀ ਹੈ ਕਿ ਗੁਰੂ ਨਾਨਕ ਦੇਵ 1518 ਈ. ਵਿਚ ਵੈਟੀਕਨ (ਕੈਥੋਲਿਕ ਧਰਮ ਦਾ ਪਵਿੱਤਰ ਸਥਾਨ) ਗਏ ਸਨ। ਵੈਟੀਕਨ ਵਿਚ ਹਰ ਖਾਸ ਵਿਅਕਤੀ ਦੀ ਜ਼ਿਆਰਤ ਦਾ ਰਿਕਾਰਡ ਰੱਖਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੀ ਰੋਮ ਦੀ ਫੇਰੀ ਬਾਰੇ ਲਿਖਿਆ ਹੈ:


'Arch-Bishop Dom Jose Renaldo of Pope Benedict-XII, speaks about Sat guru Nanak Sahib visit to Rome with a musician, in 1518 AD, and Sat guru stayed in Mausoleum-F of Old St.Peter's Basillica. Sat guru advocated to Leo-X, (the Pope) "Liberty of Slavery". He told the Pope that nobody has the right to enslave others. Almighty Sat guru told the worthy Pope that every human being has the same blood in his or her veins'. Thomas Nelson, US Ambassador to Italy, (1913-19) also confirms from Vatican records that Sat guru Nanak visited the Vatican.

ਬਿਦਰ ਅਤੇ ਨਾਂਦੇੜ ਦੇ ਗੁਰਦੁਆਰੇ ਦੀ ਕੰਧ 'ਤੇ ਪੁਰਾਣੇ ਨਕਸ਼ੇ ਵਾਹੇ ਹੋਏ ਹਨ। ਇਨ੍ਹਾਂ ਵਿਚ ਗੁਰੂ ਨਾਨਕ ਅਤੇ ਭਾਈ ਮਰਦਾਨੇ ਦੇ ਮੱਕਾ-ਮਦੀਨਾ ਅਤੇ ਰੋਮ/ਵੈਟੀਕਨ ਜਾਣ ਦੀ ਨਿਸ਼ਾਨਦੇਹੀ ਕੀਤੀ ਹੋਈ ਹੈ। ਬਾਬੇ ਨਾਨਕ ਦੇ ਮੱਕੇ ਜਾਣ ਬਾਰੇ ਢੇਰ ਸਾਰੀ ਵਾਕਫੀਅਤ ਮਿਲਦੀ ਹੈ, ਜਿਵੇਂ,

1. ਖੁਆਜਾ ਜਾਨ-ਉਲ ਲਬਦੀਨ ਆਪਣੀ ਕਿਤਾਬ 'ਤਵਾਰੀਖ ਅਰਬ' ਵਿਚ ਲਿਖਦਾ ਹੈ ਕਿ ਉਹ ਬਾਬੇ ਨਾਨਕ ਨੂੰ ਮੱਕੇ ਮਿਲਿਆ।
2. ਬਾਬੇ ਨਾਨਕ ਦੇ ਮੱਕੇ ਜਾਣ ਬਾਰੇ ਅਹਿਮ ਗਵਾਹੀ ਜਨਮ ਸਾਖੀਆਂ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਮਿਲਦੀ ਹੈ।

ਪਰ ਬਾਬੇ ਨਾਨਕ ਦੀ ਰੋਮ/ਵੈਟੀਕਨ ਫੇਰੀ ਬਾਰੇ ਤਵਾਰੀਖ ਚੁੱਪ ਹੈ। ਇਸ ਤੋਂ ਬਾਬਾ ਜੀ ਦੇ ਰੋਮ ਜਾ ਕੇ ਪੋਪ ਨੂੰ ਮਿਲਣ 'ਤੇ ਕੁਝ ਸ਼ੱਕ-ਸੁਭਾ ਪੈਦਾ ਹੋ ਜਾਂਦਾ ਹੈ। ਪਰ ਬਿਸ਼ਪ ਰੀਨਾਲਡੋ (Arch-Bishop Dom Jose Renaldo) ਅਤੇ ਇਟਲੀ ਦੇ ਅਮਰੀਕਨ ਅੰਬੈਸਡਰ ਟੌਮਸ ਨੈਲਸਨ ਦੇ ਕਥਨਾਂ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ। ਇਸ ਮੁੱਦੇ ਬਾਰੇ ਹੋਰ ਖੋਜ ਦੀ ਲੋੜ ਹੈ।

ਗੁਰੂ ਨਾਨਕ ਦੇਵ ਜੀ ਨੇ ਦੂਜੇ ਧਰਮਾਂ ਦੇ ਪਵਿੱਤਰ ਅਸਥਾਨਾਂ ਵਲ ਕਈ ਉਦਾਸੀਆਂ ਕੀਤੀਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਨਾਲ ਗੋਸ਼ਟਾਂ ਹੋਈਆਂ। ਵੈਟੀਕਨ ਦੀ ਉਦਾਸੀ ਵੀ ਸ਼ਾਇਦ ਇਸੇ ਮਕਸਦ ਨਾਲ ਕੀਤੀ ਹੋਵੇ ਤੇ ਪੋਪ ਨਾਲ ਸੰਵਾਦ ਰਚਾਇਆ ਹੋਵੇ, ਜਿਸ ਵਿਚ ਕੁਪਰਨੀਕਸ ਦੇ ਸਿਧਾਂਤ ਬਾਰੇ ਵਿਚਾਰ ਵਟਾਂਦਰਾ ਹੋਇਆ ਹੋਵੇ। ਉਕਤ ਟੂਕ ਵਿਚ ਇਸ ਦਾ ਜ਼ਿਕਰ ਨਹੀਂ ਮਿਲਦਾ।



(ਚਿਤਰ-2): ਪੰਜਵੇਂ ਗੁਰੂ ਅਰਜਨ ਦਾ ਲਿਖਿਆ ਮੂਲਮੰਤਰ।

ਇਸ ਦੇ ਕਈ ਕਾਰਨ ਹੋ ਸਕਦੇ ਹਨ,

1. ਬਾਈਬਲ ਦੀ ਮਾਨਤਾ 'ਤੇ ਸੱਟ ਵੱਜਣ ਦੀ ਸੰਭਾਵਨਾ ਕਰਕੇ ਚਰਚ ਨੇ ਇਸ ਸਿਧਾਂਤ ਨੂੰ ਦਬਾਉਣਾ ਚਾਹਿਆ ਹੋਵੇ।
2. ਬਾਬਾ ਜੀ ਨੇ ਮੂਲਮੰਤਰ ਵਿਚ ਪਹਿਲਾਂ ਹੀ ਅੰਕੜਾ ੧ ਵਰਤਿਆ ਹੋਵੇ, ਇਸ ਲਈ ਉਨ੍ਹਾਂ ਲਈ ਕੁਪਰਨੀਕਸ ਦੇ ਹੈਲੀਓਸੈਂਟ੍ਰਿਕ ਸਿਧਾਂਤ ਦੀ ਬਹੁਤੀ ਅਹਿਮੀਅਤ ਨਾ ਹੋਵੇ।

ਗੁਰੂ ਨਾਨਕ ਦੇਵ ਜੀ ਬਿਲਾਵਲੁ ਰਾਗ (ਪੰਨਾ 838) ਵਿਚ ਲਿਖਦੇ ਹਨ,

ਏਕਮ ਏਕੰਕਾਰੁ ਨਿਰਾਲਾ॥
ਅਮਰੁ ਅਜੋਨੀ ਜਾਤਿ ਨਾ ਜਾਲਾ॥

ਭਾਈ ਗੁਰਦਾਸ, ਜੋ ਆਦਿ ਗ੍ਰੰਥ ਦੇ ਕਾਤਿਬ ਸਨ, ਨੇ ਆਪਣੀਆਂ ਵਾਰਾਂ ਵਿਚ ਸਪੱਸ਼ਟ ਤੌਰ 'ਤੇ ਮੂਲਮੰਤਰ ਵਿਚ ਵਰਤੇ ਏਕੇ (੧) ਦੀ ਵਿਆਖਿਆ ਕੀਤੀ ਹੈ,

ਏਕਾ ਏਕੰਕਾਰੁ ਲਿਖਿ ਦੇਖਾਇਆ।
ਊੜਾ ਓਅੰਕਾਰੁ ਪਾਸਿ ਬਹਾਇਆ।
(ਵਾਰ 15)

ਗੁਰ ਪ੍ਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ।
ਨਿਰੰਕਾਰ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।
ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।
ਇਕਦੂ ਹੋਏ ਤਿਨਿ ਦੇਵ ਤਿਹੁ ਮਿਲਿ ਦਸ ਅਵਤਾਰ ਗਣਾਇਆ। (ਵਾਰ 26)

ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰ ਲਿਖਾਇਆ।
ਸਤਿ ਨਾਮੁ ਕਰਤਾ ਪੁਰਖੁ ਨਿਰਭਉ ਹੁਇ ਨਿਰਵੈਰ ਸਦਾਇਆ।
ਅਕਾਲ ਮੂਰਤਿ ਪਰਤਖਿ ਸੋਇ ਨਾਉ ਅਜੂਨੀ ਸੈਭੰ ਭਾਇਆ।
ਗੁਰਪਰਸਾਦਿ ਸੁ ਆਦਿ ਸਚੁ ਜੁਗਤ ਜੁਗੰਤਰੁ ਹੋਂਦ ਆਇਆ। (ਵਾਰ 39)

ਇਨ੍ਹਾਂ ਵਾਰਾਂ ਵਿਚ ਬੀਜ ਮੰਤਰ ਦੇ ਗੁੱਝੇ ਭੇਦ ਬਾਰੇ ਕੋਈ ਸ਼ੰਕਾ ਨਹੀਂ ਰਹਿ ਜਾਂਦਾ ਕਿ ਗਣਿਤ ਦਾ ਹਿੰਦਸਾ ੧, ਇਕਾਂਗ ਦਾ ਲਖਾਇਕ ਹੈ ਅਤੇ ਓ ਅੱਖਰ ਓਅੰਕਾਰ ਦਾ ਸਮਅਰਥੀ ਹੈ।

ਸਵਾਲ ਹੈ ਕਿ ਬਾਬੇ ਨਾਨਕ ਨੇ ਮੂਲਮੰਤਰ ਕਦੋਂ ਲਿਖਿਆ? ਗੁਰੂ ਨਾਨਕ ਦੀ ਹੱਥ ਲਿਖਤ ਬਾਣੀ ਨਹੀਂ ਮਿਲਦੀ, ਜਪੁਜੀ ਸਾਹਿਬ ਬਾਰੇ ਆਦਿ ਗ੍ਰੰਥ ਵਿਚ ਲਿਖਿਆ ਹੈ, 'ਜਪੁ ਗੁਰੂ ਰਾਮ ਦਾਸ ਜੀਉ ਕਿਆ ਦਸਖਤਾ ਕਾ ਨਕਲ।' ਇਸ ਦਾ ਮਤਲਬ ਇਹ ਕਿ ਗੁਰੂ ਨਾਨਕ ਦੇਵ ਤੋਂ ਲੈ ਕੇ ਤੀਜੇ ਗੁਰੂ ਅਮਰ ਦਾਸ ਤਕ ਗੁਰਬਾਣੀ ਦਾ ਸੰਚਾਰ ਮੌਖਿਕ ਤੌਰ 'ਤੇ ਹੁੰਦਾ ਰਿਹਾ ਅਤੇ ਚੌਥੇ ਗੁਰੂ ਨੇ ਲਿਖਣੀ ਸ਼ੁਰੂ ਕੀਤੀ। ਮੂਲਮੰਤਰ ਦੀ ਹੱਥ ਲਿਖਤ ਦਾ ਪਹਿਲਾ ਨਮੂਨਾ ਗੁਰੂ ਅਰਜਨ ਦੇਵ ਦੇ ਨਿਸ਼ਾਣ (ਹਸਤਾਖਰ) ਦੇ ਰੂਪ ਵਿਚ 'ਆਦਿ ਬੀੜ' ਵਿਚ ਮਿਲਦਾ ਹੈ (ਚਿਤਰ-2)। 'ਆਦਿ ਬੀੜ' ਦਾ ਸੰਕਲਨ 1604 ਈ. ਵਿਚ ਮੁਕੰਮਲ ਹੋਇਆ ਸੀ।

ਕੁਪਰਨੀਕਸ ਨੇ ਹੈਲੀਓਸੈਂਟ੍ਰਿਕ ਸਿਧਾਂਤ 1507 ਵਿਚ ਲੱਭਿਆ, ਪਰ ਛਪਿਆ ਉਸ ਦੀ ਮੌਤ (1543) ਤੋਂ ਬਾਅਦ ਸੀ। ਇਸ ਤੱਥ ਨੂੰ ਕਬੂਲ ਕਰਨ ਲਈ ਕੈਥੋਲਿਕ ਧਰਮ ਨੂੰ ਇਕ ਸਦੀ ਲੱਗੀ, ਪਰ ਇਸ ਦੀ ਅਹਿਮੀਅਤ ਯਕਦਮ ਫੈਲ ਗਈ ਹੋਵੇਗੀ। ਬਾਬਾ ਨਾਨਕ ਦਿੱਭ ਦ੍ਰਿਸ਼ਟੀ ਵਾਲੇ ਮਹਾਂਪੁਰਸ਼ ਸਨ, ਉਨ੍ਹਾਂ ਨੂੰ ਕੁਪਰਨੀਕਸ ਦੇ ਸਿਧਾਂਤ ਨੇ ਜ਼ਰੂਰ ਪ੍ਰਭਾਵਿਤ ਕੀਤਾ ਹੋਵੇਗਾ।

ਉਸ ਵੇਲੇ ਹਿੰਦੂ ਧਰਮ ਵਿਚ ਰੱਬ ਨੂੰ ਤਿੰਨ ਰੂਪਾਂ-ਬ੍ਰਹਮਾ, ਵਿਸ਼ਨੂੰ ਤੇ ਸ਼ਿਵਾ ਵਿਚ ਧਿਆਇਆ ਜਾਂਦਾ ਸੀ। ਈਸਾਈ ਧਰਮ ਭਾਵੇਂ ਇਕ ਰੱਬ ਵਿਚ ਆਸਥਾ ਰਖਦਾ ਹੈ, ਪਰ ਇਸ ਦੇ ਵੀ ਤਿੰਨ ਰੂਪ ਹਨ-ਪਿਤਾ (ਰੱਬ), ਬੇਟਾ (ਈਸਾ ਮਸੀਹ) ਤੇ ਪਵਿੱਤਰ ਰੂਹ (ਆਤਮਾ)। ਸਿੱਖ ਧਰਮ ਵਿਚ ਅਜਿਹੀ ਕੋਈ ਦਵੈਤ ਨਹੀਂ ਅਤੇ ਰੱਬ ਦੀ ਇੱਕੋ ਇਕਾਈ ਨੂੰ ਮੰਨਦਾ ਹੈ। ਇਸ ਵਿਚਾਰ ਨੂੰ ਪੱਕਾ ਕਰਨ ਖਾਤਰ ਬਾਬੇ ਨਾਨਕ ਨੇ ਗਣਿਤ ਦਾ ਅੰਕੜਾ ੧ ਵਰਤਿਆ। ਜ਼ਿਕਰਯੋਗ ਹੈ ਕਿ ਗਣਿਤ ਸਾਇੰਸ ਦਾ ਇਕੋ ਇਕ ਖੇਤਰ ਹੈ, ਜਿਸ ਦੇ ਸਿਧਾਂਤ ਨਿਸ਼ਚਿਤ ਹਨ। ਗਣਿਤ ਨੂੰ ਸਾਰੇ ਵਿਗਿਆਨ ਖੇਤਰਾਂ ਦੀ ਮਾਂ ਸਮਝਿਆ ਜਾਂਦਾ ਹੈ, ਇਸ ਕਰਕੇ ਗਣਿਤ ਦੇ ਖੇਤਰ ਵਿਚ ਨੋਬੇਲ ਪ੍ਰਾਈਜ਼ ਨਹੀਂ ਦਿੱਤਾ ਜਾਂਦਾ।

ਗੁਰੂ ਨਾਨਕ ਨੂੰ ਭਲੀਭਾਂਤ ਗਿਆਤ ਸੀ ਕਿ ਪਰਮਾਤਮਾ ਦੀ ਪਰਿਭਾਸ਼ਾ ਕਰਕੇ ਉਸ ਦੀ ਸ਼ਕਤੀ ਨੂੰ ਤਰਕ ਦੇ ਧਰਾਤਲ 'ਤੇ ਉਤਾਰਨਾ ਮਾਨਿੰਦ ਹੈ। ਤਰਕ ਦੇ ਘੇਰੇ ਵਿਚ ਉਹੋ ਇਕਾਈ ਆ ਸਕਦੀ ਹੈ, ਜੋ ਇਨਸਾਨ ਦੀਆਂ ਗਿਆਨ ਇੰਦਰੀਆਂ ਰਾਹੀਂ ਮਹਿਸੂਸ ਕੀਤੀ ਜਾ ਸਕਦੀ ਹੈ ਜਾਂ ਤਜਰਬਿਆਂ ਰਾਹੀਂ ਸਿੱਧ ਹੋ ਸਕਦੀ ਹੈ। ਇਹ ਕਸਬ ਪ੍ਰਤੱਖ ਗਿਆਨ ਦੇ ਘੇਰੇ ਵਿਚ ਆਉਂਦਾ ਹੈ, ਪਰ ਰੱਬ ਇਸ ਘੇਰੇ ਤੋਂ ਬਾਹਰ ਵਿਚਰਦਾ ਹੈ। ਗੁਰੂ ਨਾਨਕ ਨੇ ਆਪਣੀ ਦਿੱਭ ਦ੍ਰਿਸ਼ਟੀ ਦੇ ਆਧਾਰ 'ਤੇ ਰੱਬ ਦੀ ਸ਼ਕਤੀ ਨੂੰ ਘੱਟ ਤੋਂ ਘੱਟ ਸ਼ਬਦਾਂ ਵਿਚ ਪਰਿਭਾਸ਼ਤ ਕਰਨਾ ਚਾਹਿਆ। ਇਸ ਲਈ ਉਨ੍ਹਾਂ ਨੇ ਓਅੰਕਾਰ ਨੂੰ, ਜੋ ਪਹਿਲਾਂ ਉਪਨਿਸ਼ਦਾਂ ਵਿਚ ਵਰਤਿਆ ਗਿਆ ਹੈ, ਕੇਵਲ ਓ ਲਿਖਿਆ। ਓ ਦੀਆਂ ਅੰਤਰਭਾਵੀ ਸਿਫਤਾਂ ਨੂੰ ਸਾਕਾਰ ਕਰਨ ਲਈ ਉਚਿਤ ਵਿਸ਼ੇਸ਼ਣ ਵਰਤੇ। ਜੋ ਮੂਲਮੰਤਰ ਦੇ ਹਿੱਸੇ ਹਨ। ਗੁਰਬਾਣੀ ਵਿਚ ਓ ਦੇ ਸੰਭਾਵੀ ਸ਼ਬਦ

(ਬਾਕੀ ਅਗਲੇ ਸਫੇ 'ਤੇ)

# ਗੁਰੂ ਨਾਨਕ ਦੀ ਬਾਣੀ ਵਿਚ ਸੱਚ ਦਾ ਸੰਕਲਪ

**ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ 'ਤੇ**

ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਸੱਚ ਦੀ ਵਿਆਖਿਆ ਕਰਦਾ ਸੱਚ ਦੇ ਸਿਖਰ 'ਤੇ ਜਾ ਪਹੁੰਚਦਾ ਹੈ। 'ਸਤਿ ਨਾਮੁ' ਦੀ ਧੁਨ ਗੁਰੂ ਜੀ ਦੀ ਸਮੁੱਚੀ ਬਾਣੀ ਵਿਚ ਗੂੰਜਦੀ ਹੈ,

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਸੱਚ ਆਦਿ-ਜੁਗਾਦੀ ਹੈ। ਇਹ ਭੂਤ, ਭਵਿੱਖ ਅਤੇ ਵਰਤਮਾਨ-ਤਿੰਨਾਂ ਕਾਲਾਂ ਵਿਚ ਮੌਜੂਦ ਹੈ। ਮਨੁੱਖ ਇਹਦੇ ਭੂਤ ਅਤੇ ਭਵਿੱਖ ਦੀ ਕੋਈ ਹੱਦ ਨਿਸ਼ਚਿਤ ਨਹੀਂ ਕਰ ਸਕਦਾ। ਜਾਹਰ ਹੈ, ਸੱਚ ਪਰਮਾਤਮਾ ਹੀ ਹੈ।

ਜਿੱਥੇ ਸੱਚ ਪਰਮਾਤਮਾ ਹੀ ਹੈ, ਉਥੇ ਦੁਨਿਆਵੀ ਜ਼ਿੰਦਗੀ ਦੇ ਕਾਰ-ਵਿਹਾਰ ਵਿਚ ਸੱਚ ਦੀ ਅਹਿਮੀਅਤ ਸੰਸਾਰ ਦੇ ਸਭ ਧਰਮਾਂ ਨੇ ਹੀ

**ਸੁਖਦੇਵ ਸਿੰਘ ਸ਼ਾਂਤ**
ਫੋਨ: 317-406-0002

ਮੰਨੀ ਹੈ। ਸੱਚ ਬੋਲਣਾ, ਸੱਚ ਸੁਣਨਾ ਅਤੇ ਸੱਚ ਅਨੁਸਾਰ ਜ਼ਿੰਦਗੀ ਬਤੀਤ ਕਰਨਾ ਹੀ ਅਸਲ ਵਿਚ ਧਾਰਮਿਕ ਜ਼ਿੰਦਗੀ ਹੈ।

ਸੱਚ ਦਾ ਵਿਰੋਧੀ ਸ਼ਬਦ ਝੂਠ ਜਾਂ ਕੂੜ ਹੈ। ਗੁਰਬਾਣੀ ਵਿਚ ਇਨ੍ਹਾਂ ਦੋਹਾਂ ਸ਼ਬਦਾਂ ਦੀ ਵਰਤੋਂ ਆਮ ਕੀਤੀ ਗਈ ਹੈ। ਸੱਚ ਦੀ ਸਿਫਤ-ਸਲਾਹ ਅਤੇ ਕੂੜ ਦੀ ਨਿਖੇਧੀ ਕਰਕੇ ਮਨੁੱਖ ਨੂੰ ਸੱਚ ਦੇ ਰਸਤੇ 'ਤੇ ਚੱਲਣ ਦੀ ਪ੍ਰੇਰਨਾ ਕੀਤੀ ਗਈ ਹੈ। ਗੁਰੂ ਅਰਜਨ ਦੇਵ ਮਨੁੱਖ ਦੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਸਮਝਦੇ ਹੋਏ ਫੁਰਮਾਉਂਦੇ ਹਨ,

ਸਾਚੁ ਧਰਮੁ ਨਹੀ ਭਾਵੈ ਡੀਠਾ॥
ਝੂਠ ਧੋਹ ਸਿਉ ਰਚਿਓ ਮੀਠਾ॥
(ਧਨਾਸਰੀ ਮ: 5, ਪੰਨਾ 676)

ਝੂਠ ਜਾਂ ਕੂੜ ਦੀ ਦੁਨਿਆਵੀ ਖਿੱਚ ਮਨੁੱਖ ਵਿਚ ਬਹੁਤ ਹੈ। ਮਨੁੱਖੀ ਮਨ ਨੂੰ ਇਹ ਸ਼ਹਿਦ ਵਰਗਾ ਮਿੱਠਾ ਲਗਦਾ ਹੈ। ਇਸ ਦਾ ਚਸਕਾ ਜਿਸ ਮਨੁੱਖ ਨੂੰ ਪੈ ਜਾਵੇ, ਉਹ ਝੂਠ ਤੋਂ ਬਿਨਾ ਰਹਿ ਨਹੀਂ ਸਕਦਾ। ਸੱਚ ਕੌੜਾ ਹੁੰਦਾ ਹੈ। ਕੌੜੇ ਤੋਂ ਇਲਾਵਾ ਸੱਚ ਮੁਸ਼ਕਿਲਾਂ ਨਾਲ ਭਰਪੂਰ ਹੁੰਦਾ ਹੈ। ਝੂਠ ਦਾ ਰਸਤਾ ਆਸਾਨ ਹੈ। ਸੱਚ ਦਾ ਰਸਤਾ ਔਕੜਾਂ ਭਰਿਆ ਹੁੰਦਾ ਹੈ। ਦੁਨੀਆਂ ਵਿਚ ਸੱਚ ਨੂੰ ਅਕਸਰ ਫਾਂਸੀ ਮਿਲਦੀ ਹੈ ਅਤੇ ਝੂਠ ਨੂੰ ਇਨਾਮ। ਸੁਕਰਾਤ, ਮਨਸੂਰ, ਈਸਾ ਮਸੀਹ, ਪ੍ਰਹਿਲਾਦ ਭਗਤ, ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਕਬੀਰ ਆਦਿ ਦੀਆਂ ਜੀਵਨ-ਕਥਾਵਾਂ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਸੱਚ ਦੇ ਰਾਹ 'ਤੇ ਚੱਲਣਾ ਕਿੰਨਾ ਔਖਾ ਹੈ। ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਦਾ ਗੁਰ-ਇਤਿਹਾਸ ਤਾਂ ਹੈ ਹੀ ਸੱਚ ਦਾ ਬਿਖੜਾ ਮਾਰਗ।

ਗੁਰੂ ਨਾਨਕ ਮਨੁੱਖ ਨੂੰ ਜੀਵਨ ਵਿਚ ਸੱਚ ਦਾ ਰਸਤਾ ਅਪਨਾਉਣ ਲਈ ਪ੍ਰੇਰਦੇ ਹਨ। ਇਸ ਪ੍ਰੇਰਨਾ ਪਿੱਛੇ ਵੱਡੀ ਦਲੀਲ ਇਹ ਹੈ ਕਿ ਜਿਸ ਪਰਮਾਤਮਾ ਦੇ ਅਸੀਂ ਅੰਸ਼ ਹਾਂ, ਉਹ ਸੱਚਾ ਹੈ। ਜੇ ਅਸੀਂ ਉਸ ਦੇ ਨਾਲ ਇਕਮਿਕਤਾ ਚਾਹੁੰਦੇ ਹਾਂ ਅਤੇ ਆਪਣੀ ਮਾਨਸਿਕ ਤੇ ਆਤਮਿਕ ਸ਼ਾਂਤੀ ਚਾਹੁੰਦੇ ਹਾਂ ਤਾਂ ਸਪੱਸ਼ਟ ਰੂਪ ਵਿਚ ਸਾਡੇ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਅਸੀਂ ਸੱਚ ਦੇ ਰਸਤੇ 'ਤੇ ਚੱਲੀਏ। ਗੁਰੂ ਨਾਨਕ ਨੇ 'ਜਪੁ' ਬਾਣੀ ਵਿਚ ਫੁਰਮਾਇਆ ਹੈ, ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥ (ਪੰਨਾ 2) ਅਤੇ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥ (ਪੰਨਾ 6)

ਇਸੇ ਤਰ੍ਹਾਂ ਗੁਰੂ ਸਾਹਿਬ ਨੇ 'ਸਚੀ ਟਕਸਾਲ', 'ਸਚਾ ਦਰਬਾਰੁ', 'ਸਾਚੀ ਕਾਰ', 'ਸਚਿਆਰੁ' ਅਤੇ 'ਸਚ ਖੰਡਿ' ਸ਼ਬਦਾਂ ਦੀ ਪਰਮਾਤਮਾ ਦਾ ਬਿਆਨ ਕਰਦਿਆਂ ਵਰਤੋਂ ਕੀਤੀ ਹੈ। ਕਿਉਂਕਿ ਪਰਮਾਤਮਾ ਦਾ ਸਥਾਨ ਉਸ ਦਾ ਦਰਬਾਰ ਅਤੇ ਉਸ ਦਾ ਹਰ ਕੰਮ ਸੱਚ ਨਾਲ ਭਰਪੂਰ ਹੈ, ਇਸ ਲਈ ਮਨੁੱਖ ਨੂੰ ਵੀ ਉਸ ਦੇ ਮਿਲਾਪ ਲਈ ਸੱਚ ਦਾ ਸਹਾਰਾ ਲੈਣਾ ਪਵੇਗਾ। ਝੂਠੇ ਬਾਦਸ਼ਾਹ ਤੱਕ ਪਹੁੰਚ ਕਰਨ ਲਈ ਮਨੁੱਖ ਝੂਠ ਦੀ ਵਰਤੋਂ ਕਰ ਸਕਦਾ ਹੈ। ਮਾਇਆਧਾਰੀ ਹੁਕਮਰਾਨ ਤੱਕ ਪਹੁੰਚ ਕਰਨ ਲਈ ਮਨੁੱਖ ਮਾਇਆ ਦੀ ਵਰਤੋਂ ਕਰ ਸਕਦਾ ਹੈ, ਪਰ ਇੱਥੇ ਪਹੁੰਚ ਸੱਚੇ ਦਰਬਾਰ ਵਿਚ ਕੀਤੀ ਜਾਣੀ ਹੈ।



ਮਿਲਾਪ ਸੱਚੇ ਪਾਤਸ਼ਾਹ ਨਾਲ ਕਰਨਾ ਹੈ। ਇੱਥੇ ਮਾਇਆ ਅਤੇ ਝੂਠ ਪਹੁੰਚ ਕਰਨ ਦਾ ਸਹਾਰਾ ਤਾਂ ਕੀ ਬਣਨੇ, ਸਗੋਂ ਰਾਹ ਦੀ ਰੁਕਾਵਟ ਬਣਦੇ ਹਨ।

ਇਸ ਲਈ ਮਨੁੱਖ ਜੇ ਧਾਰਮਿਕ ਬਣਨਾ ਚਾਹੁੰਦਾ ਹੈ, ਜੇ ਅਧਿਆਤਮਕ ਮਾਰਗ ਦਾ ਪਾਂਧੀ ਬਣਨਾ ਚਾਹੁੰਦਾ ਹੈ ਤਾਂ ਨਿਸ਼ਚੇ ਹੀ ਉਸ ਨੂੰ ਸੱਚ ਦਾ ਰਾਹ ਅਪਨਾਉਣਾ ਪਵੇਗਾ।

ਸੱਚ ਦੀ ਪ੍ਰੇਰਨਾ ਦੇਣ ਪਿੱਛੇ ਗੁਰੂ ਸਾਹਿਬ ਦੀ ਦੂਜੀ ਦਲੀਲ ਇਹ ਹੈ ਕਿ ਕੂੜ ਦੀ ਜਿੱਤ ਅਸਥਾਈ ਹੈ। ਝੂਠ ਜਾਂ ਕੂੜ ਥੋੜ੍ਹੇ ਚਿਰ ਲਈ ਮਨੁੱਖ ਨੂੰ ਕੋਈ ਦੁਨਿਆਵੀ ਕਾਮਯਾਬੀ ਦੇ ਸਕਦਾ ਹੈ, ਪਰ ਉਹ ਨਾਲੋ-ਨਾਲ ਮਨੁੱਖ ਨੂੰ ਮਾਨਸਿਕ ਤੌਰ 'ਤੇ ਡੇਗ ਦਿੰਦਾ ਹੈ। ਅਖੀਰ ਜਿੱਤ ਸੱਚ ਦੀ ਹੁੰਦੀ ਹੈ। ਇਕ ਦਿਨ ਝੂਠ ਦਾ ਭਾਂਡਾ ਫੁੱਟ ਜਾਂਦਾ ਹੈ। ਬਾਹਰੋਂ ਦਿੱਸਦੀ ਰੰਗ-ਬਿਰੰਗੀ ਖਿੱਦੋ ਖਿੰਡ ਜਾਂਦੀ ਹੈ। ਵਿਚਲੀਆਂ ਲੀਰਾਂ ਬਾਹਰ ਆ ਜਾਂਦੀਆਂ ਹਨ। ਇਕ ਝੂਠ ਛੁਪਾਉਣ ਲਈ ਸੌ ਹੋਰ ਝੂਠ ਬੋਲਣੇ ਪੈਂਦੇ ਹਨ ਅਤੇ ਮਨੁੱਖ ਝੂਠਾਂ ਦੀ ਪੰਡ ਬਣ ਜਾਂਦਾ ਹੈ। ਫਿਰ ਝੂਠ ਦੇ ਕੋਈ ਪੈਰ ਵੀ ਨਹੀਂ ਹੁੰਦੇ ਤੇ ਜਿਸ ਮਨੁੱਖ ਦੇ ਪੈਰ ਹੀ ਧਰਤੀ 'ਤੇ ਟਿਕਣ ਜੋਗੇ ਨਾ ਰਹਿਣ, ਉਸ ਦੀ ਜ਼ਿੰਦਗੀ ਦੁਸ਼ਵਾਰ ਹੋ ਜਾਂਦੀ ਹੈ। ਦੂਜੇ ਪਾਸੇ ਸੱਚ ਦੀ ਜਿੱਤ ਸਥਾਈ ਹੈ। ਇਹ ਜਿੱਤ ਹਾਸਲ ਕਰਨ ਦਾ ਰਸਤਾ ਜਿੰਨਾ ਦੁਖਦਾਈ ਹੈ, ਉਸ ਦੀ ਪ੍ਰਾਪਤੀ ਓਨੀ ਹੀ ਸੁਖਦਾਈ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ,

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥

ਗੁਰੂ ਸਾਹਿਬ ਦੀ ਤੀਜੀ ਦਲੀਲ ਇਹ ਹੈ ਕਿ ਸੱਚ 'ਤੇ ਚੱਲਣ ਵਾਲਾ ਮਨੁੱਖ ਇਸ ਸੰਸਾਰ ਵਿਚ ਵੀ ਮਾਣ ਪਾਉਂਦਾ ਹੈ। ਝੂਠ 'ਤੇ ਚੱਲਣ ਵਾਲਾ ਮਨੁੱਖ ਮੁਰਦਾਰ ਖਾਣ ਵਾਲਾ ਮਨੁੱਖ ਮੰਨਿਆ ਗਿਆ ਹੈ। ਅਜਿਹਾ ਮਨੁੱਖ ਆਪ ਤਾਂ ਡੁੱਬਦਾ ਹੀ ਹੈ, ਨਾਲ ਵਾਲਿਆਂ ਨੂੰ ਵੀ ਲੈ ਡੁੱਬਦਾ ਹੈ। ਜਿਹੜੇ ਅਜਿਹੇ ਆਗੂ ਦੇ ਪਿੱਛੇ ਲੱਗੇ ਹੁੰਦੇ ਹਨ, ਉਹ ਵੀ ਇਸ ਦੁਨੀਆਂ ਵਿਚ ਅਪਮਾਨਿਤ ਹੁੰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ,

ਕੂੜੁ ਬੋਲਿ ਮੁਰਦਾਰੁ ਖਾਇ॥
ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥
ਨਾਨਕ ਐਸਾ ਆਗੂ ਜਾਪੈ॥ (ਪੰਨਾ 140)

ਪਰ ਸੱਚ ਬੋਲਣ ਵਾਲਾ ਮਨੁੱਖ ਹੱਕ ਦੀ ਕਮਾਈ ਖਾਂਦਾ ਹੈ। ਉਸ ਦੀ ਸੰਗਤ ਕਰਨ ਵਾਲੇ ਜਾਂ ਉਸ ਦੇ ਨਾਲ ਕੰਮ ਕਰਨ ਵਾਲੇ ਵੀ ਉਸ ਤੋਂ ਪ੍ਰੇਰਨਾ ਲੈ ਕੇ ਠੀਕ ਰਸਤੇ 'ਤੇ ਤੁਰਦੇ ਹਨ। ਇਸ ਤਰ੍ਹਾਂ ਉਹ ਪਤਵੰਤਾ ਸੱਜਣ ਆਪ ਵੀ ਤਰਦਾ ਹੈ ਅਤੇ ਦੂਜਿਆਂ ਨੂੰ ਵੀ ਤਾਰ ਦਿੰਦਾ ਹੈ। ਸੱਚ ਨਾਲ ਮਨੁੱਖ ਦਾ ਮਨ ਨਿਰਮਲ ਹੋ ਜਾਂਦਾ ਹੈ। ਉਸ ਦਾ ਹਿਰਦਾ ਸੱਚਾ ਹੋ ਜਾਂਦਾ ਹੈ। ਕੂੜ ਦੀ ਮੈਲ ਉਸ ਦੇ ਤਨ-ਮਨ ਤੋਂ ਉਤਰ ਜਾਂਦੀ ਹੈ। ਉਸ ਦੇ ਪਾਪਾਂ ਦਾ ਨਿਤਾਰਾ ਹੋ ਜਾਂਦਾ ਹੈ, ਪਾਪ ਕੱਟੇ ਜਾਂਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ,

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥
ਅਤੇ
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ
ਜਿਨ ਸਚੁ ਪਲੈ ਹੋਇ॥ (ਪੰਨਾ 468)

ਗੁਰੂ ਨਾਨਕ ਦੇਵ ਨੇ ਸੱਚ ਬੋਲਣ, ਸੱਚ ਸੁਣਨ ਅਤੇ ਸੱਚ ਨੂੰ ਮੰਨਣ 'ਤੇ ਏਨਾ ਜ਼ੋਰ ਦਿੱਤਾ ਹੈ ਕਿ ਗੁਰੂ ਜੀ ਦੇ ਪੰਥ ਦਾ ਧਾਰਨੀ ਹੋਣ ਲਈ ਮਨੁੱਖ ਨੂੰ ਸੱਚ ਦੇ ਰਸਤੇ 'ਤੇ ਚੱਲਣਾ ਹੀ ਪਵੇਗਾ। ਜੋ ਮਨੁੱਖ ਸੱਚ ਬੋਲਦਾ ਨਹੀਂ, ਸੱਚ ਸੁਣਦਾ ਨਹੀਂ ਅਤੇ ਸੱਚ ਨੂੰ ਮੰਨਦਾ ਨਹੀਂ, ਉਹ ਗੁਰੂ ਜੀ ਦੇ ਨਿਰਮਲ ਪੰਥ ਦਾ ਧਾਰਨੀ ਨਹੀਂ ਅਖਵਾ ਸਕਦਾ। ਗੁਰੂ ਜੀ ਉਸ ਦੀ ਹਾਮੀ ਭਰਨ ਲਈ ਤਿਆਰ ਨਹੀਂ ਹਨ। ਉਹ ਬਹਿਸ਼ਤ ਜਾਂ ਪਰਮਾਤਮਾ ਦੀ ਇਕਮਿਕਤਾ ਲਈ ਸੱਚ ਕਮਾਉਣਾ ਪਹਿਲੀ ਸ਼ਰਤ ਮੰਨਦੇ ਹਨ। ਗੁਰੂ ਜੀ ਫੁਰਮਾਉਂਦੇ ਹਨ,

ਗੁਰੁ ਪੀਰੁ ਹਾਮਾ ਤਾ ਭਰੇ
ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ
ਛੁਟੈ ਸਚੁ ਕਮਾਇ॥ (ਪੰਨਾ 141)

ਸੱਚ ਤੋਂ ਬਿਨਾ ਮਨੁੱਖ ਸੁੱਚਾ ਹੋ ਹੀ ਨਹੀਂ ਸਕਦਾ। ਝੂਠ ਬੋਲ ਬੋਲ ਕੇ ਜੀਵਨ ਜੀਣ ਵਾਲਾ ਮਨੁੱਖ ਸੁੱਚਾ ਨਹੀਂ ਹੋ ਸਕਦਾ। ਆਓ ਗੁਰੂ ਸਾਹਿਬ ਦੇ ਫੁਰਮਾਨ ਨੂੰ ਸਮਝਣ ਦਾ ਯਤਨ ਕਰੀਏ ਅਤੇ ਆਪਣੇ ਮਨ ਨੂੰ ਸੱਚ ਨਾਲ ਧੋਣ ਦਾ ਉਪਰਾਲਾ ਕਰੀਏ,

ਮੁਖਿ ਝੂਠੈ ਝੂਠੁ ਬੋਲਣਾ
ਕਿਉ ਕਰਿ ਸੂਚਾ ਹੋਇ॥
ਬਿਨੁ ਅਭ ਸਬਦ ਨ ਮਾਂਜੀਐ
ਸਾਚੇ ਤੇ ਸਚੁ ਹੋਇ॥ (ਪੰਨਾ 56)

# ਰੱਬ ਦੀ ਈ-ਮੇਲ

*(ਪਿਛਲੇ ਸਫੇ ਦੀ ਬਾਕੀ)*

ਓਅੰਕਾਰ ਦੀ ਵਰਤੋਂ ਕਈ ਥਾਂਵਾਂ 'ਤੇ ਕੀਤੀ ਗਈ ਹੈ। ਓਅੰਕਾਰ ਸ਼ਬਦ ਨੂੰ ਕਵਿਤਾ ਦੇ ਮਾਤ੍ਰਿਕ ਅਤੇ ਵਰਣਿਕ ਛੰਦਾਂ ਤੇ ਰਾਗਾਂ ਦੀਆਂ ਬੰਦਿਸ਼ਾਂ ਪੂਰੀਆਂ ਕਰਨ ਲਈ ਵਰਤਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਓਅੰਕਾਰ ਦੇ 63 ਭੇਦ ਮਿਲਦੇ ਹਨ, ਜੋ ਪਰਮਾਤਮਾ ਦੇ ਵਾਚਕ ਹਨ। ਮੁਕਾਬਲੇ 'ਤੇ ਕੁਰਾਨ ਵਿਚ ਰੱਬ ਦੇ 99 ਭੇਦ ਹਨ। ਹਿੰਦੂ ਧਰਮ ਵਿਚ ਰੱਬ ਦੇ ਤਿੰਨ ਪ੍ਰਮੁਖ ਭੇਦ ਹਨ ਜਿਵੇਂ ਅਕਾਰ, ਮਕਾਰ ਅਤੇ ਉਕਾਰ, ਜੋ ਕ੍ਰਮਵਾਰ ਬ੍ਰਹਮਾ, ਮਹੇਸ਼ ਅਤੇ ਵਿਸ਼ਨੂੰ ਦੇਵਤਿਆਂ ਦੇ ਵਾਚਕ ਹਨ। ਇਨ੍ਹਾਂ ਤੋਂ ਰੱਬ ਦੀ ਦਵੈਵਾਦੀ ਭਾਵਨਾ ਵਿਅਕਤ ਹੁੰਦੀ ਹੈ, ਜੋ ੴ ਦੀ ਫਿਲਾਸਫੀ ਦੇ ਵਿਰੁਧ ਹੈ।

ਓਅੰਕਾਰ ਦੀ ਸੰਧੀਛੇਦ 'ਓਅੰ' ਅਤੇ 'ਕਾਰ' ਵਿਚ ਕੀਤੀ ਜਾਂਦੀ ਹੈ। ਓਅੰ ਕਾ ਅਰਥ ਹੈ, 'ਬ੍ਰਹਮ' ਅਤੇ ਕਾਰ ਤੋਂ ਮੁਰਾਦ ਹੈ, 'ਕੇਵਲ' ੴ ਦਾ ਅਰਥ ਹੋਇਆ, ਸਿਰਫ ਇਕ ਰੱਬ। ਕਈ ਲੇਖਕ ਰੱਬ ਨੂੰ 'ਕਾਰ' ਦੀ ਲੰਬੀ ਧੁਨੀ ਦੇ ਉਚਾਰਨ ਨਾਲ ਮੇਚਦੇ ਹਨ, ਜਿਸ ਦਾ ਅਰਥ ਵੀ ਇਹੋ ਹੈ ਕਿ ਰੱਬ ਇਕ ਹੈ। ਹਿੰਦੂ ਧਰਮ ਦੇ ਓਮ ਦੇ ਲੰਬੇ ਉਚਾਰਨ ਨੂੰ ਓਅੰਕਾਰ ਦੀ ਕਾਰ ਨਾਲ ਜੋੜਨਾ ਸਿੱਖ ਧਰਮ ਨੂੰ ਹਿੰਦੂਵਾਦ ਦੇ ਦਵੈਤਵਾਦੀ ਅਰਥਾਂ ਨਾਲ ਜੋੜਨਾ ਹੈ। ਵੇਦਾਂ ਵਿਚ ਓਮ ਨੂੰ ਦੇਵੀ, ਦੇਵਤਿਆਂ ਦੇ ਸਮਅਰਥੀ ਰੂਪਾਂ ਵਿਚ ਵਰਤਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਓਅੰਕਾਰ ਅਤੇ ਓ ਨੂੰ ਸਿਰਫ ਰੱਬ ਦੇ ਵਾਚਕ ਮੰਨ ਕੇ ਵਰਤੋਂ ਵਿਚ ਲਿਆਂਦਾ ਗਿਆ ਹੈ। ਕੁਝ ਮਿਸਾਲਾਂ ਹਨ,


ਓਅੰਕਾਰਿ ਬ੍ਰਹਮਾ ਚਉਤਪਤਿ (ਰਾਮਕਲੀ ਮਹਲਾ ਇਕ)
ਓਅੰਕਾਰਿ ਉਤਪਤਿ (ਮਾਰੂ ਮਹਲਾ ਪੰਜ)
ਓਅੰਕਾਰਿ ਏਕੋ ਰਵਿ ਰਹਿਆ (ਕਾਨੜਾ ਮਹਲਾ ਚਾਰ)
ਓਅੰਕਾਰਿ ਸਭ ਸ੍ਰਿਸਟਿ (ਮਾਰੂ ਮਹਲਾ ਤਿੰਨ)
ਓਅੰਕਾਰਿ ਲਖੈ ਜਾਓ (ਗਉੜੀ ਕਬੀਰ)
ਓਅੰ ਗੁਰਮੁਖਿ ਕੀਓ (ਗਉੜੀ ਮਹਲਾ ਪੰਜ)
ਓਅੰ ਪ੍ਰਿਅ ਪ੍ਰੀਤਿ ਚੀਤਿ (ਸਾਰੰਗ ਮਹਲਾ ਪੰਜ)

ਹੁਣ ਆਇਨਸਟਾਈਨ ਦੇ ਫਾਰਮੂਲੇ ਨੂੰ ਵਿਚਾਰ ਕੇ ਰੱਬ ਦੀ ਪਰਮ ਸ਼ਕਤੀ ਨਾਲ ਮੇਚਣ ਦੀ ਕੋਸ਼ਿਸ਼ ਕਰਦੇ ਹਾਂ। E=Mc2: Energy (E) equals mass (M) times the speed of light squared (c2). ਅਰਥਾਤ, ਊਰਜਾ ਅਤੇ ਮਾਦਾ ਇਕੋ ਵਸਤੂ ਦੇ ਵਟਵੇਂ ਰੂਪ ਹਨ, ਜੋ ਇਕ-ਦੂਜੇ ਵਿਚ ਬਦਲ ਸਕਦੇ ਹਨ। ਇਸ ਫਾਰਮੂਲੇ ਦੇ ਆਧਾਰ 'ਤੇ ਬ੍ਰਹਿਮੰਡਾਂ ਦੇ ਸਾਰੇ ਗ੍ਰਹਿਆਂ ਦੇ ਕੁੱਲ ਮਾਦੇ ਅਤੇ ਇਸ ਦੀ ਊਰਜਾ ਨੂੰ ਅੰਕੜਿਆਂ ਵਿਚ ਗਿਣ ਕੇ ਇਸ ਗਿਣਤੀ ਨੂੰ ਰੋਸ਼ਨੀ ਦੀ ਰਫਤਾਰ (186,282 ਮੀਲ ਪ੍ਰਤੀ ਸੈਕੰਡ) ਨਾਲ ਜਰਬ ਦੇ ਕੇ ਵਰਗਾਕਾਰ ਕੱਢ ਲਓ।

ਕਿਆਸ ਕਰੋ ਕਿ ਬ੍ਰਹਿਮੰਡ ਵਿਚ 100 ਬਿਲੀਅਨ ਅਕਾਸ਼ ਗੰਗਾ ਹਨ ਅਤੇ ਹਰੇਕ ਵਿਚ 100 ਬਿਲੀਅਨ ਗ੍ਰਹਿ ਹਨ। ਇਨ੍ਹਾਂ ਦੇ ਮਾਦੇ ਦੇ ਹਰ ਗਰਾਮ ਅੰਦਰ ਹੀਰੋਸ਼ੀਮਾ (ਜਪਾਨ) ਉਤੇ ਸੁੱਟੇ ਐਟਮ ਬੰਬ ਜਿੰਨੀ ਸ਼ਕਤੀ ਹੋਵੇਗੀ। ਇਸ ਹਿਸਾਬ ਨਾਲ 100 ਪੌਂਡ ਭਾਰੇ ਬੰਦੇ ਵਿਚ ਔਸਤਨ 45,000 ਹੀਰੋਸ਼ੀਮਾ ਦੇ ਬੰਬਾਂ ਦੀ ਤਾਕਤ ਹੈ। ਧਰਤੀ ਦੇ ਭਾਰ ਸਣੇ ਇਸ ਉਤੇ ਰਹਿੰਦੇ ਸਾਰੇ ਜੀਵਾਂ, ਪਹਾੜਾਂ, ਸਮੁੰਦਰਾਂ ਵਿਚ 627 ਬੰਬਾਂ ਜਿੰਨੀ ਤਾਕਤ ਹੋਵੇਗੀ। ਜ਼ਿਕਰਯੋਗ ਹੈ ਕਿ ਧਰਤੀ ਸੂਰਜ ਮੰਡਲ ਦਾ ਇਕ ਛੋਟਾ ਜਿਹਾ ਗ੍ਰਹਿ ਹੈ। ਬ੍ਰਹਿਮੰਡ ਵਿਚ ਕੋਈ 100 ਬਿਲੀਅਨ ਅਕਾਸ਼ ਗੰਗਾ ਹੋਣ ਦਾ ਕਿਆਸ ਲਾਇਆ ਗਿਆ ਹੈ ਅਤੇ ਹਰੇਕ ਵਿਚ 100 ਬਿਲੀਅਨ ਸੂਰਜ ਮੰਡਲ ਹਨ। ਭਾਵ ਸਾਰੇ ਬ੍ਰਹਿਮੰਡਾਂ ਦੀ ਕੁੱਲ ਊਰਜਾ/ਸ਼ਕਤੀ ਬੇਓੜਕ ਹੋਵੇਗੀ। ਸਾਰੇ ਧਰਮ ਮੰਨਦੇ ਹਨ ਕਿ ਪਰਮਾਤਮਾ, ਅੱਲਾ, ਈਸ਼ਵਰ, ਗੌਡ ਦੀ ਸ਼ਕਤੀ ਦਾ ਕੋਈ ਪਾਰਾਵਾਰ ਨਹੀਂ। ਜੇ ਬੰਦਾ ਇਸ ਸ਼ਕਤੀ ਦੇ ਦਹਾਨੇ ਤਕ ਪਹੁੰਚ ਜਾਵੇ ਤਾਂ ਰੱਬ ਵਰਗੀ ਅਪਾਰ ਸ਼ਕਤੀ ਦੀ ਥਾਹ ਪਾਉਣਾ ਸੰਭਵ ਹੈ। ਸਿੱਧੇ ਸ਼ਬਦਾਂ ਵਿਚ ਰੱਬ ਦੀ ਭਾਲ ਕਰਨਾ ਮੁਮਕਿਨ ਹੈ। ਪਿਛੇ ਜਿਹੇ ਵਿਗਿਆਨੀਆਂ ਨੇ ਇਕ ਸੂਖਮ ਕਣ ਲੱਭਿਆ ਹੈ, ਜਿਸ ਨੂੰ ਰੱਬੀ-ਕਣ ਦਾ ਨਾਂ ਦਿੱਤਾ ਹੈ।

### ਰੱਬੀ-ਕਣ

ਕੋਈ 13.7 ਅਰਬ ਸਾਲ ਪਹਿਲਾਂ ਇਕ ਬੁਨਿਆਦੀ ਇਕਾਈ ਦੇ ਫਟਣ ਨਾਲ ਮਹਾਂ ਧਮਾਕਾ (Big Bang) ਹੋਇਆ। ਇਸ ਇਕਾਈ ਨੂੰ ਸਿੰਗੂਲੈਰਿਟੀ (Singularity) ਦਾ ਨਾਂ ਦਿੱਤਾ ਗਿਆ। ਇਹ ਬੁਨਿਆਦੀ ਇਕਾਈ ਸ੍ਰਿਸ਼ਟੀ ਦਾ




ਬੀਜ ਰੂਪ ਹੈ, ਜਿਸ ਵਿਚ ਸਾਰੇ ਬ੍ਰਹਿਮੰਡ ਸਮਾਧੀ ਲਾ ਕੇ ਉਸੇ ਤਰ੍ਹਾ ਬੈਠੇ ਹਨ, ਜਿਵੇਂ ਇਕ ਬੀਜ ਵਿਚ ਸਾਰਾ ਬਿਰਖ ਅਤੇ ਗਰਭਾਏ ਹੋਏ ਅੰਡੇ (Zygote) ਵਿਚ ਪੂਰਾ ਬੰਦਾ ਬੈਠਾ ਹੁੰਦਾ ਹੈ। ਜਿਵੇਂ ਡੀ. ਐਨ. ਏ. ਦੀ ਵਰਣਮਾਲਾ ਵਿਚ ਇਨਸਾਨ ਦੇ ਜੀਵਨ ਦੀ ਰੈਸਪੀ (Recipe) ਲਿਖੀ ਹੋਈ ਹੈ, ਉਸੇ ਤਰ੍ਹਾਂ ਰੱਬੀ-ਕਣ ਵਿਚ ਸ੍ਰਿਸ਼ਟੀ ਦੀ ਰੈਸਪੀ (Recipe of Universe) ਉਕਰੀ ਹੋਈ ਹੈ। ਇਸ ਰੈਸਪੀ ਵਿਚ ਬ੍ਰਹਿਮੰਡਾਂ ਦੇ ਮਾਦੇ ਦੇ ਕਣਾਂ, ਉਪ-ਕਣਾਂ ਦੀ ਬਣਤਰ ਅਤੇ ਤਰਤੀਬ ਦਾ ਫਾਰਮੂਲਾ ਲਿਖਿਆ ਹੋਇਆ ਹੈ। ਮਹਾਂ ਧਮਾਕੇ ਰਾਹੀਂ ਇਸ ਰੈਸਪੀ ਦੇ ਭੇਦ ਖੁੱਲ੍ਹੇ ਤੇ ਇਸ ਵਿਚੋਂ ਬੁਨਿਆਦੀ ਕਣ ਲੱਭਾ, ਜਿਸ ਨੂੰ 'ਰੱਬੀ-ਕਣ' ਦਾ ਨਾਂ ਦਿੱਤਾ ਗਿਆ। ਇਹ ਨਾਂ ਲਿਊਨ ਲੈਡਰਮਨ ਨੇ ਆਪਣੀ ਪੁਸਤਕ 'The God Particle: If the Universe Is the answer, What is the Question?' ਵਿਚ ਦਿੱਤਾ ਸੀ (ਚਿਤਰ-3)। ਇਸ ਪੁਸਤਕ ਦੇ 8ਵੇਂ ਕਾਂਡ ਦਾ ਨਾਂ 'The God Particle at Last' ਹੈ।

### ਰੱਬੀ-ਕਣ ਅਤੇ ਧਰਮ

ਧਰਮਾਂ ਦਾ ਮੰਨਣਾ ਹੈ ਕਿ ਰੱਬ ਪ੍ਰਕਿਰਤੀ ਦੇ ਸਜੀਵੀ ਜੀਵਾਂ (Living beings) ਦੇ ਕਣ ਕਣ ਅਤੇ ਭੌਤਿਕ ਇਕਾਈਆਂ (Physical Entities) ਦੇ ਜ਼ੱਰੇ ਜ਼ੱਰੇ ਵਿਚ ਵਸਦਾ ਹੈ। ਵਿਕਾਸ ਦੇ ਸਿਧਾਂਤ ਅਨੁਸਾਰ (Theory of Evolution) ਹਰੇਕ ਕਣ/ਜ਼ੱਰਾ ਕਿਸੇ ਪ੍ਰਥਮ ਇਕਾਈ ਤੋਂ ਵਿਗਸਿਤ ਹੋਇਆ ਹੈ। ਧਰਮਾਂ ਦੇ ਪੈਰੋਕਾਰ ਇਸ ਨੂੰ ਰੱਬ ਦੇ ਬੌਧਿਕ-ਢਾਂਚੇ (Intelligent design) ਦੀ ਕਰਾਮਾਤ ਦਸਦੇ ਹਨ, ਅਰਥਾਤ ਰੱਬ ਨੇ ਸਾਰਾ ਕੁਝ ਸਾਜ ਕੇ ਧਰਤੀ 'ਤੇ ਟਿਕਾ ਦਿੱਤਾ। ਦੋਹਾਂ ਮਨੌਤਾਂ ਦੀ ਬਹਿਸ ਵਿਚ ਨਾ ਪੈਂਦਿਆਂ ਇਹ ਮੰਨ ਲੈਂਦੇ ਹਾਂ ਕਿ ਸਭ ਤੋਂ ਪਹਿਲਾਂ ਕੋਈ ਇਕ ਇਕਾਈ ਸੀ, ਜਿਸ ਦਾ ਵਿਸਥਾਰ ਸ੍ਰਿਸ਼ਟੀ ਹੈ। ਇਸ ਦਾ ਅਰਥ ਇਹ ਹੋਇਆ ਕਿ ਸ੍ਰਿਸ਼ਟੀ ਵਿਚ ਜੋ ਵੀ ਸਜਿਆ-ਸਜਾਇਆ ਹੈ, ਉਹ ਮੁਢਲੇ ਕਣ ਦੀ ਕਾਪੀ ਮਾਤਰ ਹੈ। ਧਰਮ ਦੇ ਪੈਰੋਕਾਰ ਜਾਂ ਆਮ ਬੁੱਧੀ ਦੇ ਬੰਦੇ ਸਵਾਲ ਕਰਦੇ ਹਨ ਕਿ ਮੁਢਲਾ ਕਣ ਕਿੱਥੋਂ ਆਇਆ ਜਾਂ ਕਿਸ ਨੇ ਸਾਜਿਆ? ਧਰਮ ਨੂੰ ਮੰਨਣ ਵਾਲਾ ਬੰਦਾ ਕਹੇਗਾ ਕਿ ਉਹ ਕਣ ਰੱਬ ਨੇ ਸਾਜਿਆ, ਪਰ ਵਿਗਿਆਨੀ ਕਹੇਗਾ ਕਿ ਉਸ ਕਣ ਦਾ ਜਨਮ ਸ਼ੂਨਯ ਵਿਚ ਸਿਮਟੀ ਹੋਈ ਊਰਜਾ ਦੇ ਇਕ ਕਣ ਦੇ ਫਟਣ ਨਾਲ ਹੋਇਆ, ਜਿਸ ਨੂੰ ਮਹਾਂ ਧਮਾਕਾ (Big Bang) ਕਹਿੰਦੇ ਹਨ।

ਸ੍ਰਿਸ਼ਟੀ ਨੂੰ ਜਿਸ ਕਿਸੇ ਪਰਮ ਸ਼ਕਤੀ ਨੇ ਥਾਪਿਆ, ਧਰਮਾਂ ਨੇ ਆਪੋ ਆਪਣੀ ਭਾਸ਼ਾ ਵਿਚ ਉਸ ਦਾ ਨਾਂ ਰੱਖ ਲਿਆ ਜਿਵੇਂ, ਯਹੋਵਾ (ਜਿਊ), ਗੌਡ (ਇਸਾਈ), ਅੱਲਾ (ਇਸਲਾਮ), ਪਰਮਾਤਮਾ (ਹਿੰਦੂ), ਵਾਹਿਗੁਰੂ (ਸਿੱਖ) ਆਦਿ। ਧਰਮਾਂ ਦੀ ਇਹ ਮਨੌਤ ਕਿਸੇ ਠੋਸ ਪ੍ਰਮਾਣ 'ਤੇ ਆਧਾਰਤ ਨਹੀਂ, ਸਿਰਫ ਯਕੀਨ 'ਤੇ ਖੜ੍ਹੀ ਹੈ, ਜੋ ਧਰਮਾਂ ਦੇ ਸੰਕਲਪ ਦੇ ਪੈਦਾ ਹੋਣ ਨਾਲ ਹੋਂਦ ਵਿਚ ਆਈ। ਧਰਮਾਂ ਦਾ ਆਗਾਜ਼ ਸਭਿਅਤਾ ਦੇ ਵਿਗਸਣ ਨਾਲ ਹੋਇਆ ਅਤੇ ਸਭਿਅਤਾ ਬੰਦੇ ਦੀ ਦੇਣ ਹੈ, ਭਾਵ ਧਰਤੀ 'ਤੇ ਬੰਦਾ ਪਹਿਲਾਂ ਅਤੇ ਧਰਮ ਪਿੱਛੋਂ ਆਏ।

ਜਾਹਰ ਹੈ ਕਿ ਰਬ ਦੇ ਸੰਕਲਪ ਨੂੰ ਬੰਦੇ ਨੇ ਜਨਮ ਦਿੱਤਾ। ਜਰਮਨ ਫਿਲਾਸਫਰ ਫ੍ਰੈਡਰਿਕ ਨੀਟਸ਼ੇ ਦੀ ਵੀ ਇਹੋ ਧਾਰਨਾ ਹੈ। ਬੰਦੇ ਨੇ ਧਰਮ ਸਾਜ ਕੇ ਆਪਣੀ ਹੋਂਦ, ਹੋਣੀ ਅਤੇ ਭਾਵੀ ਨੂੰ ਧਰਮ ਦੇ ਹੱਥ ਥੰਮ ਦਿੱਤਾ, ਅਰਥਾਤ ਆਪਣੇ ਜੀਵਨ ਦੇ ਕਾਲ ਕਰਮ ਦਾ ਲੇਖਾ-ਜੋਖਾ ਆਪੇ ਨਿਰਧਾਰਤ ਸ਼ਕਤੀ ਦੇ ਹਵਾਲੇ ਕਰ ਦਿੱਤਾ। ਧਰਮ ਕੇਵਲ ਕਿਆਸ ਲਾਉਂਦੇ ਹਨ ਕਿ ਅਸੀਂ ਇਥੇ ਕਿਵੇਂ ਆਏ, ਕਿਉਂ ਆਏ ਅਤੇ ਮਰ ਕੇ ਕਿੱਥੇ ਜਾਂਦੇ ਹਾਂ, ਪਰ ਵਿਗਿਆਨ ਅੰਦਾਜ਼ੇ ਨਹੀਂ ਲਾਉਂਦਾ, ਪ੍ਰਮਾਣ ਪੇਸ਼ ਕਰਦਾ ਹੈ। ਪ੍ਰਮਾਣ ਤੋਂ ਬਿਨਾ ਅੰਦਾਜ਼ੇ ਲਾਉਣ ਨੂੰ ਅਟਕਲ ਪੱਚੂ ਕਹਿੰਦੇ ਹਨ, ਜੋ ਅਕਸਰ ਗੁਮਰਾਹਕੁਨ ਹੁੰਦੇ ਹਨ।

ਰੱਬੀ-ਕਣ ਦੀ ਖੋਜ ਨੇ ਪਰਮ ਸ਼ਕਤੀ ਨੂੰ ਹੋਰ ਨੇੜਿਉਂ ਹੋ ਕੇ ਦੇਖਣ ਦਾ ਉਪਰਾਲਾ ਕੀਤਾ ਹੈ, ਜਿਸ ਕਰਕੇ ਧਰਮਾਂ ਦੇ ਕਈ ਹੋਰ ਭੇਦਾਂ ਦੇ ਨੰਗੇ ਹੋਣ ਦੀ ਸੰਭਾਵਨਾ ਹੈ। ਰੱਬੀ-ਕਣ ਬਾਰੇ ਖੋਜ ਦਾ ਅਰਥ ਸਿਰਫ ਇਹ ਹੈ ਕਿ ਅਸੀਂ ਬ੍ਰਹਿਮੰਡ ਦੇ ਭੇਦ ਨੂੰ ਸਮਝਣ ਲਈ ਰਤਾ ਕੁ ਹੋਰ ਨੇੜੇ ਹੋ ਗਏ ਹਾਂ। ਜੇ ਰੱਬ ਬ੍ਰਹਿਮੰਡ ਵਿਚ ਵਸਦਾ ਹੈ ਤਾਂ ਉਸ ਵਲ ਜਾਂਦੀ ਪੌੜੀ ਦਾ ਇਕ ਡੰਡਾ ਹੋਰ ਚੜ੍ਹ ਗਏ ਹਾਂ। ਇਸ ਖੋਜ ਦੀ ਲੋਅ ਵਿਚ ਕਿਹਾ ਜਾ ਸਕਦਾ ਹੈ ਕਿ ਰੱਬ ਨੇ ਜਿਸ ਨਿੱਕੇ ਜਿਹੇ ਕਣ ਵਿਚ ਸਮਾਧੀ ਲਾ ਕੇ ਬ੍ਰਹਿਮੰਡ ਨੂੰ ਸਾਜਿਆ ਹੋਵੇਗਾ, ਵਿਗਿਆਨੀਆਂ ਨੇ ਉਸ ਕਣ ਨੂੰ ਲੱਭ ਕੇ ਉਸ ਦਾ ਨਾਂ "ਰੱਬੀ-ਕਣ" ਰੱਖ ਦਿੱਤਾ, ਅਤੇ ਮੈਂ ਵਿਗਿਆਨ ਤੇ ਧਰਮ ਦੇ ਖੇਤਰਾਂ ਦੇ ਸੁਮੇਲ ਵਿਚੋਂ 'ਰੱਬ ਦੀ ਈ-ਮੇਲ' ਕਸ਼ੀਦ ਕਰਕੇ ਤੁਹਾਡੇ ਹਵਾਲੇ ਕਰ ਦਿੱਤੀ।


## ਮੱਧਕਾਲੀ ਯੁੱਗ ਦੀ ਪੰਜਾਬ ਜਾਗ੍ਰਿਤੀ ਲਹਿਰ ਅਤੇ ਯੂਰਪੀਅਨ ਰੈਨੇਸਾਂਸ ਲਹਿਰ ਵਿਚ

# ਆਧੁਨਿਕ ਯੁੱਗ ਦੀਆਂ ਵਿਸ਼ਵ ਮਨੁੱਖੀ ਕਦਰਾਂ ਕੀਮਤਾਂ

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਪਿਛਲੇ ਲੇਖ ਵਿਚ ਅਸੀਂ ਪੰਜਾਬ ਜਾਗ੍ਰਿਤੀ ਲਹਿਰ ਵਿਚ ਆਧੁਨਿਕਤਾ ਬਾਰੇ ਵਿਚਾਰ ਕੀਤੀ ਸੀ। ਇਸ ਲੇਖ ਵਿਚ ਅਸੀਂ ਪੰਜਾਬ ਜਾਗ੍ਰਿਤੀ ਲਹਿਰ ਅਤੇ ਯੂਰਪੀਅਨ ਰੈਨੇਸਾਂਸ ਲਹਿਰ ਵਿਚ ਕੁਝ ਕਿਸਮਾਂ ਦੀਆਂ ਮਨੁੱਖੀ ਕਦਰਾਂ-ਕੀਮਤਾਂ ਨੂੰ ਜ਼ਰਾ ਵਿਸਤਾਰ ਨਾਲ ਜਾਚਾਂਗੇ। ਇਹ ਕਿਸਮਾਂ ਹਨ: ਮਨੁੱਖੀ ਬਰਾਬਰੀ, ਖਾਸ ਕਰ ਮਰਦ-ਔਰਤ ਵਿਚਾਲੇ ਬਰਾਬਰੀ ਦੀ ਵਕਾਲਤ ਅਤੇ ਧਾਰਮਿਕ ਕੁਰੀਤੀਆਂ ਤੇ ਪਖੰਡਾਂ ਦਾ ਵਿਰੋਧ।

ਪੰਜਾਬ ਜਾਗ੍ਰਿਤੀ ਲਹਿਰ ਤੇ ਰੈਨੇਸਾਂਸ ਜਾਗ੍ਰਿਤੀ ਲਹਿਰ ਵਿਚ ਇੱਕ ਬਹੁਤ ਅਹਿਮ ਵਿਆਪਕ ਸਾਂਝਾ ਤੱਤ ਸੀ: ਮਾਨਵਵਾਦ। ਇਨ੍ਹਾਂ ਦੋਂਵਾਂ ਲਹਿਰਾਂ ਵਿਚਾਲੇ ਜੋ ਮਾਨਵਵਾਦ ਦੇ ਲੱਛਣ ਸਾਂਝੇ ਸਨ, ਉਨ੍ਹਾਂ ਵਿਚੋਂ ਮੁੱਖ ਹਨ: ਮਨੁੱਖੀ ਨੈਤਿਕਤਾ, ਮਨੁੱਖੀ



**ਡਾ. ਸੁਖਪਾਲ ਸੰਘੇੜਾ***
dr.sukhpal.sanghera@gmail.com

ਆਤਮ-ਸਨਮਾਨ, ਮਨੁੱਖੀ ਬਰਾਬਰੀ, ਤੇ ਮਨੁੱਖੀ ਸਾਂਝੀਵਾਲਤਾ ਨੂੰ ਮਾਨਤਾ; ਲੋਕ ਭਲਾਈ ਲਈ ਸਰਗਰਮੀਆਂ; ਧਰਮ ਦੀਆਂ ਕੁਰੀਤੀਆਂ ਦਾ ਵਿਰੋਧ ਅਤੇ ਅੰਧ-ਵਿਸ਼ਵਾਸਾਂ ਦਾ ਖੰਡਨ ਤੇ ਤਰਕ ਦੀ ਵਰਤੋਂ। ਫਿਰ ਵੀ ਪੰਜਾਬ ਜਾਗ੍ਰਿਤੀ ਲਹਿਰ ਦਾ ਮਾਨਵਵਾਦ ਤੇ ਯੂਰਪੀਅਨ ਰੈਨੇਸਾਂਸ ਮਾਨਵਵਾਦ-ਦੋਵੇਂ ਬਹੁਤਾ ਅਧਿਆਤਮਵਾਦ ਦੇ ਘੇਰੇ ਵਿਚ ਹੀ ਚਲਾਈਆਂ ਜਾ ਰਹੀਆਂ ਸਨ। ਯੂਰਪੀਅਨ ਰੈਨੇਸਾਂਸ ਦੌਰਾਨ ਯੂਰਪ ਨੇ ਹਰ ਖੇਤਰ ਵਿਚ ਤਰੱਕੀ ਕੀਤੀ। ਰੈਨੇਸਾਂਸ ਮਾਨਵਵਾਦੀ ਲਹਿਰ ਪਹਿਲਾਂ ਹੀ ਚਰਚ ਦੀਆਂ ਕੁਰੀਤੀਆਂ, ਦੁਰਵਰਤੋਂ ਤੇ ਦੁਰਵਿਹਾਰ ਵਿਰੁਧ ਤਰਕ ਦਾ ਹੱਲਾ ਬੋਲ ਰਹੀ ਸੀ। ਫਿਰ, ਉਹਨੇ ਚਰਚ ਵਲੋਂ ਲਏ ਵਿਗਿਆਨ ਵਿਰੋਧੀ ਸਟੈਂਡ ਨੂੰ ਰੱਦ ਕਰਦਿਆਂ ਵਿਗਿਆਨ ਦਾ ਸਾਥ ਦਿੱਤਾ। ਇੰਜ ਹੌਲੀ ਹੌਲੀ ਮਾਨਵਵਾਦੀ ਲਹਿਰ ਅਧਿਆਤਮਵਾਦ ਦੇ ਘੇਰੇ ਦੀ ਚੁੰਗਲ ਤੋਂ ਬਾਹਰ ਹੋ ਨਿਕਲੀ। ਵਿਗਿਆਨ ਦੇ ਸਹਾਰੇ ਰੈਨੇਸਾਂਸ ਨੇ ਮਨੁੱਖੀ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦਿਆਂ ਹੌਲੀ ਹੌਲੀ ਯੂਰਪ ਨੂੰ ਮੱਧਕਾਲੀ ਯੁੱਗ ਵਿਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ।

ਯੁੱਗ ਰਾਤੋ-ਰਾਤ ਨਹੀਂ ਪਲਟਦੇ। ਇਨ੍ਹਾਂ ਨੂੰ ਅਕਸਰ ਠੀਕ ਵਕਤ ਤੇ ਉਚਿਤ ਲਹਿਰਾਂ ਬਦਲਦੀਆਂ ਹਨ। ਹੁੰਦਾ ਇੰਜ ਹੈ ਕਿ ਇਨ੍ਹਾਂ ਲਹਿਰਾਂ ਵਿਚ ਅਗਲੇ ਯੁੱਗ ਵੱਲ ਇਸ਼ਾਰੇ ਕਰਦੇ ਅੰਸ਼ ਹੁੰਦੇ ਹਨ; ਇਸੇ ਲਈ ਇਨ੍ਹਾਂ ਨੂੰ ਅਗਾਂਹਵਧੂ, ਪ੍ਰਗਤੀਸ਼ੀਲ ਜਾਂ ਭਵਿੱਖਮੁਖੀ ਲਹਿਰਾਂ ਕਹਿੰਦੇ ਹਾਂ। ਮੱਧਕਾਲੀ ਯੁੱਗ ਵਿਚ ਚੱਲੀਆਂ ਪੰਜਾਬ ਜਾਗ੍ਰਿਤੀ ਲਹਿਰ ਤੇ ਯੂਰਪੀਅਨ ਰੈਨੇਸਾਂਸ ਲਹਿਰ-ਦੋਵੇਂ ਹੀ ਭਵਿੱਖਮੁਖੀ ਲਹਿਰਾਂ ਸਨ, ਕਿਉਂਕਿ ਇਨ੍ਹਾਂ ਵਿਚ ਆਧੁਨਿਕ ਯੁੱਗ ਵਲ ਇਸ਼ਾਰੇ ਕਰਦੇ ਅੰਸ਼ ਸਨ। ਇਹ ਯੁੱਗ ਬਦਲੀ ਵਿਰੋਧ-ਵਿਕਾਸ ਦੇ ਅਮਲ ਰਾਹੀਂ ਵਾਪਰਦੀ ਹੈ। ਦਾਰਸ਼ਨਿਕ ਸੰਕਲਪ ਦੇ ਤੌਰ 'ਤੇ ਵਿਰੋਧ-ਵਿਕਾਸ ਦੀਆਂ ਜੜ੍ਹਾਂ ਗਰੀਕ ਫਿਲਾਸਫਰ ਅਰਸਤੂ ਤੇ ਜੇਨੋਂ ਤੱਕ ਜਾਂਦੀਆਂ ਹਨ। ਵਿਰੋਧ-ਵਿਕਾਸ ਦੇ ਸਿਧਾਂਤ ਨੂੰ ਭੌਤਿਕ ਜਗਤ ਵਿਚ ਆਧੁਨਿਕ ਰੂਪ ਮਾਰਕਸ ਤੇ ਏਂਗਲਜ ਨੇ ਦਿੱਤਾ। ਇਹ ਇੱਕ ਵਿਗਿਆਨਕ ਸੁਭਾਅ ਵਾਲਾ ਸਿਧਾਂਤ ਹੈ, ਜੋ ਮੂਲ ਰੂਪ ਵਿਚ ਭੌਤਿਕ ਜਗਤ ਦੇ ਹਰ ਖੇਤਰ ਵਿਚ ਕੁਦਰਤੀ ਤੌਰ 'ਤੇ ਸਰਗਰਮ ਹੈ। ਵਿਰੋਧ-ਵਿਕਾਸ ਦੀਆਂ ਜੜ੍ਹਾਂ ਵਿਚ ਇੱਕ ਵਿਆਪਕ ਮੂਲ ਨਿਯਮ ਹੈ ਕਿ ਵਿਕਾਸ ਦੋ ਵਿਰੋਧੀ ਸ਼ਕਤੀਆਂ ਦੇ ਭੇੜ ਯਾਨਿ ਆਪਸੀ ਕ੍ਰਿਆ ਰਾਹੀਂ ਹੁੰਦਾ ਹੈ। ਮਿਸਾਲ ਵਜੋਂ ਜੇ ਧਰਤੀ ਰਗੜ ਨਾ ਪੇਸ਼ ਕਰੇ ਤਾਂ ਬੰਦਾ ਇੱਕ ਕਦਮ ਵੀ ਨਹੀਂ ਚੁੱਕ ਸਕਦਾ, ਤਿਲ੍ਹਕ ਕੇ ਡਿਗ ਪਏਗਾ। ਯੂਰਪੀਅਨ ਰੈਨੇਸਾਂਸ ਲਹਿਰ ਨੂੰ ਅੱਗੇ ਵਧਣ ਲਈ ਮੁੱਖ ਤੌਰ 'ਤੇ ਚਰਚ ਨੇ ਅਤੇ ਪੰਜਾਬ ਜਾਗ੍ਰਿਤੀ ਲਹਿਰ ਨੂੰ ਮੁਗਲ ਰਾਜ ਤੇ ਕੱਟੜ ਹਿੰਦੂ ਧਰਮ ਦੀਆਂ ਕੁਰੀਤੀਆਂ ਨੇ ਵਿਰੋਧ ਮੁਹੱਈਆ ਕੀਤਾ।

ਇਸ ਲੇਖ ਵਿਚ ਆਧੁਨਿਕ ਯੁੱਗ ਤੋਂ ਸਾਡਾ ਭਾਵ ਹੈ, ਰੈਨੇਸਾਂਸ ਪਿਛੋਂ ਦਾ ਆਧੁਨਿਕ ਯੁੱਗ ਤੇ ਉਹਦੇ ਨਾਲ ਜੁੜਦਾ ਅਜੋਕਾ ਆਧੁਨਿਕ ਯੁੱਗ ਯਾਨਿ 20ਵੀਂ ਸਦੀ ਤੋਂ ਹੁਣ ਤੱਕ। ਅਜੋਕਾ ਮਾਨਵਵਾਦ ਮਨੁੱਖੀ ਕਦਰਾਂ ਕੀਮਤਾਂ, ਮਨੁੱਖੀ ਹਿੱਤਾਂ ਤੇ ਮਨੁੱਖੀ ਹੱਕਾਂ 'ਤੇ ਕੇਂਦਰਿਤ ਅਗਾਂਹਵਧੂ ਫਲਸਫਾ ਜਾਂ ਜੀਵਨ ਜਾਂਚ ਹੈ, ਜੋ ਇਨ੍ਹਾਂ ਪਹਿਲੂਆਂ ਨੂੰ ਵੀ ਮਾਨਤਾ ਦਿੰਦਾ ਹੈ: ਤਰਕਸ਼ੀਲਤਾ ਤੇ ਵਿਗਿਆਨ; ਜਮਹੂਰੀਅਤ; ਮਨੁੱਖੀ ਬਰਾਬਰੀ; ਮਨੁੱਖੀ ਪਿਆਰ ਦੀ ਸ਼ਕਤੀ ਦੀ ਮਹੱਤਤਾ; ਮਨੁੱਖੀ ਭਾਈਵਾਲਤਾ ਤੇ ਸਾਂਝੀ ਭਲਾਈ; ਸਮਾਜਕ ਨਿਆਂ; ਮਨੁੱਖੀ ਹੱਕ, ਮਨੁੱਖੀ ਸਵੈ-ਮਾਣ, ਤੇ ਮਨੁੱਖੀ ਭਲਾਈ; ਅਤੇ ਨਿੱਜੀ ਖੁੱਲ੍ਹ ਤੇ ਮੌਕੇ ਦਾ ਅਧਿਕਤੀਕਰਣ, ਸਮਾਜ ਤੇ ਧਰਤੀ ਪ੍ਰਤੀ ਜ਼ਿੰਮੇਵਾਰੀਆਂ ਸੰਗ ਸੁਮੇਲ ਵਿਚੋਂ।

ਆਧੁਨਿਕ ਯੁਗ ਦੇ ਅਰੰਭ ਵਿਚ 4 ਜੁਲਾਈ 1776 ਨੂੰ ਜਾਰੀ ਕੀਤੇ ਇੰਗਲੈਂਡ ਤੋਂ ਆਜ਼ਾਦੀ ਦੇ ਜਿਸ ਐਲਾਨਨਾਮੇ ਨੂੰ ਲਾਗੂ ਕਰਨ ਲਈ ਅਮਰੀਕੀ ਫੌਜ ਲੜੀ, ਉਸ ਦੇ ਸ਼ੁਰੂ ਵਿਚ ਹੀ ਥੌਮਸ ਜੈਫਰਸਨ ਨੇ ਐਲਾਨ ਕੀਤਾ ਸੀ ਕਿ ਸਾਰੇ ਬੰਦੇ ਆਪਣੇ ਰਚਣਹਾਰੇ ਵਲੋਂ ਬਰਾਬਰ ਰਚੇ ਗਏ ਹਨ। ਥੌਮਸ ਜੈਫਰਸਨ ਨੇ ਜੋ 18ਵੀਂ ਸਦੀ ਵਿਚ ਕਿਹਾ, ਉਹੀ ਗੱਲ ਆਪਣੇ ਢੰਗ ਨਾਲ ਭਗਤ ਕਬੀਰ ਨੇ 16ਵੀਂ ਸਦੀ ਵਿਚ ਕਹਿ ਦਿੱਤੀ ਸੀ, ਰੈਨੇਸਾਂਸ ਦੌਰਾਨ,

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥



*ਯੂਰਪੀਅਨ ਰੈਨੇਸਾਂਸ ਜਾਗ੍ਰਿਤੀ ਲਹਿਰ ਦੌਰਾਨ ਪੰਜਾਬ ਸਣੇ ਭਾਰਤ ਵਿਚ ਚੱਲੀ ਭਗਤੀ ਜਾਗ੍ਰਿਤੀ ਲਹਿਰ ਦੇ ਇੱਕ ਮਹਾਂ-ਨਾਇਕ ਭਗਤ ਕਬੀਰ (1440-1518)*

ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥
(ਗੁਰੂ ਗ੍ਰੰਥ ਸਾਹਿਬ, ਪੰਨਾ 1349)

ਇਹ ਮੱਧਕਾਲੀ ਯੁੱਗ ਦੀ ਲਹਿਰ ਵਿਚ ਆਧੁਨਿਕਤਾ ਦਾ ਅੰਸ਼ ਹੋਣ ਦੀ ਇੱਕ ਮਿਸਾਲ ਹੈ। ਅਜਿਹੇ ਅੰਸ਼ ਰੈਨੇਸਾਂਸ ਲਹਿਰ ਵਿਚ ਵੀ ਸਨ।

ਮਨੁੱਖਤਾ ਦਾ ਅੱਧਾ ਹਿੱਸਾ ਮਰਦ ਹੈ ਤੇ ਅੱਧਾ ਔਰਤ; ਇਸ ਲਈ 'ਮਨੁੱਖੀ ਬਰਾਬਰੀ' ਕੁਦਰਤੀ ਤੌਰ 'ਤੇ ਹੀ ਮਰਦ-ਔਰਤ ਦੀ ਬਰਾਬਰੀ ਤੋਂ ਸ਼ੁਰੂ ਹੋਣੀ ਚਾਹੀਦੀ ਹੈ, ਪਰ ਪੱਛਮ ਦੇ ਮਾਨਵਵਾਦ ਦੇ 'ਮਨੁੱਖੀ ਬਰਾਬਰੀ' ਦੇ ਸੰਕਲਪ ਵਿਚ ਮਰਦ-ਔਰਤ ਦੀ ਬਰਾਬਰੀ ਤੇ ਮਨੁੱਖੀ ਨਸਲਾਂ ਦੀ ਬਰਾਬਰੀ ਨੂੰ ਦਾਖਲ ਹੁੰਦਿਆਂ ਕਾਫੀ ਸਮਾਂ ਲੱਗ ਗਿਆ। ਹੁਣ ਆਧੁਨਿਕ ਯੁੱਗ ਵਿਚ ਔਰਤ-ਮਰਦ ਦੀ ਬਰਾਬਰੀ ਤੇ ਮਨੁੱਖੀ ਨਸਲਾਂ ਦੀ ਬਰਾਬਰੀ ਨੂੰ ਢੋਲ ਦੇ ਡਗੇ ਨਾਲ 'ਮਨੁੱਖੀ



*ਗੁਰੂ ਅਮਰ ਦਾਸ ਜੀ (1479-1574), ਜਿਨ੍ਹਾਂ ਨੇ ਔਰਤ ਨਾਲ ਹੁੰਦੇ ਵਿਤਕਰੇ ਵਿਰੁੱਧ ਆਵਾਜ਼ ਉਠਾਈ*

ਬਰਾਬਰੀ' ਦਾ ਹਿੱਸਾ ਸਮਝਿਆ ਜਾਂਦਾ ਹੈ।

ਯੂਰਪ ਤੇ ਪੰਜਾਬ ਦੇ ਵੱਖ ਵੱਖ ਸਥਾਨਕ ਹਾਲਾਤ ਨੂੰ ਧਿਆਨ-ਗੋਚਰੇ ਰੱਖਦਿਆਂ ਕਿਹਾ ਜਾ ਸਕਦਾ ਹੈ ਕਿ ਮਰਦ-ਔਰਤ ਬਰਾਬਰੀ ਦੇ ਮਾਮਲੇ ਵਿਚ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੋ ਕੇ ਸਿੱਖ ਲਹਿਰ ਰੈਨੇਸਾਂਸ ਲਹਿਰ ਤੋਂ ਵੀ ਦੋ ਕਦਮ ਅੱਗੇ ਸੀ। ਸਿੱਖ ਲਹਿਰ ਵਿਚ ਮਰਦ-ਔਰਤ ਬਰਾਬਰੀ ਸ਼ੁਰੂ ਤੋਂ ਹੀ ਮਨੁੱਖੀ ਬਰਾਬਰੀ ਦਾ ਹਿੱਸਾ ਸੀ; ਪਰ ਇੱਥੇ ਇਹ ਵੀ ਨੋਟ ਕਰਨਾ ਬਣਦਾ ਹੈ ਕਿ ਪੰਜਾਬ ਸਣੇ ਭਾਰਤ ਵਿਚ ਔਰਤ ਦੀ ਸਮਾਜਕ ਦਸ਼ਾ ਯੂਰਪ ਦੇ ਮੁਕਾਬਲੇ ਵੱਧ ਬੁਰੀ ਸੀ। ਔਰਤ ਦੀ ਸਮਾਜਕ ਦਸ਼ਾ ਸੁਧਾਰਨ ਹਿੱਤ ਗੁਰੂ ਸਾਹਿਬਾਨ ਨੇ ਔਰਤਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ।

ਇਸ ਵਿਸ਼ੇ 'ਤੇ ਅਧਿਆਤਮਵਾਦੀ ਫਲਸਫੇ ਦੇ ਘੇਰੇ ਵਿਚ ਸਿਰੇ ਦਾ ਤਰਕ ਪੇਸ਼ ਕਰਦਿਆਂ ਗੁਰੂ ਨਾਨਕ ਫੁਰਮਾਉਂਦੇ ਹਨ,

ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥
(ਪੰਨਾ 685)

ਭਾਵ ਪ੍ਰਭੂ ਔਰਤ ਤੇ ਨਾ ਮਰਦ ਹੈ। ਦੱਸੋ, ਕੋਈ ਇਹ ਸੰਕਲਪ ਕਰ ਵੀ ਕਿਵੇਂ ਸਕਦਾ ਹੈ?

ਅਤੇ

ਆਪੇ ਪੁਰਖੁ ਆਪੇ ਹੀ ਨਾਰੀ॥
(ਪੰਨਾ 1020)

ਭਾਵ ਪ੍ਰਭੂ ਆਪ ਹੀ ਮਰਦ ਹੈ ਤੇ ਆਪ ਔਰਤ ਵੀ ਹੈ। ਗੁਰੂ ਜੀ ਪ੍ਰਭੂ ਨੂੰ ਪਿਤਾ ਤੇ ਮਾਤਾ-ਦੋਵੇਂ ਦਰਸਾਉਂਦੇ ਹਨ,

ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ॥
(ਪੰਨਾ 1144)

ਇੰਜ ਮਰਦ-ਪ੍ਰਧਾਨ ਸਮਾਜ ਵਿਚ ਗੁਰੂ ਜੀ ਮਰਦ-ਔਰਤ ਬਰਾਬਰੀ ਦਾ ਸੱਦਾ ਦਿੰਦੇ ਹਨ। ਬਾਬੇ ਨਾਨਕ ਨੇ ਔਰਤ ਦੇ ਹੱਕ ਵਿਚ ਆਵਾਜ਼ ਉਠਾਉਂਦਿਆਂ ਮਨੁੱਖੀ ਸਮਾਜ ਵਿਚ ਉਸ ਦਾ ਉਚਿਤ ਸਥਾਨ ਦਰਸਾਇਆ,

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥ (ਪੰਨਾ 473)

ਭਾਵ ਜਿਸ ਔਰਤ ਦੇ ਗਰਭ ਤੋਂ ਰਾਜੇ ਵੀ ਜਨਮ ਲੈਂਦੇ ਹਨ, ਉਹਨੂੰ ਮੰਦੀ ਕਿਵੇਂ ਮੰਨਿਆ ਜਾ ਸਕਦਾ ਹੈ! ਪ੍ਰਸੂਤ ਦੇ ਦਿਨੀਂ ਔਰਤ ਨੂੰ ਅਪਵਿਤਰ ਸਮਝਿਆ ਜਾਂਦਾ ਸੀ। ਗੁਰੂ ਜੀ ਨੇ ਇਸ ਵਹਿਮ ਦਾ ਖੰਡਨ ਕਰ ਕੇ ਲੋਕਾਂ ਨੂੰ ਜਾਗਰੂਕ ਕੀਤਾ ਕਿ ਅਪਵਿਤਰ ਪ੍ਰਸੂਤ ਔਰਤ ਦਾ ਨਹੀਂ, ਸਗੋਂ ਲੋਭ, ਝੂਠ ਬੋਲਣ ਆਦਿ ਪ੍ਰਵਿਰਤੀ ਦਾ ਹੈ,

ਮਨ ਕਾ ਸੂਤਕੁ ਲੋਭੁ ਹੈ
ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ
ਪਰ ਤ੍ਰਿਅ ਪਰ ਧਨ ਰੂਪੁ॥ (ਪੰਨਾ 472)

ਇੱਕ ਹੋਰ ਲਾਹਨਤ ਸਤੀ ਪ੍ਰਥਾ ਸੀ। 'ਸਤੀ' ਦਾ ਅਰਥ ਹੈ, ਸੱਚੀ, ਭਾਵ ਠੀਕ, ਨੇਕ ਜਾਂ ਹਕੀਕੀ। ਹਿੰਦੂ ਧਰਮ ਵਿਚ 'ਸਤੀ' ਸੁਖੀ ਵਿਆਹੁਤਾ ਜੀਵਨ ਦੀ ਦੇਵੀ ਹੈ, ਜੋ ਸ਼ਿਵ ਜੀ ਦੀ ਪਹਿਲੀ ਪਤਨੀ ਸੀ। ਸਤੀ ਪ੍ਰਥਾ ਅਨੁਸਾਰ ਆਪਣੇ ਮਰਦ ਨਾਲ ਅੱਗ ਵਿਚ ਸੜ-ਮਰਨ ਵਾਲੀ ਔਰਤ ਨੂੰ 'ਸਤੀ' ਸਨਮਾਨ ਵਜੋਂ ਕਿਹਾ ਜਾਂਦਾ ਸੀ, ਕਿਉਂਕਿ ਉਹਨੇ 'ਧਰਮ ਨਿਭਾਉਂਦਿਆਂ ਆਪਣੇ ਖਸਮ ਦੀ ਲਾਜ ਰੱਖ ਕੇ ਨੇਕ ਕੰਮ ਕੀਤਾ ਹੈ।' ਗੁਰੂ ਸਾਹਿਬਾਨ ਨੇ ਸਤੀ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ। ਮਿਸਾਲ ਵਜੋਂ ਗੁਰੂ ਅਮਰ ਦਾਸ ਸਤੀ ਪ੍ਰਥਾ ਦੇ ਸੰਕਲਪ ਦਾ ਸਹਿਜ ਤਰਕ ਸਹਿਤ ਖੰਡਨ ਕਰਦੇ ਹਨ,

ਸਤੀਆ ਏਹਿ ਨ ਆਖੀਅਨਿ
ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ
ਜਿ ਬਿਰਹੇ ਚੋਟ ਮਰੰਨਿ॥ (ਪੰਨਾ 787)

ਭਾਵ ਆਪਣੇ ਮਰਦਾਂ ਦੀ ਲਾਸ਼ ਨਾਲ ਸੜ-ਮਰਨ ਵਾਲੀਆਂ ਨੂੰ ਸਤੀ ਮੱਤ ਕਹੋ, ਸਤੀ ਜਾਂ ਸੱਚੇ ਤਾਂ ਉਹ ਹਨ, ਜੋ ਵਿਛੋੜੇ ਦੀ ਸੱਟ ਨਾਲ ਮਰਦੇ ਹਨ।

ਕੁੜੀਆਂ ਨੂੰ ਜੰਮਦਿਆਂ ਸਾਰ ਮਾਰ ਦੇਣ ਦੀ ਇੱਕ ਹੋਰ ਜ਼ਾਲਮਾਨਾ ਸਮਾਜਕ ਕੁਰੀਤੀ ਵਿਰੁਧ ਆਵਾਜ਼ ਉਠਾਉਂਦਿਆਂ ਗੁਰੂ ਅਮਰ ਦਾਸ ਸਹਿਜ ਤਰਕ ਸਹਿਤ ਫੁਰਮਾਉਂਦੇ ਹਨ,

ਬ੍ਰਹਮਣ ਕੈਲੀ ਘਾਤੁ
ਕੰਞਕਾ ਅਣਚਾਰੀ ਕਾ ਧਾਨੁ॥
ਫਿਟਕ ਫਿਟਕਾ ਕੋੜੁ ਬਦੀਆ
ਸਦਾ ਸਦਾ ਅਭਿਮਾਨੁ॥ (ਪੰਨਾ 1413)

ਭਾਵ ਬੱਚੀ ਦੀ ਹੱਤਿਆ ਗਊ ਜਾਂ ਬ੍ਰਾਹਮਣ ਹੱਤਿਆ ਤੇ ਦੁਸ਼ਟਾਂ ਦੀ ਭੇਟ ਸਵੀਕਾਰਨ ਵਾਂਗ ਹੀ ਪਾਪ ਹੈ, ਤੇ ਇਹ ਪਾਪੀ ਸਦਾ ਹੰਕਾਰੀ ਅਭਿਮਾਨ ਨਾਲ ਭਰਿਆ ਹੁੰਦਾ ਹੈ। ਇੰਜ ਗੁਰੂ ਸਾਹਿਬਾਨ ਦੀ ਸਿੱਖ ਲਹਿਰ ਸਮੇਤ ਪੰਜਾਬ ਜਾਗ੍ਰਿਤੀ ਲਹਿਰ ਨੇ ਧਾਰਮਿਕ ਕੁਰੀਤੀਆਂ, ਖੋਖਲੀਆਂ ਰਸਮਾਂ ਤੇ ਪਖੰਡਾਂ ਦਾ ਖੰਡਨ ਕੀਤਾ। ਪੰਜਾਬ ਸਣੇ ਭਾਰਤ ਵਿਚ ਜਾਤ-ਪਾਤ ਦਾ ਵਿਤਕਰਾ ਨਸਲਵਾਦ ਜਿੰਨਾ ਹੀ ਖਤਰਨਾਕ ਸੀ। ਉਸ ਸਮੇਂ ਭਾਰਤੀ ਸਮਾਜ ਚਾਰ ਵਰਣਾਂ ਵਿਚ ਵੰਡਿਆ ਹੋਇਆ ਸੀ-ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਬ੍ਰਾਹਮਣ ਤੇ ਖੱਤਰੀ ਉਚ ਜਾਤੀ ਦੇ ਤੇ ਪਵਿੱਤਰ, ਅਤੇ ਸ਼ੂਦਰ ਨੀਵੇਂ ਵਰਗ ਦੇ ਤੇ ਅਛੂਤ ਸਮਝੇ ਜਾਂਦੇ ਸਨ। ਸ਼ੂਦਰਾਂ ਨੂੰ ਰੱਬੀ ਗਿਆਨ ਦੇ ਯੋਗ ਨਹੀਂ ਸੀ ਸਮਝਿਆ ਜਾਂਦਾ। ਮਿਸਾਲ ਵਜੋਂ ਬ੍ਰਾਹਮਣਾਂ ਸਮੇਤ 'ਉਚੀਆਂ' ਜਾਤਾਂ ਵਲੋਂ 'ਨੀਚ' ਜਾਤਾਂ 'ਤੇ ਢਾਹੇ ਜਾਂਦੇ ਜ਼ੁਲਮਾਂ ਦੀ ਕਾਵਿਕ ਤਸਵੀਰ ਪੇਸ਼ ਕਰਦਿਆਂ ਭਗਤ ਕਬੀਰ ਫੁਰਮਾਉਂਦੇ ਹਨ,

ਭੁਜਾ ਬਾਂਧਿ ਭਿਲਾ ਕਰਿ ਡਾਰਿਓ॥
ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥
(ਪੰਨਾ 870)

ਭਾਵ ਇਨ੍ਹਾਂ ਨੇ ਮੇਰੀਆਂ ਬਾਹਾਂ ਬੰਨ੍ਹ ਕੇ ਢੀਮ ਵਾਂਗ ਮੈਨੂੰ ਹਾਥੀ ਅੱਗੇ ਸੁੱਟ ਦਿੱਤਾ ਹੈ ਅਤੇ ਹਾਥੀ-ਚਾਲਕ ਨੇ ਗੁੱਸੇ ਵਿਚ ਆ ਕੇ ਹਾਥੀ ਦੇ ਸਿਰ ਉਤੇ ਸੱਟ ਮਾਰੀ ਹੈ।

ਪੁਜਾਰੀਆਂ ਵਲੋਂ ਕੀਤੀ ਜਾ ਰਹੀ ਲੁੱਟ-ਖਸੁੱਟ ਤੇ ਜ਼ੁਲਮ ਦਾ ਵਿਰੋਧ ਕਰਦਿਆਂ ਗੁਰੂ ਨਾਨਕ ਫੁਰਮਾਉਂਦੇ ਹਨ,

ਮਥੈ ਟਿਕਾ ਤੇੜਿ ਧੋਤੀ ਕਖਾਈ॥
ਹਥਿ ਛੁਰੀ ਜਗਤ ਕਾਸਾਈ॥ (ਪੰਨਾ 471)

ਭਾਵ ਹਿੰਦੂ ਪੁਜਾਰੀ ਮੱਥੇ ਉਤੇ ਟਿੱਕਾ ਲਾਉਂਦੇ ਹਨ ਤੇ ਲੱਕ ਦੁਆਲੇ ਗੇਰੂਏ ਰੰਗ ਦੀ ਧੋਤੀ ਬੰਨ੍ਹਦੇ ਹਨ, ਪਰ ਹੱਥ ਵਿਚ (ਲੁੱਟ ਤੇ ਜ਼ੁਲਮ ਦੀ) ਛੁਰੀ ਫੜੀ ਹੋਈ ਹੈ।

ਗੁਰੂ ਜੀ ਫੁਰਮਾਉਂਦੇ ਹਨ ਕਿ ਬੰਦੇ ਦਾ ਜੀਵਨ 'ਉਚੀ' ਜਾਤ ਤੇ ਸੋਹਣੇ ਰੂਪ ਤੋਂ ਨਹੀਂ, ਉਹਦੇ ਕੰਮਾਂ ਤੋਂ ਬਣਦਾ ਹੈ,

ਆਗੈ ਜਾਤਿ ਰੂਪੁ ਨ ਜਾਇ॥
ਤੇਹਾ ਹੋਵੈ ਜੇਹੇ ਕਰਮ ਕਮਾਇ॥
(ਪੰਨਾ 363)

ਭਗਤ ਰਵਿਦਾਸ ਜਾਤ-ਪਾਤ ਦਾ ਖੰਡਨ ਕਰਦਿਆਂ ਉਚਾਰਦੇ ਹਨ, ਸਾਰਾ ਸੰਸਾਰ ਇੱਕ ਹੀ ਨੂਰ ਤੋਂ ਉਪਜਿਆ ਹੈ, ਕੀ ਬਾਹਮਣ ਤੇ ਕੀ ਚਮਾਰ,

ਰਵਿਦਾਸ ਇਕ ਹੀ ਨੂਰ ਤੇ
ਜਿਮਿ ਉਪਜਿਯੋ ਸੰਸਾਰ॥
ਊਚ ਨੀਚ ਕਿਹ ਬਿਧਿ ਭਏ
ਬਾਹਮਣ ਅਰੁ ਚਮਾਰ॥

ਭਗਤ ਕਬੀਰ ਨੇ ਹੇਠਲੇ ਬ੍ਰਾਹਮਣਵਾਦ ਨੂੰ ਤਰਕ ਸਹਿਤ ਵੰਗਾਰਦਿਆਂ ਸਵਾਲ ਕੀਤਾ,

## ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ 'ਤੇ

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥੧॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ ਰਹਾਉ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥
(ਪੰਨਾ 324)

ਭਾਵ ਮਾਂ ਦੇ ਗਰਭ ਵਿਚ ਕਿਸੇ ਦੀ ਕੁਲ ਜਾਤ ਨਹੀਂ ਹੁੰਦੀ, ਕਿਉਂਕਿ ਸਾਰੇ ਜੀਵਾਂ ਦੀ ਉਤਪਤੀ ਇੱਕੋ ਬਿੰਦੂ, ਬ੍ਰਹਮਾ ਤੋਂ ਹੁੰਦੀ ਹੈ। ਦੱਸ, ਹੇ ਪੰਡਿਤ! ਤੁਸੀਂ ਬ੍ਰਾਹਮਣ ਕਦੋਂ ਦੇ ਬਣ ਗਏ ਹੋ? ਆਪਣੇ ਆਪ ਨੂੰ ਬ੍ਰਾਹਮਣ ਆਖ ਆਖ ਆਪਣਾ ਜਨਮ ਅਜਾਈਂ ਨਾ ਗਵਾਓ। ਹਰ ਬ੍ਰਾਹਮਣ ਵੀ ਬ੍ਰਾਹਮਣੀ, ਇੱਕ ਔਰਤ ਦੇ ਪੇਟੋਂ ਹੀ ਜੰਮਿਆ ਏ, ਕਿਸੇ ਹੋਰ ਰਸਤਿਓਂ ਕਿਉਂ ਨਹੀਂ ਜੰਮ ਪਿਆ। ਫੇਰ ਤੁਸੀਂ ਕਿਵੇਂ ਬ੍ਰਾਹਮਣ ਬਣ ਗਏ, ਤੇ ਅਸੀਂ ਕਿਵੇਂ ਸ਼ੂਦਰ ਰਹਿ ਗਏ? ਸਾਡੇ ਸਰੀਰ ਵਿਚ ਕਿਵੇਂ (ਨਿਰਾ) ਲਹੂ ਹੀ ਹੈ, ਤੇ ਤੁਹਾਡੇ ਸਰੀਰ ਵਿਚ ਕਿਵੇਂ ਦੁੱਧ ਹੈ?

ਮੂਰਤੀ ਪੂਜਾ ਦੇ ਅਡੰਬਰ ਦਾ ਸਹਿਜ ਤਰਕ ਨਾਲ ਖੰਡਨ ਕਰਦਿਆਂ ਭਗਤ ਕਬੀਰ ਫੁਰਮਾਉਂਦੇ ਨੇ,

ਪੱਥਰ ਪੂਜੇ ਪ੍ਰਭੂ ਮਿਲੇ, ਤਾਂ ਮੈਂ ਪੂਜੂੰ ਪਹਾੜ।
ਤਾਂ ਤੇ ਯਹ ਚੱਕੀ ਭਲੀ, ਪੀਸ ਖਾਏ ਸੰਸਾਰ।

ਇਸੇ ਤਰ੍ਹਾਂ ਉਨ੍ਹਾਂ ਇਸਲਾਮ ਦੀਆਂ ਖੋਖਲੀਆਂ ਪੂਜਾ ਰੀਤਾਂ ਨਕਾਰੀਆਂ,

ਕੰਕਰ ਪੱਥਰ ਜੋੜ ਕੇ
ਮਸਜਿਦ ਲਈ ਬਨਾਇ।
ਤਾਂ ਚੜ੍ਹ ਮੁੱਲਾ ਬਾਂਗ ਦੇ,
ਕਿਯਾ ਬਹਰਾ ਹੁਆ ਖੁਦਾਇ।

ਭਾਵ ਕੰਕਰਾਂ ਤੇ ਪੱਥਰਾਂ ਦੀ ਮਸਜਿਦ ਬਣਾ ਕੇ, ਜੋ ਤੂੰ ਚੜ੍ਹ ਚੜ੍ਹ ਬਾਂਗਾਂ ਦਿੰਦਾ ਏਂ, ਮੁਲਾਂ ਜੀ! ਕੀ ਖੁਦਾ ਬੋਲਾ ਹੈ?

ਇਸੇ ਤਰ੍ਹਾਂ ਸੂਫੀ ਕਵੀ ਬੁੱਲ੍ਹੇ ਸ਼ਾਹ ਧਾਰਮਿਕ ਪਖੰਡ-ਜੁਗਾੜ ਨਕਾਰਦਾ ਹੈ,

ਨਾ ਖੁਦਾ ਮਸੀਤੇ ਲੱਭਦਾ
ਨਾ ਖੁਦਾ ਵਿਚ ਕਾਅਬੇ।
ਨਾ ਖੁਦਾ ਕੁਰਾਨ ਕਿਤਾਬਾਂ ਨਾ ਖੁਦਾ ਨਿਮਾਜੇ।
ਨਾ ਖੁਦਾ ਮੈ ਤੀਰਥ ਡਿੱਠਾ ਐਵੇ ਪੈਂਡੇ ਝਾਗੇ।

ਤੇ ਧਾਰਮਿਕ ਰਸਮਾਂ ਨੂੰ ਰੱਦ ਕਰਦਿਆਂ ਤਰਕ ਦਾ ਹੋਕਾ ਦਿੰਦਾ ਹੈ,

ਫੂਕ ਮੁਸੱਲਾ ਭੰਨ ਸੁੱਟ ਲੋਟਾ
ਨਾ ਫੜ ਤਸਬੀ ਕਾਸਾ ਸੋਟਾ,
ਆਸ਼ਕ ਕਹਿੰਦੇ ਦੇ ਦੇ ਹੋਕਾ
ਤਰਕ ਹਲਾਲੋਂ ਖਾਹ ਮੁਰਦਾਰ।

ਪੰਜਾਬ ਦੀ ਜਾਗ੍ਰਿਤੀ ਲਹਿਰ ਦੇ ਸੰਚਾਲਕ ਗੁਰੂ ਸਾਹਿਬਾਨ, ਭਗਤਾਂ, ਤੇ ਸੂਫੀਆਂ/ਫਕੀਰਾਂ ਦੀ ਕਹਿਣੀ ਤੇ ਕਰਨੀ ਵਿਚ ਕੋਈ ਫਰਕ ਨਹੀਂ ਸੀ। ਮਿਸਾਲ ਵਜੋਂ ਗੁਰੂ ਸਾਹਿਬਾਨ ਨੇ ਆਪੋ ਆਪਣੇ ਜੀਵਨ ਤੇ ਲਹਿਰ ਦੇ ਸੰਚਾਲਕੀ ਘੇਰੇ ਵਿਚ ਆਪਣੀ ਕਹਿਣੀ ਤੇ ਉਪਦੇਸ਼ਾਂ ਨੂੰ ਲਾਗੂ ਕੀਤਾ। ਜਿਨ੍ਹਾਂ ਧਾਰਮਿਕ ਤੇ ਸਮਾਜਕ ਬੁਰਾਈਆਂ ਦੇ ਵਿਰੁਧ ਸਿੱਖ ਲਹਿਰ ਸਣੇ ਪੰਜਾਬ ਜਾਗ੍ਰਿਤੀ ਲਹਿਰ ਨੇ ਸੰਘਰਸ਼ ਕੀਤਾ, ਉਨ੍ਹਾਂ 'ਚੋਂ ਬਹੁਤੇ ਪੰਜਾਬ ਦੇ 'ਆਧੁਨਿਕ ਯੁੱਗ' ਵਿਚ ਵੀ ਦਾਖਲ ਹੋ ਗਏ, ਤੇ ਕਈ ਕਿਸੇ ਹੱਦ ਤੱਕ ਉਸੇ ਜਾਂ ਭਿੰਨ ਰੂਪ ਵਿਚ ਅਜੇ ਤੱਕ ਕਾਇਮ ਨੇ; ਜਿਵੇਂ ਜਾਤ-ਪਾਤ; ਧਾਰਮਿਕ ਕੁਰੀਤੀਆਂ, ਦੁਰਵਿਹਾਰ ਤੇ ਪਖੰਡ; ਕਈ ਸਮਾਜਕ ਹਲਕਿਆਂ ਵਿਚ ਔਰਤ ਦੇ ਪੁਨਰ-ਵਿਆਹ ਦੀ ਮਨਾਹੀ ਜਾਂ ਅਪ੍ਰਵਾਨਗੀ ਤਾਂ ਹੈ ਹੀ, ਉਨ੍ਹਾਂ ਨੂੰ ਪਹਿਲਾ ਵਿਆਹ ਵੀ ਆਪਣੀ

**(ਬਾਕੀ ਅਗਲੇ ਸਫੇ 'ਤੇ)**

***ਪ੍ਰੋਫੈਸਰ, ਫਿਜ਼ਿਕਸ ਤੇ ਕੰਪਿਊਟਰ ਸਾਇੰਸ, ਪਾਰਕ ਯੂਨੀਵਰਸਿਟੀ, ਯੂ ਐਸ ਏ।***

# ਸਚੁ ਬਾਣੀ ਸਚੁ ਸਬਦੁ ਹੈ

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਗੁਰੂਆਂ ਦੀ ਰਚੀ ਬਾਣੀ ਹੈ। ਇਸ ਵਿਚ ਸੰਤਾਂ, ਭਗਤਾਂ, ਭੰਡਾਂ ਤੇ ਸੂਫੀ ਕਵੀਆਂ ਆਦਿ ਦੀਆਂ ਰਚਨਾਵਾਂ ਵੀ ਸ਼ਾਮਲ ਹਨ। ਵਿਚਾਰਧਾਰਾ ਦੀ ਸਾਂਝ ਅਨੁਸਾਰ ਗੁਰੂ ਅਰਜਨ ਦੇਵ ਨੇ ਇਹ ਰਚਨਾਵਾਂ ਕਈ ਥਾਂਵਾਂ ਤੋਂ ਇਕੱਤਰ ਕੀਤੀਆਂ। ਫਿਰ ਉਨ੍ਹਾਂ ਨੇ ਇਨ੍ਹਾਂ ਨੂੰ ਤਰਤੀਬ ਦੇ ਕੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਪੰਚਮ ਪਾਤਸ਼ਾਹ ਨੇ ਸਾਰੀ ਬਾਣੀ ਨੂੰ ਰਾਗਾਂ ਅਨੁਸਾਰ ਵੰਡ ਕੇ ਰਚਨਾਕਾਰਾਂ ਦੀ ਪ੍ਰਮੁੱਖਤਾ ਅਨੁਸਾਰ ਆਦਿ ਗ੍ਰੰਥ ਵਿਚ ਸਮੋਇਆ। ਇਸ ਤਰਤੀਬ ਅਨੁਸਾਰ ਉਨ੍ਹਾਂ ਨੇ ਸਭ ਰਾਗਾਂ ਵਿਚ ਮਹਲਾ ਪਹਿਲਾ ਭਾਵ ਗੁਰੂ ਨਾਨਕ ਦੀ ਬਾਣੀ ਨੂੰ ਪਹਿਲੇ ਸਥਾਨ 'ਤੇ ਰੱਖਿਆ ਅਤੇ ਬਾਕੀਆਂ ਨੂੰ ਕ੍ਰਮ ਅਨੁਸਾਰ ਉਨ੍ਹਾਂ ਤੋਂ ਪਿਛੋਂ।

ਗੁਰੂ ਨਾਨਕ ਦੀਆਂ ਰਚਨਾਵਾਂ ਵਿਚੋਂ ਸਭ ਤੋਂ ਪਹਿਲਾਂ ਉਨ੍ਹਾਂ ਦੀ ਬਾਣੀ ਜਪੁਜੀ ਸਾਹਿਬ ਰੱਖੀ, ਜੋ ਇਕ ਰਾਗ ਮੁਕਤ ਬਾਣੀ ਹੈ ਤੇ ਨਿਰੋਲ ਸਿੱਖ ਸਿਧਾਂਤ ਦੀ ਵਿਆਖਿਆ ਕਰਦੀ ਹੈ। ਘੋਖਿਆਂ ਪਤਾ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-991-4249**

ਲੱਗਦਾ ਹੈ ਕਿ ਇਹ ਬਾਣੀ ਪੂਰੀ ਤਰ੍ਹਾਂ ਵਿਗਿਆਨਕ ਹੈ ਤੇ ਇਸ ਦੇ ਵਿਗਿਆਨਕ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਵਿਚ ਸਭ ਸ਼ਬਦ ਭਾਵ ਪੂਰਨ ਤੇ ਨਪੇ ਤੁਲੇ ਹਨ ਅਤੇ ਲੋੜ ਤੋਂ ਵੱਧ ਇਕ ਅੱਖਰ ਵੀ ਨਹੀਂ ਹੈ। ਗੁਰੂ ਸਾਹਿਬ ਨੇ ਇਸ ਵਿਚ ਇਕ ਵੀ ਦਾਅਵਾ ਐਸਾ ਨਹੀਂ ਕੀਤਾ, ਜੋ ਮਨਘੜਤ ਹੋਵੇ ਤੇ ਜੋ ਯਥਾਰਥ ਅਤੇ ਤੱਥਾਂ ਦੇ ਨੇੜੇ ਨਾ ਹੋਵੇ। ਇਸ ਦੀ ਸੰਪਾਦਨਾ ਗੁਰੂ ਨਾਨਕ ਨੇ ਆਪਣੇ ਜੀਵਨ ਦੀ ਪ੍ਰੌੜ ਅਵਸਥਾ ਵਿਚ ਕੀਤੀ ਤਾਂ ਜੋ ਉਹ ਆਪਣੀ ਵਿਚਾਰਧਾਰਾ ਦਾ ਨਿਚੋੜ ਇਕ ਥਾਂ ਲਿਖ ਕੇ ਆਪਣੇ ਸਿੱਖਾਂ ਨੂੰ ਇਸ ਦੀ ਸਹੀ ਤੇ ਸੰਖੇਪ ਸਿੱਖਿਆ ਦੇ ਸਕਨ।

ਗੁਰੂ ਨਾਨਕ ਨੇ ਜਪੁਜੀ ਸਾਹਿਬ ਦਾ ਅਰੰਭ ੧ੴ ਦੇ ਸੰਕੇਤ ਨਾਲ ਕੀਤਾ ਤੇ ਇਸ ਉਪਰੰਤ ਤੇਰਾਂ ਹੋਰ ਸ਼ਬਦ ਜੋੜ ਕੇ ਮੂਲ ਮੰਤਰ ਲਿਖਿਆ। ਇਸ ਪਿਛੋਂ ਉਨ੍ਹਾਂ ਇਸ ਵਿਚ ਬੇਹਦ ਵਿਦਵਤਾ ਭਰਪੂਰ ਢੰਗ ਨਾਲ ਸਿੱਖੀ ਸਿਧਾਂਤ ਦੀ ਵਿਆਖਿਆ ਕੀਤੀ। ਆਪਣੀ ਦਾਰਸ਼ਨਿਕ ਗਹਿਰਾਈ ਕਾਰਨ ਇਹ ਸਾਢੇ ਸੱਤ ਸਫਿਆਂ ਦੀ ਸੰਖੇਪ ਬਾਣੀ ਗੁਰਮਤਿ ਵਿਚਾਰਾਂ ਦਾ ਮੁਢਲਾ ਸ੍ਰੋਤ ਹੈ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਵਜੋਂ ਜਾਣਿਆ ਜਾਂਦਾ ਹੈ। ਇਸ ਦੀ ਸਿਧਾਂਤਕ ਮਹੱਤਤਾ ਨੂੰ ਮੁੱਖ ਰੱਖਦਿਆਂ ਆਦਿ ਗ੍ਰੰਥ ਦੇ ਸੰਪਾਦਕ ਨੇ ਇਸ ਨੂੰ ਸਭ ਤੋਂ ਉਤਲਾ ਦਰਜਾ ਦਿੱਤਾ; ਪਰ ਅਫਸੋਸ ਇਸ ਗੱਲ ਦਾ ਹੈ ਕਿ ਸਿੱਖ ਵਿਦਵਾਨਾਂ ਨੇ ਇਸ ਨੂੰ ਇੰਨਾ ਸਮਝਣ 'ਤੇ ਜੋਰ ਨਹੀਂ ਦਿੱਤਾ, ਜਿੰਨਾ ਗੁਰੂ ਸਾਹਿਬਾਨ ਨੇ ਸਮਝਾਉਣ 'ਤੇ ਲਾਇਆ ਹੈ। ਇਸੇ ਲਈ ਅੱਜ 1% ਸਿੱਖ ਵਿਦਵਾਨ ਵੀ ਇਸ ਨੂੰ ਸਹੀ ਤੌਰ 'ਤੇ ਸਮਝ ਨਹੀਂ ਸਕਦੇ।

ਅੱਜ ਬਾਣੀ ਨੂੰ ਸਮਝਣ-ਸਮਝਾਉਣ ਲਈ ਤਰ੍ਹਾਂ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ। ਬਹੁਤੇ ਸਿੱਖ ਵਿਦਵਾਨ ਪੁਜਾਰੀਵਾਦੀ ਵਿਆਖਿਆ ਵਿਚ ਪੈ ਕੇ ਇਸ ਨੂੰ ਅਧਿਆਤਮਵਾਦ ਨਾਲ ਜੋੜਦੇ ਹਨ। ਕੁਝ ਨਵੇਂ ਵਿਦਵਾਨ ਇਸ ਨੂੰ ਵਿਸ਼ਵਾਸ ਤੋਂ ਨਿਖੇੜ ਕੇ ਇਸ ਦਾ ਸ਼ਾਬਦਿਕ ਤੇ ਵਿਚਾਰਧਾਰਕ ਵਿਸ਼ਲੇਸ਼ਣ ਕਰਦੇ ਹਨ। ਪੁਜਾਰੀਵਾਦੀ ਵਿਦਵਾਨ ਅਜਿਹਾ ਕਰਨਾ ਠੀਕ ਨਹੀਂ ਮੰਨਦੇ, ਕਿਉਂਕਿ ਉਨ੍ਹਾਂ ਅਨੁਸਾਰ ਗੁਰਬਾਣੀ ਆਸਥਾ ਦਾ ਮਾਮਲਾ ਹੈ। ਉਨ੍ਹਾਂ ਲਈ ਆਸਥਾ ਸੱਤਿ ਤੋਂ ਵੱਧ ਪਿਆਰੀ ਹੈ, ਇਸ ਲਈ ਉਹ ਇਸ ਨੂੰ ਹਰ ਤਰ੍ਹਾਂ ਦੇ ਕਿੰਤੂ-ਪ੍ਰੰਤੂ ਤੋਂ ਉਪਰ ਰੱਖਦੇ ਹਨ। ਕਈ ਸਿੱਖ ਵਿਦਵਾਨਾਂ ਦਾ ਵਿਸ਼ਵਾਸ ਹੈ ਕਿ ਕਈ ਕ੍ਰਿਤ੍ਰਿਮ ਸੰਸਥਾਨ ਉਨ੍ਹਾਂ ਦੇ ਧਾਰਮਿਕ ਗ੍ਰੰਥਾਂ ਨਾਲ ਛੇੜ-ਛਾੜ ਕਰਕੇ ਉਨ੍ਹਾਂ ਦੀ ਵੱਖਰੀ ਧਾਰਮਿਕ ਪਛਾਣ ਖਤਮ ਕਰਨ ਦੀ ਸਾਜ਼ਿਸ਼ ਕਰ ਰਹੇ ਹਨ। ਵੱਖ ਵੱਖ ਸਿੱਖ ਵਿਦਵਾਨ ਤੇ ਡੇਰਾਧਾਰੀ ਸੰਤ ਆਪੋ ਆਪਣੀ ਵਿਦਵਤਾ, ਵਿਸ਼ਵਾਸ ਤੇ ਸਿਧਾਂਤਕ ਤਜਰਬੇ ਅਨੁਸਾਰ ਬਾਣੀ ਦੀ ਆਪੋ ਆਪਣੇ ਢੰਗ ਨਾਲ ਵਿਆਖਿਆ ਕਰ ਰਹੇ ਹਨ।

ਸਮੁੱਚੇ ਰੂਪ ਵਿਚ ਵੇਖਿਆਂ ਲਗਦਾ ਹੈ ਕਿ ਕਈ ਵਿਦਵਾਨ ਮਨਮਾਨੀ ਵਿਆਖਿਆ ਕਰ ਰਹੇ ਹਨ ਤੇ ਕਈ ਦੂਜੇ ਇਸ ਨੂੰ ਖਿੜੇ ਮੱਥੇ ਪ੍ਰਵਾਨ ਕਰ ਰਹੇ ਹਨ। ਬਹੁਤੇ ਵਿਦਵਾਨ ਸੰਪਰਦਾਵਾਂ ਵਿਚ ਵੰਡੇ ਹੋਏ ਹਨ ਤੇ ਆਪਸ ਵਿਚ ਲੜ ਰਹੇ ਹਨ। ਕਿਸੇ ਨੂੰ ਕੁਝ ਪਤਾ ਨਹੀਂ ਲਗ ਰਿਹਾ ਕਿ ਸਹੀ ਕੀ ਹੈ ਤੇ ਗਲਤ ਕੀ? ਕਿਉਂਕਿ ਕਿਸੇ ਕੋਲ ਸਹੀ-ਗਲਤ ਦਾ ਪੈਮਾਨਾ ਹੀ ਨਹੀਂ ਹੈ।

ਗੁਰਬਾਣੀ ਵਿਚ ਵਿਵੇਕ ਤੇ ਤਰਕ ਤੋਂ ਹਟ ਕੇ ਕੀਤੀ ਵਿਆਖਿਆ ਨੂੰ 'ਹਉਮੈ' ਜਾਂ ਮਨਮੁਖਤਾ ਵਾਲਾ ਵਿਖਿਆਨ ਮੰਨਿਆ ਗਿਆ ਹੈ। ਵਿਆਖਿਆ ਉਹੀ ਪ੍ਰਮਾਣਿਕ ਹੈ, ਜੋ ਕਿਸੇ ਦੀ ਮਰਜੀ ਮੁਤਾਬਕ ਨਾ ਹੋ ਕੇ ਗੁਰੂ ਸਾਹਿਬ ਦੇ ਆਸ਼ੇ ਮੁਤਾਬਕ ਹੋਵੇ। ਵਿਆਖਿਆ ਕੇਵਲ ਓਹੀ ਠੀਕ ਹੈ, ਜਿਸ ਨੂੰ ਕਰੇ ਭਾਵੇਂ ਕੋਈ ਪਰ ਭਾਵ ਇਕੋ ਨਿਕਲੇ। ਇਸ ਦਾ ਆਧਾਰ ਅਰਥ ਕਰਨ ਵਾਲੇ ਦੀ ਇੱਛਾ, ਮਰਜੀ ਜਾਂ ਹਉਮੈ ਨਾ ਹੋਵੇ, ਸਗੋਂ ਇਹ ਪੱਕੇ ਸਾਪੇਖ ਤੇ ਤਾਰਕਿਕ ਮਾਪਦੰਡ ਅਨੁਸਾਰ ਹੋਵੇ, ਜਿਨ੍ਹਾਂ ਤੋਂ ਕੋਈ ਮੁਨਕਰ ਨਾ ਹੋ ਸਕੇ। ਸਵਾਲ ਹੈ ਕਿ ਅਜਿਹੀ ਵਿਆਖਿਆ ਕਿੱਦਾਂ ਕੀਤੀ ਜਾਵੇ, ਜੋ ਸੰਪੂਰਨ ਤੌਰ 'ਤੇ ਤਰਕ-ਸੰਗਤ ਹੋਵੇ, ਤੇ ਹਿਸਾਬ ਦੀ ਕਸੌਟੀ ਵਾਂਗ ਹਰ ਇਕ ਲਈ ਹਰ ਵੇਲੇ ਇਕ ਹੀ ਅਰਥ ਦੇਣ ਵਾਲੀ ਹੋਵੇ?

ਬਹੁਤੀਆਂ ਗੱਲਾਂ ਵਿਚ ਨਾ ਪੈ ਕੇ, ਅਜਿਹਾ ਕਰਨ ਦੀ ਇਕੋ ਇਕ ਸਿੱਧੀ ਤੇ ਵਿਗਿਆਨਕ ਵਿਧੀ ਹੈ, ਜਿਸ ਦੇ ਦੋ ਪਹਿਲੂ ਹਨ। ਪਹਿਲਾ, ਬਾਣੀ ਦੀ ਵਿਆਖਿਆ ਮੂਲ ਬਾਣੀ ਪੜ੍ਹ ਕੇ ਕੀਤੀ ਜਾਵੇ, ਭਾਵ ਟੀਕੇ ਜਾਂ ਸਟੀਕ ਪੜ੍ਹ ਕੇ ਨਹੀਂ। ਇਸ ਮੰਤਵ ਲਈ ਬਾਣੀ ਨੂੰ ਇਕ ਕਾਨੂੰਨੀ ਲਿਖਤ ਸਮਝਿਆ ਜਾਵੇ ਤੇ ਇਸ ਦੀ ਵਿਆਖਿਆ ਸਿਰਫ ਇਸ ਵਿਚ ਲਿਖੇ ਸ਼ਬਦਾਂ ਅਨੁਸਾਰ ਕੀਤੀ ਜਾਵੇ। ਆਪਣੇ ਕੋਲੋਂ ਕੋਈ ਅਜਿਹਾ ਸ਼ਬਦ ਨਾ ਜੋੜਿਆ ਜਾਵੇ, ਜਿਸ ਨਾਲ ਵਿਆਖਿਆ ਦੀ ਦਿਸ਼ਾ ਬਦਲ ਜਾਵੇ ਜਾਂ ਇਸ ਵਿਚ ਵਿਚਾਰਧਾਰਕ ਖੋਟ ਪੈ ਜਾਵੇ। ਇਸ ਕੰਮ ਵਿਚ ਸਿਰਫ ਕਾਗਜ਼, ਕਲਮ ਤੇ ਸ਼ਬਦ-ਕੋਸ਼ ਹੀ ਵਰਤੇ ਜਾਣ। ਪੂਰਵ-ਪ੍ਰਕਾਸ਼ਿਤ ਟੀਕਿਆਂ ਨੂੰ ਦੂਰ ਰੱਖਿਆ ਜਾਵੇ ਤਾਂ ਜੋ ਇਨ੍ਹਾਂ ਦੀਆਂ ਹਉਮੈ-ਗ੍ਰਸਤ ਟਿੱਪਣੀਆਂ ਤੱਥਾਂ ਨੂੰ ਪ੍ਰਭਾਵਿਤ ਨਾ ਕਰਨ। ਪਰ ਜੇ ਇਨ੍ਹਾਂ ਟੀਕਿਆਂ ਨੂੰ ਕਦੇ ਸ਼ਬਦ-ਕੋਸ਼ ਵਜੋਂ ਵਰਤਣਾ ਵੀ ਪਵੇ ਤਾਂ ਇਨ੍ਹਾਂ ਦੀ ਵਰਤੋਂ ਇਕ ਅੱਧ ਸ਼ਬਦ ਦੇ ਅਰਥ ਤੈਅ ਕਰਨ ਤੀਕ ਹੀ ਸੀਮਤ ਰਹੇ। ਪੂਰੇ ਵਾਕ ਜਾਂ ਲਾਈਨ ਦੇ ਅਰਥ ਕਦੇ ਇਨ੍ਹਾਂ ਨੂੰ ਵੇਖ ਕੇ ਨਾ ਕੀਤੇ ਜਾਣ। ਟੀਕਿਆਂ ਤੋਂ ਲਏ ਅਰਥਾਂ ਨੂੰ ਵਰਤਣ ਵੇਲੇ ਇਨ੍ਹਾਂ ਨੂੰ ਬਾਣੀ ਦੇ ਸ਼ਬਦਾਂ ਨਾਲ ਤੇ ਗੁਰੂ ਸਾਹਿਬ ਦੀ ਪ੍ਰਤਿਭਾ ਨਾਲ ਮੇਲਨਾ ਅਤਿ ਜਰੂਰੀ ਹੈ। ਇਸ ਦੇ ਨਾਲ ਨਾਲ ਇਨ੍ਹਾਂ ਅਰਥਾਂ ਦਾ ਸਮੁੱਚੀ ਬਾਣੀ ਨਾਲ ਤਾਲ-ਮੇਲ ਵੀ ਵਿਚਾਰਿਆ ਜਾਣਾ ਜਰੂਰੀ ਹੈ। ਵੱਡੀ ਗੱਲ ਇਨ੍ਹਾਂ ਸ਼ਬਦਾਂ ਦੀ ਸਿੱਖੀ ਸਿਧਾਂਤ ਨਾਲ ਤਰਕ-ਸੰਗਤਾ ਪਰਖੀ ਜਾਣੀ ਅਤਿ ਜਰੂਰੀ ਹੈ।

ਇਸ ਵਿਧੀ ਦਾ ਦੂਜਾ ਪਹਿਲੂ ਗੁਰੂ ਅਰਜਨ ਦੇਵ ਦੀ ਸੰਪਾਦਨ ਵਿਧੀ ਨੂੰ ਮੁੱਖ ਰੱਖ ਕੇ ਵਿਆਖਿਆ ਕਰਨਾ ਹੈ। ਪੰਚਮ ਗੁਰੂ ਨੇ ਆਦਿ ਗ੍ਰੰਥ ਦਾ ਸੰਪਾਦਨ ਕਾਰਜ ਮਨਮਾਨੇ ਢੰਗ ਨਾਲ ਨਹੀਂ ਕੀਤਾ, ਸਗੋਂ ਨਿਰਪੱਖ ਨਿਯਮਾਂ ਅਨੁਸਾਰ ਕੀਤਾ ਹੈ। ਜਿਵੇਂ ਉਪਰ ਜ਼ਿਕਰ ਕੀਤਾ ਗਿਆ ਹੈ, ਇਸ ਮੰਤਵ ਲਈ ਉਨ੍ਹਾਂ ਨੇ ਪਹਿਲਾਂ ਸਾਰੀ ਬਾਣੀ ਨੂੰ ਗੁਰੂਆਂ, ਭਗਤਾਂ, ਭੱਟਾਂ ਆਦਿ ਅਨੁਸਾਰ ਰੱਖ ਕੇ ਵੱਖ ਵੱਖ ਕੀਤਾ ਤੇ ਫਿਰ ਇਸ ਦਾ ਰਾਗਾਂ ਅਨੁਸਾਰ ਵਰਗੀਕਰਣ ਕੀਤਾ। ਅੰਤ ਵਿਚ ਉਨ੍ਹਾਂ ਨੇ ਇਸ ਨੂੰ ਪਹਿਲ ਅਨੁਸਾਰ ਲੜੀਬੱਧ ਕਰ ਕੇ ਆਦਿ ਗ੍ਰੰਥ ਦਾ ਸੰਕਲਨ ਕੀਤਾ। ਇਸ ਵਿਚ ਉਨ੍ਹਾਂ ਨੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੀ ਬਾਣੀ ਰੱਖੀ, ਜਿਸ ਵਿਚ ਜਪੁਜੀ ਸਾਹਿਬ ਨੂੰ ਅਗੇਤਰਾ ਸਥਾਨ ਦਿੱਤਾ। ਜਪੁਜੀ ਸਾਹਿਬ ਦੇ ਸ਼ੁਰੂ ਵਿਚ ਮੂਲ ਮੰਤਰ ਹੈ, ਜਿਸ ਦੇ ਅਰੰਭ ਵਿਚ ੧ੴ ਦਾ ਸੰਕੇਤ ਦਰਜ ਹੈ। ਇਸ ਲਈ ਆਦਿ ਗ੍ਰੰਥ ਦਾ ਅਰੰਭ ੧ੴ ਨਾਲ ਕੀਤਾ, ਜਿਸ ਦੀ ਵਿਆਖਿਆ ਮੂਲ ਮੰਤਰ ਕਰਦਾ ਹੈ ਤੇ ਮੂਲ ਮੰਤਰ ਦੀ ਵਿਆਖਿਆ ਸਮੁੱਚਾ ਜਪੁਜੀ ਸਾਹਿਬ ਹੈ। ਇਸੇ ਤਰ੍ਹਾਂ ਜਪੁਜੀ ਸਾਹਿਬ ਦੀ ਸਿੱਖਿਆ ਦਾ ਪ੍ਰਭਾਵੀ ਸੰਦੇਸ਼ ਪੂਰੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵਾਨ ਹੈ।

ਇਹ ਵਰਗੀਕਰਣ ਸਾਪੇਖਕ ਵੀ ਹੈ ਤੇ ਭਾਵਪੂਰਵਕ ਵੀ। ਸਾਪੇਖਕ ਇਸ ਲਈ ਕਿ ਸਿੱਖੀ ਦੇ ਸੰਸਥਾਪਕ ਗੁਰੂ ਨਾਨਕ ਦੀ ਬਾਣੀ ਸਿੱਖ ਸਿਧਾਂਤ ਦੀ ਮੂਲ ਪ੍ਰਤੀਨਿਧਤਾ ਕਰਦੀ ਹੈ। ਗੁਰੂ ਨਾਨਕ ਦੀ ਵਿਚਾਰਧਾਰਕ ਸੇਧ ਵਿਚ ਹੀ ਦੂਜੇ ਗੁਰੂ ਸਾਹਿਬਾਨ ਨੇ ਬਾਣੀ ਲਿਖੀ ਤੇ ਇਸੇ ਸੇਧ ਨਾਲ ਮੇਲ ਖਾਂਦੀ ਭਗਤਾਂ ਆਦਿ ਦੀ ਬਾਣੀ ਹੈ, ਜੋ ਪੰਚਮ ਪਾਤਸ਼ਾਹ ਨੇ ਭਾਈ ਗੁਰਦਾਸ ਜਿਹੇ ਵਿਦਵਾਨ ਸਹਿਯੋਗੀਆਂ ਦੀ ਸਲਾਹ ਨਾਲ ਬੜੀ ਮਿਹਨਤ ਪਿਛੋਂ ਚੁਣ ਕੇ ਇਸ ਵਿਚ ਸ਼ਾਮਲ ਕੀਤੀ। ਇਸ ਲਈ ਜਿਥੋਂ ਤੀਕ ਸਿੱਖ ਸਿਧਾਂਤ ਦਾ ਸਬੰਧ ਹੈ, ਸਿੱਖੀ ਦੇ ਮੋਢੀ ਗੁਰੂ ਨਾਨਕ ਦੀ ਬਾਣੀ ਹੀ ਸਰਬ-ਪ੍ਰਥਮ ਸਥਾਨ 'ਤੇ ਆਉਣੀ ਬਣਦੀ ਹੈ ਤੇ ਲਿਆਂਦੀ ਵੀ ਗਈ ਹੈ। ਇਹ ਵਰਗੀਕਰਣ ਭਾਵਪੂਰਵਕ ਇਸ ਲਈ ਹੈ ਕਿ ਗੁਰੂ ਅਰਜਨ ਨੇ ਜਪੁਜੀ ਸਾਹਿਬ ਦੀ ਸਿਧਾਂਤਕ ਬਾਣੀ ਨੂੰ ਆਦਿ ਗ੍ਰੰਥ ਵਿਚ ਸਰਬ-ਪ੍ਰਥਮ ਸਥਾਨ ਦਿੱਤਾ ਹੈ। ਇਹ ਉਨ੍ਹਾਂ ਦਾ ਨਿਰਪੱਖ ਤੇ ਬੇਹਦ ਤਰਕਮਈ ਫੈਸਲਾ ਸੀ, ਕਿਉਂਕਿ ਸਿਧਾਂਤਕ ਲਿਖਤ ਦਾ ਸਥਾਨ ਜੀਵ ਦੇ ਸਿਰ ਵਾਂਗ ਬਾਕੀ ਅੰਗਾਂ ਤੋਂ ਉਤੇ ਹੀ ਹੁੰਦਾ ਹੈ। ਸਿਧਾਂਤਕ ਲਿਖਤ ਦਾ ਦਰਜਾ ਵਿਆਕਰਣ ਵਾਲਾ ਹੁੰਦਾ ਹੈ, ਜਿਸ ਦੇ ਨਿਯਮਾਂ ਅਨੁਸਾਰ ਸਬੰਧਤ ਲਿਖਤਾਂ ਦੀ ਰਚਨਾ ਤੇ ਵਿਆਖਿਆ ਹੁੰਦੀ ਹੈ। ਜੇ ਆਦਿ ਗ੍ਰੰਥ ਨੂੰ ਸਿੱਖੀ ਦਾ ਵਿਧਾਨ ਮੰਨ ਲਈਏ ਤਾਂ ਜਪੁਜੀ ਸਾਹਿਬ ਇਸ ਦਾ ਸੰਵਿਧਾਨ ਤੇ ਮੂਲ ਮੰਤਰ ਇਸ ਦੀ ਪ੍ਰਸਤਾਵਨਾ ਹੋਇਆ। ਇਸ ਤਰ੍ਹਾਂ ੧ੴ ਦਾ ਸੰਕੇਤ ਸੰਵਿਧਾਨ ਦੀ ਪ੍ਰਸਤਾਵਨਾ ਵਿਚ 'ਅਸੀਂ ਲੋਕ...' (We the people...) ਦੇ ਆਧਾਰ ਵਾਕ ਵਾਂਗ ਹੋਇਆ, ਜੋ ਸਮੁੱਚੇ ਸੰਵਿਧਾਨ ਦੀ ਸ਼ਕਤੀ ਤੇ ਵਿਧੀ ਦੇ ਸ੍ਰੋਤ ਵਲ ਇਸ਼ਾਰਾ ਕਰਦਾ ਹੈ। ਭਾਵੇਂ ਇਹ ਤੁਲਨਾ ਹੂਬਹੂ ਠੀਕ ਨਹੀਂ, ਪਰ ਕਈ ਵਿਧੀਗਤ ਗੁੰਝਲਾਂ ਨੂੰ ਹੱਲ ਕਰਦੀ ਹੈ। ਇਹ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਗੁਰੂ ਅਰਜੁਨ ਦੇ ਸੰਪਾਦਨ ਸਿਧਾਂਤ ਅਨੁਸਾਰ ਆਦਿ ਗ੍ਰੰਥ ਦੀ ਵਿਆਖਿਆ ਜਪੁਜੀ ਸਾਹਿਬ ਅਨੁਸਾਰ, ਜਪੁਜੀ ਸਾਹਿਬ ਦੀ ਵਿਆਖਿਆ ਮੂਲ ਮੰਤਰ ਅਨੁਸਾਰ ਤੇ ਮੂਲ ਮੰਤਰ ਦੀ ਵਿਆਖਿਆ ੧ੴ ਦੇ ਸੰਕੇਤ ਦੀ ਸੇਧ ਵਿਚ ਹੋਣੀ ਚਾਹੀਦੀ ਹੈ। ਇਸੇ ਗੱਲ ਨੂੰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਮੂਲ ਮੰਤਰ ਦਾ ਵਿਚਾਰ ੧ੴ ਦੇ ਪ੍ਰਸੰਗ ਵਿਚ, ਜਪੁਜੀ ਸਾਹਿਬ ਦਾ ਵਿਚਾਰ ਮੂਲ ਮੰਤਰ ਦੀ ਸੇਧ ਵਿਚ ਤੇ ਸਮੁੱਚੇ ਆਦਿ ਗ੍ਰੰਥ ਦੀ ਵਿਆਖਿਆ ਜਪੁਜੀ ਸਾਹਿਬ ਦੇ ਸਿਧਾਂਤਕ ਆਸ਼ੇ ਅਨੁਸਾਰ ਹੋਣੀ ਚਾਹੀਦੀ ਹੈ। ਪੰਚਮ ਪਾਤਸ਼ਾਹ ਦੀ ਦਰਸਾਈ ਸਾਪੇਖਕ ਸੰਪਾਦਨ ਕਰਮਬੱਧਤਾ ਵਿਚ ਰਹਿ ਕੇ ਹੀ ਸਮੁੱਚੇ ਆਦਿ ਗ੍ਰੰਥ ਦੀ ਵਿਆਖਿਆ ਵਿਚ ਸੰਜਮ ਤੇ ਸੁਮੇਲ ਰਹਿ ਸਕਦਾ ਹੈ।

ਨਿਰਪੇਖ ਵਿਆਖਿਆ (Objective Interpretation) ਦੇ ਕਈ ਹੋਰ ਛੋਟੇ-ਵੱਡੇ ਨਿਯਮ ਵੀ ਹਨ, ਜੋ ਅੱਖੋਂ ਓਹਲੇ ਨਹੀਂ ਕੀਤੇ ਜਾਣੇ ਚਾਹੀਦੇ। ਵਿਆਖਿਆਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਉਸ ਦੀ ਪ੍ਰਤੀਬੱਧਤਾ ਸਤਿ ਭਾਵ ਸੱਚ ਨਾਲ ਹੈ, ਨਾ ਕਿ ਕਿਸੇ ਵਿਅਕਤੀ ਜਾਂ ਸਿਧਾਂਤ ਨਾਲ। ਉਸ ਦਾ ਫਰਜ਼ ਹੈ ਕਿ ਉਹ ਆਪਣੀ ਪਸੰਦ ਜਾਂ ਨਾ-ਪਸੰਦ ਭਾਵ ਹਉਮੈ ਨੂੰ ਪਿੱਛੇ ਰੱਖ ਕੇ ਤੱਥਾਂ ਨੂੰ ਪਹਿਲ ਦੇਵੇ ਤੇ ਰਾਹ ਲਗਦੀ ਗੱਲ ਸੋਚੇ। ਵਿਆਖਿਆਕਾਰ ਨੂੰ ਮੰਨ ਕੇ ਚਲਣਾ ਚਾਹੀਦਾ ਹੈ ਕਿ ਸਾਰੀ ਬਾਣੀ ਪਿੱਛੇ ਇਕੋ ਤਰਕ ਤੇ ਇਕੋ ਮੰਤਵ ਹੈ। ਹਰ ਸ਼ਬਦ ਦੀ ਓਹੀ ਸੇਧ ਹੈ, ਜੋ ਮੂਲ ਮੰਤਰ ਦੀ ਸੇਧ ਹੈ। ਹਰ ਤੁਕ ਇਸ ਦੇ ਸਿਧਾਂਤ ਦੇ ਤਰਕ ਦੀ ਲੜੀ ਵਿਚ ਪਰੋਏ ਮਣਕੇ ਵਾਂਗ ਹੈ ਤੇ ਉਸ ਦਾ ਇਕ ਵੀ ਸ਼ਬਦ ਇਸ ਤੋਂ ਬਾਹਰ ਨਹੀਂ ਹੈ। ਵਿਆਖਿਆ ਕਰਨ ਵੇਲੇ ਹਰ ਸ਼ਬਦ ਤੇ ਹਰ ਤੁਕ ਨੂੰ ਜਪੁਜੀ ਦੀ ਇਸ ਸੇਧ ਵਿਚ ਰੱਖ ਕੇ ਪਰਖਿਆ ਜਾਣਾ ਚਾਹੀਦਾ ਹੈ। ਜਿਵੇਂ ਸਾਡੀ ਸੋਚ ਦੇ ਕਈ ਦਾਇਰੇ ਹਨ, ਇਵੇਂ ਹੀ ਤਰਕ ਦੇ ਵੀ ਵੱਖ ਵੱਖ ਦਾਇਰੇ ਜਾਂ ਚੱਕਰ ਹਨ। ਵਿਆਖਿਆਕਾਰ ਦਾ ਕੰਮ ਹੈ, ਇਨ੍ਹਾਂ ਸਭ ਦਾਇਰਿਆਂ ਵਿਚ ਘੁੰਮ ਕੇ ਸਹੀ ਅਰਥ ਲੱਭੇ। ਜੇ ਕਿਤੇ ਬਿਰਤਾਂਤ ਵਿਚ ਤ੍ਰੇੜ ਜਾਪੇ ਤਾਂ ਉਹ ਸਮਝੇ ਕਿ ਇਹ ਬਾਣੀ ਦੀ ਤ੍ਰੇੜ ਨਹੀਂ, ਸਗੋਂ ਉਸ ਦੀ ਆਪਣੀ ਬੁੱਧੀ ਦਾ ਵੱਟ ਹੈ। ਅਜਿਹੇ ਮੌਕੇ ਵੀ ਉਹ ਆਪਣੀ ਬੁੱਧੀ ਨੂੰ ਤਰਕ ਦੇ ਆਰ-ਪਾਰ ਘੁਮਾਵੇ ਤੇ ਆਪਣੀ ਸੋਚ ਨੂੰ ਰਚਨਾਕਾਰ ਦੀ ਸੋਚ ਦੇ ਸਮਾਨੰਤਰ ਕਰੇ।

ਵਿਆਖਿਆਕਾਰ ਇਹ ਗੱਲ ਵੀ ਹਰ ਵੇਲੇ ਯਾਦ ਰੱਖੇ ਕਿ ਮਸਲਾ ਉਸ ਦੀ ਬੁੱਧੀ ਦੇ ਵੱਕਾਰ ਦਾ ਜਾਂ ਉਸ ਦੀ ਕਲਾ ਚਮਕਾਉਣ ਦਾ ਨਹੀਂ, ਸਗੋਂ ਬਾਣੀ ਦੇ ਸਹੀ ਅਰਥਾਂ ਰਾਹੀਂ ਸੱਚ ਦੇ ਨੇੜੇ ਲੱਗਣ ਦਾ ਹੈ। ਮਸਲਾ ੧ੴ ਦੇ ਗੁਰ ਦੀ ਸਹੀ ਵਰਤੋਂ ਕਰ ਕੇ ਗੁਰ ਆਸ਼ੇ ਮੁਤਾਬਕ ਸ੍ਰਿਸ਼ਟੀ ਦੇ ਕਾਰਕ ਦੀਆਂ ਵਿਸ਼ੇਸ਼ਤਾਈਆਂ ਦੀ ਭਾਲ ਦਾ ਤੇ ਉਨ੍ਹਾਂ ਅਨੁਸਾਰ ਉਸ ਦੇ ਅਸਲ ਨਾਂ ਦੀ ਪੜਤਾਲ ਦਾ ਹੈ।

ਵਿਆਖਿਆਕਾਰ ਨੂੰ ਸਨਮੁਖ ਰੱਖਣਾ ਚਾਹੀਦਾ ਹੈ ਕਿ ਬਾਣੀ ਦੇ ਰਚਨਾਕਾਰ, ਗੁਰੂ ਜਾਂ ਭਗਤ, ਇਕ ਯਥਾਰਥਕ ਵਿਸ਼ੇ ਦੇ ਕਿਸੇ ਅਦਿੱਖ ਜਾਂ ਖਿਆਲੀ ਪੱਖ 'ਤੇ ਲਿਖ ਰਹੇ ਹਨ, ਜੋ ਗਿਆਨ ਇੰਦਰੀਆਂ ਦੇ ਘੇਰੇ ਤੋਂ ਬਾਹਰ ਹੈ। ਉਹ ਆਪਣੇ ਅਨੁਭਵਾਂ ਜਾਂ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਸੰਸਾਰਕ ਬਿੰਬਾਂ ਦਾ ਸਹਾਰਾ ਲੈਂਦੇ ਹਨ; ਪਰ ਇਸ ਵਿਸ਼ੇ ਵਿਚ ਕੋਈ ਨਿੱਗਰ ਪੂਰਵ-ਪ੍ਰਾਪਤੀਆਂ ਨਾ ਹੋਣ ਕਰ ਕੇ ਠੋਸ ਬਿੰਬਾਂ ਦੀ ਘਾਟ ਹੈ। ਇਨ੍ਹਾਂ ਬਿੰਬਾਂ ਦੀ ਸ਼ਬਦਾਵਲੀ ਦੀ ਪ੍ਰਵਿਰਤੀ ਹੈ ਕਿ ਇਹ ਸਮੇਂ ਦੇ ਦੌਰ ਨਾਲ ਅਸਲ ਵਿਸ਼ੇ ਤੋਂ ਨਿੱਖੜ ਜਾਂਦੀ ਹੈ। ਅਸਲ ਮੁੱਦਿਆਂ ਤੋਂ ਵਿਛੜ ਕੇ ਸ਼ਰਧਾਲੂਆਂ ਦੀ ਸ਼ਰਧਾ ਕੇਵਲ ਥੋਥੇ ਬਿੰਬਾਂ ਦੁਆਲੇ ਘੁੰਮਣ ਲਗਦੀ ਹੈ, ਜਿਸ ਵਿਚੋਂ ਕਰਮ ਕਾਂਡ ਤੇ ਪਖੰਡ ਉਪਜਦੇ ਹਨ। ਵਿਆਖਿਆਕਾਰ ਨੂੰ ਬਿੰਬਾਂ ਨਾਲ ਸਿਝਦਿਆਂ ਸੁਚੇਤ ਰਹਿਣਾ ਚਾਹੀਦਾ ਹੈ ਤੇ ਇਨ੍ਹਾਂ ਦੇ ਪਿਛੋਕੜ ਦੀਆਂ ਭਾਵਨਾਵਾਂ ਨੂੰ ਧਿਆਨ ਗੋਚਰੇ ਕਰਨਾ ਚਾਹੀਦਾ ਹੈ। ਉਹ ਸਮਝੇ ਕਿ ਗੁਰੂ ਦੀ ਬਾਣੀ ਤਰਕ ਤੇ ਵਿਵੇਕ ਭਰਪੂਰ ਹੈ, ਜਿਸ ਵਿਚ ਪਾਈ ਕਲਪਨਾ ਤੇ ਬਿੰਬ ਵਿਖਿਆਨ ਦੇ ਸਹਾਰੇ ਵਜੋਂ ਹੀ ਵਰਤੇ ਗਏ ਹਨ।

ਕਿਉਂਕਿ ਸਮਕਾਲੀ ਪਰੰਪਰਾਵਾਂ ਅਨੁਸਾਰ ਬਾਣੀ ਰਚਨਾ ਕਾਵਿ ਪ੍ਰਬੰਧ ਵਿਚ ਕੀਤੀ ਗਈ ਹੈ, ਇਸ ਲਈ ਬਾਣੀ ਰਚਣ ਵਾਲਿਆਂ ਦੀਆਂ ਕਾਵਿ-ਬੰਦਿਸ਼ਾਂ ਤੇ ਕਾਵਿ-ਉਡਾਣਾਂ ਵੀ ਉਨ੍ਹਾਂ ਦੇ ਵਿਚਾਰਾਂ ਦੇ ਪ੍ਰਵਾਹ ਵਿਚ ਘੁਲੀਆਂ-ਮਿਲੀਆਂ ਹੋਈਆਂ ਹਨ। ਨਿਸ਼ਚੇ ਹੀ ਇਨ੍ਹਾਂ ਸਭ ਗੱਲਾਂ, ਖਾਸ ਕਰ ਕਾਵਿ ਰਚਨਾ ਦੀਆਂ ਸੀਮਾਵਾਂ ਨੂੰ ਤਰਕ-ਸੰਗਤ ਢੰਗ ਨਾਲ ਨਿਖੇੜ ਕੇ ਬਾਣੀ ਦੇ ਅਸਲ ਸੰਦੇਸ਼ ਤੱਕ ਪਹੁੰਚਿਆ ਜਾ ਸਕਦਾ ਹੈ।

## ਆਧੁਨਿਕ ਯੁੱਗ ਦੀਆਂ ਵਿਸ਼ਵ ਮਨੁੱਖੀ ਕਦਰਾਂ ਕੀਮਤਾਂ

(ਪਿਛਲੇ ਸਫੇ ਦੀ ਬਾਕੀ)

ਮਰਜ਼ੀ ਨਾਲ ਨਹੀਂ ਕਰਾਉਣ ਦਿੱਤਾ ਜਾਂਦਾ; ਗਰਭ ਟੈਸਟ ਕਰਾ ਕੇ ਬੱਚੀ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦੇਣਾ ਤੇ ਔਰਤ ਨਾਲ ਹੋਰ ਵਿਤਕਰਾ ਆਦਿ। ਫਰਕ ਸਿਰਫ ਇੰਨਾ ਹੈ ਕਿ ਹੁਣ ਇਹ ਸਮਾਜਕ ਲਾਹਨਤਾਂ ਸਿਰਫ ਕੱਟੜ ਹਿੰਦੂ ਧਰਮ ਤੇ ਇਸਲਾਮ ਤੱਕ ਹੀ ਸੀਮਿਤ ਨਾ ਰਹੀਆਂ। ਪੰਜਾਬ ਜਾਗ੍ਰਿਤੀ ਲਹਿਰ ਪਿਛੋਂ ਪੰਜਾਬ ਕੂਹਣੀ-ਮੋੜ ਕੱਟ ਗਿਆ, ਪਰ ਰੈਨੇਸਾਂਸ ਪਿਛੋਂ ਯੂਰਪ ਅੱਗੇ ਵਧਦਾ ਗਿਆ।

ਮੁੱਕਦੀ ਗੱਲ, ਆਧੁਨਿਕ ਮਾਨਵਵਾਦ ਦੀਆਂ ਕੁਝ ਮਨੁੱਖੀ ਕਦਰਾਂ ਕੀਮਤਾਂ ਨੂੰ ਮੱਧਕਾਲੀ ਯੁੱਗ ਵਿਚ ਚੱਲੀਆਂ ਲਹਿਰਾਂ, ਪੰਜਾਬ ਜਾਗ੍ਰਿਤੀ ਲਹਿਰ ਤੇ ਯੂਰਪੀਅਨ ਰੈਨੇਸਾਂਸ ਨੇ ਆਪਣੇ ਸਮੇਂ ਵਿਚ ਹੀ ਉਤਸ਼ਾਹਤ ਤੇ ਵਾਹ ਲੱਗਦੀ ਨੂੰ ਲਾਗੂ ਕੀਤਾ; ਜਿਨ੍ਹਾਂ ਵਿਚੋਂ ਮੁੱਖ ਹਨ: ਮਰਦ-ਔਰਤ ਬਰਾਬਰੀ ਦੀ ਵਕਾਲਤ, ਜਾਤ-ਪਾਤ (ਯੂਰਪ ਵਿਚ ਨਸਲ) ਦੇ ਆਧਾਰ 'ਤੇ ਵਿਤਕਰੇ ਦਾ ਵਿਰੋਧ, ਅਤੇ ਕੁਰੀਤੀਆਂ ਤੇ ਪਾਖੰਡਾਂ ਦੀ ਵਰਤੋਂ ਕਰਕੇ ਧਾਰਮਿਕ ਚੌਧਰੀਆਂ ਵਲੋਂ ਲੋਕਾਂ 'ਤੇ ਢਾਹੇ ਜਾ ਰਹੇ ਜ਼ੁਲਮ ਤੇ ਉਨ੍ਹਾਂ ਦੀ ਕੀਤੀ ਜਾ ਰਹੀ ਲੁੱਟ-ਖਸੁੱਟ ਦਾ ਵਿਰੋਧ। ਜੇ ਸਮਾਜਕ ਦਸ਼ਾ ਦੇ ਹਿਸਾਬ ਨਾਲ ਜਾਤ-ਪਾਤ ਦਾ ਅਨੁਵਾਦ ਉਸ ਸਮੇਂ ਦੇ ਯੂਰਪ ਵਿਚ ਸਮਾਜਕ ਜਮਾਤ (ਸ਼ੋਸ਼ਲ ਕਲਾਸ) ਤੇ ਮਨੁੱਖੀ ਨਸਲ ਮੰਨ ਲਈਏ, ਤਾਂ ਜਿਵੇਂ ਇਸ ਲੇਖ ਵਿਚ ਵੀ ਦਿਖਾਇਆ ਹੈ, ਪੰਜਾਬ ਜਾਗ੍ਰਿਤੀ ਲਹਿਰ ਮਰਦ-ਔਰਤ ਬਰਾਬਰੀ ਦੀ ਅਮਲੀ ਵਕਾਲਤ ਅਤੇ ਜਾਤ-ਪਾਤ, ਜਮਾਤ ਤੇ ਨਸਲ 'ਤੇ ਆਧਾਰਤ ਵਿਤਕਰੇ ਵਿਰੁਧ ਆਵਾਜ਼ ਲੈਣ ਵਿਚ ਪੱਛਮ ਜਾਂ ਯੂਰਪ ਤੋਂ ਵੀ ਕਿਤੇ ਅੱਗੇ ਸਨ; ਪਰ ਯੂਰਪੀਅਨ ਰੈਨੇਸਾਂਸ ਲਹਿਰ ਨੇ ਅਤੀਤ ਤੇ ਉਦੋਂ ਦੇ 'ਅੱਜ' ਨੂੰ ਤਰਕ ਨਾਲ ਪੜਚੋਲ ਕੇ ਧਾਰਮਿਕ ਕੁਰੀਤੀਆਂ, ਦੁਰਵਰਤੋਂ ਤੇ ਦੁਰਵਿਹਾਰ ਵਿਰੁਧ ਤਰਕ ਦਾ ਹੱਲਾ ਬੋਲਦਿਆਂ ਯੂਰਪ ਨੂੰ ਆਧੁਨਿਕ ਯੁੱਗ ਨਾਲ ਜੋੜ ਦਿੱਤਾ, ਪਰ ਪੰਜਾਬ ਜਾਗ੍ਰਿਤੀ ਲਹਿਰ ਕੋਲ ਤਰਕ ਹੁੰਦਿਆਂ ਵੀ, ਕੁਝ ਆਧੁਨਿਕ ਕਦਰਾਂ ਕੀਮਤਾਂ ਨੂੰ ਉਤਸ਼ਾਹਤ ਤੇ ਵਾਹ ਲੱਗਦੀ ਨੂੰ ਲਾਗੂ ਕਰਨ ਵਿਚ ਪੱਛਮ/ਯੂਰਪ ਤੋਂ ਦੋ ਕਦਮ ਅੱਗੇ ਹੋਣ ਦੇ ਬਾਵਜੂਦ ਜਾਗ੍ਰਿਤੀ ਲਹਿਰ ਪੰਜਾਬ ਨੂੰ ਆਧੁਨਿਕ ਯੁੱਗ ਨਾਲ ਜੋੜਨ ਤੋਂ ਅਸਮਰਥ ਹੀ ਨਹੀਂ ਰਹੀ, ਸਗੋਂ ਲਹਿਰ ਪਿਛੋਂ ਪੰਜਾਬ ਕਰੀਬ ਸਾਰਾ ਕੀਤਾ ਕਰਾਇਆ ਖੂਹ ਵਿਚ ਸੁੱਟਦਿਆਂ ਕੂਹਣੀ-ਮੋੜ ਕੱਟ ਗਿਆ। ਕਿਉਂ? ਇਸ ਸੁਆਲ ਦਾ ਜੁਆਬ ਵੱਖਰੇ ਲੇਖ ਵਿਚ ਤਲਾਸ਼ਿਆ ਗਿਆ ਹੈ। ਉਸ ਤੋਂ ਪਹਿਲਾਂ ਸਾਨੂੰ ਪੰਜਾਬ ਜਾਗ੍ਰਿਤੀ ਲਹਿਰ ਤੇ ਯੂਰਪੀਅਨ ਰੈਨੇਸਾਂਸ ਵਿਚ ਵਿਗਿਆਨ ਤੇ ਵਿਗਿਆਨਕ ਸੋਚ ਦੇ ਵਿਸ਼ੇ ਨਾਲ ਦੋ-ਹੱਥ ਹੋਣਾ ਪਵੇਗਾ।

(ਚਲਦਾ)

## ਪੈਗਾਮ-ਏ ਨਾਨਕ, ਜ਼ਿੰਦਗੀ ਦਾ ਫਲਸਫਾ ਹੈ

ਪੈਗਾਮ-ਏ ਨਾਨਕ, ਜ਼ਿੰਦਗੀ ਦਾ ਫਲਸਫਾ ਹੈ
ਅਹਿਲੇ ਕਰਮ ਦੀ ਬਖ਼ਸ਼ਿਸ਼, ਰੂਹ ਅਫ਼ਜ਼ਾ ਹੈ।
ਨੂਰ-ਏ ਇਲਮੇ ਲਦੂੰਨੀ, ਤੌਹੀਦ ਦੀ ਸਦਾ ਹੈ
ਅਹਿਲੇ ਕਰਮ ਨਾਲ, ਲੁਤਫ-ਏ ਵਸਲ ਲਈ
ਸਫਰ-ਏ-ਜ਼ਿੰਦਗੀ ਇਨਸਾਂ, ਇੱਕ ਪੜਾਅ ਹੈ।

ਖ਼ੁਦਾਈ ਮਖ਼ਲੂਕ ਵਿਚੋਂ ਸਭ ਤੋਂ ਸਿਰਕਰਦਾ
ਬੰਦਾ ਰੱਬ ਦੀ ਕਿਰਤ ਦਾ ਇਕ ਮੋਅਜਜ਼ਾ ਹੈ
ਇਹ ਮੰਦਿਰ, ਮਸਜਿਦਾਂ, ਪੂਜਾ ਘਰ ਹੀ ਨਹੀਂ
ਹਰ ਜਗ੍ਹਾ ਉਸ ਨੂਰ ਦੀ ਇਬਾਦਤਗਾਹ ਹੈ।

ਦੂਰ ਕਰੇ ਦਿਲਾਂ 'ਚੋਂ, ਅਹਿਸਾਸ-ਏ-ਕਮਤਰੀ
ਹਰ ਦਿਲ 'ਚ ਨੁਮਾਇਆ, ਉਹਦਾ ਜਲਵਾ ਹੈ
ਤਸਬੀ, ਇਹ ਮਾਲਾ, ਇਹ ਤਿਲਕ, ਮੁਸੱਲਾ
ਇਹ, ਬਸ਼ਰ ਦੀ ਹਉਮੈ ਦਾ ਹੀ ਵਿਖਾਵਾ ਹੈ।

ਇਸਮਤ, ਅਣਖ ਤੇ ਗੈਰਤ ਦਾ ਵੱਡਾ ਮੁੱਦਈ
ਭਟਕੀ ਮਨੁਖਤਾ ਦਾ ਰਸਤਾ ਰੁਸ਼ਨਾ ਰਿਹਾ ਹੈ
ਜ਼ਾਬਰ, ਜ਼ਾਲਮ ਤੇ ਜ਼ੁਲਮ ਲਈ ਵੰਗਾਰ ਬਣ
ਮਹਿਰੂਮਾਂ ਨੂੰ ਹੱਕ ਸੱਚ ਦੇ ਰਾਹ ਪਾ ਰਿਹਾ ਹੈ।

ਕੋਈ ਵੱਡਾ ਨਾ ਛੋਟਾ, ਅਮੀਰ ਨਾ ਗਰੀਬ ਹੈ
ਨੂਰੀ ਜਲਵਾ ਸਾਰਾ ਉਸ ਦਾ ਹੀ ਫੈਲਿਆ ਹੈ
ਉਹ ਹੀ, ਉਸ ਇਬਾਦਤਗਾਹ 'ਚ ਹੈ ਮਨਜ਼ੂਰ
ਤਕੱਬਰ, ਅਹਿੰਬੁਧ ਜਿਸ ਨੇ ਗਵਾ ਲਿਆ ਹੈ।

ਇਹ ਰਿਧੀਆਂ, ਸਿਧੀਆਂ, ਇਹ ਕਰਾਮਾਤਾਂ
ਭਟਕਾਉਂਦੀਆ ਨੇ ਮਨ ਨੂੰ, ਬਾਣੀ ਗਵਾਹ ਹੈ
ਉਹ ਅਥਾਹ, ਅਗੋਚਰ, ਬੇਨਜ਼ੀਰ, ਬੇਨਿਆਜ਼
ਉਹਦੇ ਹੁਕਮ ਨੂੰ ਮੰਨਣਾ ਹੀ ਉਹਦੀ ਰਜ਼ਾ ਹੈ।

ਪਹਾੜਾਂ ਜੰਗਲਾਂ ਗੁਫਾਵਾਂ 'ਚ ਲੁਕਿਆ ਹੈ ਉਹ
ਆਦਮੀ ਦੇ ਮਨ ਵਿਚ ਇਕ ਵੱਡਾ ਤੌਖਲਾ ਹੈ
ਬੰਦੇ ਦੇ ਕਰਮ ਹਨ ਰਾਹ-ਏ-ਰਾਸਤ ਜ਼ਿੰਦਗੀ
ਕਦੀਮ ਤੋਂ ਹੀ ਦੁੱਖਾਂ ਸੁੱਖਾਂ ਦਾ ਸਿਲਸਿਲਾ ਹੈ।

ਸੇਵਾ, ਸਿਮਰਨ, ਦਯਾ, ਪ੍ਰੇਮ ਉਹਦੇ ਭਾਉ ਨੇ
ਹਿਕਾਰਤ ਲਈ ਕਿਤੇ ਨਹੀਂ ਕੋਈ ਜਗ੍ਹਾ ਹੈ
ਇਹ ਨਫਰਤ ਇਹ ਹਉਮੈ, ਤੂੰ ਤੂੰ, ਮੈਂ ਮੈਂ
ਨਕਾਰ ਦੇ ਬਸ਼ਰ ਸਮਝੋ ਬਣ ਗਿਆ ਖੁਦਾ ਹੈ।

ਔਰਤ ਗੁਰੂਆਂ, ਪੀਰਾਂ, ਸ਼ਾਹਾਂ ਦੀ ਜਨਨੀ ਹੈ
ਇਕ ਸੱਚਾ ਸਾਥੀ, ਹਮ ਨਸ਼ੀਂ, ਹਮ ਨਵਾ ਹੈ
ਮੂੰਹ ਮੰਗੀਆਂ ਮੁਰਾਦਾਂ ਦਾ ਹੱਕਦਾਰ ਹੈ ਉਹ
ਖਾਕ ਸਾਰ ਬਣ ਜਿਸ ਨੇ ਕੀਤੀ ਇਲਤਜ਼ਾ ਹੈ।

ਜਿਉਣਾ ਮਰਨਾ ਨਾ ਰਾਜ ਮਾਲ ਵੱਸ ਵਿਚ ਹੈ
ਬੰਦਾ ਸਿਰਫ ਤੇ ਸਿਰਫ ਕਰ ਸਕਦਾ ਦੁਆ ਹੈ
ਕਿਰਤ ਕਰਨੀ ਨਾਮ ਜਪਣਾ ਤੇ ਵੰਡ ਕੇ ਛਕਣਾ
ਸਾਵੀਂ, ਸੁਥਰੀ ਜ਼ਿੰਦਗੀ ਦਾ ਯਕੀਨੀ ਰਾਹ ਹੈ।

ਇਹ ਕਰਮਕਾਂਡ, ਵਹਿਮ-ਭਰਮ, ਭੇਖ ਪਖੰਡ
ਤਪ ਸਾਧਨਾ, ਧੂੰਏਂ ਧੂਣੀਆਂ ਸਭ ਵਿਖਾਵਾ ਹੈ
ਨੂਰ ਦੀ ਨੂਰਾਨੀ ਝਲਕ ਉਸ ਨੇ ਹੀ ਪਾਈ ਹੈ
ਸਿਰ ਧਰ ਕੇ ਤਲੀ ਜੋ ਉਹਦੀ ਗਲੀ ਗਿਆ ਹੈ।

ਜ਼ੱਰੇ ਜ਼ੱਰੇ ਵਿਚ ਨੁਮਾਇਆ ਬੰਦੇ ਤੋਂ ਦੂਰ ਨਹੀਂ
ਮਨ ਮੰਦਿਰ, ਉਸ ਦੀ ਮਨ ਭਾਉਂਦੀ ਜਗ੍ਹਾ ਹੈ
ਰਾਮ, ਅੱਲਾਹ, ਭਗਵਾਨ, ੧ੴ ਕੁਝ ਵੀ ਆਖੋ
ਉਹ ਸਭ ਦਾ ਹੀ ਪਾਲਣਹਾਰ, ਖੈਰ ਖਵਾਹ ਹੈ।

**-ਚੰਨ**
**ਫੋਨ: 908-788-8427**

---

**ਇਲਮੇ ਲਦੂੰਨੀ=ਇਲਾਹੀ ਗਿਆਨ, ਅਧਿਆਤਮਕ ਗਿਆਨ**
**ਤੌਹੀਦ=ਰੱਬ ਇਕ ਹੈ ਦਾ ਯਕੀਨ।**

# ਅਕਾਲ ਤਖਤ ਦਾ ਸੱਚ ਬਨਾਮ ਮੋਹਨ ਭਾਗਵਤ ਦਾ ਕੱਚ

ਆਰ. ਐਸ. ਐਸ. ਦੇ ਆਗੂ ਮੋਹਨ ਭਾਗਵਤ ਵਲੋਂ ਭਾਰਤ ਨੂੰ ਹਿੰਦੂ ਰਾਜ ਐਲਾਨੇ ਜਾਣ ਪਿਛੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਪ੍ਰਤੀਕਰਮ 'ਤੇ ਹੈਰਾਨੀ ਦਾ ਆਲਮ ਹੈ। ਇਹ ਗੱਲ ਕਿਸੇ ਦੇ ਚਿੱਤ ਚੇਤੇ ਨਹੀਂ ਸੀ ਕਿ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਅਕਾਲ ਤਖਤ ਦੇ ਰੁਤਬੇ ਨੂੰ ਜਿਸ ਕਦਰ ਢਾਹ ਲਾਈ ਗਈ ਸੀ, ਉਸ ਦੀ ਮੁੜ ਬਹਾਲੀ ਵੀ ਹੋ ਸਕਦੀ ਹੈ; ਪਰ ਹੁਣ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਆਰ. ਐਸ. ਐਸ. ਨੂੰ ਗੈਰਕਾਨੂੰਨੀ ਕਰਾਰ ਦਿੱਤੇ ਜਾਣ ਬਾਰੇ ਆਏ ਬਿਆਨ ਨਾਲ ਸਿੱਖ ਭਾਈਚਾਰੇ ਵਿਚ ਕੁਝ ਰੌਸ਼ਨੀ ਦੀ ਕਿਰਨ ਜਗੀ ਹੈ।

**ਕੁਲਵੰਤ ਸਿੰਘ ਢੇਸੀ**

ਜਿਸ ਤਰ੍ਹਾਂ ਹਿੰਦੂਤਵੀ ਆਗੂ ਮੁਸਲਮਾਨਾਂ ਤੇ ਭਾਰਤ ਦੀਆਂ ਹੋਰ ਘੱਟਗਿਣਤੀਆਂ ਨਾਲ ਪੇਸ਼ ਆ ਰਹੇ ਹਨ ਅਤੇ ਜਿਸ ਤਰ੍ਹਾਂ ਹਿੰਦੂ ਭੀੜਾਂ ਨੂੰ ਹਿੰਸਾ ਲਈ ਉਕਸਾਇਆ ਜਾ ਰਿਹਾ ਹੈ, ਉਸ ਨੂੰ ਦੇਖਦਿਆਂ ਤਾਂ ਇਹ ਜਰੂਰੀ ਸਮਝਿਆ ਜਾਣਾ ਚਾਹੀਦਾ ਹੈ ਕਿ ਇੱਕ ਲੋਕ ਰਾਜੀ ਦੇਸ਼ ਵਿਚ ਅਜਿਹੀਆਂ ਗੈਰਕਾਨੂੰਨੀ ਕਾਰਵਾਈਆਂ ਦੀ ਕੱਤਈ ਇਜਾਜ਼ਤ ਨਹੀਂ ਹੋਣੀ ਚਾਹੀਦੀ। ਇਸ ਬੁਰਛਾਗਰਦੀ ਪਿੱਛੇ ਲਾਮਬੰਦ ਆਰ. ਐਸ. ਐਸ. ਦੇ ਗਿਰੋਹ ਨੂੰ ਨਿਆਂਪਾਲਿਕਾ ਵਿਚ ਪੇਸ਼ ਕਰਕੇ ਗੈਰਕਾਨੂੰਨੀ ਕਰਾਰ ਦੇ ਦੀ ਦੇਣਾ ਚਾਹੀਦਾ ਹੈ; ਪਰ ਭਾਰਤ ਦੇ ਰਾਜ ਭਾਗ 'ਤੇ ਹਾਵੀ ਭਾਜਪਾ ਤਾਂ ਆਰ. ਐਸ. ਐਸ. ਦੀ ਹੀ ਪੈਦਾਇਸ਼ ਹੈ ਅਤੇ ਕਾਂਗਰਸ ਵਿਚ ਏਨਾ ਦਮ ਹੀ ਨਹੀਂ ਹੈ ਕਿ ਭਾਰਤ ਦੇ ਸੰਵਿਧਾਨ ਦੇ ਖਿਲਾਫ ਕਾਰਵਾਈਆਂ ਕਰਨ ਵਾਲੇ ਆਰ. ਐਸ. ਐਸ. ਦੇ ਅਪਰਾਧੀ ਗਿਰੋਹ ਦੀ ਜਵਾਬਦੇਹੀ ਕਰਵਾ ਸਕੇ।

ਗਿਆਨੀ ਹਰਪ੍ਰੀਤ ਸਿੰਘ ਦੀ ਬੇਬਾਕੀ ਕਾਰਨ ਸ਼ਾਇਦ ਬਾਦਲਾਂ ਨੇ ਉਨ੍ਹਾਂ ਨੂੰ ਸਿਰਫ ਆਰਜ਼ੀ ਤੌਰ 'ਤੇ ਹੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦਿੱਤੀ ਹੋਈ ਹੈ। ਹੁਣ ਦੇਖਣਾ ਇਹ ਹੈ ਕਿ ਆਰ. ਐਸ. ਐਸ. ਦੇ ਖਿਲਾਫ ਆਏ ਸਖਤ ਬਿਆਨਾਂ ਪਿੱਛੋਂ ਬਾਦਲ ਕੇ ਕੋਹੜੀ ਜਾਂ ਕਲੰਕੀ ਹੋਣ ਵਿਚੋਂ ਕਿਸ ਨੂੰ ਚੁਣਦੇ ਹਨ। ਕੁਝ ਲੋਕਾਂ ਦਾ ਖਿਆਲ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੇ ਆਰ. ਐਸ. ਐਸ. 'ਤੇ ਪਾਬੰਦੀ ਦੇ ਬਿਆਨ ਮਹਿਜ ਸਿਆਸਤ ਤੋਂ ਪ੍ਰੇਰਿਤ ਹੀ ਹਨ, ਕਿਉਂਕਿ ਭਾਜਪਾ ਨਾਲ ਅਕਾਲੀ ਦਲ (ਬਾਦਲ) ਦੇ ਨਹੁੰ-ਮਾਸ ਦੇ ਰਿਸ਼ਤੇ ਦਾ ਹਰਿਆਣਾ ਵਿਚ ਤਲਾਕ ਹੋ ਗਿਆ ਅਤੇ ਪੰਜਾਬ ਵਿਚ ਬਾਦਲਾਂ ਦੇ ਲੱਤ ਮਾਰਨ ਲਈ ਭਾਜਪਾ ਸਿਰਫ ਮੁਨਾਸਬ ਮੌਕੇ ਦੀ ਭਾਲ ਵਿਚ ਹੈ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਜਿਸ ਤਰ੍ਹਾਂ ਦੇ ਬਿਆਨ ਅਕਾਲੀ ਦਲ ਖਿਲਾਫ ਪੰਜਾਬੀ ਵਿਚ ਦਿੱਤੇ ਹਨ, ਉਨ੍ਹਾਂ ਨੂੰ ਦੇਖ ਕੇ ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਭਾਜਪਾ ਨਾਲ ਬਾਦਲਾਂ ਦੇ ਇਸ ਰਿਸ਼ਤੇ ਦਾ ਹੁਣ ਕੋਈ ਵੀ ਤੁਕ ਨਹੀਂ ਬਣਦਾ। ਗਿਆਨੀ ਹਰਪ੍ਰੀਤ ਸਿੰਘ ਦੇ ਬਿਆਨਾਂ ਨੂੰ ਸਿਰਫ ਸਿਆਸੀ ਕਹਿਣਾ ਏਨਾ ਮੁਨਾਸਬ ਨਹੀਂ, ਕਿਉਂਕਿ ਉਨ੍ਹਾਂ ਨੇ ਪਹਿਲਾਂ ਕਸ਼ਮੀਰ ਦੇ ਮਾਮਲੇ ਵਿਚ ਵੀ ਉਸ ਵੇਲੇ ਡਟਵੇਂ ਬਿਆਨ ਦਿੱਤੇ ਸਨ, ਜਦੋਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਸੀ ਕਿ 'ਜਿਨ੍ਹਾਂ ਲੋਕਾਂ ਦੇ ਵਿਆਹ ਨਹੀਂ ਹੁੰਦੇ, ਉਹ ਹੁਣ ਕਸ਼ਮੀਰ ਤੋਂ ਕੁੜੀਆਂ ਲਿਆ ਸਕਣਗੇ।'

ਆਰ. ਐਸ. ਐਸ. 'ਤੇ ਆਜ਼ਾਦ ਭਾਰਤ ਵਿਚ ਪਹਿਲਾਂ ਵੀ ਪਾਬੰਦੀ ਲੱਗ ਚੁਕੀ ਹੈ ਅਤੇ ਜੇ ਸਿੱਖਾਂ ਤੇ ਭਾਰਤ ਦੀਆਂ ਸਮੂਹ ਘੱਟਗਿਣਤੀਆਂ ਨੇ 'ਹਿੰਦੀ, ਹਿੰਦੂ, ਹਿੰਦੋਸਤਾਨ' ਅਤੇ ਹਿੰਦੂਤਵੀਆਂ ਦੇ ਰੁਝਾਨ ਦਾ ਵਿਰੋਧ ਨਾ ਕੀਤਾ ਤਾਂ ਭਾਰਤ ਵਿਚ ਘੱਟਗਿਣਤੀਆਂ ਦਾ ਰਹਿਣਾ ਮੁਹਾਲ ਹੋ ਜਾਏਗਾ। ਆਰ. ਐਸ. ਐਸ. ਵਲੋਂ ਹਿੰਦੂਆਂ ਨੂੰ ਹੀ ਭਾਰਤ ਦੇ ਅਸਲੀ ਵਾਸੀ ਮੰਨਿਆ ਜਾਣਾ ਵੀ ਸਰਾਸਰ ਗਲਤ ਹੈ। ਕੁਝ ਚਿੰਤਕ ਦਰਾਵੜ ਲੋਕਾਂ ਨੂੰ ਭਾਰਤ ਦੇ ਅਸਲ ਵਾਸੀ ਮੰਨਦੇ ਹਨ, ਜਦ ਕਿ ਸੱਚ ਇਹ ਹੈ ਕਿ ਭਾਰਤ ਕਦੀ ਵੀ ਇੱਕ ਦੇਸ਼ ਨਹੀਂ ਸੀ ਅਤੇ ਇਹ ਦੇਸ਼ ਅਨੇਕਾਂ ਕੌਮਾਂ, ਧਰਮਾਂ, ਬੋਲੀਆਂ ਅਤੇ ਨਸਲਾਂ ਦਾ ਸਮੂਹ ਹੈ। ਇਨ੍ਹਾਂ ਸਭ ਕੌਮਾਂ ਦਾ ਭਾਰਤ 'ਤੇ ਓਨਾ ਹੀ ਹੱਕ ਹੈ, ਜਿੰਨਾ ਹਿੰਦੂਆਂ ਦਾ। ਸੱਚ ਇਹ ਹੈ ਕਿ ਆਰ. ਐਸ. ਐਸ. ਦੀ ਹਿੰਦੂਤਵੀ ਦਾਅਵੇਦਾਰੀ ਅਤੇ ਬੁਰਛਾਗਰਦੀ ਦੇਸ਼ ਵਿਚ ਗ੍ਰਹਿ ਯੁੱਧ ਜਿਹੇ ਹਾਲਾਤ ਪੈਦਾ ਕਰਕੇ ਭਾਰਤ ਨੂੰ ਤੋੜ ਦੇਵੇਗੀ।

**550ਵੇਂ ਪ੍ਰਕਾਸ਼ ਪੁਰਬ ਸਬੰਧੀ ਸੰਦੇਸ਼:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਥ ਦੇ ਨਾਂ ਕੁਝ ਸੰਦੇਸ਼ ਜਾਰੀ ਕੀਤੇ ਹਨ, ਜੋ ਕ੍ਰਮਵਾਰ ਇਸ ਤਰ੍ਹਾਂ ਹਨ,

-ਗੁਰਦੁਆਰਿਆਂ ਵਿਚ ਇਲੈਕਟ੍ਰਾਨਿਕ ਚੰਦੋਏ ਲਾਉਣ ਦੀ ਮਨਾਹੀ ਕੀਤੀ ਗਈ ਹੈ।

-ਬਾਜ਼ਾਰ ਵਿਚ ਗੁਰੂ ਸਾਹਿਬ ਦੀਆਂ ਵਿਕ ਰਹੀਆਂ ਮੂਰਤੀਆਂ ਦੀ ਮਨਾਹੀ ਕੀਤੀ ਗਈ ਹੈ ਕਿ ਇਹ ਬੰਦ ਕੀਤੀਆਂ ਜਾਣ।

-ਪਰਦੇਸਾਂ ਵਿਚ ਬਿਰਧ ਬੀੜਾਂ ਅਤੇ ਗੁਟਕਾ ਸਾਹਿਬ ਦੇ ਸਸਕਾਰ ਦੀ ਇਜਾਜ਼ਤ ਬਾਰੇ ਕਿਹਾ ਗਿਆ ਹੈ ਕਿ ਪਰਦੇਸਾਂ ਵਿਚ ਰਹਿਣ ਵਾਲੇ ਸਿੱਖ ਸਬੰਧਤ ਸਰਕਾਰਾਂ ਨਾਲ ਰਾਬਤਾ ਬਣਾ ਕੇ ਜਾਣਕਾਰੀ ਅਕਾਲ ਤਖਤ ਨੂੰ ਭੇਜਣ ਤਾਂ ਕਿ ਕੋਈ ਰੁਕਾਵਟ ਨਾ ਆਵੇ।

-12 ਨਵੰਬਰ ਨੂੰ ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ ਵਿਖੇ ਪੰਥ ਵਲੋਂ ਇੱਕ ਸਰਬ ਸਾਂਝੀ ਸਟੇਜ ਲਾਈ ਜਾਵੇਗੀ, ਜਿਸ ਦੀ ਜਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੋਵੇਗੀ। ਇਸ ਮੌਕੇ ਆਏ ਸਿਆਸੀ ਅਤੇ ਗੈਰ-ਸਿਆਸੀ ਆਗੂਆਂ ਦਾ ਬਰਾਬਰ ਦਾ ਸਤਿਕਾਰ ਹੋਵੇਗਾ, ਕਿਸੇ ਨਾਲ ਵੀ ਪੱਖਪਾਤ ਨਹੀਂ ਹੋਵੇਗਾ।

ਇਸ ਦੇ ਨਾਲ ਹੀ ਸੰਦੇਸ਼ ਜਾਰੀ ਕੀਤਾ ਗਿਆ ਹੈ ਕਿ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਮਨਾਉਂਦਿਆਂ ਸਾਰੇ ਪੰਥਕ ਪ੍ਰਚਾਰਕ ਅਤੇ ਬੁਲਾਰੇ ਸਿਰਫ ਤੇ ਸਿਰਫ ਗੁਰੂ ਨਾਨਕ ਸਾਹਿਬ ਦੀ ਮਾਨਵਤਾ ਨੂੰ ਦੇਣ ਨੂੰ ਹੀ ਪ੍ਰਮੁੱਖ ਰੱਖਣ।

-ਸਿੱਖ ਮਾਈ ਭਾਈ ਸੋਸ਼ਲ ਮੀਡੀਏ 'ਤੇ ਕੀਤੀ ਜਾ ਰਹੀ ਬੇਲੋੜੀ ਅਤੇ ਬੇਰਸੀ ਬਿਆਨਬਾਜ਼ੀ ਤੋਂ ਸੰਕੋਚ ਕਰਨ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੀਡੀਏ ਨੂੰ ਦਿੱਤੇ ਬਿਆਨਾਂ ਵਿਚ ਕਿਹਾ ਹੈ ਕਿ ਭਾਈ ਰਣਜੀਤ ਸਿੰਘ ਢੱਡਰੀਆਂ ਸਬੰਧੀ ਆਈਆਂ ਸ਼ਿਕਾਇਤਾਂ ਲਈ ਪੰਜ ਮੈਂਬਰੀ ਵਿਦਵਾਨਾਂ ਦੀ ਟੀਮ ਬਣਾਈ ਜਾਵੇਗੀ, ਜੋ ਉਨ੍ਹਾਂ ਨਾਲ ਰਾਬਤਾ ਕਰਕੇ ਉਨ੍ਹਾਂ ਦੇ ਬਿਆਨ ਰਿਕਾਰਡ ਕਰਕੇ ਅਕਾਲ ਤਖਤ 'ਤੇ ਪੇਸ਼ ਕਰੇਗੀ। ਇਨ੍ਹਾਂ ਬਿਆਨਾਂ ਦੇ ਆਧਾਰ



ਅਕਾਲ ਤਖਤ ਸਾਹਿਬ

'ਤੇ ਪੰਜ ਸਿੰਘ ਸਾਹਿਬਾਨ ਕੋਈ ਫੈਸਲਾ ਕਰਨਗੇ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਭਾਈ ਢੱਡਰੀਆਂ ਵਾਲੇ ਵਲੋਂ ਮਾਤਾ ਭਾਗ ਕੌਰ ਸਬੰਧੀ ਬਿਆਨਬਾਜ਼ੀ ਬਾਰੇ ਅਕਾਲ ਤਖਤ ਸਾਹਿਬ 'ਤੇ ਆਈਆਂ ਸ਼ਿਕਾਇਤਾਂ ਪਿਛੋਂ ਇਹ ਮਾਮਲਾ ਭਖ ਗਿਆ ਸੀ। ਭਾਈ ਢੱਡਰੀਆਂ ਵਾਲੇ ਨੇ ਕਿਹਾ ਸੀ ਕਿ ਗੀਤਕਾਰ ਸਿੱਧੂ ਮੂਸੇਵਾਲੇ ਨੇ ਆਪਣੇ ਗੀਤ ਵਿਚ ਮਾਤਾ ਭਾਗ ਕੌਰ ਬਾਰੇ ਅਯੋਗ ਟਿੱਪਣੀ ਬਾਰੇ ਤਾਂ ਮੁਆਫੀ ਮੰਗ ਲਈ ਹੈ, ਪਰ 'ਸਾਡੇ ਵਾਲੇ' ਤਾਂ ਕਵੀ ਸੰਤੋਖ ਸਿੰਘ ਵਲੋਂ ਲਿਖਤ ਸੂਰਜ



ਪ੍ਰਕਾਸ਼ ਗ੍ਰੰਥ ਦੀ ਕਥਾ ਗੁਰਦੁਆਰਿਆਂ ਵਿਚ ਕਰਵਾ ਰਹੇ ਹਨ, ਜਿਸ ਵਿਚ ਨਾ ਕੇਵਲ ਮਾਤਾ ਭਾਗ ਕੌਰ ਬਾਰੇ ਹੀ ਸਗੋਂ ਗੁਰਮਤਿ ਤੋਂ ਉਲਟ ਹੋਰ ਵੀ ਅਨੇਕਾਂ ਹਵਾਲੇ ਹਨ।

**ਅਕਾਲ ਤਖਤ ਸਾਹਿਬ ਦੀ ਸਰਬ-ਉਚਤਾ ਬਾਰੇ ਵਿਵਾਦ:** ਕੁਝ ਵਿਦਵਾਨਾਂ ਵਲੋਂ ਲਗਾਤਾਰ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਕਿ ਅਕਾਲ ਤਖਤ ਨੂੰ ਕਿਉਂਕਿ ਪਿਛਲੇ ਲੰਬੇ ਅਰਸੇ ਤੋਂ ਸਿਆਸੀ ਧਿਰਾਂ ਆਪਣੇ ਸੌੜੇ ਹਿੱਤਾਂ ਲਈ ਵਰਤ ਰਹੀਆਂ ਹਨ, ਇਸ ਕਰਕੇ ਅੱਜ ਕਲ ਦੇ ਅਮਲਾਂ ਵਿਚ ਤਖਤ ਸਾਹਿਬ ਦੀ ਤਾਬਿਆ ਰਹਿਣ ਦਾ ਮਤਲਬ ਆਰ. ਐਸ. ਐਸ. ਅਤੇ ਸਿਆਸੀ ਮੋਹਰਿਆਂ ਦੇ ਦੁਸ਼ਟ ਚੱਕਰ ਦੀ ਤਾਬਿਆ ਹੋਣਾ ਹੈ, ਜਿਸ ਖਿਲਾਫ ਬਗਾਵਤ ਜਰੂਰੀ ਹੈ। ਇਸ ਸਬੰਧੀ ਇਹ ਵੀ ਕਿਹਾ ਜਾ ਰਿਹਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਵੀ ਤਾਂ ਅਕਾਲ ਤਖਤ ਦੇ ਦਾਇਰੇ ਵਿਚ ਨਹੀਂ ਸਨ।

ਜਿਥੋਂ ਤਕ ਗੁਰੂ ਕਾਲ ਦਾ ਸਬੰਧ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਧੀਰ ਮੱਲੀਆਂ ਨੇ ਗੁਰੂ ਤੇਗ ਬਹਾਦਰ ਦੇ ਅੰਮ੍ਰਿਤਸਰ ਆਉਣ 'ਤੇ ਦਰਬਾਰ ਸਾਹਿਬ ਦੇ ਦਰਵਾਜੇ ਬੰਦ ਕਰ ਦਿੱਤੇ ਸਨ ਅਤੇ ਗੁਰੂ ਸਾਹਿਬ 'ਤੇ ਗੋਲੀ ਚਲਾਉਣ ਦੀ ਵੀ ਕੋਸ਼ਿਸ਼ ਕੀਤੀ ਸੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਭਲਕ ਨੂੰ ਸਿੱਖ ਸਮਾਜ ਨੂੰ ਦਰਬਾਰ ਸਾਹਿਬ ਤੋਂ ਬੇਮੁਖ ਕਰਨ ਲਈ ਢੁੱਚਰਾਂ ਖੜ੍ਹੀਆਂ ਕੀਤੀਆਂ ਜਾਣ। ਜਿਥੋਂ ਤਕ ਦਸਮ ਪਾਤਸ਼ਾਹ ਦਾ ਸਬੰਧ ਹੈ, ਹਰ ਆਮ ਖਾਸ ਸਿੱਖ ਸਮਝ ਸਕਦਾ ਹੈ ਕਿ ਉਨ੍ਹਾਂ ਨੇ ਜੰਗੀ ਵਿਓਂਤਬੰਦੀ ਦੀ ਲੋੜ ਮੁਤਾਬਕ ਸ੍ਰੀ ਅਨੰਦਪੁਰ ਸਾਹਿਬ ਨੂੰ ਚੁਣਿਆ ਸੀ ਅਤੇ ਹਾਲਾਤ ਦੇ ਬਦਲਣ ਨਾਲ ਖਾਲਸੇ ਨੇ ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਦੀ ਸੇਵਾ ਸੌਂਪ ਦਿੱਤੀ ਸੀ।

ਅੰਗਰੇਜ਼ਾਂ ਅਤੇ ਭਾਰਤੀ ਹਾਕਮਾਂ ਵਲੋਂ ਲਗਾਤਾਰ ਇਹ ਕੋਸ਼ਿਸ਼ਾਂ ਜਾਰੀ ਰਹੀਆਂ ਕਿ ਖਾਲਸੇ ਦੇ ਪ੍ਰਮੁੱਖ ਸ੍ਰੋਤਾਂ ਅਕਾਲ ਤਖਤ ਸਾਹਿਬ ਅਤੇ ਦਰਬਾਰ ਸਾਹਿਬ ਨੂੰ ਆਪਣੇ ਹਿੱਤ ਲਈ ਕਿਵੇਂ ਭੁਗਤਾਇਆ ਜਾਵੇ। ਇਸੇ ਕਰਕੇ ਅਕਾਲ ਤਖਤ ਸਾਹਿਬ 'ਤੇ ਓਹੀ ਜਥੇਦਾਰ ਨਿਯੁਕਤ ਕੀਤੇ ਗਏ, ਜੋ ਸਰਕਾਰਾਂ ਨੂੰ ਮਨਜ਼ੂਰ ਸਨ। ਇਹ ਲੜੀ ਅਕਾਲ ਤਖਤ ਦੇ ਅੰਗਰੇਜ਼ਾਂ ਦੇ ਵੇਲੇ ਤੋਂ ਸਥਾਪਤ ਅਰੂੜ ਸਿੰਘ ਜਿਹੇ ਸਰਬਰਾਹਾਂ ਤੋਂ ਸ਼ੁਰੂ ਹੋ ਕੇ ਗਿਆਨੀ ਗੁਰਬਚਨ ਸਿੰਘ ਤਕ ਚਲੀ ਆਈ ਹੈ। ਇਥੋਂ ਤਕ ਕਿ ਸੰਨ ਚੁਰਾਸੀ 'ਚ ਜਦੋਂ ਭਾਰਤੀ ਫੌਜ ਨੇ ਅਕਾਲ ਤਖਤ ਨੂੰ ਢਹਿ ਢੇਰੀ ਕਰ ਦਿੱਤਾ ਸੀ ਤਾਂ ਜਥੇਦਾਰ ਅਕਾਲ ਤਖਤ ਵਲੋਂ ਬਿਆਨ ਆਏ ਸਨ ਕਿ ਕੋਠਾ ਸਾਹਿਬ ਸੁਰੱਖਿਅਤ ਹਨ।

ਸੌਦੇ ਵਾਲੇ ਸਾਧ ਨੂੰ ਗਿਆਨੀ ਗੁਰਬਚਨ ਸਿੰਘ ਤੋਂ ਬਰੀ ਕਰਵਾ ਕੇ ਬਾਦਲਾਂ ਨੇ ਨਤੀਜਾ ਭੁਗਤ ਲਿਆ ਹੈ। ਇਹ ਵੀ ਸਪੱਸ਼ਟ ਹੈ ਕਿ ਭਾਜਪਾ ਨਾਲ ਅਕਾਲੀ ਦਲ ਦਾ ਰਿਸ਼ਤਾ ਡਾਵਾਂਡੋਲ ਹੈ ਅਤੇ ਹੁਣ ਮੌਕਾ ਹੈ ਕਿ ਅਕਾਲ ਤਖਤ ਸਾਹਿਬ ਦੇ ਰੁਤਬੇ ਨੂੰ ਬੁਲੰਦ ਕਰਕੇ ਪੰਥ ਦੀ ਚੜ੍ਹਦੀ ਕਲਾ ਲਈ ਯਤਨ ਕੀਤੇ ਜਾਣ। ਇਸ ਲਈ ਹੇਠ ਲਿਖੇ ਨੁਕਤਿਆਂ 'ਤੇ ਅਮਲ ਜਰੂਰੀ ਹੈ,

1. ਸੰਪਰਦਾਵਾਂ, ਡੇਰੇ, ਨਿਹੰਗ ਛਾਉਣੀਆਂ, ਮਿਸ਼ਨਰੀ ਅਤੇ ਸਮੂਹ ਪੰਥਕ ਧਿਰਾਂ ਆਪੋ ਆਪਣੇ ਹਿੱਤਾਂ ਲਈ ਅਕਾਲ ਤਖਤ ਸਾਹਿਬ ਦੇ ਰੁਤਬੇ ਨੂੰ ਵਰਤਣ ਜਾਂ ਇਸ ਤੋਂ ਬਾਗੀ ਹੋਣ ਦੀਆਂ ਸਾਜ਼ਿਸ਼ਾਂ ਤੋਂ ਸੰਕੋਚ ਕਰਨ। ਪੰਥਕ ਸਟੇਜਾਂ 'ਤੇ ਕਿਸੇ ਇੱਕ ਧਿਰ ਦਾ ਹੱਕ ਨਾ ਹੋਵੇ, ਸਗੋਂ ਸਮੁੱਚੇ ਪੰਥ ਲਈ ਸਾਂਝਿਆਂ ਕੀਤਾ ਜਾਵੇ। ਪੰਥ ਵਿਚ ਆਪਸੀ ਸਦਭਾਵਨਾ ਦਾ ਮਾਹੌਲ ਬਣਾਇਆ ਜਾਵੇ।

2. ਸਮੁੱਚਾ ਪੰਥ ਹੀ ਪ੍ਰਵਾਣਿਤ ਸਿੱਖ ਰਹਿਤ ਮਰਿਆਦਾ ਦੀ ਤਾਬਿਆ ਰਹੇ ਅਤੇ ਜੋ ਧਿਰਾਂ ਇਸ ਤੋਂ ਬਾਗੀ ਹਨ, ਉਨ੍ਹਾਂ ਨੂੰ ਪੰਥਕ ਸਟੇਜਾਂ ਦੀ ਇਜਾਰੇਦਾਰੀ ਦੇਣ ਜਾਂ ਪੰਥ ਦੀ ਅਗਵਾਈ ਦੀ ਇਜਾਰੇਦਾਰੀ ਦੇਣ ਤੋਂ ਸੰਕੋਚ ਕੀਤਾ ਜਾਵੇ। ਮੌਜੂਦਾ ਤਲਖੀ ਵਾਲੇ ਮਾਹੌਲ ਵਿਚ ਸਿੱਖ ਰਹਿਤ ਮਰਿਆਦਾ ਵਿਚ ਸੋਧਾਂ ਨਹੀਂ ਹੋ ਸਕਣੀਆਂ, ਇਸ ਲਈ ਯੋਗ ਮਾਹੌਲ ਬਣਾਉਣ ਦੀ ਲੋੜ ਹੈ।

3. ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖੀ ਦੇ ਪ੍ਰਚਾਰ ਸਬੰਧੀ ਪੁਰਾਤਨ ਸਰੋਤਾਂ ਵਿਚ ਸਮੇਂ ਸਮੇਂ ਮਿਲਾਵਟਾਂ ਹੋਈਆਂ ਹਨ, ਪਰ ਅੱਜ ਦੇ ਮਾਹੌਲ ਵਿਚ ਆਪਣੀਆਂ ਨਿੱਜੀ ਕਿੜਾਂ ਕੱਢਣ ਲਈ ਇਸ ਮੁੱਦੇ ਨੂੰ ਵਰਤਣ ਤੋਂ ਗੁਰੇਜ ਕੀਤਾ ਜਾਵੇ ਅਤੇ ਜੇ ਕਿਸੇ ਨੇ ਇਸ ਸਬੰਧੀ ਪੰਥ ਦਾ ਧਿਆਨ ਦਿਵਾਉਣਾ ਵੀ ਹੋਵੇ ਤਾਂ ਆਪਣੀ ਭਾਸ਼ਾ ਦਾ ਖਾਸ ਖਿਆਲ ਰੱਖਿਆ ਜਾਵੇ। ਮੌਜੂਦਾ ਦੌਰ ਵਿਚ ਅਨੇਕਾਂ ਪ੍ਰਚਾਰਕਾਂ ਦੇ ਇਰਾਦੇ ਇਤਿਹਾਸਕ ਸ੍ਰੋਤਾਂ ਵਿਚ ਸੋਧ ਦੇ ਨਹੀਂ, ਸਗੋਂ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਲਈ ਵੱਧ ਤੋਂ ਵੱਧ ਉਕਸਾਊ ਅਤੇ ਘਟੀਆ ਬੋਲੀ ਬੋਲਣ ਦੇ ਹਨ।

4. ਸੋਸ਼ਲ ਮੀਡੀਏ 'ਤੇ ਆਪੋ ਆਪਣੀ ਧਾਕ ਜਮਾਉਣ ਦੀ ਪ੍ਰਵਿਰਤੀ ਅਤੇ ਗਾਲ੍ਹ-ਮੰਦੇ ਜਾਂ ਆਪੇ ਤੋਂ ਬਾਹਰ ਹੋਣ ਦੀ ਬਿਆਨਬਾਜ਼ੀ ਮੁਕੰਮਲ ਤੌਰ 'ਤੇ ਬੰਦ ਕੀਤੀ ਜਾਵੇ।

5. ਪਰਮਾਤਮਾ ਦੀ ਹੋਂਦ, ਨਾਮ ਸਿਮਰਨ, ਪਵਿੱਤਰ ਗੁਰਧਾਮਾਂ, ਪਵਿੱਤਰ ਸਰੋਵਰਾਂ ਅਤੇ ਗੁਰੂਕਾਲ ਦੇ ਇਤਿਹਾਸ ਬਾਰੇ ਦਿਮਾਗੀ ਘਾੜਤਾਂ ਘੜ ਕੇ ਪੰਥ ਵਿਚ ਦੁਬਿਧਾ ਪਾਉਣ ਤੋਂ ਪੂਰੀ ਤਰ੍ਹਾਂ ਸੰਕੋਚ ਕੀਤਾ ਜਾਵੇ। ਇਹ ਖਾਸ ਖਿਆਲ ਰੱਖਿਆ ਜਾਵੇ ਕਿ ਪਰਮਾਤਮਾ, ਪਰਮਾਤਮਾ ਦੀ ਬੰਦਗੀ ਅਤੇ ਸੇਵਾ ਦੀ ਮਹਾਨਤਾ ਨੂੰ ਮਹਿਜ਼ ਮਨੁੱਖੀ ਗੁਣਾਂ, ਕਾਮਨ ਸੈਂਸ ਜਾਂ ਵਿਗਿਆਨਕ ਅਸੂਲਾਂ ਤਕ ਸੀਮਤ ਕਰਨ ਦੀਆਂ ਰੁਚੀਆਂ ਗੁਰਬਾਣੀ ਦੇ ਸੱਚ 'ਤੇ ਪੂਰੀਆਂ ਨਹੀਂ ਉਤਰਦੀਆਂ। ਮਿਸਾਲ ਵਜੋਂ ਨਾਮ ਸਿਮਰਨ ਅਤੇ ਵਾਹਿਗੁਰੂ ਦੀ ਅਸੀਮ ਸ਼ਕਤੀ, ਕਿਰਪਾ ਅਤੇ ਦਾਤਾਂ ਪ੍ਰਤੀ ਫੁਰਮਾਨ ਹਨ,

ਸਲੋਕ ਮ: ੧ ॥
ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥
ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥੧॥
ਗਉੜੀ ਮਾਲਾ ੫॥
ਮਾਧਉ ਹਰਿ ਹਰਿ ਹਰਿ ਮੁਖਿ ਕਹੀਐ॥
ਹਮ ਤੇ ਕਛੂ ਨ ਹੋਵੈ ਸੁਆਮੀ
ਜਿਉ ਰਾਖਹੁ ਤਿਉ ਰਹੀਐ॥੧॥ ਰਹਾਉ॥

## ਸੰਪਾਦਕ ਦੀ ਡਾਕ

# ਭਾਸ਼ਾ, ਲਿਪੀ ਅਤੇ ਸਥਾਪਤ ਥਿਊਰੀਆਂ

**ਮਾਣਯੋਗ ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 19 ਅਕਤੂਬਰ ਦੇ ਅੰਕ ਵਿਚ ਡਾ. ਗੁਰਮੇਲ ਸਿੱਧੂ ਦਾ ਲੇਖ ਪੜ੍ਹਨ ਨੂੰ ਮਿਲਿਆ, ਜਿਹਦੇ ਵਿਚ ਉਨ੍ਹਾਂ ਨੇ ਇੰਡਸ ਵੈਲੀ ਸੱਭਿਅਤਾ, ਆਰੀਆ ਸੱਭਿਅਤਾ, ਡੀ. ਐਨ. ਏ., ਭਾਸ਼ਾ, ਲਿਪੀ ਅਤੇ ਹੋਰ ਨੁਕਤੇ ਉਠਾਏ ਹਨ, ਜਿਨ੍ਹਾਂ ਵਿਚੋਂ ਕੁਝ ਸਹੀ ਵੀ ਹਨ। ਉਕਤ ਸਭ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਲੇਖਕ ਨੂੰ ਭਾਸ਼ਾ, ਲਿਪੀ ਤੇ ਹੋਰ ਦੇ ਸਬੰਧ ਵਿਚ ਕੋਈ ਜਾਣਕਾਰੀ ਤੇ ਆਪਣੀ ਖੋਜ ਨਹੀਂ ਹੈ ਅਤੇ ਨਾ ਹੀ ਨਵੀਂ ਖੋਜ ਬਾਰੇ ਪਤਾ ਹੈ। ਲੇਖਕ ਦੇ ਧਿਆਨ ਗੋਚਰੇ ਹੈ,

1. ਪੰਜਾਬੀ ਸੰਸਕ੍ਰਿਤ ਵਿਚੋਂ ਨਹੀਂ ਨਿਕਲੀ। ਇਹ ਦੂਜੀਆਂ ਭਾਸ਼ਾਵਾਂ ਵਾਂਗ ਇਕ ਕੁਦਰਤੀ ਬੋਲੀ ਹੈ। ਗੁਰਮੁਖੀ ਦਾ ਸਬੰਧ ਟੱਕ/ਪੰਜਾਬ ਦੀ ਟਾਕਰੀ ਲਿਪੀ ਨਾਲ ਹੈ, ਜੋ ਸੱਤਵੀਂ ਸਦੀ ਵਿਚ ਆਮ ਸੀ ਤੇ ਰਿਗ ਵੇਦ ਵਿਚ ਬਹੁਤ ਸਾਰੇ ਸ਼ਬਦ, ਜੋ ਅਜੋਕੀ ਪੰਜਾਬੀ ਵਿਚ ਹਨ, ਮੌਜੂਦ ਹਨ। ਇਹ ਆਰੀਆਂ ਨੇ ਇਥੋਂ ਦੇ ਲੋਕਾਂ ਤੋਂ ਲਏ ਸਨ।

2. ਇੰਡਸ ਵੈਲੀ ਅਤੇ ਹੜੱਪਾ ਸੱਭਿਅਤਾ ਦਾ ਦਰਾਵਿੜ ਸੱਭਿਅਤਾ ਨਾਲ ਕੋਈ ਸਬੰਧ ਨਹੀਂ ਹੈ ਅਤੇ ਨਾ ਹੀ ਪੰਜਾਬੀ/ਗੁਰਮੁਖੀ ਦਰਾਵਿੜ ਅਤੇ ਸੰਸਕ੍ਰਿਤ ਆਦਿ ਲਿਪੀਆਂ ਵਿਚੋਂ ਨਿਕਲੀ ਹੈ।

3. ਇੰਡਸ ਵੈਲੀ ਅਤੇ ਹੜੱਪਾ ਸੱਭਿਅਤਾ ਦਾ ਸਬੰਧ ਸੁੰਦਰ ਸੱਭਿਅਤਾ ਨਾਲ ਹੈ, ਜੋ ਪੰਜਾਬ ਨਾਲ ਸਬੰਧ ਰੱਖਦੀ ਹੈ, ਜਿਸ ਦਾ ਹਵਾਲਾ ਪੁਸਤਕ 'Dravadian Etmalogical Grammer' ਵਿਚ T. Burrow ਤੇ Dr. Caldwell ਨੇ ਆਪਣੀ Dictionary ਵਿਚ ਦਿੱਤਾ ਹੈ। ਇਹ Dravidian, Munda, Turkish, Semtic, Mongoloid, Negro ਅਤੇ Austroloid Negro ਵੀ ਨਹੀਂ ਹੈ।

4. ਮੈਕਸ ਮੂਲਰ ਨੇ ਆਪਣੀ ਕਿਤਾਬ 'Language of Science' ਵਿਚ ਜੋ ਇੰਡੋ-ਯੂਰਪੀਅਨ ਭਾਸ਼ਾਵਾਂ ਤੇ ਗਰੁੱਪ ਵਿਚ ਕੀਤਾ ਹੈ, ਉਸ ਨੂੰ ਤਾਂ ਉਸ ਦੇ ਉਸਤਾਦ Franz Bopp ਨੇ ਰੱਦ ਕੀਤਾ ਹੈ, ਜਿਸ ਦਾ ਜ਼ਿਕਰ ਮੈਕਸ ਮੂਲਰ ਨੇ ਆਪਣੀ ਇਸੇ ਕਿਤਾਬ ਵਿਚ ਕੀਤਾ ਹੈ। ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ ਦੇ ਕਰਤਾ Willian Monior ਨੇ ਇਸ ਦੇ ਸ਼ੁਰੂ ਵਿਚ ਹੀ ਲਿਖਿਆ ਹੈ ਕਿ ਸੰਸਕ੍ਰਿਤ ਦਾ ਯੂਰਪੀਅਨ ਭਾਸ਼ਾਵਾਂ ਨਾਲ ਕੋਈ ਸਰੋਕਾਰ ਨਹੀਂ ਹੈ।

5. ਪ੍ਰਸਿਧ ਵਿਦਵਾਨ ਕਿਸ਼ੋਰੀ ਦਾਸ ਵਾਜਪਾਈ, ਜੋ ਸੰਸਕ੍ਰਿਤ ਤੇ ਦੂਜੀਆਂ ਭਾਸ਼ਾਵਾਂ ਦਾ ਮੰਨਿਆ-ਪ੍ਰਮੰਨਿਆ ਵਿਦਵਾਨ ਸੀ, ਨੇ ਇਸ ਤੱਥ ਨੂੰ ਨਕਾਰਿਆ ਹੈ ਕਿ ਹਿੰਦੀ ਸੰਸਕ੍ਰਿਤ ਵਿਚੋਂ ਨਿਕਲੀ ਹੈ।

6. ਗੁਰਮੁਖੀ ਦੇ 'ਟ' ਵਰਗ ਦੀਆਂ ਧੁਨੀਆਂ ਸੰਸਕ੍ਰਿਤ ਤੇ ਦੂਜੀਆਂ ਭਾਸ਼ਾਵਾਂ ਵਿਚ ਨਹੀਂ ਮਿਲਦੀਆਂ, ਸਿਰਫ ਦਰਾਵਿੜ ਵਿਚ ਮਿਲਦੀਆਂ ਹਨ, ਪਰ ਧੁਨੀਗ੍ਰਾਮ ਨਹੀਂ ਹੈ।

7. ਲੇਖਕ ਨੇ ਜਿਸ ਭਾਸ਼ਾ ਵਿਗਿਆਨੀ ਤੇ ਸੰਸਕ੍ਰਿਤ ਦੇ ਵਿਦਵਾਨ ਡਾ. ਪ੍ਰੇਮ ਪ੍ਰਕਾਸ਼ ਸਿੰਘ ਦਾ ਜ਼ਿਕਰ ਕੀਤਾ ਹੈ, ਨੇ ਸਨ 1985 ਵਿਚ ਜਵਾਬਦੇਹੀ ਦੇ ਬਜੁਰਗ ਨਾਲ ਹੋਈ ਚਰਚਾ ਵਿਚ ਮੰਨਿਆ ਸੀ ਕਿ ਸੰਸਕ੍ਰਿਤ ਪੰਜਾਬੀ/ਗੁਰਮੁਖੀ ਦੀ ਜਣਨੀ ਨਹੀਂ ਅਤੇ ਇਹ ਸਭ ਆਪਣੀ ਕਿਤਾਬ 'ਪੰਜਾਬੀ ਦਾ ਮੁੱਢ' (ਨਾਜਰ ਸਿੰਘ), ਜੋ ਉਨ੍ਹਾਂ ਦੀ 52 ਸਾਲ ਤੋਂ ਉਪਰ ਦੀ ਅਣਥੱਕ ਮਿਹਨਤ ਹੈ, ਵਿਚ ਸਿੱਧ ਕੀਤਾ ਹੈ ਤੇ ਕੋਈ ਵੀ ਇਸ ਸਬੰਧੀ ਉਨ੍ਹਾਂ ਨਾਲ ਚਰਚਾ (ਫੋਨ: 0161-2632136) ਕਰ ਸਕਦਾ ਹੈ।

ਪੰਜਾਬੀ ਲੇਖਕਾਂ ਦਾ ਇਹ ਇਕ ਦੁਖਦਾਈ ਪੱਖ ਰਿਹਾ ਹੈ ਕਿ ਇਹ ਸਥਾਪਤ ਥਿਊਰੀਆਂ ਤੋਂ ਅੱਗੇ ਵਧ ਕੇ ਖੋਜ ਕਰਨ ਤੋਂ ਭੱਜਦੇ ਹਨ। ਇਸ ਦਾ ਇਕ ਕਾਰਨ ਇਹ ਹੈ ਕਿ ਖੋਜ ਵਿਚ ਲੀਨ ਹੋਣਾ ਪੈਂਦਾ ਹੈ ਤੇ ਨਿਡਰ ਹੋ ਕੇ ਤਰਕ ਨਾਲ ਸਥਾਪਤ ਥਿਊਰੀਆਂ ਨੂੰ ਭੰਡਣਾ ਪੈਂਦਾ ਹੈ। ਅੱਜ ਦੇ ਵਿਦਵਾਨ ਸਿਸਟਮ ਤੋਂ ਡਰਦੇ ਉਹੀ ਪੁਰਾਣਾ ਰਾਗ ਸੁਣਾਈ ਜਾਂਦੇ ਹਨ।

ਸੋ ਸਾਡੇ ਪਾਠਕਾਂ ਤੇ ਲੇਖਕਾਂ ਨੂੰ ਪੁਣ-ਛਾਣ ਕੇ ਨਤੀਜੇ 'ਤੇ ਪਹੁੰਚਣਾ ਚਾਹੀਦਾ ਹੈ।

*-ਬੂਟਾ ਸਿੰਘ ਪਾਸਲਾ, ਜਲੰਧਰ*
*ਫੋਨ: 91-89684-89599*

# ਕਸ਼ਮੀਰ ਦੀ ਤ੍ਰਾਸਦੀ

ਪੁਰਾਣੇ ਇਤਿਹਾਸ ਵਲ ਝਾਤ ਮਾਰੀਏ ਤਾਂ ਇਹ ਪ੍ਰਤੱਖ ਰਿਹਾ ਹੈ ਕਿ ਤਕੜਾ ਰਾਜਾ ਮਾੜੇ ਨੂੰ ਕਿਸੇ ਨਾ ਕਿਸੇ ਬਹਾਨੇ ਹੜੱਪ ਲੈਂਦਾ ਸੀ: ਚਾਹੇ ਉਸ ਨੂੰ ਡਰਾ ਧਮਕਾ ਕੇ ਆਪਣੇ ਅਧੀਨ ਕਰ ਕੇ ਥੋੜ੍ਹੀ ਬਹੁਤੀ ਸਾਹ ਆਉਣ ਜੋਗੀ ਚੌਧਰ ਦੇ ਕੇ ਆਪਣੇ ਅਧੀਨ ਸਹਿਕਦਾ ਰੱਖਦਾ ਸੀ ਜਾਂ ਫਿਰ ਪੂਰੀ ਤਰ੍ਹਾਂ ਹਰਾ ਕੇ ਸਾਰਾ ਰਾਜ ਭਾਗ ਆਪਣੇ 'ਚ ਰਲਾ ਕੇ ਉਸ ਦਾ ਪੂਰਨ ਸਫਾਇਆ ਕਰ ਦਿੰਦਾ ਸੀ। ਹਜ਼ਾਰਾਂ ਸਾਲਾਂ ਤੋਂ ਇਵੇਂ ਹੀ ਚੱਲਿਆ ਆ ਰਿਹਾ ਹੈ। ਅੱਜ ਕੱਲ ਦੁਨੀਆਂ 'ਚ ਵਾਪਰ ਰਹੀਆਂ ਥਾਂ ਥਾਂ ਤਰਥੱਲੀਆਂ ਦੇ ਸਨਮੁੱਖ ਉਹ ਸਭ ਕੁਝ ਉਵੇਂ ਹੀ ਤਰੋ ਤਾਜ਼ਾ ਹੈ, ਜਿਵੇਂ ਹਜ਼ਾਰਾਂ ਸਾਲ ਪਹਿਲਾਂ ਸੀ; ਸਿਰਫ ਪ੍ਰਸਥਿਤੀਆਂ ਤੇ ਸਮਾਂ ਬਦਲਿਆ ਹੈ; ਘਟਨਾਵਾਂ ਦਾ ਸੁਭਾਅ ਤੇ ਰੰਗ ਰੂਪ, ਨੈਣ ਨਕਸ਼ ਉਹੀ ਹਨ।



**ਕਲਵੰਤ ਸਿੰਘ ਸਹੋਤਾ**
ਫੋਨ: 604-589-5919

ਕੋਈ ਕਿਸੇ ਨੂੰ ਰਾਜ ਭਾਗ ਥਾਲੀ 'ਚ ਪਰੋਸ ਕੇ ਨਹੀਂ ਦਿੰਦਾ, ਇਹ ਹਿੱਕ ਦੇ ਜ਼ੋਰ ਨਾਲ ਲਿਆ ਜਾਂਦਾ ਹੈ; ਸਮੇਂ ਮੁਤਾਬਕ ਆਪਣੇ ਆਪ ਨੂੰ ਚੌਕੰਨਾ ਰੱਖਦਿਆਂ ਤਾਕਤ ਦੇ ਜ਼ੋਰ ਇਸ ਦੀ ਰਾਖੀ ਕੀਤੀ ਜਾਂਦੀ ਹੈ; ਨਹੀਂ ਤਾਂ ਕਿਸੇ ਦੇ ਰਹਿਮੋ ਕਰਮ 'ਤੇ ਕਿੰਨਾ ਕੁ ਚਿਰ ਰਹੋਗੇ। ਮਿਸਾਲ ਵਜੋਂ ਪਹਿਲਾਂ ਕਸ਼ਮੀਰੀ ਰਾਜੇ ਅੰਗਰੇਜ਼ਾਂ ਦੇ ਰਹਿਮੋ-ਕਰਮ 'ਤੇ ਸਨ ਤੇ ਫਿਰ ਭਾਰਤੀ ਸੰਵਿਧਾਨ ਦੀ ਧਾਰਾ 370 ਅਧੀਨ ਉਨ੍ਹਾਂ ਦੀ ਅਰਧ ਆਜ਼ਾਦੀ ਦੀ ਸਾਹ ਰਗ ਕੱਚੇ ਧਾਗੇ ਨਾਲ ਲਟਕਦੀ ਸੀ, ਜੋ ਹਿੰਦੂਤਵ ਤਾਕਤ ਦੇ ਨਸ਼ੇ 'ਚ ਧੁੱਤ ਮੋਦੀ ਸਰਕਾਰ ਨੇ ਸਹਿਜੇ ਹੀ ਕੱਟ ਦਿੱਤੀ, ਇਹ ਝਟਕਾ ਇੰਨਾ ਜ਼ਬਰਦਸਤ ਸੀ ਕਿ ਕਸ਼ਮੀਰੀ ਲੀਡਰਾਂ ਤੇ ਆਵਾਮ ਨੂੰ ਫਟਕਣ ਦਾ ਮੌਕਾ ਵੀ ਨਾ ਦਿੱਤਾ।

ਭਾਰਤ ਬਹੁ ਸੱਭਿਆਚਾਰਕ ਮੁਲਕ ਹੈ, ਕਿੰਨੀਆਂ ਹੀ ਵੱਖੋ ਵੱਖ ਭਾਸ਼ਾਵਾਂ ਤੇ ਕਿੰਨੇ ਹੀ ਸਭਿਆਚਾਰ ਹਨ; ਜੇ ਕਹਿ ਲਈਏ ਕਿ ਇਹ ਛੋਟੇ ਛੋਟੇ ਮੁਲਕਾਂ ਦਾ ਇੱਕ ਸੰਘ ਹੀ ਹੈ ਤਾਂ ਗਲਤ ਨਹੀਂ। ਜਿਸ ਤਰ੍ਹਾਂ ਯੂਰਪ 25-30 ਦੇਸ਼ਾਂ ਦਾ ਇੱਕ ਸੰਗਠਨ ਹੈ, ਇਹ ਵੀ ਉਹੋ ਜਿਹਾ ਹੀ ਇੱਕ ਸਮੂਹ ਹੈ, ਪਰ ਇਹ ਗੱਲ ਹਿੰਦੂਤਵੀ ਵਿਚਾਰਧਾਰਾ ਵਾਲੇ, ਹਿੰਦੂਤਵ ਦੇ ਵਾਵਰੋਲੇ 'ਚ ਕੱਖ-ਕਾਨੇ ਵਾਂਗ ਉਡਦੇ ਤੰਗ ਦਿਲ, ਸੌੜੀ ਸੋਚ ਤੇ ਹੰਕਾਰੀ ਬਿਰਤੀ ਵਾਲੇ ਲੋਕਾਂ ਦੇ ਹਜਮ ਨਹੀਂ ਹੋਣੀ ਕਿ ਭਾਰਤ ਬਹੁ-ਸੱਭਿਆਚਾਰਕ ਤੇ ਬਹੁ-ਭਾਸ਼ਾਈ ਸੂਬਿਆਂ ਦਾ ਹੀ ਸਮੂਹ ਹੈ! ਨਾ ਕਿ ਹਿੰਦੂਤਵ ਵਿਚਾਰਧਾਰਾ ਦੀ ਮਲਕੀਅਤ। ਉਨ੍ਹਾਂ ਦੀ ਹਿੰਦੂਤਵੀ ਮਾਨਸਿਕਤਾ ਇਕਪਾਸੜ ਝੁਕਾ ਰੱਖਦੀ ਇਕੋ ਪਾਸੇ ਹੀ ਧੂ ਪਾਈ ਜਾ ਰਹੀ ਹੈ ਕਿ ਉਹੀ ਉਚੇ ਹਨ ਤੇ ਸਮਝਦਾਰੀ ਦਾ ਠੇਕਾ ਵੀ ਉਨ੍ਹਾਂ ਨੇ ਹੀ ਲਿਆ ਹੋਇਆ ਹੈ, ਅਤੇ ਡੰਡੇ ਦੇ ਜ਼ੋਰ ਘੱਟ ਗਿਣਤੀਆਂ ਨੂੰ ਕੁੱਟ ਕੇ ਹੀ ਦਬਦਬਾ ਬਣਾਈ ਰੱਖਣਾ ਹੈ।

ਅੱਜ ਕੱਲ ਕਸ਼ਮੀਰ, ਖਾਸ ਕਰ ਕਸ਼ਮੀਰੀ ਲੋਕ ਤਿੰਨ ਪੁੜਾਂ ਵਿਚਾਲੇ ਪਿਸ ਰਹੇ ਹਨ। ਚੀਨ, ਪਾਕਿਸਤਾਨ ਤੇ ਭਾਰਤੀ ਹੜੱਪਮਈ ਨੀਤੀਆਂ ਨੇ ਕਸ਼ਮੀਰੀਆਂ ਦਾ ਨਾਸ ਕਰਕੇ ਰੱਖ ਦਿੱਤਾ ਹੈ। ਅੰਗਰੇਜ਼ਾਂ ਦੇ ਭਾਰਤ ਛੱਡ ਜਾਣ ਵੇਲੇ ਤੋਂ ਪਹਿਲਾਂ, ਭਾਵੇਂ ਸਾਰੇ ਭਾਰਤ 'ਤੇ ਅੰਗਰੇਜ਼ ਰਾਜ ਸੀ, ਪਰ ਫਿਰ ਵੀ ਇਸ ਸਮੁੱਚੇ ਸਮੂਹ 'ਚ ਬਹੁਤ ਸਾਰੀਆਂ ਅਰਧ ਆਜ਼ਾਦ ਰਿਆਸਤਾਂ ਤੇ ਸਟੇਟਾਂ ਸਨ। ਬਾਹਰੋਂ ਦਿਖਣ ਨੂੰ ਤਾਂ ਭਾਵੇਂ ਉਹ ਅੰਗਰੇਜ਼ਾਂ ਅਧੀਨ ਸਨ, ਪਰ ਥੋੜ੍ਹੇ-ਬਹੁਤੇ ਅਫਸਰਸ਼ਾਹੀ ਹੱਕ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਦੇ ਰੱਖੇ ਸਨ। ਅੰਗਰੇਜ਼ਾਂ ਦੀ ਰਾਜ ਕਰਨ ਦੀ ਨੀਤੀ ਵੀ ਇਹੋ ਸੀ ਕਿ ਜਿਸ ਰਾਜੇ ਤੋਂ ਉਨ੍ਹਾਂ ਨੂੰ ਖਤਰਾ ਭਾਸਦਾ, ਉਸ ਨੂੰ ਧੱਕੇ ਨਾਲ ਹਰਾ ਕੇ ਜਾਂ ਕੂਟਨੀਤਕ ਚਾਲਾਂ ਨਾਲ ਖਤਮ ਕਰ ਕੇ ਆਪਣੇ ਰਾਜ 'ਚ ਮਿਲਾ ਲੈਂਦੇ। ਪ੍ਰਤੱਖ ਮਿਸਾਲ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਸਿੱਖ ਰਾਜ ਨੂੰ ਅੰਦਰੂਨੀ ਗੱਦਾਰਾਂ ਤੋਂ ਖੋਰਾ ਲੁਆ ਕੇ ਅੰਗਰੇਜ਼ ਰਾਜ ਦਾ ਹਿੱਸਾ ਬਣਾ ਲੈਣਾ ਅਤੇ ਗੱਦਾਰੀ ਬਦਲੇ ਖੱਸੀ ਰਿਆਸਤਾਂ ਦੇ ਮੁਖੀ ਬਣਾ ਕੇ, ਉਨ੍ਹਾਂ ਤੋਂ ਅੰਗਰੇਜ਼ਾਂ ਦੀ ਰਣਨੀਤੀ ਮੁਤਾਬਕ ਸਮੇਂ ਸਮੇਂ ਵਰਤ ਕੇ ਲਾਭ ਲੈਂਦੇ ਰਹਿਣਾ ਸੀ। ਕਸ਼ਮੀਰ ਦੀ ਤ੍ਰਾਸਦੀ ਅੰਗਰੇਜ਼ਾਂ ਦੀ ਇਸ ਰਣਨੀਤੀ ਦੀ ਉਪਜ ਦਾ ਹੀ ਇੱਕ ਹਿੱਸਾ ਹੈ, ਜੋ ਰਾਜਾ ਹਰੀ ਸਿੰਘ ਦੇ ਪੜਦਾਦਾ ਗੁਲਾਬ ਸਿੰਘ ਡੋਗਰੇ ਨੂੰ ਸਿੱਖ ਰਾਜ ਨਾਲ ਗੱਦਾਰੀ ਦੇ ਇਵਜ਼ ਵਜੋਂ ਕਸ਼ਮੀਰ ਦਾ ਰਾਜਾ ਥੋਪਿਆ ਗਿਆ ਸੀ।

ਭਾਰਤ ਵਿਚ ਅੰਗਰੇਜ਼ਾਂ ਦੇ ਰਾਜ ਦੌਰਾਨ ਇਨ੍ਹਾਂ ਅਰਧ ਆਜ਼ਾਦ ਰਿਅਸਤਾਂ ਨੇ ਇੱਕ ਚੌਕੀਦਾਰ ਵਜੋਂ ਕੰਮ ਕੀਤਾ। ਜਿੱਥੇ ਵੀ ਕਿਤੇ ਆਜ਼ਾਦੀ ਦੀ ਲਹਿਰ ਉਠੀ, ਉਸ ਨੂੰ ਦਬਾਉਣ ਲਈ ਅੰਗਰੇਜ਼ਾਂ ਦੀ ਚਾਪਲੂਸੀ ਕਰਦਿਆਂ ਰੱਜ ਕੇ ਆਪਣੇ ਅੰਗਰੇਜ਼ਾਂ ਪ੍ਰਤੀ ਵਫਾਦਾਰ ਹੋਣ ਦਾ ਕੋਈ ਭੀ ਮੌਕਾ ਹੱਥੋਂ ਨਾ ਜਾਣ ਦਿੱਤਾ। ਡਰ ਅੰਦਰੋਂ ਇਹੀ ਸੀ ਕਿ ਅਣਖੀ ਰਾਜਿਆਂ ਵਾਂਗ ਕਿਤੇ ਉਨ੍ਹਾਂ ਦਾ ਲੰਗੜਾ ਰਾਜ ਭਾਗ ਨਾ ਖੁੱਸ ਜਾਏ। ਅੰਗਰੇਜ਼ਾਂ ਖਿਲਾਫ ਵਿਦਰੋਹੀ ਉਭਾਰਾਂ ਨੂੰ ਕੁਚਲਣ ਲਈ ਇਹ ਨਿਪੁੰਸਕ ਤੇ ਐਸ਼ਪ੍ਰਸਤ ਰਾਜੇ ਆਪਣੀਆਂ ਟੁੱਟੀਆਂ ਫੁੱਟੀਆਂ ਫੌਜਾਂ ਨਾਲ ਆਜ਼ਾਦੀ ਘੁਲਾਟੀਆਂ ਖਿਲਾਫ ਅੰਗਰੇਜ਼ਾਂ ਦੇ ਬਰਾਬਰ ਮੂਹਰੇ ਹੋ ਕੇ ਲੜਦੇ ਤੇ ਇੱਕ ਦੂਜੇ ਤੋਂ ਅੱਗੇ ਹੋ ਕੇ ਫਰੰਗੀਆਂ ਨੂੰ ਵਫਾਦਾਰੀ ਦਾ ਸਬੂਤ ਦਿੰਦੇ। ਸੌ ਸਾਲ ਤੋਂ ਵੱਧ ਅੰਗਰੇਜ਼ਾਂ ਨੇ ਭਾਰਤ ਨੂੰ ਰੱਜ ਕੇ ਲੁੱਟਿਆ ਤੇ ਕੁੱਟਿਆ।

ਜਦੋਂ 1947 'ਚ ਅੰਗਰੇਜ਼ ਅੰਦੋਲਨਾਂ ਤੇ ਸੰਸਾਰਕ ਜੰਗਾਂ ਤੋਂ ਅੱਕੇ-ਥੱਕੇ ਭਾਰਤ ਤੋਂ ਕੂਚ ਕਰਨ ਲੱਗੇ ਤਾਂ ਆਪਣੇ ਕਈ ਰੰਗਾਂ ਦੇ ਕੂਟਨੀਤਕ ਪੱਤੇ ਖੇਡ ਗਏ। ਪਹਿਲਾਂ ਤਾਂ ਭਾਰਤ ਨੂੰ ਤਿੰਨ ਹਿੱਸਿਆਂ 'ਚ ਵੰਡ ਗਏ-ਪੂਰਬੀ ਪਾਕਿਸਤਾਨ, (ਬੰਗਲਾ ਦੇਸ਼) ਪੱਛਮੀ ਪਾਕਿਸਤਾਨ ਤੇ ਅੱਜ ਦਾ ਭਾਰਤ। ਦੂਜਾ, ਅਰਧ ਆਜ਼ਾਦ ਨਿਪੁੰਸਕ ਰਿਆਸਤਾਂ ਨੂੰ ਯਤੀਮ ਬਣਾ ਕੇ ਜਾਂਦੇ ਹੋਏ ਇਹ ਕਹਿ ਗਏ ਕਿ ਤੁਸੀਂ ਹੁਣ ਖੁਦ ਮੁਖਤਿਆਰ ਤੇ ਆਜ਼ਾਦ ਹੋ। ਤੀਜਾ, ਆਜ਼ਾਦ ਭਾਰਤ ਦੇ ਸਿਆਸੀ ਭੁੱਖ ਵਾਲੇ ਨਵੇਂ ਉਭਰੇ ਲੀਡਰਾਂ ਨੂੰ ਸੰਕੇਤ ਦੇ ਦਿੱਤਾ ਕਿ ਹੁਣ ਤੁਹਾਡੀ ਮਰਜ਼ੀ ਹੈ, ਚਾਹੇ ਆਜ਼ਾਦ ਕੀਤੀਆਂ ਰਿਆਸਤਾਂ ਤੇ ਸਟੇਟਾਂ ਨੂੰ ਆਜ਼ਾਦ ਰਹਿਣ ਦਿਓ ਜਾਂ ਆਪਣੀ ਮਰਜੀ ਤੇ ਧੌਂਸ ਨਾਲ ਭਾਰਤੀ ਸੰਘ 'ਚ ਹੀ ਹੜੱਪ ਕਰ ਲਓ।

ਸੌ ਸਾਲ ਤੋਂ ਵੱਧ ਸਮੇਂ ਤੋਂ ਅੰਗਰੇਜ਼ਾਂ ਦੇ ਰਹਿਮੋ ਕਰਮ 'ਤੇ ਪਲ ਰਹੀਆਂ ਰਿਆਸਤਾਂ ਯਤੀਮ ਜਿਹੀਆਂ ਬਣ ਕੇ ਰਹਿ ਗਈਆਂ, ਕਸ਼ਮੀਰ ਵੀ ਇਨ੍ਹਾਂ ਵਿਚੋਂ ਇੱਕ ਸੀ। ਜੋ ਰਾਜੇ ਅੱਜ ਤੱਕ ਆਪਣੇ ਬਚਾ ਲਈ ਅੰਗਰੇਜ਼ਾਂ 'ਤੇ ਨਿਰਭਰ ਸਨ, ਉਹ ਹੁਣ ਬੇਆਸਰਾ ਹੋ ਗਏ। ਬਾਹਰੀ ਮੁਲਕਾਂ ਦੇ ਹਮਲਿਆਂ ਤੋਂ ਬਚਾ ਲਈ ਫੌਜੀ ਤਾਕਤ ਦਾ ਹੋਣਾ ਤਾਂ ਦੂਰ ਦੀ ਗੱਲ, ਉਨ੍ਹਾਂ ਕੋਲ ਤਾਂ ਮਾੜੀ ਮੋਟੀ ਅੰਦਰੂਨੀ ਬਗਾਵਤ ਨਾਲ ਸਿੱਝਣ ਜੋਗੀ ਤਾਕਤ ਵੀ ਨਹੀਂ ਸੀ। ਅਜਿਹੀ ਸਥਿਤੀ ਦਾ ਫਾਇਦਾ ਨਵੇਂ ਸਿਰਜੇ ਭਾਰਤ ਤੇ ਪਾਕਿਸਤਾਨ ਨੇ ਪੂਰੀ ਮੱਕਾਰੀ, ਢੀਠਤਾ ਅਤੇ ਬੇਰਹਿਮ ਕਤਲੋਗਾਰਤ ਨਾਲ ਰੱਜ ਕੇ ਲਿਆ, ਅਤੇ ਇਨ੍ਹਾਂ ਖੱਸੀ ਰਿਆਸਤਾਂ ਨੂੰ ਆਪਣੇ ਵਿਚ ਸਮੋ ਲਿਆ।

ਕਸ਼ਮੀਰ ਦੀ ਤ੍ਰਾਸਦੀ ਇੱਥੋਂ ਹੀ ਨਵੀਂ ਕਰਵਟ ਲੈਂਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪਿਛੋਂ ਅੰਗਰੇਜ਼ਾਂ ਨੇ ਗੁਲਾਬ ਸਿੰਘ ਤੇ ਧਿਆਨ ਸਿੰਘ ਡੋਗਰੇ ਦੀ ਗੱਦਾਰੀ ਦੇ ਇਵਜ਼ ਵਜੋਂ ਉਨ੍ਹਾਂ ਨੂੰ ਕਸ਼ਮੀਰ ਦਾ ਅਰਧ ਆਜ਼ਾਦ ਰਾਜ ਭਾਗ ਸੌਂਪ ਦਿੱਤਾ। ਉਨ੍ਹਾਂ ਅਤੇ ਉਨ੍ਹਾਂ ਦੀ ਔਲਾਦ ਨੇ ਰੱਜ ਕੇ ਕਸ਼ਮੀਰ ਦੇ ਰਾਜ ਭਾਗ ਦਾ, ਅੰਗਰੇਜ਼ਾਂ ਦੀ ਸਰਪ੍ਰਸਤੀ ਥੱਲੇ ਅਨੰਦ ਤੇ ਸੁੱਖ ਮਾਣਿਆ। ਰਾਜਾ ਹਰੀ ਸਿੰਘ ਗੁਲਾਬ ਸਿੰਘ ਡੋਗਰੇ ਦਾ ਪੜਪੋਤਾ ਸੀ।

ਜ਼ਿਕਰਯੋਗ ਹੈ ਕਿ ਗੁਲਾਬ ਸਿੰਘ ਤੇ ਧਿਆਨ ਸਿੰਘ ਡੋਗਰੇ ਨੇ ਹੀ ਅੰਗਰੇਜ਼ਾਂ ਨਾਲ ਮਿਲ ਕੇ ਮਹਾਰਾਜਾ ਰਣਜੀਤ ਸਿੰਘ ਦੇ ਮਰਨ ਪਿਛੋਂ ਸਾਜਿਸ਼ਾਂ ਰਚ ਕੇ ਤਰ੍ਹਾਂ ਤਰ੍ਹਾਂ ਦੀ ਗੱਦਾਰੀ ਅਤੇ ਮੱਕਾਰੀ ਕਰ ਕੇ ਸਿੱਖ ਰਾਜ ਨੂੰ ਕੁਝ ਸਾਲਾਂ 'ਚ ਹੀ ਤਹਿਸ ਨਹਿਸ ਕਰ/ਕਰਾ ਕੇ ਅੰਗਰੇਜ਼ਾਂ ਨੂੰ ਉਂਗਲੀ ਫੜ ਕੇ ਸਿੱਖ ਰਾਜ 'ਚ ਲਿਆ ਵਾੜਿਆ ਸੀ। ਇਸ ਦੇ ਇਵਜ਼ਾਨੇ ਵਜੋਂ ਹੀ ਅੰਗਰੇਜ਼ਾਂ ਨੇ ਕਸ਼ਮੀਰ ਦਾ ਰਾਜ ਭਾਗ ਇਨ੍ਹਾਂ ਗੱਦਾਰ ਡੋਗਰਿਆਂ ਨੂੰ ਥਾਲੀ 'ਚ ਪਰੋਸ ਕੇ ਦਿੱਤਾ।

ਅੰਗਰੇਜ਼ਾਂ ਦੇ ਜਾਣ ਪਿਛੋਂ ਕਸ਼ਮੀਰ ਰਿਆਸਤ ਦੇ ਰਾਜੇ ਹਰੀ ਸਿੰਘ ਨੂੰ ਵੀ ਉਸੇ ਹਾਲਤ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਦਾ ਬਾਕੀ ਭਾਰਤੀ ਅਰਧ ਆਜ਼ਾਦ ਰਿਆਸਤਾਂ ਕਰ ਰਹੀਆਂ ਸਨ: ਕਸ਼ਮੀਰ ਦਾ ਫਰਕ ਸਿਰਫ ਭੂਗੋਲਿਕ ਸੀ, ਜਦ ਕਿ ਬਾਕੀ ਬਹੁਤੀਆਂ ਰਿਆਸਤਾਂ ਭਾਰਤ 'ਚ ਲੈਂਡ ਲਾਕ ਸਨ। ਕਸ਼ਮੀਰ ਦੀ ਸਰਹੱਦ ਪੱਛਮ ਪਾਸੇ ਨਵੇਂ ਬਣੇ ਪਾਕਿਸਤਾਨ ਨਾਲ, ਉਤਰ ਪੂਰਬ ਵਲ ਚੀਨ ਨਾਲ ਖਹਿੰਦੀ ਸੀ ਅਤੇ ਦੱਖਣੀ ਪਾਸੇ ਭਾਰਤ ਨਾਲ। ਰਾਜਾ ਹਰੀ ਸਿੰਘ ਨੂੰ ਆਜ਼ਾਦੀ ਤਾਂ ਮਿਲ ਗਈ, ਪਰ ਚਾਰ ਚੁਫੇਰੇ ਭਾਰਤ, ਚੀਨ ਤੇ ਪਾਕਿਸਤਾਨ ਰੂਪੀ ਬਘਿਆੜ ਕਸ਼ਮੀਰ ਨੂੰ ਹੜੱਪਣ ਲਈ ਮੂੰਹ ਅੱਡੀ ਖੜੇ ਸਨ। ਮੌਕੇ ਦਾ ਫਾਇਦਾ ਲੈਂਦਿਆਂ ਲਗਦੇ ਹੱਥ ਪਾਕਿਸਤਾਨ ਨੇ ਕਬਾਇਲੀਆਂ ਤੋਂ ਪੱਛਮ ਵਲੋਂ ਕਸ਼ਮੀਰ 'ਤੇ ਹਮਲਾ ਕਰਵਾ ਦਿੱਤਾ। ਰਾਜਾ ਹਰੀ ਸਿੰਘ ਕੋਲ ਕਸ਼ਮੀਰ ਦੀ ਸੁਰੱਖਿਆ ਲਈ ਲੜਾਈ ਜੋਗੀ ਫੌਜੀ ਸਮਰੱਥਾ ਨਹੀਂ ਸੀ। ਥੋੜ੍ਹੇ ਅਰਸੇ 'ਚ ਹੀ ਪਾਕਿਸਤਾਨ ਦੀ ਹਮਾਇਤ ਪ੍ਰਾਪਤ ਕਬਾਇਲੀਆਂ ਨੇ ਅੱਧਾ ਕਸ਼ਮੀਰ ਨੱਪ ਲਿਆ, ਤੇ ਆਖਿਰ ਸਭ ਕੁਝ ਜਾਂਦਾ ਦੇਖ ਰਾਜਾ ਹਰੀ ਸਿੰਘ ਨੂੰ ਭਾਰਤ ਦੀ ਮਦਦ ਲੈਣ ਲਈ ਕੋਹੜ ਕਿਰਲੀ ਖਾਣੀ ਪਈ। ਭਾਰਤੀ ਫੌਜ ਨੇ ਕਬਾਇਲੀਆਂ ਨੂੰ ਅੱਗੇ ਵਧਣ ਤੋਂ ਤਾਂ ਰੋਕ ਦਿੱਤਾ ਪਰ ਕਸ਼ਮੀਰ ਦੋ ਹਿੱਸਿਆਂ 'ਚ ਵੰਡਿਆ ਗਿਆ। ਅੱਧੇ ਕਸ਼ਮੀਰੀ ਉਧਰ ਤੇ ਅੱਧੇ ਇੱਧਰ। ਪਾਕਿਸਤਾਨ ਅਧੀਨ ਕਸ਼ਮੀਰ ਆਜ਼ਾਦ ਕਸ਼ਮੀਰ ਕਹਾਉਣ ਲੱਗਾ ਤੇ ਭਾਰਤ ਵਾਲਾ ਜੰਮੂ ਕਸ਼ਮੀਰ ਦੇ ਨਾਂ ਨਾਲ ਇਕ ਅਰਧ ਆਜ਼ਾਦ ਰਾਜ ਭਾਰਤੀ ਸੰਵਿਧਾਨ ਦੀ ਧਾਰਾ 370 ਮੁਤਾਬਕ ਮੁੜ ਸਿਰਜਿਆ ਗਿਆ।



*ਗੁਲਾਬ ਸਿੰਘ ਡੋਗਰਾ*

ਹੋਇਆ ਇਹ ਕਿ ਸਮਾਂ ਪਾ ਕੇ ਕਸ਼ਮੀਰੀ ਲੋਕ ਤਿੰਨ ਮੁਲਕਾਂ ਦੇ ਅਧੀਨ ਹੋ ਗਏ, ਉਤਰ-ਪੱਛਮ ਵਲ ਪਾਕਿਸਤਾਨ ਨੇ ਕਬਜ਼ਾ ਕਰ ਲਿਆ, ਪਿਛੋਂ ਪਾਕਿਸਤਾਨ ਨੇ ਚੀਨ ਨਾਲ ਮਿੱਤਰਤਾ ਪੱਕੀ ਰੱਖਣ ਲਈ ਉਤਰ ਵਾਲੇ ਪਾਸੇ ਤੋਂ ਕੁਝ ਹਿੱਸਾ ਕਸ਼ਮੀਰ ਦਾ ਆਪ ਚੀਨ ਦੀ ਝੋਲੀ ਪਾ ਦਿੱਤਾ; ਜਦ ਕਿ ਲੱਦਾਖ ਨਾਲ ਲਗਦਾ ਕਸ਼ਮੀਰ ਦਾ ਕੁੱਝ ਹਿੱਸਾ 1962 ਦੀ ਭਾਰਤ-ਚੀਨ ਜੰਗ ਸਮੇਂ ਚੀਨ ਨੇ ਦੱਬ ਲਿਆ ਸੀ: ਰਹਿੰਦੀ ਕਸਰ ਹੁਣ ਭਾਰਤ ਨੇ ਧਾਰਾ 370 ਖਤਮ ਕਰਕੇ ਕਸ਼ਮੀਰ ਨੂੰ ਆਪਣੇ ਵਿਚ ਸਮੋ ਲਿਆ।

ਜ਼ਿਕਰਯੋਗ ਹੈ ਕਿ ਫਲਸਤੀਨੀਆਂ ਦਾ ਇਹੋ ਹਾਲ 1948 'ਚ ਇਜ਼ਰਾਈਲ ਬਣਨ ਪਿਛੋਂ ਹੋਇਆ, ਉਹ ਹੁਣ ਤੱਕ ਬੇਘਰੇ ਹੋਏ ਯੁੱਧ ਦੀ ਅੱਗ ਵਿਚ ਮੱਚ ਰਹੇ ਹਨ। ਕੁਰਦਾਂ ਨੂੰ ਤੁਰਕੀ, ਸੀਰੀਆ ਤੇ ਇਰਾਕ ਨੇ ਕਸ਼ਮੀਰ ਵਾਂਗ ਹੀ ਹੜੱਪਿਆ ਹੋਇਆ ਹੈ। ਪਿਛਲੇ ਸਾਲਾਂ 'ਚ ਹੀ ਕਰੀਮੀਆ ਨੂੰ ਰੂਸ ਨੇ ਯੁਕਰੇਨ ਤੋਂ ਖੋਹ ਕੇ ਰੂਸ ਦਾ ਹਿੱਸਾ ਬਣਾ ਲਿਆ। ਇਥੇ ਹੀ ਬੱਸ ਨਹੀਂ, ਤਿੱਬਤ ਜੋ ਇੱਕ ਆਜ਼ਾਦ ਦੇਸ਼ ਸੀ, ਨੂੰ ਵੀ ਚੀਨ ਨੇ ਡੰਡੇ ਦੇ ਜ਼ੋਰ ਆਪਣੇ 'ਚ ਰਲਾ ਲਿਆ।

ਤਾਕਤਵਰਾਂ ਦੀ ਲੜਾਈ ਵਿਚ ਇੱਕ ਜਿੱਤਦਾ ਤੇ ਇੱਕ ਹਾਰਦਾ ਹੈ, ਪਰ ਲੋਕ ਹਮੇਸ਼ਾ ਹੀ ਹਾਰੇ ਹਨ, ਕਸ਼ਮੀਰੀਆਂ ਦਾ ਵੀ ਅੱਜ ਇਹੋ ਹਾਲ ਹੈ। ਸੱਤ ਦਹਾਕਿਆਂ ਤੋਂ ਪਾਕਿਸਤਾਨ ਦੀਆਂ ਸਰਕਾਰਾਂ ਨੇ ਸੂਹੀਆ ਏਜੰਸੀਆਂ ਰਾਹੀਂ ਘੁਸਪੈਠੀਏ ਭੇਜ ਭੇਜ ਕਸ਼ਮੀਰ ਵਿਚ ਤਰਥੱਲੀ ਹੀ ਮਚਾਈ ਰੱਖੀ। ਇਸੇ ਦੌਰਾਨ ਭਾਰਤ ਦੀ ਕਸ਼ਮੀਰ 'ਚ ਕੀਤੀ ਸਖਤੀ ਤੇ ਵਰਤਿਆ ਡੰਡਾ ਵੀ ਆਮ ਕਸ਼ਮੀਰੀ ਆਵਾਮ ਲਈ ਸੂਲੀ ਹੀ ਬਣਿਆ ਰਿਹਾ ਹੈ।

ਹੁਣ ਮੋਦੀ ਸਰਕਾਰ ਨੇ ਹਿੰਦੂਤਵ ਤਾਕਤਾਂ ਦੇ ਦਬਾ ਥੱਲੇ ਧਾਰਾ 370 ਖਤਮ ਕਰ ਕੇ, ਜੋ ਮਾੜੀ ਮੋਟੀ ਕਸ਼ਮੀਰ ਦੀ ਖੁਦ ਮੁਖਤਿਆਰੀ ਦੀ ਸਾਹ ਰਗ ਵਗਦੀ ਸੀ, ਵੀ ਕੱਟ ਦਿੱਤੀ ਅਤੇ ਅੱਗੇ ਹੀ ਬਾਰੂਦ 'ਤੇ ਬੈਠੇ ਭਾਰਤੀ ਖਿਤੇ ਨੂੰ ਤਿੰਨ ਐਟਮੀ ਤਾਕਤਾਂ-ਭਾਰਤ, ਪਾਕਿਸਤਾਨ ਤੇ ਚੀਨ ਦੇ ਹੱਥ ਇਸ ਨਵੀਂ ਸਥਿਤੀ ਨੇ ਬਲਦੀ ਅੱਗ ਦੇ ਪਲੀਤੇ ਫੜਾ ਦਿੱਤੇ ਹਨ। ਰੱਬ ਖੈਰ ਕਰੇ, ਸਥਿਤੀ ਵਿਸਫੋਟਕ ਨਾ ਬਣੇ।

ਭਾਰਤੀ ਹਿੰਦੂਤਵੀਆਂ ਨੂੰ ਤਾਕਤ ਦੇ ਨਸ਼ੇ ਦਾ ਜੋ ਗੁਬਾਰ ਚੜ੍ਹਿਆ ਹੋਇਆ ਹੈ, ਇਹ ਬਹੁਤਾ ਚਿਰ ਨਹੀਂ ਟਿਕਣਾ। ਭਾਰਤ ਦਾ ਭਲਾ ਇਸ ਵਿਚ ਹੀ ਹੈ ਕਿ ਵੱਖ ਵੱਖ ਬੋਲੀਆਂ ਤੇ ਵੱਖੋ ਵੱਖਰੇ ਸਭਿਆਚਾਰਾਂ ਦੇ ਸਮੂਹ ਵਾਲੇ ਭਾਰਤ ਨੂੰ ਕਸ਼ਮੀਰੀਆਂ ਦੀ ਅਰਧ ਆਜ਼ਾਦੀ ਖੋਹਣ ਦੀ ਥਾਂ, ਬਾਕੀ ਸੂਬਿਆਂ ਤੇ ਪ੍ਰਾਂਤਾਂ ਨੂੰ ਵੀ ਕੁਝ ਮਹਿਕਮੇ ਕੇਂਦਰ ਕੋਲ ਰੱਖ ਕੇ, ਖੁਦਮੁਖਤਿਆਰੀ ਦੇਣ ਵਲ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ। ਭਾਰਤੀ ਪ੍ਰਾਂਤ ਜੇ ਇਹ ਸੰਤੁਸ਼ਟੀ ਮਹਿਸੂਸ ਕਰਨ ਕਿ ਉਹ ਅਰਧ ਆਜ਼ਾਦ ਹਨ ਤਾਂ ਕੇਂਦਰ ਨਾਲ ਉਹ ਪਰਪੱਕ ਬੱਝਣਗੇ; ਇੰਜ ਇਲਾਕਾਈ ਸ਼ਿਕਵੇ-ਸ਼ਿਕਾਇਤਾਂ ਵੀ ਘੱਟ ਹੋਣਗੇ। ਇੰਜ ਇਕੱਲਾ ਕਸ਼ਮੀਰ ਹੀ ਨਹੀਂ, ਸਗੋਂ ਸਾਰਾ ਭਾਰਤੀ ਖਿਤਾ ਹੀ ਬਰਬਾਦ ਹੋਣੋਂ ਬਚਾਇਆ ਜਾ ਸਕੇਗਾ।

# ਭਾਰਤ ਰਤਨ ਪੁਰਸਕਾਰ ਅਤੇ ਭਾਜਪਾ ਦੇ ਸੌੜੇ ਸਿਆਸੀ ਹਿੱਤ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ (ਪਹਿਲੀ ਤੇ ਮੌਜੂਦਾ) ਦਾ ਇਹੀ ਯਤਨ ਰਿਹਾ ਹੈ ਕਿ ਦੇਸ਼ ਦੀਆਂ ਸਿਰਮੌਰ ਸੰਵਿਧਾਨਕ ਸੰਸਥਾਵਾਂ ਦੀਆਂ ਅਹਿਮ ਅਸਾਮੀਆਂ 'ਤੇ ਇੱਕ ਵਿਸ਼ੇਸ਼ ਵਿਚਾਰਧਾਰਾ ਨਾਲ ਸਬੰਧਿਤ ਲੋਕਾਂ ਨੂੰ ਹੀ ਬਿਠਾਇਆ ਜਾਵੇ। ਅਜਿਹਾ ਕਰਨ ਸਮੇਂ ਜੇ ਕਾਇਦੇ ਕਾਨੂੰਨ ਤੋੜਨੇ-ਮਰੋੜਨੇ ਪੈਣ

**ਹਰਜਿੰਦਰ ਗੁਲਪੁਰ**
ਮੈਲਬੌਰਨ, ਆਸਟਰੇਲੀਆ।
ਫੋਨ: +0061411218801

ਤਾਂ ਕੋਈ ਪਰਵਾਹ ਨਹੀਂ। ਸਰਕਾਰ ਇੱਕ ਤਰ੍ਹਾਂ ਨਾਲ ਸੰਵਿਧਾਨਕ ਸੰਸਥਾਵਾਂ ਦੀ ਕਸਟੋਡੀਅਨ ਹੁੰਦੀ ਹੈ। ਜੇ ਇਨ੍ਹਾਂ ਸੰਸਥਾਵਾਂ ਨੂੰ ਕੋਈ ਠੇਸ ਪਹੁੰਚਦੀ ਹੈ ਤਾਂ ਉਸ ਦੀ ਜਿੰਮੇਵਾਰ ਤਤਕਾਲੀ ਸਰਕਾਰ ਹੁੰਦੀ ਹੈ। ਸਰਕਾਰ ਦੀ ਕਾਰਜਸ਼ੈਲੀ ਨੂੰ ਦੇਖ ਕੇ ਲੱਗਦਾ ਹੈ ਕਿ ਉਸ ਦੇ ਇਰਾਦੇ ਕੁਝ ਹੋਰ ਹੀ ਹਨ। ਗੱਲ ਸੰਵਿਧਾਨਕ ਸੰਸਥਾਵਾਂ ਦੀ ਰਾਖੀ ਤੋਂ ਵੀ ਅੱਗੇ ਚਲੇ ਗਈ ਹੈ।

ਚਰਚਾ ਹੈ ਕਿ ਭਾਜਪਾ ਸਰਕਾਰ ਨੇ ਭਾਰਤ ਰਤਨ ਜਿਹੇ ਵੱਕਾਰੀ ਪੁਰਸਕਾਰਾਂ ਨੂੰ ਵੀ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਵਰਤਣ ਦਾ ਤਹੱਈਆ ਕਰ ਲਿਆ ਹੈ। ਜਾਣਕਾਰੀ ਅਨੁਸਾਰ ਕੱਟੜਵਾਦੀ ਅਤੇ ਵਿਵਾਦਗ੍ਰਸਤ ਹਿੰਦੂ ਨੇਤਾ ਰਹੇ ਵਿਨਾਇਕ ਦਮੋਦਰ ਸਾਵਰਕਰ ਨੂੰ ਭਾਰਤ ਰਤਨ ਦੇਣ ਦੀ ਭਾਜਪਾ ਦੀ ਚਾਹਤ ਦਾ ਸਿਰਫ ਐਲਾਨ ਹੋਣਾ ਹੀ ਬਾਕੀ ਹੈ, ਜੋ ਕਦੇ ਵੀ ਹੋ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਕਾਂਗਰਸੀ ਆਗੂ ਭਾਜਪਾ ਦੇ ਇਸ ਸੰਭਾਵੀ ਫੈਸਲੇ 'ਤੇ ਕਿੰਤੂ-ਪ੍ਰੰਤੂ ਕਰ ਰਹੇ ਹਨ। ਹਾਲਾਂਕਿ ਇਸੇ ਭਾਜਪਾ ਸਰਕਾਰ ਨੇ ਕਾਂਗਰਸ ਪਾਰਟੀ ਦੇ ਬਜ਼ੁਰਗ ਨੇਤਾ ਅਤੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਭਾਰਤ ਰਤਨ ਦਾ ਪੁਰਸਕਾਰ ਇਸੇ ਵਰ੍ਹੇ ਦਿੱਤਾ ਸੀ। ਉਦੋਂ ਇਨ੍ਹਾਂ ਨੇਤਾਵਾਂ ਨੂੰ ਕਿਉਂ ਮਹਿਸੂਸ ਨਹੀਂ ਹੋਇਆ ਕਿ ਪ੍ਰਣਬ ਮੁਖਰਜੀ ਨੂੰ ਉਸ ਕੱਟੜਵਾਦੀ ਅਤੇ ਸੰਪਰਦਾਇਕ ਸਰਕਾਰ ਦੇ ਹੱਥੋਂ ਇਹ ਸਨਮਾਨ ਨਹੀਂ ਲੈਣਾ ਚਾਹੀਦਾ, ਜਿਸ ਦੀ ਵਿਚਾਰਧਾਰਾ ਕਾਂਗਰਸ ਤੋਂ ਇੱਕ ਦਮ ਉਲਟ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਜਪਾ ਸਰਕਾਰ ਸਰਕਾਰੀ ਪੁਰਸਕਾਰਾਂ ਦੇ ਮਾਮਲੇ ਵਿਚ ਵੀ ਮਨਮਰਜੀ ਕਰਨ 'ਤੇ ਉਤਾਰੂ ਹੋ ਗਈ ਹੈ। ਉਹ ਚੁਣ ਚੁਣ ਕੇ ਉਨ੍ਹਾਂ ਵਿਅਕਤੀਆਂ ਨੂੰ ਖਿਤਾਬਾਂ ਨਾਲ ਨਿਵਾਜ਼ ਰਹੀ ਹੈ, ਜੋ ਹਿੰਦੂਤਵ ਦੇ ਪ੍ਰੋਮੋਟਰ ਅਤੇ ਵਰਣ ਵਿਵਸਥਾ ਦੇ ਮੁੱਦਈ ਰਹੇ ਹਨ। ਸਾਵਰਕਰ ਨੂੰ ਵੀ ਇਸੇ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਕਾਂਗਰਸ ਪਾਰਟੀ ਭਾਜਪਾ ਦੀ ਮਨਸ਼ਾ ਦਾ ਇਸ ਕਰਕੇ ਵੀ ਵਿਰੋਧ ਕਰ ਰਹੀ ਹੈ ਕਿ ਸਾਵਰਕਰ ਦਾ ਨਾਂ ਮਹਾਤਮਾ ਗਾਂਧੀ ਨੂੰ ਕਤਲ ਕਰਨ ਵਾਲੇ ਦੋਸ਼ੀਆਂ ਵਿਚ ਸ਼ਾਮਲ ਸੀ। ਹਾਲਾਂਕਿ ਉਸ ਦੇ ਖਿਲਾਫ ਲੋੜੀਂਦੇ ਸਬੂਤ ਨਾ ਹੋਣ ਕਰ ਕੇ ਉਸ ਨੂੰ ਦੋਸ਼ ਮੁਕਤ ਕਰ ਦਿੱਤਾ ਗਿਆ ਸੀ। ਦਰਅਸਲ ਭਾਰਤ ਰਤਨ ਦੇਣ ਦਾ ਕੋਈ ਤੈਅਸ਼ੁਦਾ ਪੈਮਾਨਾ ਨਾ ਕਾਂਗਰਸ ਦੇ ਰਾਜ ਸਮੇਂ ਸੀ ਅਤੇ ਨਾ ਮੌਜੂਦਾ ਸਰਕਾਰ ਵੇਲੇ ਹੈ। ਜੇ ਅਜਿਹਾ ਕੋਈ ਪੈਮਾਨਾ ਹੁੰਦਾ ਤਾਂ ਕ੍ਰਿਕਟਰ ਸਚਿਨ ਤੇਂਦੁਲਕਰ ਅਤੇ ਹਿੰਦੂਵਾਦੀ ਨੇਤਾ ਨਾਨਾ ਜੀ ਦੇਸਮੁਖ ਵਰਗੇ ਲੋਕ ਕਦੇ ਵੀ ਭਾਰਤ ਰਤਨ ਲਈ ਬਣਾਏ ਗੁਣੀਏ ਵਿਚ ਫਿੱਟ ਨਾ ਬੈਠਦੇ। ਇੱਕ ਤਰ੍ਹਾਂ ਨਾਲ ਭਾਜਪਾ ਸਰਕਾਰ ਨੇ ਇਨ੍ਹਾਂ ਨੂੰ ਭਾਰਤ ਰਤਨ ਦੇ ਰੂਪ ਵਿਚ ਖੈਰਾਤ ਦਿੱਤੀ ਹੈ। ਕਾਂਗਰਸ ਪਾਰਟੀ ਵੀ ਆਪਣੇ ਸਮੇਂ ਇਸੇ ਤਰ੍ਹਾਂ ਕਰਦੀ ਰਹੀ ਹੈ। ਬੇਸ਼ਕ ਗਾਂਧੀ ਅਤੇ ਸਾਵਰਕਰ ਦੀਆਂ ਵਿਚਾਰਧਾਰਾਵਾਂ ਨਦੀ ਦੇ ਦੋ ਕਿਨਾਰਿਆਂ ਵਾਂਗ ਸਨ, ਜੋ ਕਦੇ ਨਹੀਂ ਮਿਲਦੇ। ਸਾਵਰਕਰ ਅੰਗਰੇਜ਼ਾਂ ਤੋਂ ਤਾਂ ਆਜ਼ਾਦੀ ਚਾਹੁੰਦਾ ਸੀ, ਪਰ ਉਸ ਨੂੰ ਦੇਸ਼ ਦੇ ਦਲਿਤਾਂ, ਪੱਛੜੇ ਵਰਗਾਂ, ਆਦਿਵਾਸੀਆਂ ਅਤੇ ਮੁਸਲਮਾਨਾਂ ਦੀ ਤਰਸਯੋਗ ਹਾਲਤ ਨਾਲ ਕੋਈ ਸਰੋਕਾਰ ਨਹੀਂ ਸੀ। ਇਸ ਤੋਂ ਉਲਟ ਮਹਾਤਮਾ ਗਾਂਧੀ ਨੂੰ ਲੱਗ ਰਿਹਾ ਸੀ ਕਿ ਜੇ ਇਨ੍ਹਾਂ ਵਰਗਾਂ ਨੂੰ ਸਵਰਣਾਂ ਦੇ ਦਬਦਬੇ ਤੋਂ ਮੁਕਤੀ ਨਾ ਮਿਲੀ ਤਾਂ ਆਜ਼ਾਦੀ ਬੇਮਾਅਨਾ ਹੋ ਕੇ ਰਹਿ ਜਾਏਗੀ।

ਸਵਾਲ ਹੈ ਕਿ ਸਾਵਰਕਰ ਨੂੰ ਭਾਰਤ ਰਤਨ ਦੇਣਾ ਚਾਹੀਦਾ ਹੈ ਜਾਂ ਨਹੀਂ? ਸਾਵਰਕਰ ਦੇ ਪੱਖ ਵਿਚ ਇੱਕੋ ਗੱਲ ਜਾਂਦੀ ਹੈ ਕਿ ਸੱਤਾ ਇਸ ਸਮੇਂ ਹਿੰਦੂ ਕੱਟੜਪੰਥੀਆਂ ਦੇ ਹੱਥ ਵਿਚ ਹੈ, ਜੋ ਸ਼ੱਰੇਆਮ ਦੇਸ਼ ਨੂੰ ਹਿੰਦੂ ਰਾਸ਼ਟਰ ਕਹਿੰਦੇ ਹੋਏ ਕਿਸੇ ਧਰਮ, ਜਾਤੀ ਸਮੂਹ ਜਾਂ ਵਿਚਾਰਧਾਰਾ ਦਾ ਲਿਹਾਜ਼ ਨਹੀਂ ਕਰ ਰਹੇ। ਇਸ ਲਈ ਉਹ ਸਾਵਰਕਰ ਨੂੰ ਭਾਰਤ ਰਤਨ ਦੇ ਰੁਤਬੇ ਨਾਲ ਨਿਵਾਜਣ ਲਈ ਕਾਹਲੇ ਹਨ। ਸਿੱਖ ਜਗਤ ਸਮੇਤ ਹੋਰ ਘਟ ਗਿਣਤੀਆਂ ਨਾਲ ਸਬੰਧਿਤ ਲੋਕ ਆਰ. ਐਸ. ਐਸ. ਸੁਪਰੀਮੋ ਮੋਹਨ ਭਾਗਵਤ ਦੇ ਉਸ ਬਿਆਨ ਦਾ ਸਖਤ ਵਿਰੋਧ ਕਰ ਰਹੇ ਹਨ, ਜਿਸ ਵਿਚ ਉਸ ਨੇ ਸਾਰੇ ਭਾਰਤੀਆਂ ਨੂੰ ਹਿੰਦੂ ਕਿਹਾ ਸੀ। ਇਸੇ ਤਰ੍ਹਾਂ ਕੋਈ ਵੀ ਉਦਾਰਵਾਦੀ ਹਿੰਦੂ ਸਾਵਰਕਰ ਨੂੰ ਭਾਰਤ ਰਤਨ ਦੇਣ ਦੀ ਜ਼ਿਦ ਨਾਲ ਸਹਿਮਤ ਨਹੀਂ ਹੈ। ਯੋਗਤਾ ਜਾਂ ਰਾਸ਼ਟਰ ਨਿਰਮਾਣ ਦੇ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਕਿਸੇ ਸਚਿਨ, ਦੇਸਮੁਖ ਜਾਂ ਮੁਖਰਜੀ ਵਾਂਗ ਸਾਵਰਕਰ ਨੇ ਜ਼ਿਕਰਯੋਗ ਕੋਈ ਕੰਮ ਨਹੀਂ ਕੀਤਾ। ਹਿੰਦੂਵਾਦੀਆਂ ਦੀ ਦਲੀਲ ਹੈ ਕਿ ਸਾਵਰਕਰ 'ਚ ਆਜ਼ਾਦੀ ਲਈ ਜਨੂੰਨ ਸੀ। ਜ਼ਿਕਰਯੋਗ ਹੈ ਕਿ ਕਿਸੇ ਅਕੀਦੇ ਦੀ ਪ੍ਰਾਪਤੀ ਲਈ ਮਹਿਜ ਜਨੂੰਨ ਹੀ ਕਾਫੀ ਨਹੀਂ ਹੁੰਦਾ, ਸਮਾਜਕ ਸਮਝ ਦੀ ਵੀ ਲੋੜ ਹੁੰਦੀ ਹੈ, ਜਿਸ ਦੀ ਉਸ ਵਿਚ ਕਮੀ ਸੀ।

ਅਸਲ ਵਿਚ ਸਾਵਰਕਰ ਇੱਕ ਰੋਮਾਂਟਿਕ ਕਿਸਮ ਦਾ ਨੇਤਾ ਸੀ। ਉਸ ਨੇ ਸਜ਼ਾ ਤੋਂ ਬਚਣ ਲਈ ਛੇ ਵਾਰ ਅੰਗਰੇਜ਼ਾਂ ਤੋਂ ਲਿਖਤੀ ਮੁਆਫੀ ਮੰਗੀ। ਲੋਕ ਆਜ਼ਾਦੀ ਦੀ ਜੰਗ ਵਿਚ ਮੁਆਫੀ ਮੰਗਣ ਵਾਲਿਆਂ ਨੂੰ ਕਦੇ ਪਸੰਦ ਨਹੀਂ ਕਰਦੇ। ਜੇ ਭਾਜਪਾ ਸਰਕਾਰ ਨੇ ਜ਼ਿਦ ਪੁਗਾਉਣ ਲਈ ਉਸ ਨੂੰ ਭਾਰਤ ਰਤਨ ਦੇ ਵੀ ਦਿੱਤਾ ਤਾਂ ਇਹ ਕਦਮ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰਨ ਦੇ ਤੁਲ ਹੋਵੇਗਾ। ਹਿੰਦੂਵਾਦੀਆਂ ਕੋਲ ਕੋਈ ਸਰਬ ਸਾਂਝਾ ਚਿਹਰਾ ਕਦੇ ਨਹੀਂ ਰਿਹਾ। ਸੰਨ 2014 ਵਿਚ ਸੱਤਾ ਵਿਚ ਆਉਣ ਤੋਂ ਲੈ ਕੇ ਭਾਜਪਾ ਦੀਨ ਦਿਆਲ ਉਪਾਧਿਆਏ, ਸ਼ਿਆਮਾ ਪ੍ਰਸ਼ਾਦ ਮੁਖਰਜੀ ਆਦਿ ਮਰਹੂਮ ਨੇਤਾਵਾਂ ਤੋਂ ਬਾਅਦ ਸਰਦਾਰ ਪਟੇਲ ਨੂੰ ਇਹ ਰੁਤਬਾ ਦੇਣ ਦੀ ਭਰਪੂਰ ਕੋਸ਼ਿਸ਼ ਕਰ ਚੁਕੀ ਹੈ, ਪਰ ਦੇਸ਼ ਦੀ ਆਮ ਜਨਤਾ ਨੂੰ ਇਹ ਸਭ ਰੜਕ ਰਿਹਾ ਹੈ। ਆਮ ਜਨਤਾ ਵਿਚ 80-85 ਕਰੋੜ ਉਹ ਲੋਕ ਹਨ, ਜਿਨ੍ਹਾਂ ਵਿਚ ਦਲਿਤ, ਆਦਿਵਾਸੀ ਅਤੇ ਮੁਸਲਮਾਨਾਂ ਸਮੇਤ ਦੂਜੇ ਘੱਟਗਿਣਤੀ ਧਰਮਾਂ ਦੇ ਲੋਕ ਆਉਂਦੇ ਹਨ।

# ਤੁਰਕੀ ਦਾ ਕੁਰਦਾਂ 'ਤੇ ਹਮਲਾ ਅਤੇ ਅਮਰੀਕੀ ਵਤੀਰਾ

ਛੇ ਅਕਤੂਬਰ ਨੂੰ ਵ੍ਹਾਈਟ ਹਾਊਸ ਦਾ ਹੈਰਾਨਕੁਨ ਬਿਆਨ ਜਾਰੀ ਹੋਇਆ ਕਿ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਤੁਰਕੀ ਦੇ ਰਾਸ਼ਟਰਪਤੀ ਵਿਚਾਲੇ ਹੋਈ ਗੱਲਬਾਤ ਪਿਛੋਂ ਸੀਰੀਆ ਵਿਚੋਂ ਅਮਰੀਕੀ ਫੌਜਾਂ ਵਾਪਿਸ ਬੁਲਾਈਆਂ ਜਾ ਰਹੀਆਂ ਹਨ। ਬਿਆਨ ਆਉਂਦਿਆਂ ਹੀ ਫੌਜਾਂ ਸੀਰੀਆ 'ਚੋਂ ਨਿਕਲਣੀਆਂ ਸ਼ੁਰੂ ਹੋ ਗਈਆਂ। ਵਾਪਸੀ ਮੁਕੰਮਲ ਨਹੀਂ ਸੀ ਹੋਈ ਕਿ ਤੁਰਕੀ ਦੀ ਏਅਰਫੋਰਸ ਨੇ ਸੀਰੀਆ ਦੇ ਬਾਰਡਰ ਦੀ ਉਲੰਘਣਾ ਕਰਦਿਆਂ ਕੁਰਦ ਮਲੀਸ਼ੀਆ ਦੇ ਟਿਕਾਣਿਆਂ 'ਤੇ ਭਾਰੀ ਬੰਬਾਰੀ ਸ਼ੁਰੂ ਕਰ ਦਿੱਤੀ। ਬੰਬਾਰੀ ਦੇ ਦੂਜੇ ਦਿਨ ਹੀ ਜ਼ਮੀਨੀ ਫੌਜਾਂ ਵੀ ਸੀਰੀਆ ਅੰਦਰ ਦਾਖਲ ਹੋ ਗਈਆਂ। ਕੁਰਦਾਂ 'ਤੇ ਚੌਤਰਫਾ ਹਮਲਾ ਸ਼ੁਰੂ ਹੋ ਗਿਆ। ਇਹ ਹਮਲਾ ਇੰਨਾ ਨਿਰਦਈ ਅਤੇ ਅਚਾਨਕ ਸੀ ਕਿ ਡਰੇ ਅਤੇ ਘਾਬਰੇ ਪਰਿਵਾਰਾਂ ਦੇ ਪਰਿਵਾਰ ਆਪਣਾ ਸਭ ਕੁਝ

**ਪਰਮਜੀਤ ਰੋਡੇ**
ਫੋਨ: 510-501-4191

ਛੱਡ-ਛਡਾ ਕੇ ਭੱਜ ਨਿਕਲੇ। ਹਮਲੇ ਦੇ ਪਹਿਲੇ ਕੁਝ ਹੀ ਦਿਨਾਂ ਵਿਚ ਇਕ ਲੱਖ ਤੋਂ ਵੱਧ ਬੇਵਸ ਲੋਕ ਬਾਰਡਰ ਟੱਪ ਕੇ ਤੁਰਕੀ ਜਾ ਵੜੇ।

ਟਰੰਪ ਅਤੇ ਤੁਰਕੀ ਸਰਕਾਰ ਦਾ ਦੁਨੀਆਂ ਭਰ 'ਚ ਵਿਰੋਧ ਹੋਣਾ ਸੁਭਾਵਿਕ ਸੀ। ਅਮਰੀਕੀ ਕਾਂਗਰਸ 'ਚ ਦੋਹਾਂ ਪਾਰਟੀਆਂ- ਰਿਪਬਲਿਕਨ ਪਾਰਟੀ ਤੇ ਡੈਮੋਕਰੈਟਿਕ ਪਾਰਟੀ ਦੇ ਵੱਡੀ ਗਿਣਤੀ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ। ਯੂਰਪ ਦੇ ਪੰਜ ਮੈਂਬਰ ਦੇਸ਼ਾਂ-ਇੰਗਲੈਂਡ, ਫਰਾਂਸ, ਜਰਮਨੀ, ਬੈਲਜੀਅਮ ਤੇ ਪੋਲੈਂਡ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਫੌਰੀ ਮੀਟਿੰਗ ਦੀ ਮੰਗ ਕੀਤੀ। ਭਾਰਤ ਸਮੇਤ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਨੇ ਤੁਰਕੀ ਦੇ ਹਮਲੇ ਦੀ ਨਿਖੇਧੀ ਕੀਤੀ।

ਯੂਰਪੀ ਯੂਨੀਅਨ ਦੀ ਵਿਦੇਸ਼ ਮਾਮਲੇ ਬਾਰੇ ਕੌਂਸਲ ਨੇ ਤੁਰਕੀ ਤੋਂ ਮੰਗ ਕੀਤੀ ਕਿ ਉਹ ਫੌਜਾਂ ਤੁਰੰਤ ਵਾਪਿਸ ਬੁਲਾਵੇ। ਜਰਮਨੀ, ਫਰਾਂਸ, ਇੰਗਲੈਂਡ, ਨਾਰਵੇ ਅਤੇ ਨੀਦਰਲੈਂਡ ਨੇ ਤੁਰਕੀ ਨੂੰ ਹਥਿਆਰਾਂ ਦੀ ਵਿਕਰੀ ਬੰਦ ਕਰ ਦਿੱਤੀ, ਪਰ ਤੁਰਕੀ ਦੇ ਰਾਸ਼ਟਰਪਤੀ ਐਰਡੋਗਨ ਨੇ ਇਸ ਸਾਰੇ ਵਿਰੋਧ ਨੂੰ ਟਿੱਚ ਜਾਣਦਿਆਂ ਉਲਟਾ ਯੂਰਪੀ ਦੇਸ਼ਾਂ ਨੂੰ ਧਮਕੀ ਦਿੱਤੀ ਕਿ ਜੇ ਉਨ੍ਹਾਂ ਦਾ ਵਿਰੋਧ ਜਾਰੀ ਰੱਖਿਆ ਗਿਆ ਤਾਂ ਉਹ ਤੁਰਕੀ 'ਚ ਬੈਠੇ ਦੋ ਮਿਲੀਅਨ ਸੀਰੀਅਨ ਰਿਫੂਜੀਆਂ ਨੂੰ ਯੂਰਪ ਵੱਲ ਧੱਕ ਦੇਵੇਗਾ।

ਤੁਰਕੀ ਦਾ ਰਾਸ਼ਟਰਪਤੀ ਸਪਸ਼ਟ ਕਹਿ ਰਿਹਾ ਹੈ ਕਿ ਉਹ ਕਿਸੇ ਦਬਾਅ ਅੱਗੇ ਨਹੀਂ ਝੁਕੇਗਾ। ਉਹ ਉਦੋਂ ਤੱਕ ਪਿੱਛੇ ਨਹੀਂ ਮੁੜੇਗਾ, ਜਦ ਤੱਕ ਕੁਰਦਾਂ ਨੂੰ ਪਿੱਛੇ ਧੱਕ ਕੇ ਸੀਰੀਆ ਅੰਦਰ ਉਤਰੀ ਬਾਰਡਰ ਦੇ ਨਾਲ-ਨਾਲ 20 ਮੀਲ ਚੌੜੀ ਅਤੇ 272 ਮੀਲ ਲੰਮੀ ਪੱਟੀ ਖਾਲੀ ਨਹੀਂ ਕਰ ਲੈਂਦਾ। ਉਸ ਨੇ ਅੱਗੇ ਕਿਹਾ ਕਿ ਇਸ ਤਰ੍ਹਾਂ ਉਹ ਬਾਰਡਰ 'ਤੇ 'ਸੁਰੱਖਿਅਤ ਜ਼ੋਨ' ਕਾਇਮ ਕਰੇਗਾ, ਜਿਥੇ ਤੁਰਕੀ 'ਚ ਬੈਠੇ ਰਿਫਿਊਜੀਆਂ ਨੂੰ ਵਸਾਏਗਾ।

ਕੁਰਦ ਮਲੀਸ਼ੀਆ ਨੇ ਤੁਰਕੀ ਦੀ ਫੌਜ ਨੂੰ ਆਸ ਤੋਂ ਵੱਧ ਜਚਵੀਂ ਟੱਕਰ ਦਿੱਤੀ ਹੈ। ਕੌਮਾਂਤਰੀ ਭਾਈਚਾਰੇ ਨੂੰ ਮਦਦ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਅਮਰੀਕਾ ਨੇ ਉਨ੍ਹਾਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਉਨ੍ਹਾਂ ਨੂੰ ਪਛਤਾਵਾ ਹੈ ਕਿ ਤੁਰਕੀ ਦੇ ਹਮਲੇ ਦੇ ਮੁਕਾਬਲੇ ਲਈ ਬਣਾਈਆਂ ਪੱਕੀਆਂ ਮੋਰਚਾਬੰਦੀਆਂ ਉਹ ਅਮਰੀਕਾ ਦੇ ਕਹਿਣ 'ਤੇ ਪਹਿਲਾਂ ਹੀ ਢਹਿ-ਢੇਰੀ ਕਰ ਬੈਠੇ ਸਨ।

ਸਭ ਨੂੰ ਸਪਸ਼ਟ ਹੈ ਕਿ ਰਾਸ਼ਟਰਪਤੀ ਟਰੰਪ ਦੀ ਅਮਰੀਕੀ ਫੌਜ ਦੀ ਸੀਰੀਆ 'ਚੋਂ ਵਾਪਸੀ ਦੇ ਝੱਟ ਪਹਿਲਾਂ ਤੁਰਕੀ ਦੇ ਰਾਸ਼ਟਰਪਤੀ ਨਾਲ ਹੋਈ ਗੱਲਬਾਤ 'ਚ ਹੋਰ ਗੱਲਾਂ ਤੋਂ ਇਲਾਵਾ ਤੁਰਕੀ ਨੂੰ ਕੁਰਦਾਂ 'ਤੇ ਹਮਲੇ ਲਈ ਦਿੱਤੀ ਹਰੀ ਝੰਡੀ ਵੀ ਸ਼ਾਮਲ ਸੀ, ਪਰ ਕੌਮਾਂਤਰੀ ਭਾਈਚਾਰੇ ਵੱਲੋਂ ਟਰੰਪ ਅਤੇ ਤੁਰਕੀ ਦੀ ਇੰਨੀ ਤਿੱਖੀ ਆਲੋਚਨਾ ਹੋਈ ਕਿ ਅਮਰੀਕੀ ਸਰਕਾਰ ਨੂੰ ਇਸ ਦੀ ਵਾਜਬੀਅਤ ਦਰਸਾਉਣੀ ਔਖੀ ਹੋ ਗਈ। ਕਈ ਦਿਨ ਲਗਾਤਾਰ ਗੈਰ ਵਾਜਬ ਅਤੇ ਭੰਬਲਭੂਸੇ ਭਰੇ ਬਿਆਨ ਆਉਂਦੇ ਰਹੇ। ਛੇ ਅਕਤੂਬਰ ਨੂੰ ਵ੍ਹਾਈਟ ਹਾਊਸ ਵਲੋਂ ਸਟੇਟਮੈਂਟ ਜਾਰੀ ਹੋਈ ਕਿ ਰਾਸ਼ਟਰਪਤੀ ਟਰੰਪ ਦੀ ਤੁਰਕੀ ਦੇ ਰਾਸ਼ਟਰਪਤੀ ਐਰਡੋਗਨ ਨਾਲ ਹੋਈ ਗੱਲਬਾਤ ਪਿਛੋਂ ਸੀਰੀਆ 'ਚੋਂ ਅਮਰੀਕੀ ਫੌਜਾਂ ਵਾਪਸ ਬੁਲਾਈਆਂ ਜਾਂਦੀਆਂ ਹਨ।

ਸੱਤ ਅਕਤੂਬਰ ਨੂੰ ਟਰੰਪ ਨੇ ਕਿਹਾ ਕਿ ਹੁਣ ਤੁਰਕੀ, ਯੂਰਪ, ਸੀਰੀਆ, ਇਰਾਨ, ਇਰਾਕ, ਰੂਸ ਤੇ ਕੁਰਦ ਸੋਚਣ ਕਿ ਉਨ੍ਹਾਂ ਕੀ ਕਰਨਾ ਹੈ। ਨਾਲ ਹੀ ਟਵੀਟ ਕੀਤਾ ਕਿ ਜੇ ਤੁਰਕੀ ਹੱਦ ਤੋਂ ਬਾਹਰ ਗਿਆ ਤਾਂ ਉਸ ਦੀ ਆਰਥਕਤਾ ਤਬਾਹ ਕਰ ਦਿੱਤੀ ਜਾਵੇਗੀ।

ਅੱਠ ਅਕਤੂਬਰ ਨੂੰ ਟਰੰਪ ਕਹਿੰਦਾ ਹੈ ਕਿ ਤੁਰਕੀ ਸਾਡਾ ਅਤੇ ਨਾਟੋ ਦਾ ਮਜ਼ਬੂਤ ਸਾਥੀ ਹੈ, ਪਰ ਅਸੀਂ ਕੁਰਦ ਜੋ ਖਾਸ ਲੋਕ ਹਨ, ਨੂੰ ਵੀ ਉਨ੍ਹਾਂ ਦੇ ਹੀ ਹਾਲ 'ਤੇ ਨਹੀਂ ਛੱਡਿਆ।

ਨੌਂ ਅਕਤੂਬਰ ਨੂੰ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਿਹਾ ਕਿ ਅਮਰੀਕਾ ਨੇ ਤੁਰਕੀ ਨੂੰ ਕੁਰਦਾਂ 'ਤੇ ਹਮਲੇ ਲਈ ਹਰੀ ਝੰਡੀ ਨਹੀਂ ਸੀ ਦਿੱਤੀ।

ਦਸ ਅਕਤੂਬਰ ਨੂੰ ਟਰੰਪ ਨੇ ਰਿਪੋਰਟਰਾਂ ਨੂੰ ਦੱਸਿਆ ਕਿ ਕੁਰਦਾਂ ਨੇ ਦੂਜੀ ਸੰਸਾਰ ਜੰਗ ਮੌਕੇ ਅਮਰੀਕਾ ਦੀ ਮਦਦ ਨਹੀਂ ਸੀ ਕੀਤੀ, ਨਾਲ ਹੀ ਜਾਣਕਾਰੀ ਦਿੱਤੀ ਕਿ ਅਮਰੀਕਾ ਤੁਰਕੀ ਅਤੇ ਕੁਰਦਾਂ ਵਿਚਾਲੇ ਵਿਚੋਲਗੀ ਲਈ ਤਿਆਰ ਹੈ।

ਇਥੇ ਇਹ ਜਾਣਨਾ ਜ਼ਰੂਰੀ ਹੈ ਕਿ ਇਹ ਕੁਰਦ ਕੀ ਬਲਾ ਹਨ? ਆਖਿਰ ਉਹ ਚਾਹੁੰਦੇ ਕੀ ਹਨ? ਸੰਸਾਰ ਦੇ ਸਿਆਸੀ ਸੀਨ 'ਤੇ ਉਨ੍ਹਾਂ ਦੀ ਥਾਂ ਕਿਥੇ ਹੈ?

ਕੁਰਦ ਇੱਕ ਸਟੇਟ ਵਿਹੂਣੀ ਕੌਮ ਹੈ, ਜੋ ਸਾਂਝੇ ਬਾਰਡਰ ਵਾਲੇ ਚਾਰ ਮੁਲਕਾਂ ਇਰਾਨ, ਇਰਾਕ, ਤੁਰਕੀ ਅਤੇ ਸੀਰੀਆ ਵਿਚ ਵੰਡੀ ਹੋਈ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਕਸ਼ਮੀਰੀ ਅਤੇ ਪੰਜਾਬੀ ਕੌਮਾਂ ਭਾਰਤ ਤੇ ਪਾਕਿਸਤਾਨ 'ਚ ਵੰਡੀਆਂ ਹੋਈਆਂ ਹਨ। ਪੰਜਾਬੀ ਜਾਂ ਕਸ਼ਮੀਰੀ ਕੌਮ ਨਾਲੋਂ ਕੁਰਦ ਕੌਮ ਵਿਚ ਫਰਕ ਇਹ ਹੈ ਕਿ ਇਹ ਕੌਮ ਚਾਰ ਦੇਸ਼ਾਂ ਵਿਚ ਵੰਡੀ ਹੋਣ ਦੇ ਬਾਵਜੂਦ ਇਕ ਸਾਂਝੇ ਸੁਪਨੇ ਅਤੇ ਉਦੇਸ਼ (ਕੁਰਦਿਸਤਾਨ) ਦੀ ਸਥਾਪਤੀ ਲਈ ਆਪੋ-ਆਪਣੀਆਂ ਸਰਕਾਰਾਂ ਖਿਲਾਫ ਸੰਘਰਸ਼ ਕਰਦਿਆਂ ਆਪਸ 'ਚ ਵੀ ਸਜਿੰਦ ਤਾਲਮੇਲ ਰੱਖਦੇ ਹਨ। ਇਰਾਨ 'ਚ ਤਾਂ ਕੁਰਦਾਂ ਦੀ ਬਹੁਗਿਣਤੀ ਵਸੋਂ ਵਾਲੇ ਖਿੱਤੇ ਨੂੰ ਕਿਹਾ ਹੀ ਕੁਰਦਿਸਤਾਨ ਜਾਂਦਾ ਹੈ। ਇਹ ਉਹ ਇਲਾਕਾ ਹੈ, ਜਿਥੇ ਸੱਦਾਮ ਹੁਸੈਨ ਨੇ ਕੁਰਦਾਂ 'ਤੇ ਕੈਮੀਕਲ ਗੈਸ ਦੀ ਵਰਤੋਂ ਕੀਤੀ ਸੀ, ਜਿਸ ਦੇ ਦੋਸ਼ ਅਤੇ ਬਹਾਨੇ ਥੱਲੇ ਉਸ ਨੂੰ ਫਾਂਸੀ ਦਿਤੀ ਗਈ ਸੀ। ਬਾਕੀ ਤਿੰਨਾਂ ਦੇਸ਼ਾਂ 'ਚ ਵੀ ਭਾਵੇਂ ਉਹ ਸਰਕਾਰ ਤੋਂ ਵੱਖਰੀ ਸਿਆਸੀ ਸਭਿਆਚਾਰਕ ਪਛਾਣੀ ਵਾਲੀ




*ਆਜ਼ਾਦ ਕੁਰਦਿਸਤਾਨ ਦੀ ਮੰਗ ਕਰ ਰਹੇ ਕੁਰਦ*

ਖੁਦਮੁਖਤਾਰ ਇਕਾਈ ਲਈ ਸੰਘਰਸ਼ਸ਼ੀਲ ਹਨ, ਪਰ ਵੱਡੇ ਉਦੇਸ਼, ਭਾਵ ਵੱਖਰੇ ਦੇਸ਼ ਕੁਰਦਿਸਤਾਨ ਲਈ ਸੰਘਰਸ਼ ਦਾ ਲੜ ਉਨ੍ਹਾਂ ਕਦੇ ਨਹੀਂ ਛੱਡਿਆ।

ਸੀਰੀਆਈ ਕੁਰਦਾਂ ਦੇ ਅੱਜ ਦੇ ਹਾਲਾਤ ਨੂੰ ਸਮਝਣ ਲਈ ਪਿਛਲੇ ਕੁਝ ਸਾਲਾਂ ਦੀਆਂ ਘਟਨਾਵਾਂ ਦਾ ਜ਼ਿਕਰ ਜ਼ਰੂਰੀ ਹੈ। ਸੀਰੀਆ ਵਿਚ ਅਜੋਕੀ ਲੜਾਈ ਦਾ ਮੁੱਢ 15 ਮਾਰਚ 2011 ਦੇ ਮੁਜ਼ਾਹਰਿਆਂ ਤੋਂ ਬੱਝਾ, ਜਦੋਂ ਹਜ਼ਾਰਾਂ ਲੋਕਾਂ ਦੇ ਵੱਡੇ ਹਜੂਮ ਨੇ ਰਾਸ਼ਟਰਪਤੀ ਬਸ਼ਰ-ਅਲ-ਅਸਦ ਦੇ ਅਸਤੀਫੇ ਅਤੇ ਨਵੀਂ ਸਰਕਾਰ ਦੀ ਸਥਾਪਤੀ ਦੀ ਮੰਗ ਕੀਤੀ ਅਤੇ ਰਾਜਧਾਨੀ ਦਮਸ਼ਕ ਦੀਆਂ ਸੜਕਾਂ 'ਤੇ ਨਿਕਲ ਤੁਰਿਆ। ਸੀਰੀਆ ਦਾ ਇਹ ਉਭਾਰ 'ਅਰਬ ਸਪਰਿੰਗ' ਦੇ ਨਾਮ ਨਾਲ ਜਾਣੇ ਜਾਂਦੇ ਉਸ ਵੱਡੇ ਉਭਾਰ ਦਾ ਹਿੱਸਾ ਸੀ, ਜਿਸ ਨੇ ਬਹੁਤ ਸਾਰੇ ਅਰਬ ਮੁਲਕਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਸੀ। ਸੀਰੀਆ ਦਾ ਇਹ ਉਭਾਰ ਤੇਜ਼ੀ ਨਾਲ ਦੇਸ਼ ਦੇ ਬਾਕੀ ਹਿੱਸਿਆਂ ਅੰਦਰ ਫੈਲ ਰਿਹਾ ਸੀ ਅਤੇ ਖਾੜਕੂ ਰੁਖ ਅਖਤਿਆਰ ਕਰ ਰਿਹਾ ਸੀ। ਅਮਰੀਕਾ ਅਤੇ ਇਸ ਦੇ ਸੰਗੀਆਂ ਦੀਆਂ ਅੱਖਾਂ ਵਿਚ ਸੀਰੀਆ ਪਹਿਲਾਂ ਹੀ ਰੋੜ ਵਾਂਗ ਰੜਕਦਾ ਸੀ। ਸੋ, ਸੀਰੀਅਨ ਲੋਕਾਂ ਦੇ ਹੱਕੀ ਸੰਘਰਸ਼ ਦਾ ਇਹ ਉਹ ਪੜਾਅ ਹੈ, ਜਿਥੇ ਆ ਕੇ ਅਮਰੀਕਾ ਅਤੇ ਉਸ ਦੇ ਸੰਗੀ ਦੇਸ਼ਾਂ, ਖਾਸ ਕਰਕੇ ਇੰਗਲੈਂਡ, ਫਰਾਂਸ ਅਤੇ ਜਾਰਡਨ ਨੇ ਸੁਨਹਿਰੀ ਮੌਕਾ ਜਾਣ ਕੇ ਸਰਗਰਮ ਮਿਲਟਰੀ ਦਖਲਅੰਦਾਜ਼ੀ ਕੀਤੀ। ਸੀਰੀਅਨ ਵਿਰੋਧੀ ਧਿਰ ਅਤੇ ਫੈਡਰੇਸ਼ਨ ਆਫ ਨਾਰਦਰਨ ਅਲਾਇੰਸ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਧਿਰਾਂ ਸੰਘਰਸ਼ ਦੇ ਮੂਹਰੇ ਸਨ। ਅਮਰੀਕਾ ਦੀ ਅਗਵਾਈ ਵਾਲੀਆਂ ਅਲਾਈਡ ਫੋਰਸਾਂ ਹੀ ਸੰਘਰਸ਼ ਨੂੰ ਚਲਾ ਰਹੀਆਂ ਸਨ। ਹਥਿਆਰਬੰਦ ਸੰਘਰਸ਼ ਵੇਗ ਫੜ ਗਿਆ। ਇਸ ਹਾਲਾਤ ਦਾ ਲਾਹਾ ਲੈਂਦਿਆਂ ਸੀਰੀਆਈ ਕੁਰਦਾਂ ਨੇ ਵੀ ਉਸ ਇਲਾਕੇ 'ਤੇ ਕਬਜ਼ਾ ਜਮਾ ਲਿਆ, ਜਿਸ ਨੂੰ ਉਹ ਆਪਣਾ ਇਲਾਕਾ ਸਮਝਦੇ ਆ ਰਹੇ ਸਨ।

ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਪੂਰੀ ਤਰ੍ਹਾਂ ਹਥਿਆਰਬੰਦ, ਟਰੇਂਡ ਅਤੇ ਤਾਕਤਵਰ ਆਈ. ਐਸ. ਨਾਂ ਦੀ ਇਸਲਾਮੀ ਜਥੇਬੰਦੀ ਲੜ ਰਹੀਆਂ ਸਾਰੀਆਂ ਧਿਰਾਂ ਨਾਲ ਇਕੋ ਸਮੇਂ ਵੱਡੀ ਟੱਕਰ ਲੈਣ ਲਈ ਪਰ ਤੋਲ ਰਹੀ ਹੈ। ਇਸ ਖੂੰਖਾਰ ਫੋਰਸ ਦੇ ਉਭਾਰ ਅਤੇ ਦਖਲ ਨੇ ਲੜ ਰਹੀਆਂ ਸਾਰੀਆਂ ਧਿਰਾਂ ਦੀਆਂ ਸਭ ਗਿਣਤੀਆਂ ਮਿਣਤੀਆਂ ਪੁੱਠੀਆਂ ਪਾ ਦਿੱਤੀਆਂ। ਆਈ. ਐਸ. ਦਾ ਚੈਲੰਜ ਐਡਾ ਵੱਡਾ ਸੀ ਕਿ ਅਮਰੀਕੀ ਧਿਰ ਨੂੰ ਰਾਸ਼ਟਰਪਤੀ ਅਸਦ ਖਿਲਾਫ ਲੜਾਈ ਤੋਂ ਧਿਆਨ ਹਟਾਉਂਦਿਆਂ ਸਾਰੀ ਫੋਰਸ ਆਈ. ਐਸ. ਖਿਲਾਫ ਲੜਾਈ ਵਿਚ ਝੋਕਣੀ ਪਈ।

ਹਾਲਾਤ ਦੇ ਇਸੇ ਪ੍ਰਸੰਗ ਵਿਚ ਹੀ ਅਮਰੀਕਾ ਦਾ ਸੀਰੀਆਈ ਡੈਮੋਕਰੈਟਿਕ ਫੋਰਸਜ਼ (ਐਸ. ਡੀ. ਐਫ.) ਨਾਲ ਗੱਠਜੋੜ ਸਾਹਮਣੇ ਆਉਂਦਾ ਹੈ। 2014 ਦੇ ਇਸ ਗਠਜੋੜ ਨੂੰ ਅਮਰੀਕਾ-ਕੁਰਦ ਗਠਜੋੜ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਐਸ. ਡੀ. ਐਫ. ਵਿਚ ਕੁਰਦਾਂ ਤੋਂ ਬਿਨਾ ਬਾਕੀ ਧਿਰਾਂ ਨਾਂ-ਮਾਤਰ ਹੀ ਸਨ। ਲੜਨ ਵਾਲੀ ਮੁੱਖ ਧਿਰ ਤਾਂ ਕੁਰਦ ਹੀ ਸਨ।

ਤੁਰਕੀ ਦਾ ਰਾਸ਼ਟਰਪਤੀ ਐਰਡੋਗਨ ਅਮਰੀਕੀ-ਕੁਰਦ ਗਠਜੋੜ ਤੋਂ ਕਦਾਚਿਤ ਖੁਸ਼ ਨਹੀਂ ਸੀ, ਕਿਉਂਕਿ ਉਹ ਸੀਰੀਆ ਵਿਚ ਕੁਰਦਾਂ ਦੀ ਜਥੇਬੰਦੀ ਵਾਈ. ਪੀ. ਜੀ. ਨੂੰ ਤੁਰਕੀ 'ਚ ਕੁਰਦਾਂ ਦੀ ਗੈਰ ਕਾਨੂੰਨੀ ਕਰਾਰ ਦਿੱਤੀ ਜਥੇਬੰਦੀ ਪੀ. ਕੇ. ਕੇ. ਦਾ ਹੀ ਵਧਵਾਂ ਰੂਪ ਸਮਝਦਾ ਸੀ। ਐਰਡੋਗਨ ਅਮਰੀਕਾ ਦੀ ਅਸਦ ਖਿਲਾਫ ਜੰਗਬੰਦੀ ਤੋਂ ਵੀ ਨਾਖੁਸ਼ ਸੀ, ਕਿਉਂਕਿ ਉਹ ਹਰ ਹਾਲਤ ਵਿਚ ਅਸਦ ਨੂੰ ਗੱਦੀਓਂ ਲੱਥਾ ਦੇਖਣਾ ਚਾਹੁੰਦਾ ਸੀ।

ਬੁਰੀ ਤਰ੍ਹਾਂ ਘਿਰ ਚੁਕੇ ਅਸਦ ਨੂੰ ਅਮਰੀਕੀ ਧਿਰ ਦੇ ਲੜਾਈ ਦਾ ਰੁਖ ਬਦਲਣ ਨਾਲ ਸੁੱਖ ਦਾ ਸਾਹ ਆਇਆ। ਅਮਰੀਕੀ ਧਿਰ ਦੀਆਂ ਇੱਛਾਵਾਂ ਦਾ ਘਾਣ ਉਦੋਂ ਹੋਇਆ, ਜਦੋਂ ਸਤੰਬਰ 2015 ਵਿਚ ਸੀਰੀਆ ਸਰਕਾਰ ਦੀ ਬੇਨਤੀ 'ਤੇ ਰੂਸ ਦੀਆਂ ਫੌਜਾਂ ਅਸਦ ਦੀ ਮਦਦ ਲਈ ਸੀਰੀਆ ਆਣ ਵੜੀਆਂ। ਦੇਖਦਿਆਂ ਹੀ ਦੇਖਦਿਆਂ ਲੜਾਈ ਦਾ ਪਾਸਾ ਹੀ ਪਲਟ ਗਿਆ। ਰੂਸ ਅਤੇ ਸੀਰੀਆਈ ਫੌਜਾਂ ਨੇ ਇਕੋ ਸਮੇਂ ਆਈ. ਐਸ. ਅਤੇ ਅਸਦ ਖਿਲਾਫ ਲੜ ਰਹੀ ਅਮਰੀਕਾ ਪੱਖੀ ਵਿਰੋਧੀ ਧਿਰ ਖਿਲਾਫ ਲੜਾਈ ਦਾ ਮੋਰਚਾ ਖੋਲ੍ਹ ਦਿੱਤਾ। ਹਾਲਾਤ ਇਹ ਬਣ ਗਏ ਕਿ ਅਮਰੀਕੀ ਧਿਰ ਨੇ ਅਸਦ ਖਿਲਾਫ ਲੜਾਈ ਤਾਂ ਰੋਕ ਹੀ ਦਿੱਤੀ ਸੀ, ਨਾਲ ਹੀ ਆਈ. ਐਸ. ਖਿਲਾਫ ਲੜਾਈ ਲਈ ਵੀ ਰੂਸੀ ਸੀਰੀਆਈ ਧਿਰ ਨਾਲ ਤਾਲਮੇਲ ਕਰਨਾ ਪਿਆ।

15 ਜੁਲਾਈ 2016 ਨੂੰ ਇਕ ਹੋਰ ਵੱਡੀ ਘਟਨਾ ਵਾਪਰ ਗਈ। ਤੁਰਕੀ ਦੇ ਰਾਸ਼ਟਰਪਤੀ ਐਰਡੋਗਨ ਦੀ ਸਰਕਾਰ ਖਿਲਾਫ ਰਾਜ ਪਲਟੇ ਦੀ ਅਸਫਲ ਕੋਸ਼ਿਸ਼ ਕੀਤੀ ਗਈ। ਛੇਤੀ ਹੀ ਸਪਸ਼ਟ ਹੋ ਗਿਆ ਕਿ ਰਾਜ ਪਲਟੇ ਦੀ ਇਸ ਸਾਜ਼ਿਸ਼ ਵਿਚ ਅਮਰੀਕਾ ਦਾ ਹੱਥ ਸੀ। ਤੁਰਕੀ ਦੀ ਹੁਕਮਰਾਨ ਧਿਰ ਦੇ ਹਿੱਤ ਅਮਰੀਕਾ ਸਾਮਰਾਜ ਅਤੇ ਨਾਟੋ ਨਾਲ ਜੁੜੇ ਹੋਣ ਦੇ ਬਾਵਜੂਦ ਤੁਰਕੀ ਸਰਕਾਰ ਨੂੰ ਵਕਤੀ ਤੌਰ 'ਤੇ ਅਮਰੀਕੀ ਧਿਰ ਤੋਂ ਦੂਰ ਹੋਣਾ ਪਿਆ। ਮੌਕਾ ਦੇਖ ਕੇ ਰੂਸ ਨੇ ਤੁਰਕੀ ਨਾਲ ਹੱਥ ਮਿਲਾ ਲਿਆ ਅਤੇ ਇਕ ਵਾਰ ਅਸਦ ਖਿਲਾਫ ਚਲ ਰਹੀ ਅਮਰੀਕੀ ਲੜਾਈ ਵਿਚੋਂ ਤੁਰਕੀ ਨੂੰ ਨਿਰਪੱਖ ਕਰ ਦਿੱਤਾ।

ਉਧਰ ਅਮਰੀਕੀ ਕੁਰਦ ਗਠਜੋੜ ਭਾਵੇਂ ਆਈ. ਐਸ. ਖਿਲਾਫ ਲੜਾਈ ਦੇ ਰਿਹਾ ਸੀ, ਪਰ ਗਠਜੋੜ ਅੰਦਰ ਸਭ ਅੱਛਾ ਨਹੀਂ ਸੀ। ਕੁਰਦ ਅਮਰੀਕਾ ਤੋਂ ਵੱਧ ਤੋਂ ਵੱਧ ਆਧੁਨਿਕ ਹਥਿਆਰਾਂ ਦੀ ਮੰਗ ਕਰ ਰਹੇ ਸਨ, ਪਰ ਅਮਰੀਕਾ ਦੇਣ ਤੋਂ ਕੰਜੂਸੀ ਦਿਖਾ ਰਿਹਾ ਸੀ। ਇਹ ਕੁਤਿੱਤਣ ਵਧਣ ਕਰਕੇ ਹੀ ਕੁਰਦਾਂ ਨੇ ਸੀਰੀਆ ਵਿਚ ਰੂਸੀ ਦਖਲ ਨੂੰ ਜੀ ਆਇਆਂ ਕਿਹਾ ਤਾਂ ਕਿ ਹਥਿਆਰ ਰੂਸ ਤੋਂ ਪ੍ਰਾਪਤ ਕੀਤੇ ਜਾ ਸਕਣ। ਅਮਰੀਕਾ ਨੇ ਗੱਲ ਇਸ ਰੁਖ ਤਾਂ ਨਹੀਂ ਵਧਣ ਦਿੱਤੀ, ਪਰ ਉਸ ਦੀ ਲਗਾਤਾਰ ਕੋਸ਼ਿਸ਼ ਰਹਿੰਦੀ ਕਿ ਕੁਰਦਾਂ ਨੂੰ ਐਨੇ ਕੁ ਹਥਿਆਰ ਹੀ ਦਿੱਤੇ ਜਾਣ ਕਿ ਲੜਾਈ ਦੇ ਖਾਤਮੇ ਪਿਛੋਂ ਉਨ੍ਹਾਂ ਕੋਲ ਕੋਈ ਮਾਰੂ ਹਥਿਆਰ ਨਾ ਬਚੇ।

ਹੁਣ ਜਦੋਂ ਰੂਸ-ਸੀਰੀਆ ਗਠਜੋੜ ਅਤੇ ਅਮਰੀਕਾ-ਕੁਰਦ ਗਠਜੋੜ ਵਲੋਂ ਆਈ.ਐਸ. ਖਿਲਾਫ ਦਿੱਤੀ ਗਈ ਜ਼ਬਰਦਸਤ ਲੜਾਈ ਸਦਕਾ ਆਈ. ਐਸ. ਦਾ ਆਖਰੀ ਗੜ੍ਹ ਵੀ ਸਰ ਕਰ ਲਿਆ ਗਿਆ ਤਾਂ ਅਮਰੀਕਾ ਨੂੰ ਕੁਰਦਾਂ ਨਾਲ ਗਠਜੋੜ ਫਜ਼ੂਲ ਲੱਗਣ ਲੱਗ ਪਿਆ। ਅਮਰੀਕੀ ਸਾਮਰਾਜੀ ਅਤੇ ਕੁਰਦ ਖਾਹਿਸ਼ਾਂ ਵਿਚਲਾ ਵਕਤੀ ਤੌਰ 'ਤੇ ਮੱਠਾ ਪਿਆ ਬੁਨਿਆਦੀ ਵਿਰੋਧ ਮੁੜ ਉਸਲਵੱਟੇ ਲੈਣ ਲੱਗਾ। ਅਮਰੀਕਾ ਦੇ ਕੁਰਦਾਂ ਨੂੰ ਬੇਵਸੀ ਦੀ ਹਾਲਤ ਵਿਚ ਛੱਡਣ ਅਤੇ ਤੁਰਕੀ ਨੂੰ ਕੁਰਦਾਂ 'ਤੇ ਹਮਲੇ ਲਈ ਹਰੀ ਝੰਡੀ ਦੇਣ ਦੀ ਸਾਜ਼ਿਸ਼ ਪਿੱਛੇ ਵੀ ਅਮਰੀਕੀ ਸਾਮਰਾਜੀ ਹਿੱਤ ਹੀ ਕੰਮ ਕਰਦੇ ਹਨ। ਕੁਰਦਾਂ ਦਾ ਇਹ ਕਹਿਣਾ ਕਿ ਅਮਰੀਕਾ ਨੇ ਉਨ੍ਹਾਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ, ਬਿਲਕੁਲ ਸੱਚ ਹੈ। ਹੁਣ ਦੇ ਹਾਲਾਤ ਮੁਤਾਬਕ ਇਹ ਕੁਰਦ ਹੁਣ ਤੁਰਕੀ ਦੇ ਟਾਕਰੇ ਲਈ ਸੀਰੀਆ ਦੇ ਰਾਸ਼ਟਰਪਤੀ ਬਸ਼ਰ-ਅਲ-ਅਸਦ ਦੇ ਨੇੜੇ ਹੋ ਗਏ ਹਨ।

# ਕੈਨੇਡਾ ਚੋਣਾਂ ਅਤੇ ਪੰਜਾਬੀ

ਜਸਟਿਨ ਟਰੂਡੋ, ਜੋ ਜਲਦ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਵਜੋਂ ਇਕ ਵਾਰ ਫਿਰ ਅਹੁਦਾ ਸੰਭਾਲਣਗੇ, ਦਾ ਜਨਮ ਓਟਾਵਾ 'ਚ ਹੋਇਆ ਅਤੇ ਉਨ੍ਹਾਂ ਨੇ ਜੀਨ-ਡੀ-ਬ੍ਰੀਬੀਅਫ ਕਾਲਜ ਤੋਂ ਸਿੱਖਿਆ ਹਾਸਿਲ ਕੀਤੀ। 1994 ਵਿਚ ਮੈਕਗਿੱਲ

**ਮੁਹੰਮਦ ਅੱਬਾਸ ਧਾਲੀਵਾਲ**
ਫੋਨ: 91-98552-59650

ਯੂਨੀਵਰਸਿਟੀ ਤੋਂ ਅੰਗਰੇਜ਼ੀ ਸਾਹਿਤ ਵਿਚ ਬੀ. ਏ. ਅਤੇ 1998 ਵਿਚ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਤੋਂ ਬੀ.ਐਡ ਕੀਤੀ। ਗ੍ਰੈਜੂਏਸ਼ਨ ਪਿਛੋਂ ਟਰੂਡੋ ਵੈਨਕੂਵਰ ਵਿਚ ਬਤੌਰ ਅਧਿਆਪਕ ਕੰਮ ਕਰਨ ਲੱਗੇ ਅਤੇ ਨਾਲ ਹੀ ਇੰਜੀਨੀਅਰਿੰਗ ਪੜ੍ਹਾਉਣੀ ਸ਼ੁਰੂ ਕੀਤੀ, ਤੇ ਫਿਰ ਵਾਤਾਵਰਣ ਭੂਗੋਲ ਵਿਸ਼ੇ ਵਿਚ ਮਾਸਟਰ ਡਿਗਰੀ ਹਾਸਲ ਕੀਤੀ।

ਆਪਣੇ ਪਿਤਾ ਦੀ ਮੌਤ ਪਿੱਛੋਂ ਟਰੂਡੋ ਸਿਆਸਤ ਵਿਚ ਅੱਗੇ ਵਧੇ ਅਤੇ 2008 ਵਿਚ ਫੈਡਰਲ ਚੋਣਾਂ ਜਿੱਤੇ ਤੇ ਹਾਊਸ ਆਫ ਕਾਮਨਜ਼ ਵਿਚ ਪੈਪੀਨਿਓ ਦੀ ਪ੍ਰਤੀਨਿਧਤਾ ਕੀਤੀ। ਫਿਰ 2009 ਵਿਚ ਲਿਬਰਲ ਪਾਰਟੀ ਵੱਲੋਂ ਯੁਵਕ ਅਤੇ ਬਹੁ-ਰਾਸ਼ਟਰੀਅਤਾ ਮੰਤਰੀ ਬਣੇ। ਉਸੇ ਸਾਲ ਹੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਮੰਤਰਾਲੇ 'ਚ ਨਾਮਜ਼ਦ ਹੋਏ। ਇਸ ਪਿਛੋਂ ਸਾਲ 2011 ਵਿਚ ਉਨ੍ਹਾਂ ਨੂੰ ਸੈਕੰਡਰੀ ਸਿੱਖਿਆ, ਯੁਵਕ ਅਤੇ ਖੇਡ ਮੰਤਰਾਲੇ 'ਚ ਨਾਮਜ਼ਦ ਕੀਤਾ ਗਿਆ।

ਟਰੂਡੋ ਨੇ ਲਿਬਰਲ ਪਾਰਟੀ ਦੀ ਕਮਾਨ ਅਪਰੈਲ 2013 ਵਿਚ ਸੰਭਾਲੀ। ਇਸ ਪਾਰਟੀ ਨੇ 2015 ਵਿਚ ਚੋਣਾਂ 'ਚ ਭਾਰੀ ਜਿੱਤ ਪ੍ਰਾਪਤ ਕੀਤੀ। ਇੰਜ ਇਸ ਪਾਰਟੀ ਨੇ ਕੈਨੇਡਾ ਦੀ ਸਿਆਸਤ ਵਿਚ ਤੀਜੇ ਤੋਂ ਅੱਵਲ ਦਰਜੇ ਦਾ ਸਫਰ ਤੈਅ ਕਰਦਿਆਂ 36 ਤੋਂ 186 ਸੀਟਾਂ ਪ੍ਰਾਪਤ ਕੀਤੀਆਂ, ਜੋ ਕੈਨੇਡੀਅਨ ਰਾਜਨੀਤੀ ਦੇ ਇਤਿਹਾਸ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਬਦਲਾਓ ਸੀ।

ਹਾਲੀਆ ਚੋਣਾਂ ਵਿਚ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਨੇ ਫੈਡਰਲ ਚੋਣਾਂ ਵਿਚ ਸਭ



*ਜਗਮੀਤ ਸਿੰਘ ਅਤੇ ਜਸਟਿਨ ਟਰੂਡੋ*

ਪਾਰਟੀਆਂ ਤੋਂ ਵੱਧ ਸੀਟਾਂ ਜਿੱਤ ਕੇ ਅੱਵਲ ਪੁਜੀਸ਼ਨ ਹਾਸਲ ਕੀਤੀ ਹੈ। ਵੈਸੇ ਬਹੁਮਤ ਲਈ ਘੱਟੋ-ਘੱਟ 170 ਸੀਟਾਂ ਦੀ ਲੋੜ ਹੁੰਦੀ ਹੈ, ਪਰ ਲਿਬਰਲ ਪਾਰਟੀ ਆਫ ਕੈਨੇਡਾ ਗਠਜੋੜ ਦੀ ਸਰਕਾਰ ਬਣਾਏਗੀ, ਕਿਉਂਕਿ ਇਸ ਨੇ ਕੁਲ 338 ਚੋਣ ਜਿਲਿਆਂ ਵਿਚੋਂ 157 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ, ਜੋ ਬਹੁਮਤ ਤੋਂ 13 ਸੀਟਾਂ ਘੱਟ ਹਨ। ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ 121 ਸੀਟਾਂ 'ਤੇ ਕਾਬਜ਼ ਹੋਣ ਵਿਚ ਕਾਮਯਾਬ ਰਹੀ। ਪਿਛਲੀ ਵਾਰ ਉਸ ਕੋਲ ਸਿਰਫ 95 ਸੀਟਾਂ ਸਨ।


ਜਗਮੀਤ ਸਿੰਘ ਦੀ ਨਿਊ ਡੈਮੋਕਰੈਟਿਕ ਪਾਰਟੀ (ਐਨ. ਡੀ. ਪੀ.) ਨੂੰ 24 ਸੀਟਾਂ 'ਤੇ ਸ਼ਾਨਦਾਰ ਜਿੱਤ ਹਾਸਿਲ ਹੋਈ ਹੈ। ਇਸ ਦਾ ਮਤਲਬ ਜਗਮੀਤ ਸਿੰਘ ਹੁਣ ਭਾਰਤ ਦੇ ਸਵਰਗੀ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਵਾਂਗ ਕਿੰਗਮੇਕਰ ਦੀ ਭੂਮਿਕਾ ਨਿਭਾਉਣ ਦੀ ਸਥਿਤੀ ਵਿਚ ਹਨ।

ਜ਼ਿਕਰਯੋਗ ਹੈ ਕਿ ਕੈਨੇਡਾ ਦੀ ਸਰਕਾਰ ਬਣਾਉਣ ਵਿਚ ਪੰਜਾਬੀਆਂ ਦੀ ਹਮੇਸ਼ਾ ਹੀ ਵੱਡੀ ਭੂਮਿਕਾ ਰਹੀ ਹੈ। ਇਸ ਵਾਰ ਵੀ ਪੰਜਾਬੀਆਂ ਨੇ ਆਪਣੇ ਦਮਦਾਰ ਪ੍ਰਦਰਸ਼ਨ ਨੂੰ ਬਰਕਰਾਰ ਰੱਖਦਿਆਂ ਫੈਡਰਲ ਚੋਣਾਂ ਵਿਚ ਵੱਖ ਵੱਖ ਪਾਰਟੀਆਂ ਵਲੋਂ ਚੋਣ ਲੜ ਰਹੇ ਪੰਜਾਬੀਆਂ ਨੇ ਕੁੱਲ 18 ਸੀਟਾਂ 'ਤੇ ਜਿੱਤ ਦੇ ਝੰਡੇ ਗੱਡ ਕੇ ਆਪਣੀ ਸ਼ਾਨਦਾਰ ਨੁਮਾਇੰਦਗੀ ਦਰਜ ਕੀਤੀ ਹੈ। ਬਹੁਤੇ ਜੇਤੂ ਪੰਜਾਬੀ ਲਿਬਰਲ ਪਾਰਟੀ ਨਾਲ ਤਾਅਲੁਕ ਰੱਖਦੇ ਹਨ।

ਯਕੀਨਨ ਅੰਗਰੇਜ਼ਾਂ ਦੇ ਕਿਸੇ ਦੇਸ਼ ਵਿਚ ਜਿਸ ਤਰ੍ਹਾਂ ਪੰਜਾਬੀਆਂ ਨੇ ਆਪਣੀ ਵੱਡੀ ਜਿੱਤ ਦਰਜ ਕੀਤੀ ਹੈ, ਉਸ ਨੇ ਦੁਨੀਆਂ ਦੇ ਹਰ ਕੋਨੇ ਵਿਚ ਬੈਠੇ ਪੰਜਾਬੀਆਂ ਦਾ ਸਿਰ ਫਖਰ ਨਾਲ ਉਚਾ ਕਰ ਦਿੱਤਾ ਹੈ। ਦੁਨੀਆਂ ਵਿਚ ਇਹ ਵੀ ਸੰਦੇਸ਼ ਗਿਆ ਹੈ ਕਿ ਪੰਜਾਬੀ ਅਜਿਹੇ ਮਿਹਨਤੀ ਲੋਕ ਹਨ, ਜੋ ਆਪਣੇ ਖੁੱਲ੍ਹੇ ਡੁੱਲ੍ਹੇ ਸੁਭਾਅ ਅਤੇ ਮਿਹਨਤੀ ਰਵੱਈਏ ਸਦਕਾ ਦੁਨੀਆਂ ਦੇ ਕਿਸੇ ਵੀ ਦੇਸ਼ ਜਾ ਕੇ ਆਪਣੀ ਪਛਾਣ ਬਣਾਉਣ ਦੀ ਸਮਰੱਥਾ ਰੱਖਦੇ ਹਨ।

# ਸਾਮਰਾਜੀ ਧੌਂਸ ਨੂੰ ਵੰਗਾਰਨ ਵਾਲਾ ਇਨਕਲਾਬੀ ਸ਼ਹੀਦ ਊਧਮ ਸਿੰਘ

ਫੰਡਿਆ ਜ਼ਾਲਮ ਭੱਜਿਆ ਨਾਹੀਂ,
ਉਹ ਉਧਮ ਸਿੰਘ ਸੂਰਾ,
ਮੈਂ ਟੈਸਟ 'ਚੋਂ ਪਾਸ ਹੋ ਗਿਆ,
ਮਿਸ਼ਨ ਹੋ ਗਿਆ ਪੂਰਾ।
ਅਣਖ ਕੌਮ ਦੀ ਖਾਤਰ ਜਿਹੜਾ,
ਵਾਰ ਗਿਆ ਜਿੰਦ ਜਾਨ,
ਇਕ ਨਵਾਂ ਇਤਿਹਾਸ ਸਿਰਜਿਆ,
ਸਜਦਾ ਕਰੇ ਜਹਾਨ।
ਹੁਣ ਬਹੁਤੀ ਦੇਰ ਰਹਿਣਾ ਨਾਹੀਂ,
ਮੇਰਾ ਦੇਸ਼ ਗੁਲਾਮ,
ਜਿਸ ਮਿੱਟੀ ਨੇ ਉਧਮ ਜਾਇਆ,
ਉਸ ਮਿੱਟੀ ਨੂੰ ਦਿਲੀ ਸਲਾਮ!



**ਕਿਰਪਾਲ ਸਿੰਘ ਸੰਧੂ**
ਫੋਨ: 559-259-4844

ਭਾਰਤ ਅੰਦਰ ਬ੍ਰਿਟਿਸ਼ ਸਾਮਰਾਜ ਨੇ ਆਪਣੇ ਚਹੇਤੇ, ਚੇਲਿਆਂ-ਚਾਟੜਿਆਂ, ਟੋਡੀਆਂ ਨੂੰ ਪਤਾ ਨਹੀਂ ਕਿੰਨੀਆਂ ਉਪਾਧੀਆਂ ਤੇ ਲਕਬ ਜਿਵੇਂ ਸਫੈਦਪੋਸ਼, ਨੰਬਰਦਾਰ, ਜ਼ੈਲਦਾਰ, ਖਾਨ ਸਾਹਿਬ, ਸਰਦਾਰ ਸਾਹਿਬ, ਰਾਇ ਸਾਹਿਬ, ਰਾਏ ਬਹਾਦਰ, ਰਾਈਸ ਆਜ਼ਮ ਦੇ ਕੇ ਨਿਵਾਜਣ ਵਾਲਿਆਂ ਰਾਹੀਂ ਮੱਕਤੀ ਜਾਲ ਬੁਣ ਤਿੰਨ ਸਦੀਆਂ ਤੋਂ ਵੀ ਉਪਰ ਨਿਸਲ ਕਰ ਲੰਮੀਆਂ ਤਾਣ ਕੇ ਸੁਆਈ ਹਿੰਦੋਸਤਾਨੀ ਵਸੋਂ ਨੂੰ ਦੇਸ਼ ਦੇ ਦੇਸ਼ ਭਗਤ, ਅਣਖੀ, ਇਨਕਲਾਬੀ ਸੂਰਮਿਆਂ ਵਲੋਂ ਆਪਣੀਆਂ ਕੀਮਤੀ ਜਾਨਾਂ ਵਾਰ ਕੇ ਆਜ਼ਾਦੀ ਦੇ ਇਤਿਹਾਸ ਦੀ ਜਦੋਂ ਵੀ ਗੱਲ ਛਿੜਦੀ ਹੈ ਤਾਂ ਊਧਮ ਸਿੰਘ ਉਰਫ ਮੁਹੰਮਦ ਸਿੰਘ ਆਜ਼ਾਦ ਦੇਸ਼ ਨੂੰ ਆਜ਼ਾਦ ਕਰਾਉਣ ਤੇ ਬਰਾਬਰੀ ਵਾਲਾ ਰਾਜ ਪ੍ਰਬੰਧ ਚਲਾਉਣ ਲਈ ਇਨਕਲਾਬੀ ਤੇ ਲਾਸਾਨੀ ਢੰਗ ਨਾਲ ਦਿੱਤੀ ਕੁਰਬਾਨੀ ਕਰਕੇ ਦੇਸ਼ ਦੇ ਸਿਰਮੌਰ ਨਾਮਵਰ ਸ਼ਹੀਦਾਂ 'ਚ ਲਿਆ ਜਾਣ ਵਾਲਾ ਨਾਂ ਹੈ।

ਸ਼ਹੀਦ ਊਧਮ ਸਿੰਘ ਦੇ ਇਨਕਲਾਬੀ ਜੀਵਨ ਫਲਸਫੇ ਨੂੰ ਪੜ੍ਹਦਿਆਂ, ਯਾਦ ਕਰਦਿਆਂ ਨੌਜਵਾਨਾਂ ਵਿਚ ਨਵਾਂ ਜੋਸ਼ ਭਰ ਜਾਂਦਾ ਹੈ। ਸ਼ਹੀਦ ਊਧਮ ਸਿੰਘ ਦੀ ਦੇਸ਼ ਭਗਤੀ ਅਤੇ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਸਿਦਕ ਦਿਲੀ ਬਾਰੇ ਜਾਣ ਕੇ ਬਹੁਤ ਹੈਰਾਨੀ ਹੁੰਦੀ ਹੈ। ਉਹ 21 ਸਾਲ ਇੰਤਜ਼ਾਰ ਕਰਦਾ ਰਿਹਾ। ਆਓ, ਉਸ ਮਹਾਨ ਇਨਕਲਾਬੀ ਸ਼ਹੀਦ ਨੂੰ ਸ਼ਰਧਾਂਜਲੀ ਦੇਣ ਲਈ ਉਸ ਦੇ ਜੀਵਨ 'ਤੇ ਝਾਤ ਮਾਰੀਏ।

ਇਸ ਇਨਕਲਾਬੀ ਸੂਰਮੇ ਦਾ ਜਨਮ 26 ਦਸੰਬਰ 1899 ਨੂੰ ਮਾਤਾ ਨਰੈਣੀ ਅਤੇ ਚੂਹੜ ਰਾਮ ਕੰਬੋਜ (ਜੋ ਧਾਰਮਿਕ ਖਿਆਲਾਂ ਵਾਲਾ ਸ਼ਖਸ ਸੀ) ਦੇ ਘਰ ਕਸਬਾ ਸੁਨਾਮ ਵਿਚ ਹੋਇਆ। ਮਾਪਿਆਂ ਨੇ ਉਸ ਦਾ ਨਾਂ ਊਧਮ ਸਿੰਘ ਰਖਿਆ। ਉਸ ਦਾ ਦੋ ਸਾਲ ਵੱਡਾ ਭਰਾ ਸਾਧੂ ਸਿੰਘ ਵੀ ਸੀ। ਊਧਮ ਸਿੰਘ ਨੂੰ ਮਾਂ ਦੀ ਨਿੱਘੀ ਗੋਦ ਦਾ ਪਿਆਰ ਸਿਰਫ 5 ਸਾਲ ਹੀ ਮਿਲਿਆ। ਬਿਮਾਰੀ ਕਾਰਨ ਮਾਤਾ ਨਰੈਣੀ 1905 ਵਿਚ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਈ। ਦੋਹਾਂ ਭਰਾਵਾਂ ਦੀ ਜਿਵੇਂ ਦੁਨੀਆਂ ਹੀ ਉਜੜ ਗਈ ਹੋਵੇ। ਪਿਤਾ ਚੂਹੜ ਰਾਮ ਜਿਥੇ ਪੇਚਿਸ਼ ਦੀ ਨਾਮੁਰਾਦ ਬਿਮਾਰੀ ਨਾਲ ਪੀੜਤ ਸੀ, ਉਥੇ ਪਰਿਵਾਰ ਅੰਤ ਦੀ ਗਰੀਬੀ ਵਿਚ ਰਹਿ ਰਿਹਾ ਸੀ। ਫਿਰ ਵੀ ਉਹ ਬੱਚਿਆਂ ਦੀ ਪਰਵਰਿਸ਼ ਦਾ ਖਿਆਲ ਰੱਖਦਾ ਅਤੇ ਇਮਾਨਦਾਰੀ ਦੀ ਰੋਟੀ ਕਮਾ ਕੇ ਖਾਣ ਵਾਸਤੇ ਕਈ ਤਰ੍ਹਾਂ ਦੇ ਪਾਪੜ ਵੇਲਦਾ। ਗਰੀਬੀ ਕਾਰਨ ਦੇਸੀ ਦਵਾ-ਦਾਰੂ ਦਾ ਓਹੜ-ਪੋਹੜ ਕਰਦਾ, ਪਰ ਬਿਮਾਰੀ ਦਿਨੋ ਦਿਨ ਜ਼ੋਰ ਪਾਉਂਦੀ ਰਹੀ। ਆਖਰ ਇਕ ਦਿਨ ਇਨ੍ਹਾਂ ਦੋਹਾਂ ਬੱਚਿਆਂ ਦਾ ਇਹ ਸਹਾਰਾ ਵੀ ਇਸ ਫਾਨੀ ਸੰਸਾਰ ਤੋਂ ਸਦਾ ਲਈ ਚਲਾ ਗਿਆ। ਚੂਹੜ ਰਾਮ ਦੇ ਨਜ਼ਦੀਕੀ ਰਿਸ਼ਤੇਦਾਰ ਵੀ ਇਸ ਕਾਬਲ ਨਹੀਂ ਸਨ, ਜੋ ਇਨ੍ਹਾਂ ਬੱਚਿਆਂ ਨੂੰ ਪਾਲਣ ਦਾ ਜ਼ਿੰਮਾ ਲੈਂਦੇ।

ਅੰਮ੍ਰਿਤਸਰ ਵਿਚ ਚੀਫ ਖਾਲਸਾ ਦੀਵਾਨ ਵਾਲਿਆਂ ਨੇ 16 ਅਪਰੈਲ 1904 ਤੋਂ ਅਨਾਥ ਬੱਚਿਆਂ ਲਈ ਯਤੀਮ ਘਰ ਚਾਲੂ ਕੀਤਾ ਹੋਇਆ ਸੀ। ਇਨ੍ਹਾਂ ਦੋਹਾਂ ਬੱਚਿਆਂ ਨੂੰ ਉਥੇ ਦਾਖਲ ਕਰਵਾ ਦਿੱਤਾ ਗਿਆ। ਯਤੀਮ ਘਰ ਦੇ ਰਜਿਸਟਰ ਮੁਤਾਬਕ ਦੋਹਾਂ ਬਾਰੇ ਇੰਦਰਾਜ ਸਾਧੂ ਸਿੰਘ 121 ਅਤੇ ਊਧਮ ਸਿੰਘ 122 ਨੰਬਰ 'ਤੇ ਹੈ। ਯਤੀਮ ਘਰ ਵਿਚ ਇਹ ਦੋਵੇਂ ਭਰਾ ਇਕ ਦੂਜੇ ਦਾ ਹੱਥ ਫੜ ਜ਼ਿੰਦਗੀ ਦਾ ਸਫਰ ਤੈਅ ਕਰਨ ਲੱਗੇ, ਪਰ ਦੁੱਖਾਂ ਦੀ ਕਹਾਣੀ ਅਜੇ ਖਤਮ ਨਹੀਂ ਸੀ ਹੋਈ। ਸਾਧੂ ਸਿੰਘ ਨਮੂਨੀਏ ਕਾਰਨ 1917 ਵਿਚ ਅਕਾਲ ਚਲਾਣਾ ਕਰ ਗਿਆ। ਊਧਮ ਸਿੰਘ ਇਕੱਲਾ ਰਹਿ ਗਿਆ, ਪਰ ਉਸ ਨੇ ਹਿੰਮਤ ਨਾ ਹਾਰੀ, ਪੜ੍ਹਾਈ ਵਲ ਧਿਆਨ ਦਿੰਦਾ ਰਿਹਾ ਅਤੇ 1918 ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਮੈਟ੍ਰਿਕ ਪਾਸ ਕਰ ਲਈ।

ਉਸ ਵਕਤ ਅੰਗਰੇਜ਼ ਹਕੂਮਤ ਇਕ ਪਾਸੇ ਜਰਮਨੀ ਖਿਲਾਫ ਲੜੀ ਜਾ ਰਹੀ ਜੰਗ ਵਿਚ ਹੋ ਰਹੇ ਖਰਚੇ ਨੂੰ ਪੂਰਾ ਕਰਨ ਲਈ ਭਾਰਤੀਆਂ ਪਾਸੋਂ ਮਾਲੀ ਮਦਦ ਹਾਸਲ ਕਰ ਰਹੀ ਸੀ, ਬਦਲੇ ਵਿਚ ਮਹਾਤਮਾ ਗਾਂਧੀ ਨੂੰ ਹਿੰਦ ਕੇਸਰੀ ਦਾ ਖਿਤਾਬ ਵੀ ਦਿੱਤਾ ਹੋਇਆ ਸੀ। ਨਾਲ ਹੀ ਸਰਕਾਰ ਨੇ ਰੋਲਟ ਕਮੇਟੀ ਬਣਾਈ ਹੋਈ ਸੀ, ਜਿਸ ਦੇ ਚੇਅਰਮੈਨ ਬ੍ਰਿਟਿਸ਼ ਜੱਜ ਸਰ ਸਿਡਨੀ ਰੋਲਟ ਸਨ। ਇਸੇ ਕਰਕੇ ਇਸ ਕਾਨੂੰਨ ਨੂੰ ਰੋਲਟ ਐਕਟ ਦਾ ਨਾਂ ਦਿੱਤਾ ਗਿਆ ਸੀ। ਇਸ ਕਾਨੂੰਨ ਅਨੁਸਾਰ ਕਿਸੇ ਵੀ ਸ਼ਖਸ ਨੂੰ ਕਿਸੇ ਜਗ੍ਹਾ ਤੋਂ ਕਿਸੇ ਵਕਤ ਵੀ ਬਿਨਾ ਕਾਰਨ ਦੱਸੇ ਜੇਲ੍ਹ ਵਿਚ ਡੱਕਿਆ ਜਾ ਸਕਦਾ ਸੀ। ਇਸ ਦੀ ਨਾ ਕਿਤੇ ਅਪੀਲ ਅਤੇ ਨਾ ਹੀ ਦਲੀਲ ਸੀ। ਇਹ ਕਾਨੂੰਨ ਸਿਰਫ ਭਾਰਤੀ ਲੋਕਾਂ ਨੂੰ ਦਬਾ ਕੇ ਰੱਖਣ ਲਈ ਬਣਾਇਆ ਗਿਆ ਸੀ ਤਾਂ ਜੋ ਅੰਗਰੇਜ਼ੀ ਰਾਜ ਬਰਕਰਾਰ ਰਹੇ।

9 ਅਪਰੈਲ 1919 ਨੂੰ ਰੋਲਟ ਐਕਟ ਖਿਲਾਫ ਜਲੰਧਰ, ਫਿਰੋਜ਼ਪੁਰ, ਅੰਮ੍ਰਿਤਸਰ, ਲਾਹੌਰ ਤੇ ਲਾਇਲਪੁਰ ਵਿਚ ਪੁਰਅਮਨ ਹੜਤਾਲ ਕੀਤੀ ਗਈ। ਸਰਕਾਰ ਘਬਰਾ ਗਈ। ਪੰਜਾਬ ਦੇ ਗਵਰਨਰ ਸਰ ਮਾਈਕਲ ਓ'ਡਵਾਇਰ ਨੇ ਇਸ ਕਾਨੂੰਨ ਬਾਰੇ ਸਲਾਹ-ਮਸ਼ਵਰਾ ਕਰਨ ਦੇ ਬਹਾਨੇ ਲੋਕਾਂ ਦੇ ਆਗੂ ਸਤਪਾਲ ਅਤੇ ਸੈਫ-ਉਦ-ਦੀਨ ਕਿਚਲੂ ਨੂੰ ਆਪਣੇ ਘਰ ਬੁਲਾਇਆ ਅਤੇ ਧੋਖੇ ਨਾਲ ਦੋਹਾਂ ਨੂੰ ਗ੍ਰਿਫਤਾਰ ਕਰ ਲਿਆ। ਇਹ ਖਬਰ ਸਾਰੇ ਸ਼ਹਿਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ।

10 ਅਪਰੈਲ ਨੂੰ ਅੰਮ੍ਰਿਤਸਰ ਵਿਚ ਪੰਜਾਬੀ ਲੀਡਰਾਂ ਦੀ ਗ੍ਰਿਫਤਾਰੀ ਖਿਲਾਫ ਰੋਸ ਜਲੂਸ ਕੱਢਿਆ। ਪੁਰਅਮਨ ਅਤੇ ਨਿਹੱਥੇ ਲੋਕਾਂ ਦੇ ਜਲੂਸ 'ਤੇ ਅੰਗਰੇਜ਼ ਹਾਕਮ ਦੇ ਹੁਕਮ ਨਾਲ ਪੁਲਿਸ ਨੇ ਗੋਲੀ ਚਲਾ ਕੇ ਚੰਦ ਬੰਦੇ ਮਾਰ ਦਿੱਤੇ। ਮੁਜਾਹਰਾਕਾਰੀ ਲਾਸ਼ਾਂ ਚੁੱਕ ਕੇ ਡੀ. ਸੀ. ਦਫਤਰ ਵਲ ਹੋ ਤੁਰੇ। ਪੁਲਿਸ ਨੇ ਰੋਕਣ ਲਈ ਲਾਠੀਚਾਰਜ ਕੀਤਾ ਅਤੇ ਗੋਲੀ ਵੀ ਚਲਾਈ। ਲੋਕ ਭੜਕ ਉਠੇ ਅਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਵੀ ਪਹੁੰਚਾਇਆ।

ਅਗਲੇ ਦਿਨ ਅੰਮ੍ਰਿਤਸਰ ਸ਼ਹਿਰ ਦੇ ਵਾਸੀ ਅਤੇ ਇਰਦ-ਗਿਰਦ ਦੇ ਪਿੰਡਾਂ ਵਾਲਿਆਂ ਨੇ ਸਰਕਾਰੀ ਜਬਰ, ਰੋਲਟ ਐਕਟ ਕਾਨੂੰਨ ਤਹਿਤ ਗ੍ਰਿਫਤਾਰ ਕੀਤੇ ਲੀਡਰਾਂ ਅਤੇ ਹਾਲਾਤ 'ਤੇ ਰੋਸ਼ਨੀ ਪਾਉਣ ਲਈ 13 ਅਪਰੈਲ, ਵਿਸਾਖੀ ਵਾਲੇ ਦਿਨ ਜੱਲਿਆਂਵਾਲੇ ਬਾਗ ਵਿਚ ਬਾਅਦ ਦੁਪਹਿਰ ਪਹੁੰਚਣ ਦੀ ਮੁਨਾਦੀ ਕਰਵਾ ਦਿੱਤੀ। ਅੰਗਰੇਜ਼ ਸਰਕਾਰ ਵੀ ਆਪਣੇ ਏਜੰਟ ਹੰਸ ਰਾਜ ਤੇ ਸੀ. ਆਈ. ਡੀ. ਵਾਲਿਆਂ ਰਾਹੀਂ ਉਸ ਜਲਸੇ 'ਚ ਵੱਧ ਤੋਂ ਵੱਧ ਲੋਕਾਂ ਦਾ ਇਕੱਠ ਕਰਵਾਉਣਾ ਚਾਹੁੰਦੀ ਸੀ ਤਾਂ ਜੋ ਹਿੰਸਾ ਦਾ ਬਹਾਨਾ ਬਣਾ ਕੇ ਇਹ ਤਹਿਰੀਕ ਸਖਤੀ ਨਾਲ ਕੁਚਲ ਦਿੱਤੀ ਜਾਵੇ। ਪੰਜਾਬ ਦੇ ਗਵਰਨਰ ਸਰ ਮਾਈਕਲ ਓ'ਡਵਾਇਰ ਨੇ ਲਾਹੌਰ ਵਾਲੇ ਗੌਰਮਿੰਟ ਹਾਊਸ ਵਿਚ ਰਹਿੰਦੇ ਜਨਰਲ ਡਾਇਰ ਨਾਲ ਗੁਪਤ ਗੱਲ ਕੀਤੀ ਤੇ ਸਖਤ ਸ਼ਬਦਾਂ ਵਿਚ ਇਸ ਅੰਦੋਲਨ ਨੂੰ ਦਬਾ ਦੇਣ ਦੀ ਮਨਜ਼ੂਰੀ ਦਿੱਤੀ।

ਪੰਜਾਬ ਵਿਚ ਆਮ ਰਿਵਾਜ ਸੀ, ਗਰਮੀਆਂ ਸ਼ੁਰੂ ਹੁੰਦਿਆਂ ਹੀ ਦਾਨੀ ਸੱਜਣ, ਖੁਦਾ ਤਰਸ ਅਤੇ ਕੁਝ ਸੰਸਥਾਵਾਂ ਮਿੱਟੀ ਦੇ ਦੋ ਬੜੇ-ਬੜੇ ਘੜੇ ਜਿਨ੍ਹਾਂ ਵਿਚ ਪਾਣੀ ਠੰਢਾ ਰਹੇ, ਖਰੀਦ ਕੇ ਰੋਜ਼ਾਨਾ ਤਾਜ਼ਾ ਪਾਣੀ ਨਾਲ ਭਰ ਕੇ ਕਰੀਬ ਦੁਪਹਿਰ 12 ਵਜੇ ਤੋਂ ਸ਼ਾਮ 5 ਵਜੇ ਤਕ ਕੁਟੀਆਨੁਮਾ ਕਮਰੇ ਵਿਚ ਰੱਖਦੇ। ਪਿਆਸੇ ਲੋਕਾਂ ਨੂੰ ਪਾਣੀ ਪਿਆਉਣ ਲਈ ਇਕ ਆਦਮੀ ਦੀ ਡਿਊਟੀ ਵੀ ਲਾਈ ਜਾਂਦੀ। ਉਸ ਜਗ੍ਹਾ ਨੂੰ ਛਬੀਲ ਕਿਹਾ ਜਾਂਦਾ, ਜੋ ਆਮ ਤੌਰ 'ਤੇ ਪੈਦਲ ਚਲਣ ਵਾਲੇ ਰਾਹਾਂ 'ਤੇ ਲਾਈਆਂ ਜਾਂਦੀਆਂ। ਜੱਲਿਆਂਵਾਲੇ ਬਾਗ ਨੂੰ ਜਾਂਦੀ ਤੰਗ ਗਲੀ ਵਿਚ ਇਹ ਛਬੀਲ ਚੀਫ ਖਾਲਸਾ ਦੀਵਾਨ ਨੇ ਲਵਾਈ ਹੋਈ ਸੀ, ਜਿਥੇ ਊਧਮ ਸਿੰਘ ਦੀ ਡਿਊਟੀ ਪਾਣੀ ਪਿਆਉਣ ਦੀ ਲਾਈ ਹੋਈ ਸੀ। ਛਬੀਲ ਵਾਲੀ ਥਾਂ ਤੋਂ ਜੱਲਿਆਂਵਾਲੇ ਬਾਗ ਦਾ ਸਾਰਾ ਨਜ਼ਾਰਾ ਬਾਖੂਬੀ ਦੇਖਿਆ ਜਾ ਸਕਦਾ ਸੀ।

13 ਅਪਰੈਲ 1919 ਨੂੰ ਵਿਸਾਖੀ ਵਾਲੇ ਦਿਨ ਦੁਪਹਿਰ ਢਲੇ ਜੱਲਿਆਂਵਾਲੇ ਬਾਗ ਵਿਚ ਜਲਸੇ ਵਾਲੀ ਜਗ੍ਹਾ ਦੂਰੋਂ ਨੇੜਿਓਂ ਬੱਚੇ, ਬੁੱਢੇ, ਔਰਤਾਂ, ਨੌਜਵਾਨ, ਵਿਦਿਆਰਥੀ, ਹਰ ਧਰਮ ਦੇ ਲੋਕ ਭਰੀ ਤਾਦਾਦ ਵਿਚ ਪਹੁੰਚਣੇ ਸ਼ੁਰੂ ਹੋ ਗਏ। ਪੰਡਾਲ ਖਚਾਖਚ ਭਰ ਗਿਆ। ਇਹ ਜਲਸਾ ਲਾਲਾ ਘਨੱਈਆ ਲਾਲ ਐਡਵੋਕੇਟ ਦੀ ਪ੍ਰਧਾਨਗੀ ਹੇਠ ਚਲ ਰਿਹਾ ਸੀ। ਲੋਕ ਆਪਣੇ ਨੇਤਾਵਾਂ ਦੇ ਭਾਸ਼ਣ ਚੁੱਪ-ਚਾਪ ਬੈਠੇ ਸੁਣ ਰਹੇ ਸਨ।



*ਸ਼ਹੀਦ ਊਧਮ ਸਿੰਘ*

ਜਨਰਲ ਡਾਇਰ 90 ਸਿਪਾਹੀਆਂ ਦੀ ਟੁਕੜੀ ਲੈ ਕੇ ਤੰਗ ਗਲੀ ਵਾਲੇ ਰਸਤੇ ਜੱਲਿਆਂਵਾਲੇ ਬਾਗ ਪਹੁੰਚ ਗਿਆ। ਪਬਲਿਕ ਦੇ ਬਾਹਰ ਜਾਣ ਵਾਲਾ ਹੋਰ ਕੋਈ ਰਾਹ ਨਹੀਂ ਸੀ। ਡਾਇਰ ਨੇ ਫੌਜੀ ਟੁਕੜੀ ਨੂੰ ਪੁਜੀਸ਼ਨ ਲੈਣ ਦਾ ਹੁਕਮ ਦਿੱਤਾ। ਬਿਨਾ ਚਿਤਾਵਨੀ ਪੁਰਅਮਨ, ਨਿਹੱਥੇ ਲੋਕਾਂ 'ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਦਸ ਮਿੰਟਾਂ 'ਚ 1650 ਗੋਲੀਆਂ ਚਲਾਈਆਂ ਗਈਆਂ। ਸਰਕਾਰੀ ਰਿਪੋਰਟਾਂ ਅਨੁਸਾਰ 369 ਲੋਕ ਮਾਰੇ ਗਏ ਅਤੇ 1200 ਤੋਂ ਵੱਧ ਜ਼ਖਮੀ ਹੋਏ। ਇਨ੍ਹਾਂ ਵਿਚ 42 ਬੱਚੇ ਵੀ ਸਨ। ਅਖਬਾਰੀ ਅੰਕੜੇ ਇਸ ਤੋਂ ਕਿਤੇ ਵੱਧ ਸਨ।

ਊਧਮ ਸਿੰਘ ਨੇ ਇਹ ਨਜ਼ਾਰਾ ਅੱਖੀਂ ਦੇਖਿਆ। ਅੰਮ੍ਰਿਤਸਰ ਸ਼ਹਿਰ ਵਿਚ ਕਰਫਿਊ ਲਾ ਦਿੱਤਾ ਗਿਆ। ਊਧਮ ਸਿੰਘ ਯਤੀਮ ਘਰ ਵਾਲੀ ਸਮਾਜ ਸੇਵਾ ਦੀ ਵਰਦੀ ਪਾਈ ਛਬੀਲ ਤੋਂ ਪਾਣੀ ਦੀ ਬਾਲਟੀ ਭਰ ਜ਼ਖਮੀਆਂ ਨੂੰ ਪਾਣੀ ਪਿਆਉਣ ਲਗ ਪਿਆ, ਜੋ ਪਾਣੀ-ਪਾਣੀ ਪੁਕਾਰ ਰਹੇ ਸਨ। ਊਧਮ ਸਿੰਘ ਨੇ ਲਾਸ਼ਾਂ 'ਚ ਖਲੋ ਕੇ ਪ੍ਰਣ ਕੀਤਾ ਕਿ ਉਹ ਮਨੁੱਖਤਾ ਦੇ ਇਸ ਘਾਣ ਦਾ ਬਦਲਾ ਲਵੇਗਾ।

ਅਗਲੇ ਦਿਨ 14 ਅਪਰੈਲ ਨੂੰ ਡੀ. ਸੀ. ਅੰਮ੍ਰਿਤਸਰ ਅਤੇ ਜਨਰਲ ਡਾਇਰ ਨੇ ਸਾਂਝੀ ਮੀਟਿੰਗ ਆਪਣੇ ਝੋਲੀ ਚੁੱਕ ਲਾਣੇ ਨਾਲ ਕੀਤੀ ਅਤੇ ਉਲਟਾ ਤਾੜਨਾ ਕੀਤੀ ਕਿ ਆਉਣ ਵਾਲੇ ਵਕਤਾਂ ਵਿਚ ਮੁੜ ਅਜਿਹਾ ਕੁਝ ਵਾਪਰਾ ਸਕਦਾ ਹੈ। ਨਾਲ ਹੀ ਗੋਲੀਬਾਰੀ ਨੂੰ ਜਾਇਜ਼ ਠਹਿਰਾਇਆ।

1921 ਵਿਚ ਊਧਮ ਸਿੰਘ ਅਫਰੀਕਾ ਪਹੁੰਚ ਗਿਆ ਅਤੇ ਸਰਦਾਰ ਸੁੱਧ ਸਿੰਘ ਦੀ ਮਦਦ ਨਾਲ ਰੇਲਵੇ ਵਰਕਸ਼ਾਪ ਵਿਚ ਨੌਕਰੀ ਕਰਨ ਲੱਗਾ। ਮਿਹਨਤੀ ਹੋਣ ਕਰਕੇ ਅਤੇ ਕੁਝ ਹਿੰਦੁਸਤਾਨੀਆਂ ਦੀ ਮਦਦ ਨਾਲ ਜਲਦੀ ਹੀ ਤਜਰਬੇਕਾਰ ਮਿਸਤਰੀ ਬਣ ਗਿਆ। ਊਧਮ ਸਿੰਘ ਜਿਥੇ ਹਰ ਵਕਤ ਮੁਸਕਰਾਉਂਦਾ ਰਹਿੰਦਾ, ਉਥੇ ਜਦੋਂ ਇਕੱਲਾ ਹੁੰਦਾ ਤਾਂ ਸ਼ਾਂਤ ਚਿੱਤ ਹੋ ਕੇ ਆਪਣੇ ਪ੍ਰਣ ਬਾਰੇ ਸੋਚਦਾ ਰਹਿੰਦਾ। ਇਕ ਦਿਨ ਉਹ ਲੋਪ ਹੋ ਗਿਆ ਅਤੇ ਮੈਕਸੀਕੋ ਦੇ ਰਸਤੇ ਅਮਰੀਕਾ ਪਹੁੰਚ ਗਿਆ। ਉਥੇ ਕੈਲੀਫੋਰਨੀਆ ਦੇ ਬਾਗਾਂ ਵਿਚ ਕੰਮ ਕੀਤਾ। ਗਦਰ ਪਾਰਟੀ ਦਾ ਮੈਂਬਰ ਬਣ ਗਿਆ। ਪਾਰਟੀ 'ਚ ਬਹੁਤੇ ਪੰਜਾਬੀ ਸਨ। ਊਧਮ ਸਿੰਘ 'ਗਦਰ' ਅਖਬਾਰ ਦੀਆਂ ਕਾਪੀਆਂ ਲੈ ਕੇ ਪੜ੍ਹਦਾ ਰਹਿੰਦਾ।

ਊਧਮ ਸਿੰਘ 1923 ਵਿਚ ਭਾਰਤ ਵਾਪਸ ਆ ਗਿਆ। ਅੰਮ੍ਰਿਤਸਰ ਘੰਟਾ ਘਰ ਨਜ਼ਦੀਕ ਕਿਰਾਏ 'ਤੇ ਮਿਸਤਰੀ ਦੀ ਦੁਕਾਨ ਖੋਲ੍ਹ ਲਈ। ਦੁਕਾਨ ਦੇ ਮਾਲਕ ਦਾ ਨਾਂ ਮੁਹੰਮਦ ਸਿੰਘ ਆਜ਼ਾਦ ਰੱਖ ਕੇ ਖੁਦ ਕਾਰਿੰਦੇ ਵਜੋਂ ਕੰਮ ਕਰਨ ਲੱਗਾ। ਗਦਰ ਪਾਰਟੀ ਨਾਲ ਸੰਪਰਕ ਪੈਦਾ ਕੀਤਾ। ਭਗਤ ਸਿੰਘ ਦੇ ਗਰੁਪ ਨਾਲ ਵੀ ਦੋਸਤੀ ਪਾਈ। ਉਨ੍ਹੀਂ ਦਿਨੀਂ ਬੱਬਰ ਅਕਾਲੀ ਲਹਿਰ ਜ਼ੋਰਾਂ 'ਤੇ ਸੀ। ਇਨ੍ਹਾਂ ਨਾਲ ਇਥੋਂ ਤਕ ਸੰਪਰਕ ਪੈਦਾ ਕੀਤਾ ਕਿ ਦੁਕਾਨ ਇਨਕਲਾਬੀਆਂ ਦਾ ਅੱਡਾ ਬਣ ਗਈ।

ਇਕ ਵਾਰ ਭਾਰਤ ਨੌਜਵਾਨ ਸਭਾ ਦੇ ਇਕੱਠ ਵਿਚ 1857 ਵਾਲੇ ਅਤੇ ਗਦਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਊਧਮ ਸਿੰਘ ਨੇ ਆਖਿਆ, ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਦੇ ਖਿਲਾਫ ਇਨਕਲਾਬ ਮਨੁੱਖ ਦਾ ਧਰਮ ਹੈ। ਕੁੱਲੀ, ਜੁੱਲੀ, ਗੁੱਲੀ, ਵਿਦਿਆ ਤੇ ਸਿਹਤ ਸਹੂਲਤਾਂ ਬੁਨਿਆਦੀ ਲੋੜਾਂ ਹਨ। ਮੈਂ ਕਿਸੇ ਖਾਸ ਵਿਅਕਤੀ, ਅੰਗਰੇਜ਼ਾਂ ਜਾਂ ਹੋਰ ਨਸਲ ਦੇ ਲੋਕਾਂ ਦੇ ਖਿਲਾਫ ਨਹੀਂ ਹਾਂ ਸਗੋਂ ਹਰ ਉਸ ਮੁਲਕ ਦੇ ਖਿਲਾਫ ਹਾਂ, ਜੋ ਦੂਜੇ ਮੁਲਕ ਦੇ ਪੈਦਾਵਾਰੀ ਸੋਮਿਆਂ 'ਤੇ ਕਬਜ਼ਾ ਕਰਕੇ ਉਸ ਦੀ ਲੁੱਟ ਕਰਦੇ ਹਨ। ਇਕੱਠ ਦੌਰਾਨ ਉਸ ਨੇ ਇਹ ਭਰੋਸਾ ਵੀ ਜਤਾਇਆ ਕਿ ਉਹ ਦਿਨ ਦੂਰ ਨਹੀਂ, ਜਦੋਂ ਦੇਸ਼ ਨਾਲ ਪਿਆਰ ਰੱਖਣ ਵਾਲੇ ਸਾਰੇ ਕਿਰਤੀ ਲੋਕ ਇਕੱਠੇ ਹੋ ਕੇ ਐਨ ਸਿਖਰ ਦੁਪਹਿਰੇ ਸਾਮਰਾਜੀ ਬ੍ਰਿਟਿਸ਼ ਸਰਕਾਰ ਨੂੰ ਚਲਦੀ ਕਰ ਦੇਣਗੇ।

ਊਧਮ ਸਿੰਘ ਫਿਰ ਅਚਾਨਕ ਅਫਰੀਕਾ ਪਹੁੰਚ ਗਿਆ। ਉਥੋਂ ਮੈਕਸੀਕੋ, ਕੈਨੇਡਾ, ਫਰਾਂਸ, ਜਰਮਨੀ, ਸਵਿਟਰਜ਼ਰਲੈਂਡ, ਪੋਲੈਂਡ, ਇਟਲੀ ਆਦਿ ਦੇਸ਼ਾਂ ਵਿਚ ਵੀ ਗਿਆ। ਉਹ ਜਿਸ ਵੀ ਮੁਲਕ ਜਾਂਦਾ, ਉਥੋਂ ਦੀ ਬੋਲੀ ਤੇ ਰਹਿਣ-ਸਹਿਣ ਅਨੁਸਾਰ ਬਹੁਤ ਜਲਦ ਆਪਣੇ ਆਪ ਨੂੰ ਢਾਲ ਲੈਂਦਾ ਅਤੇ ਦੋਸਤ ਮਿੱਤਰ ਬਣਾ ਲੈਂਦਾ। ਊਧਮ ਸਿੰਘ ਅੰਦਰ ਜੱਲਿਆਂਵਾਲੇ ਬਾਗ ਦੇ ਸਾਕੇ ਬਾਰੇ ਓਨਾ ਹੀ ਗੁੱਸਾ ਕਾਇਮ ਸੀ। ਬਦਲੇ ਦੀ ਇਹੀ ਅੱਗ ਉਸ ਨੂੰ ਦੇਸ-ਪਰਦੇਸ ਲਈ ਫਿਰਦੀ ਰਹੀ।

ਇਕ ਵਾਰ ਫਿਰ ਊਧਮ ਸਿੰਘ ਹਿੰਦੋਸਤਾਨ, ਪੰਜਾਬ ਆ ਗਿਆ ਅਤੇ ਅੰਮ੍ਰਿਤਸਰ ਦੇ ਕੱਟੜਾ ਸ਼ੇਰ ਸਿੰਘ ਵਾਲੇ ਇਲਾਕੇ ਵਿਚ ਨੂਰਜਹਾਂ ਮਹੱਲੇ ਵਿਚ ਕਮਰਾ ਕਿਰਾਏ 'ਤੇ ਲੈ ਕੇ ਰਹਿਣ ਲੱਗਾ। ਅਮਰੀਕਾ ਤੋਂ ਊਧਮ ਸਿੰਘ ਦੇ ਖਿਲਾਫ ਕੁਝ ਖੁਫੀਆ ਕਾਗਜ਼ਾਤ ਸਰਕਾਰ ਨੂੰ ਭੇਜੇ ਗਏ ਜਿਸ ਕਰਕੇ ਬ੍ਰਿਟਿਸ਼ ਸਰਕਾਰ ਉਸ 'ਤੇ ਖਾਸ ਧਿਆਨ ਰੱਖਣ ਲੱਗੀ। 30 ਅਗਸਤ 1923 ਨੂੰ ਸ਼ਾਮੀਂ ਸਿਟੀ ਕੋਤਵਾਲੀ ਦੇ ਥਾਣੇਦਾਰ ਅਲੀਸ਼ਾਹ ਨੇ ਪੁਲਿਸ ਫੋਰਸ ਨਾਲ ਲੈ ਕੇ ਬਾਜ਼ਾਰ ਜਾ ਰਹੇ ਊਧਮ ਸਿੰਘ ਨੂੰ ਰੋਕ ਕੇ ਉਸ ਪਾਸੋਂ ਵਿਦੇਸ਼ੀ ਪਿਸਤੌਲ ਬਰਾਮਦ ਕਰਕੇ ਗ੍ਰਿਫਤਾਰ ਕਰ ਲਿਆ। ਭਾਰਤੀ ਅਸਲਾ ਐਕਟ ਅਧੀਨ ਐਫ. ਆਈ. ਆਰ ਦਰਜ ਕਰ ਲਈ। ਉਸ ਨੂੰ ਸਥਾਨਕ ਮੈਜਿਸਟਰੇਟ ਬਿਸ਼ਨ ਸਿੰਘ ਪੀ. ਸੀ. ਐਸ. ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਪਹਿਲੀ ਅਕਤੂਬਰ 1927 ਨੂੰ 5 ਸਾਲ ਕੈਦ ਬਾ-ਮੁਸ਼ੱਕਤ ਸਜ਼ਾ ਸੁਣਾਈ ਗਈ ਅਤੇ ਮੁਲਤਾਨ ਜੇਲ੍ਹ ਭੇਜ ਦਿੱਤਾ।

23 ਅਕਤੂਬਰ 1931 ਨੂੰ ਊਧਮ ਸਿੰਘ ਜੇਲ੍ਹ ਤੋਂ ਰਿਹਾ ਹੋ ਕੇ ਸਭ ਤੋਂ ਪਹਿਲਾਂ ਹੁਸੈਨੀਵਾਲਾ ਗਏ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕੀਤੀ। ਫਿਰ ਆਪਣੇ ਜੱਦੀ ਪਿੰਡ ਸੁਨਾਮ ਗਏ ਅਤੇ ਵਾਪਸ ਅੰਮ੍ਰਿਤਸਰ ਪੁੱਜ ਗਏ। ਉਹ ਜਦੋਂ ਕਦੇ ਇਕੱਲੇ ਹੁੰਦੇ ਤਾਂ ਗੁਣਗੁਣਾਉਂਦੇ ਰਹਿੰਦੇ: ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ।

1937 ਵਿਚ ਇਨਕਲਾਬੀ ਯੋਧਾ ਊਧਮ ਸਿੰਘ ਇਟਲੀ ਵਲ ਦੀ ਹੁੰਦਾ ਇੰਗਲੈਂਡ ਪਹੁੰਚ ਗਿਆ। ਉਹ ਪਹਿਲਾਂ ਗੁਰਦੁਆਰੇ ਗਏ ਅਤੇ ਆਪਣੀ ਪਛਾਣ ਬਾਵਾ ਕਰਕੇ ਕਰਵਾਈ। ਜਲਦੀ ਹੀ ਆਇਰਲੈਂਡ ਦੇ ਮਜ਼ਦੂਰਾਂ ਨਾਲ ਮਿਲ ਕੇ ਸਬਜ਼ੀਆਂ ਤੇ ਫਲਾਂ ਦੀਆਂ ਟੋਕਰੀਆਂ ਢੋਣ ਦੇ ਕੰਮ ਵਿਚ ਲੱਗ ਗਏ। ਦੋਸਤਾਂ, ਮਿੱਤਰਾਂ ਨਾਲ ਕਪੜਾ ਵੇਚਣ ਦਾ ਕੰਮ ਵੀ ਕੀਤਾ।

12 ਮਾਰਚ 1940 ਨੂੰ ਉਹ ਭਾਰਤੀ ਦਫਤਰ ਗਏ ਤਾਂ ਜੋ ਮੁਲਕੀ ਹਾਲਾਤ ਦਾ ਪਤਾ ਲੱਗੇ। ਉਥੋਂ ਪਤਾ ਲੱਗਾ ਕਿ 13 ਮਾਰਚ 1940 ਨੂੰ ਕੈਕਸਟਨ ਹਾਲ ਵਿਚ ਕੋਈ ਪਬਲਿਕ ਮੀਟਿੰਗ ਹੋ ਰਹੀ ਹੈ, ਜਿਸ ਵਿਚ ਅਫਗਾਨਿਸਤਾਨ ਦੀ ਬਗਾਵਤ ਬਾਰੇ ਹਿੰਦੋਸਤਾਨ ਦੇ ਸੂਬਾ ਪੰਜਾਬ ਦੇ ਸਾਬਕਾ ਲੈਫਟੀਨੈਂਟ ਗਵਰਨਰ ਸਰ ਮਾਈਕਲ ਓ'ਡਵਾਇਰ ਅਤੇ ਹੋਰ ਸ਼ਖਸੀਅਤਾਂ ਚਾਨਣਾ ਪਾਉਣਗੀਆਂ।

ਅਗਲੇ ਦਿਨ ਊਧਮ ਸਿੰਘ ਨੇ ਸੂਟ ਪਾਇਆ ਅਤੇ ਸਿਰ 'ਤੇ ਅੰਗਰੇਜ਼ੀ ਹੈਟ, ਹੱਥੀਂ ਦਸਤਾਨੇ, ਉਤੋਂ ਦੀ ਲੰਮਾ ਕੋਟ ਪਾ ਲਿਆ ਅਤੇ ਐਨ ਵਕਤ ਹਾਲ ਵਿਚ ਪਹੁੰਚ ਗਿਆ ਤਾਂ ਜੋ ਆਪਣੀ ਸੀਟ ਦਾ ਬੰਦੋਬਸਤ ਕਰ ਸਕੇ। ਮੀਟਿੰਗ ਮਿਸਟਰ ਮਾਰਕੋਸ ਔਫ ਜੈਟਲੈਂਡ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਈ। ਫਿਰ ਵਾਰੀ ਆਈ ਸਰ ਮਾਈਕਲ ਓ'ਡਵਾਇਰ ਦੀ, ਉਹ ਭਾਰਤੀਆਂ ਖਿਲਾਫ ਜ਼ਹਿਰ ਉਗਲਣ ਲੱਗਾ ਕਿ ਇਹ ਪੰਜਾਬੀ ਡੰਡੇ ਦੇ ਯਾਰ ਹਨ, ਇਨ੍ਹਾਂ ਨੂੰ ਮੈਂ ਐਸਾ ਸਬਕ ਦਿੱਤਾ ਸੀ, ਜੋ ਸਦੀਆਂ ਤੱਕ ਯਾਦ ਰੱਖਣਗੇ। ਇਸੇ ਰਣਨੀਤੀ ਤਹਿਤ ਸਦੀਆਂ ਤੱਕ ਇਨ੍ਹਾਂ ਨੂੰ ਗੁਲਾਮ ਰੱਖਿਆ ਜਾ ਸਕਦਾ ਹੈ।

ਊਧਮ ਸਿੰਘ ਇਹ ਭਾਸ਼ਣ ਸੁਣ ਨਾ ਸਕਿਆ। ਉਸ ਨੇ ਸੱਜਾ ਹੱਥ ਕੋਟ ਦੀ ਜੇਬ ਵਿਚ ਪਾਇਆ ਅਤੇ ਪਿਸਤੌਲ ਬਾਹਰ ਕੱਢ ਤਾੜ-ਤਾੜ ਕਰਦੀਆਂ ਗੋਲੀਆਂ ਮਾਈਕਲ ਓ'ਡਵਾਇਰ ਦੇ ਸੀਨੇ ਵਿਚੋਂ ਪਾਰ ਕਰ ਦਿੱਤੀਆਂ।

ਇਸ ਨਾਲ ਜੁੜਵੀਂ ਇਕ ਇਤਿਹਾਸਕ ਗੱਲ ਹੋਰ ਹੈ। ਮਹਾਤਮਾ ਗਾਂਧੀ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਨ੍ਹੀਂ ਦਿਨੀਂ ਹੋਏ ਰਾਮਗੜ੍ਹ ਵਾਲੇ ਇਜਲਾਸ ਨੂੰ ਸੰਬੋਧਨ ਕਰਦਿਆਂ ਕਿਹਾ: ਸਰ ਮਾਈਕਲ ਓ'ਡਵਾਇਰ ਦੀ ਮੌਤ ਦੀ ਖਬਰ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਆ ਹੈ, ਮੈਨੂੰ ਉਸ ਦੇ ਪਰਿਵਾਰ ਨਾਲ ਹਮਦਰਦੀ ਹੈ ਅਤੇ ਇਹ ਕਾਰਾ ਪਾਗਲਪਣ ਹੈ।

ਮਗਰੋਂ ਜੱਜ ਐਕਟਸਨ ਦੇ ਸਾਹਮਣੇ ਇਨਕਲਾਬੀ ਸੂਰਮੇ ਊਧਮ ਸਿੰਘ ਨੇ ਗਰਜਵੀਂ ਆਵਾਜ਼ ਵਿਚ ਆਖਿਆ: ਜੱਜ ਸਾਹਿਬ! ਜਿਸ ਮੁਲਕ ਦੇ ਵਿਦਿਆਰਥੀ, ਨੌਜਵਾਨ ਤੇ ਮੁਲਕ ਦਾ ਅੰਨਦਾਤਾ ਕਹਾਉਣ ਵਾਲੇ ਕਿਸਾਨ ਨੂੰ ਮਸ਼ੀਨਗੰਨਾਂ ਦੀਆਂ ਗੋਲੀਆਂ ਨਾਲ ਭੁੰਨਿਆ ਜਾ ਰਿਹਾ ਹੋਵੇ, ਗਰੀਬਾਂ ਦੇ ਬੱਚਿਆਂ ਤੇ ਔਰਤਾਂ ਨੂੰ ਗੁਲਾਮੀ ਭਰਿਆ ਜੀਵਨ ਜਿਉਣ ਲਈ ਮਜਬੂਰ ਕੀਤਾ ਜਾ ਰਿਹਾ ਹੋਵੇ, ਬ੍ਰਿਟਿਸ਼ ਸਰਕਾਰ ਦੇ ਉਹ ਸਤਾਏ ਹੋਏ ਲੋਕ ਆਜ਼ਾਦੀ ਲਈ ਕਿਉਂ ਨਾ ਲੜ ਮਰਨਗੇ?

ਇਸ ਕੇਸ ਵਿਚ ਜੱਜ ਨੇ ਊਧਮ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ। ਉਸ ਨੇ ਕਚਹਿਰੀ ਵਿਚ ਇਹ ਸ਼ੇਅਰ ਗੁਣ-ਗੁਣਾਇਆ:

ਕਿਆ ਹੂਆ ਅਗਰ ਮਿਟ ਜਾਊਂਗਾ,
ਅਪਨੇ ਵਤਨ ਕੇ ਵਾਸਤੇ।
ਬੁਲਬੁਲੇਂ ਭੀ ਤੋ ਹੋਤੀ ਹੈਂ ਕੁਰਬਾਨ,
ਅਪਨੇ ਚਮਨ ਕੇ ਵਾਸਤੇ।

ਲੰਡਨ ਦੀ ਪੈਂਟਨ ਜੇਲ੍ਹ ਅੰਦਰ ਫਾਂਸੀ ਲੱਗਣ ਵੇਲੇ ਤੋਂ 15 ਦਿਨ ਪਹਿਲਾਂ ਬੁਲੰਦ ਹੌਸਲੇ ਦਾ ਸਬੂਤ ਦਿੰਦਿਆਂ ਊਧਮ ਸਿੰਘ ਨੇ ਦੇਸ਼ ਵਾਸੀਆਂ ਦੇ ਨਾਂ ਖਤ ਲਿਖਿਆ। 31 ਜੁਲਾਈ 1940 ਵਾਲੇ ਦਿਨ ਇਨਕਲਾਬ ਜ਼ਿੰਦਾਬਾਦ, ਸਾਮਰਾਜ ਮੁਰਦਾਬਾਦ ਦੇ ਨਾਅਰੇ ਮਾਰਦਾ ਊਧਮ ਸਿੰਘ ਫਾਂਸੀ ਦੇ ਤਖਤੇ 'ਤੇ ਝੂਲ ਗਿਆ ਅਤੇ ਸ਼ਹੀਦ ਹੋਣ ਵਾਲੇ ਆਪਣੇ ਸਾਥੀਆਂ ਦੀ ਕਤਾਰ ਵਿਚ ਜਾ ਸ਼ਾਮਲ ਹੋਇਆ।

## ਸ਼ਹੀਦ

ਮੈਂ ਵਤਨ ਦਾ ਸ਼ਹੀਦ ਹਾਂ,
ਮੇਰੀ ਯਾਦ ਭੁਲਾ ਦੇਣੀ।
ਮੇਰੇ ਖੂਨ ਦੀ ਇਕ ਪਿਆਲੀ,
ਕਿਸੇ ਪਿਆਸੇ ਨੂੰ ਪਿਲਾ ਦੇਣੀ।

ਕਿਸੇ ਅਬਲਾ ਦਾ ਹੱਥ ਫੜ ਕੇ,
ਮੇਰੇ ਖੂਨ ਦੀ ਲਾ ਮਹਿੰਦੀ।
ਓਹਦੀ ਦੁਨੀਆਂ ਵਸਾ ਦੇਣੀ,
ਮੇਰੀ ਦੁਨੀਆਂ ਮਿਟਾ ਦੇਣੀ...।

ਦੇਣਾ ਨਾ ਕਿਸੇ ਪੈਸਾ,
ਮੇਰੇ ਮੰਗਤੇ ਨਿਆਣੇ ਨੂੰ।
ਮੇਰੀ ਮਿਟੀ ਦੀ ਮੁਠ ਭਰ ਕੇ,
ਓਹਦੀ ਝੋਲੀ 'ਚ ਪਾ ਦੇਣੀ...।

ਮੇਰੇ ਘਰ ਦੇ ਹਨੇਰੇ ਵਿਚ,
ਬੈਠੀ ਇਕ ਉਜੜੀ ਹੋਈ।
ਓਹਦੇ ਨੈਣਾਂ ਦੀ ਲੋ ਖੋਹ ਕੇ,
ਦੀਵਾਲੀ ਜਗਾ ਦੇਣੀ।
ਮੈਂ ਵਤਨ ਦਾ ਸ਼ਹੀਦ ਹਾਂ,
ਮੇਰੀ ਯਾਦ ਭੁਲਾ ਦੇਣੀ।

*-ਨੰਦ ਲਾਲ ਨੂਰਪੁਰੀ*

# ਸਿੰਗਾਪੁਰ ਦੀ ਸੈਰ

***ਸਾਲ 1965 ਵਿਚ ਆਜ਼ਾਦੀ ਮਿਲਣ ਮੌਕੇ ਸਿੰਗਾਪੁਰ ਨੂੰ ਬੇਰੁਜ਼ਗਾਰੀ ਅਤੇ ਰਿਹਾਇਸ਼ੀ ਥਾਵਾਂ ਦੀ ਘਾਟ ਦੀਆਂ ਵੱਡੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਸੀ ਪਰ ਇਸ ਨੇ ਕੁਝ ਕੁ ਸਾਲਾਂ ਵਿਚ ਇਨ੍ਹਾਂ ਸਮੱਸਿਆਵਾਂ ਉਤੇ ਕਾਬੂ ਹੀ ਨਹੀਂ ਪਾਇਆ ਸਗੋਂ ਸੰਸਾਰ ਦੇ ਵਪਾਰ ਕੇਂਦਰ ਵਜੋਂ ਵੀ ਉਭਰ ਆਇਆ। ਅਜਿਹੀਆਂ ਹੋਰ ਦਿਲਚਸਪ ਗੱਲਾਂ ਡਾ. ਅਜੀਤਪਾਲ ਸਿੰਘ ਨੇ ਆਪਣੇ ਇਸ ਲੇਖ ਵਿਚ ਦੱਸੀਆਂ ਹਨ। -ਸੰਪਾਦਕ***

**ਡਾ. ਅਜੀਤਪਾਲ ਸਿੰਘ**

ਦੱਖਣੀ ਏਸ਼ੀਆ ਵਿਚ ਮਲੇਸ਼ੀਆ ਅਤੇ ਇੰਡੋਨੇਸ਼ੀਆ ਦੇ ਵਿਚਕਾਰ ਸੁੰਦਰ ਤੇ ਵਿਕਸਿਤ ਦੇਸ਼ ਹੈ ਸਿੰਗਾਪੁਰ। ਇਹ ਦੁਨੀਆ ਦੇ ਵੱਡੇ ਵਪਾਰਕ ਕੇਂਦਰਾਂ ਵਿਚੋਂ ਇਕ ਹੈ ਜੋ ਪਿਛਲੇ ਕਈ ਸਾਲਾਂ ਤੋਂ ਸੈਰ ਸਪਾਟੇ ਅਤੇ ਵਪਾਰ ਦੇ ਮੁੱਖ ਕੇਂਦਰ ਵਜੋਂ ਉਭਰਿਆ ਹੈ।

ਇਥੋਂ ਦਾ ਚਾਂਗੀ ਹਵਾਈ ਅੱਡਾ ਦੁਨੀਆ ਦੇ ਵੱਡੇ ਖੂਬਸੂਰਤ ਹਵਾਈ ਅੱਡਿਆਂ ਵਿਚੋਂ ਇਕ ਹੈ। ਇਹ ਦੁਨੀਆ ਵਿਚ ਛੇਵਾਂ ਅਤੇ ਏਸ਼ੀਆ ਵਿਚ ਦੂਜਾ ਸਭ ਤੋਂ ਜ਼ਿਆਦਾ ਆਵਾਜਾਈ ਵਾਲਾ ਹਵਾਈ ਅੱਡਾ ਹੈ। ਸਿੰਗਾਪੁਰ ਵਿਚ ਸਮੇਂ ਦੀ ਪਾਬੰਦੀ ਅਤੇ ਸਫਾਈ ਦਾ ਬਹੁਤ ਧਿਆਨ ਰੱਖਿਆ ਜਾਂਦਾ ਹੈ। ਆਵਾਜਾਈ ਵਾਸਤੇ ਭਾਵੇਂ ਇਥੇ ਮੈਟਰੋ ਅਤੇ ਬੱਸਾਂ ਦਾ ਖੂਬਸੂਰਤ ਤੇ ਸਸਤਾ ਸਿਸਟਮ ਹੈ, ਟੈਕਸੀਆਂ ਵੀ ਮਿਲਦੀਆਂ ਹਨ ਪਰ ਕਾਫੀ ਮਹਿੰਗੀਆਂ ਹਨ।

ਇਥੇ ਕੰਧਾਂ 'ਤੇ ਪੋਸਟਰ ਲਾਉਣ, ਕਿਸੇ ਕਿਸਮ ਦਾ ਪ੍ਰਦੂਸ਼ਣ ਫੈਲਾਉਣ ਅਤੇ ਪਾਨ ਮਸਾਲਾ ਵੇਚਣ ਜਾਂ ਖਾਣ ਦੀ ਮਨਾਹੀ ਹੈ। ਸਿੰਗਾਪੁਰ ਦੇ ਲੋਕ ਪੈਦਲ ਚੱਲਣ ਅਤੇ ਸਾਈਕਲ ਚਲਾਉਣ ਨੂੰ ਤਰਜੀਹ ਦਿੰਦੇ ਹਨ। ਆਪਣੀ ਖੂਬਸੂਰਤੀ, ਵਧੀਆ ਪ੍ਰਬੰਧ, ਅਪਰਾਧ ਮੁਕਤ ਹੋਣ ਦੇ ਲਿਹਾਜ਼ ਤੋਂ ਇਹ ਏਸ਼ੀਆ ਵਿਚ ਪਹਿਲੇ ਸਥਾਨ ਹੈ। ਇਹ ਵਧੀਆ ਜੀਵਨ ਪੱਧਰ ਦੇ ਮਾਮਲੇ ਵਿਚ ਦੁਨੀਆ ਵਿਚ ਛੇਵੇਂ ਸਥਾਨ 'ਤੇ ਹੈ। ਇਥੋਂ ਦੀ ਭਾਸ਼ਾ ਅੰਗਰੇਜ਼ੀ, ਮਾਲੇਅ ਤੇ ਤਾਮਿਲ ਹੈ। ਤਾਪਮਾਨ ਸਾਰਾ ਸਾਲ 25 ਤੋਂ 35 ਡਿਗਰੀ ਸੈਂਟੀਗ੍ਰੇਡ ਦੇ ਵਿਚਕਾਰ ਰਹਿੰਦਾ ਹੈ। ਮੌਸਮ ਦਾ ਕੋਈ ਭਰੋਸਾ ਨਹੀਂ ਕਿ ਕਦੋਂ ਮੀਂਹ ਪੈਣ ਲੱਗ ਜਾਵੇ। ਇਸ ਕਰਕੇ ਛੱਤਰੀ ਹਮੇਸ਼ਾਂ ਕੋਲ ਰੱਖਣੀ ਪੈਂਦੀ ਹੈ। ਮੀਂਹ ਆਮ ਤੌਰ 'ਤੇ ਹਲਕਾ ਹੀ ਹੁੰਦਾ ਹੈ। ਬਰਸਾਤ ਤੋਂ ਬਾਅਦ ਪਤਾ ਨਹੀਂ ਲੱਗਦਾ ਕਿ ਬਰਸਾਤ ਹੋਈ ਵੀ ਸੀ।

ਇਥੇ ਬਜ਼ੁਰਗਾਂ, ਬੱਚਿਆਂ ਅਤੇ ਅਪਾਹਜਾਂ ਦਾ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਹੈ। ਇਨ੍ਹਾਂ ਲਈ ਬੱਸਾਂ ਜਾਂ ਰੇਲ ਗੱਡੀ ਵਿਚ ਸਫਰ ਕਰਨ ਲਈ ਵਿਸ਼ੇਸ਼ ਜਗ੍ਹਾਵਾਂ ਰੱਖੀਆਂ ਹੁੰਦੀਆਂ ਹਨ। ਪਖਾਨਿਆਂ ਵਿਚ ਵੀ ਵਿਸ਼ੇਸ਼ ਡਿਜ਼ਾਈਨ ਦੀ ਸੀਟ ਲੱਗੀ ਹੁੰਦੀ ਹੈ। ਪੈਦਲ ਚੱਲਣ ਲਈ ਫੁੱਟਪਾਥ ਅਤੇ ਵ੍ਹੀਲਚੇਅਰ ਲਈ ਵਿਸ਼ੇਸ਼ ਰੈਂਪ ਤਿਆਰ ਕੀਤੇ ਹੋਏ ਹਨ।

ਸਿੰਗਾਪੁਰ ਦੀ ਫੇਰੀ ਦੌਰਾਨ ਇਕ ਦਿਨ ਅਸੀਂ 'ਗਾਰਡਨਜ਼ ਬਾਏ ਦਿ ਬੇਅ' ਦੇ ਦਿਲਕਸ਼ ਨਜ਼ਾਰੇ ਦੇਖੇ। ਇਹ ਸਮੁੰਦਰ ਕੰਢੇ ਬਣਾਇਆ ਗਿਆ ਹੈ ਜੋ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ। ਇਥੇ ਕੁਦਰਤੀ ਹਰਿਆਵਲ ਨੂੰ ਖੂਬਸੂਰਤ ਢੰਗ ਨਾਲ ਡਿਜ਼ਾਈਨ ਕੀਤਾ ਹੋਇਆ ਹੈ। ਇਥੇ ਕੁਦਰਤੀ ਹਰਿਆਵਲ 'ਚੋਂ ਵੱਖ-ਵੱਖ ਕਿਸਮ ਦੇ ਪੌਦਿਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਆਪਣੇ ਢੰਗ ਨਾਲ ਚੋਣਵੀਆਂ ਥਾਵਾਂ 'ਤੇ ਲਾ ਕੇ ਦਿਲਕਸ਼ ਨਜ਼ਾਰੇ ਸਿਰਜੇ ਗਏ ਹਨ। ਕੋਈ ਵੀ ਰੁੱਖ-ਬੂਟਾ ਇਥੇ ਨਕਲੀ ਨਹੀਂ। ਸਭ ਕੁਦਰਤ ਦੇ ਹੀ ਰੰਗ ਹਨ ਜਿਨ੍ਹਾਂ ਨੂੰ ਡਿਜ਼ਾਈਨ ਕਰਨ ਲਈ ਤਕਨੀਕ ਦੀ ਵਰਤੋਂ ਕੀਤੀ ਗਈ ਹੈ। ਇਥੇ ਦੁਨੀਆ ਦਾ ਸਭ ਤੋਂ ਉਚਾ ਕਲਾਊਡ ਫੋਰੈਸਟ ਬਣਿਆ ਹੈ ਜੋ ਜੰਗਲ ਦਾ ਅੰਦਰੂਨੀ ਨਜ਼ਾਰਾ ਦਿਖਾਉਂਦਾ ਹੈ।

ਅਗਲੀ ਸ਼ਾਮ ਅਸੀਂ ਸਿੰਗਾਪੁਰ ਦੇ ਸਮੁੰਦਰ ਦੇ ਪੱਛਮੀ ਕੰਢੇ ਬਣੇ ਵਿਸ਼ਾਲ ਪਾਰਕ ਦੀ ਸੈਰ ਕੀਤੀ ਸੀ। ਅਸੀਂ ਮਰਲਾਇਨ ਪਾਰਕ ਦਾ ਆਨੰਦ ਮਾਣਿਆ ਜੋ ਸਮੁੰਦਰ ਕਿਨਾਰੇ ਡਾਊਨ ਟਾਊਨ ਇਲਾਕੇ ਵਿਚ ਮੁੱਖ ਵਪਾਰਕ ਬੈਂਕਾਂ ਅਤੇ ਹੋਰ ਵੱਡੇ ਵਪਾਰਕ ਕੇਂਦਰਾਂ ਨੇੜੇ ਬਣਿਆ ਹੋਇਆ ਹੈ। ਸੱਤ ਸੌ ਟਨ ਭਾਰੇ ਇਸ ਬੁੱਤ ਦਾ ਧੜ ਮੱਛੀ ਦਾ ਅਤੇ ਮੂੰਹ ਸ਼ੇਰ ਦਾ ਬਣਿਆ ਹੈ। ਇਹ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਸਿੰਗਾਪੁਰ ਮਛੇਰਿਆਂ ਦੇ ਪਿੰਡ ਵਜੋਂ ਵਸਿਆ। ਇਸ ਬੁੱਤ ਦਾ ਸਿਰ ਇਸ ਮੁਲਕ ਦੇ ਪੁਰਾਣੇ ਨਾਂ 'ਸਿੰਘਪੁਰ' ਦੀ ਤਰਜਮਾਨੀ ਕਰਦਾ ਹੈ। ਮਰਲਾਇਨ ਦੇ ਮੂੰਹ ਵਿਚੋਂ ਲਗਾਤਾਰ ਪਾਣੀ ਦੀ ਧਾਰਾ ਨਿਕਲ ਕੇ ਸਮੁੰਦਰ ਵਿਚ ਪੈਂਦੀ ਹੈ। ਇਸ ਦੀ ਉਚਾਈ ਅਠਾਈ ਫੁੱਟ ਹੈ। ਮਰਲਾਇਨ ਪਾਰਕ ਵਿਚ ਕਿਸ਼ਤੀਆਂ ਚਲਦੀਆਂ ਰਹਿੰਦੀਆਂ ਹਨ ਜਿਨ੍ਹਾਂ 'ਚ ਬੈਠ ਕੇ ਲੋਕ ਸਮੁੰਦਰ ਦੀ ਸੈਰ ਕਰਦੇ ਹਨ। ਇਥੇ ਰਾਤ ਦੀ ਰੌਸ਼ਨੀ ਵਿਚ ਦਿਲਕਸ਼ ਨਜ਼ਾਰਾ ਬਣਦਾ ਹੈ। ਇਥੇ ਆਵਾਜ਼ ਤੇ ਰੌਸ਼ਨੀ ਆਧਾਰਿਤ ਪ੍ਰੋਗਰਾਮ ਵੀ ਹੁੰਦਾ ਹੈ।

ਸਾਨੂੰ 'ਸਿੰਗਾਪੁਰ ਫਲਾਇਰ' ਦੇਖਣ ਦਾ ਮੌਕਾ ਵੀ ਮਿਲਿਆ। ਇਹ ਲੰਡਨ ਆਈ ਵਾਂਗ ਬਹੁਤ ਉਚਾ ਬਣਿਆ ਹੋਇਆ ਹੈ। ਇਸ ਦੀ ਉਚਾਈ 165 ਮੀਟਰ, ਭਾਵ 541 ਫੁੱਟ ਹੈ। ਸਾਈਕਲ ਦੇ ਚੱਕੇ ਵਾਂਗ ਇਸ ਦੇ ਬਾਹਰ ਕੈਪਸੂਲਨੁਮਾ ਅਠਾਈ ਏਅਰਕੰਡੀਸ਼ਨਡ ਕੈਬਿਨ ਲੱਗੇ ਹੋਏ ਹਨ। ਇਕ ਕੈਬਿਨ ਵਿਚ ਵੀਹ-ਪੱਚੀ ਬੰਦਿਆਂ ਦੇ ਬੈਠਣ ਦੀ ਸਮਰੱਥਾ ਹੁੰਦੀ ਹੈ। ਇਹ ਪੰਜਾਹ ਮਿੰਟਾਂ ਵਿਚ ਇਕ ਚੱਕਰ ਲਾਉਂਦਾ ਹੈ। ਇਹ ਹਮੇਸ਼ਾਂ ਹੌਲੀ ਰਫਤਾਰ ਨਾਲ ਉਪਰ ਨੂੰ ਜਾਂਦਾ ਅਤੇ ਫਿਰ ਹੇਠ ਆਉਂਦਾ ਹੈ। 360 ਡਿਗਰੀ ਦਾ ਦ੍ਰਿਸ਼ ਇਸ ਰਾਹੀਂ ਦੇਖਿਆ ਜਾ ਸਕਦਾ ਹੈ। ਜਦੋਂ ਉਪਰ ਵੱਲ ਜਾਂਦਾ ਹੈ ਤਾਂ ਸਿੰਗਾਪੁਰ ਦਾ ਦਿਲਕਸ਼ ਨਜ਼ਾਰਾ ਦੇਖਿਆ ਜਾ ਸਕਦਾ ਹੈ। ਅਸੀਂ ਇਸ ਰਾਹੀਂ ਮੈਰੀਨਾ-ਬੇਅ ਸੈਂਡ ਹੋਟਲ, ਗਾਰਡਨਜ਼ ਬਾਏ ਦਿ ਬੇਅ, ਡਾਊਨ ਟਾਊਨ ਏਰੀਆ ਦੀਆਂ ਸੁੰਦਰ ਇਮਾਰਤਾਂ ਅਤੇ ਮਰਲਾਇਨ ਪੁਆਇੰਟ ਦਾ ਸੁੰਦਰ ਨਜ਼ਾਰਾ ਦੇਖਿਆ। ਇਥੋਂ ਉਚੀਆਂ ਇਮਾਰਤਾਂ, ਸਮੁੰਦਰ ਦੀ ਵਿਸ਼ਾਲਤਾ, ਉਚੇ ਪੁਲ, ਫਾਰਮੂਲਾ ਰੇਸ ਰੋਡ, ਸਮੁੰਦਰ ਵਿਚ ਸਮੁੰਦਰੀ ਜਹਾਜ਼ਾਂ ਦੀ ਭੀੜ, ਸਮੁੰਦਰ ਦੇ ਉਪਰ ਪੁਲਾਂ 'ਤੇ ਚੱਲਦੀ ਤੇਜ਼ ਗਤੀ ਟ੍ਰੈਫਿਕ ਕੀੜੀਆਂ ਵਾਂਗ ਦਿਸਦੀ ਹੈ। ਇਥੋਂ ਦੇ ਸੈਂਟੋਸਾ ਟਾਪੂ ਉਪਰ ਬਣਿਆ ਯੂਨੀਵਰਸਲ ਸਟੂਡੀਓ ਵੀ ਦੇਖਣ ਵਾਲਾ ਹੈ।



*ਸਿੰਗਾਪੁਰ ਦਾ ਇਕ ਦਿਲਕਸ਼ ਨਜ਼ਾਰਾ।*



*ਸਿੰਗਾਪੁਰ ਦੇ ਗੁਰਦੁਆਰੇ ਦੀ ਇਕ ਝਲਕ।*

ਸਿੰਗਾਪੁਰ ਦਾ ਇਤਿਹਾਸ ਬੜਾ ਰੋਚਕ ਹੈ। ਤਕਰੀਬਨ ਪੰਜ ਸੌ ਸਾਲ ਪਹਿਲਾਂ ਦੇ ਅਰਸੇ ਤਕ ਸਿੰਗਾਪੁਰ 'ਪੁਰਾਤਨ ਸਿੰਘਾਪੁਰ' ਵਜੋਂ ਹੀ ਜਾਣਿਆ ਜਾਂਦਾ ਰਿਹਾ ਜਿਸ ਦਾ ਕੋਈ ਨਿਸ਼ਚਿਤ ਇਤਿਹਾਸ ਦਰਜ ਨਹੀਂ ਹੈ ਪਰ 1819 ਵਿਚ ਇਹ ਬ੍ਰਿਟਿਸ਼ ਸਾਮਰਾਜ ਦੀ ਬਸਤੀ ਵਜੋਂ ਸਥਾਪਤ ਹੋਇਆ। ਦੂਜੀ ਆਲਮੀ ਜੰਗ ਦੌਰਾਨ ਜਪਾਨੀਆਂ ਨੇ 1942 ਵਿਚ ਇਸ ਉਤੇ ਕਬਜ਼ਾ ਕਰ ਲਿਆ ਸੀ (ਅੱਠ ਫਰਵਰੀ ਤੋਂ 15 ਫਰਵਰੀ 1942 ਦੇ ਜਪਾਨੀ ਫੌਜ ਦੇ ਭਾਰੀ ਹਮਲੇ ਨੇ ਕਾਫੀ ਤਬਾਹੀ ਮਚਾਈ), ਪਰ 1945 ਵਿਚ ਦੂਜੀ ਆਲਮੀ ਜੰਗ ਦੇ ਖਾਤਮੇ ਤੋਂ ਲੈ ਕੇ 1959 ਤਕ ਇਹ ਫਿਰ ਬਰਤਾਨਵੀ ਸਾਮਰਾਜ ਦੇ ਕਬਜ਼ੇ ਹੇਠ ਰਿਹਾ। 1959 'ਚ ਹੋਈਆਂ ਚੋਣਾਂ ਵਿਚ ਸਿੰਗਾਪੁਰ ਦੀ ਆਪਣੀ ਸਰਕਾਰ ਬਣੀ ਪਰ ਵਿਦੇਸ਼ ਨੀਤੀ ਤੇ ਅੰਦਰੂਨੀ ਸੁਰੱਖਿਆ ਬ੍ਰਿਟਿਸ਼ ਰਾਜ ਦੇ ਹੱਥ ਹੀ ਰਹੀ। 1963 ਤਕ ਇਹ ਸਥਿਤੀ ਚਲਦੀ ਰਹੀ।

1963 ਤੋਂ 1965 ਤਕ ਫੈਡਰਲ ਸੰਧੀ ਤਹਿਤ ਇਹ ਮਲੇਸ਼ੀਆ ਨਾਲ ਬੱਝਿਆ ਤੇ ਇਸ ਨੂੰ ਖੁਦਮੁਖਤਾਰੀ ਹਾਸਲ ਸੀ। ਫਿਰ ਇਥੇ ਪੀਪਲਜ਼ ਐਕਸ਼ਨ ਪਾਰਟੀ (ਪੀ.ਏ.ਪੀ.) ਹੋਂਦ ਵਿਚ ਆਈ। ਮਲੇਸ਼ੀਆ ਨਾਲ ਅੰਦਰਖਾਤੇ ਚਲਦੀ ਖਿੱਚੋਤਾਣ ਕਾਰਨ ਮਲੇਸ਼ੀਆ ਨੇ ਆਪਣੇ ਮੂਲ-ਨਿਵਾਸੀਆਂ ਨੂੰ ਤਰਜੀਹ ਦਿੱਤੀ ਅਤੇ ਸਿੰਗਾਪੁਰ ਨੂੰ ਅਲੱਗ ਕਰ ਦਿੱਤਾ।

ਇਸ ਤਰ੍ਹਾਂ ਨੌਂ ਅਗਸਤ 1965 ਨੂੰ ਸਿੰਗਾਪੁਰ ਆਜ਼ਾਦ ਮੁਲਕ ਬਣਿਆ। ਉਦੋਂ ਇਸ ਨੂੰ ਬੇਰੁਜ਼ਗਾਰੀ ਅਤੇ ਰਿਹਾਇਸ਼ੀ ਥਾਵਾਂ ਦੀ ਘਾਟ ਦੀਆਂ ਦੋ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਦੇ ਹੱਲ ਲਈ 1965 ਤੋਂ 1970 ਤਕ ਨਿਰਮਾਣ ਸਨਅਤ ਦਾ ਵਿਕਾਸ ਕੀਤਾ ਗਿਆ। ਵੱਡੇ-ਵੱਡੇ ਰਿਹਾਇਸ਼ੀ ਕੰਪਲੈਕਸ ਉਸਾਰੇ ਗਏ ਅਤੇ ਜਨਤਕ ਸਿੱਖਿਆ 'ਤੇ ਖੁੱਲ੍ਹ ਕੇ ਖਰਚ ਕੀਤਾ ਗਿਆ।

1990ਵਿਆਂ ਤਕ ਇਹ ਖੁੱਲ੍ਹੀ ਮੰਡੀ ਵਾਲੇ ਮੁਲਕ ਵਜੋਂ ਵਿਕਸਿਤ ਹੋ ਗਿਆ ਤੇ ਇਸ ਦੇ ਸੰਸਾਰ ਪੱਧਰੀ ਵਪਾਰਕ ਸੰਪਰਕ ਬਣ ਗਏ। ਇਸ ਦੀ ਕੁੱਲ ਘਰੇਲੂ ਪੈਦਾਵਾਰ ਏਸ਼ੀਆ 'ਚ ਜਪਾਨ ਤੋਂ ਬਾਅਦ ਸਭ ਤੋਂ ਵੱਧ ਹੋ ਗਈ।

ਅਸੀਂ ਆਪਣੀ ਸਿੰਗਾਪੁਰ ਫੇਰੀ ਦੇ ਤੀਜੇ ਹਫਤੇ ਦੇ ਆਖਰੀ ਦਿਨ ਇਥੋਂ ਦਾ ਮਸ਼ਹੂਰ ਖਰੀਦਦਾਰੀ ਕੇਂਦਰ 'ਮੁਸਤਫਾ ਸੈਂਟਰ' ਦੇਖਿਆ। ਇਹ ਅੱਠ ਮੰਜ਼ਿਲਾ ਕੰਪਲੈਕਸ ਅਪਰੈਲ 1995 'ਚ ਮੁਸ਼ਤਾਕ ਅਹਿਮਦ ਨੇ 145, ਸੱਯਦ ਅਲਵੀ ਰੋਡ 'ਤੇ ਸ਼ੁਰੂ ਕੀਤਾ ਸੀ।

ਮੁਸਤਫਾ ਡਿਪਾਰਟਮੈਂਟਲ ਸਟੋਰ 'ਚ ਤਕਰੀਬਨ ਤਿੰਨ ਲੱਖ ਸ਼ੈਆਂ ਮੁਹੱਈਆ ਹਨ। ਇਸ ਤੋਂ ਇਲਾਵਾ ਵਿਦੇਸ਼ੀ ਕਰੰਸੀ ਤੇ ਟਰੈਵਲਿੰਗ ਬੰਦੋਬਸਤ ਦਾ ਕਾਰੋਬਾਰ ਵੀ ਇਥੇ ਹੀ ਹੈ। ਇਸ ਦੀ ਸਭ ਤੋਂ ਉਪਰਲੀ ਛੱਤ 'ਤੇ 130 ਕਮਰਿਆਂ ਦਾ ਰੈਸਟੋਰੈਂਟ ਹੈ। ਤਕਰੀਬਨ ਦੋ ਲੱਖ ਵਰਗ ਫੁੱਟ 'ਚ ਉਸਰਿਆ ਇਹ ਕੰਪਲੈਕਸ ਲਿਟਲ ਇੰਡੀਆ ਦਾ ਹਿੱਸਾ ਹੈ ਜਿਥੇ ਕੱਪੜੇ, ਖੇਡਾਂ, ਘਰੇਲੂ ਤੇ ਇਲੈਕਟ੍ਰੋਨਿਕਸ ਦਾ ਸਮਾਨ ਪਰਚੂਨ ਤੇ ਥੋਕ ਵਿਚ ਬਾਕੀ ਬਾਜ਼ਾਰਾਂ ਨਾਲੋਂ ਮੁਕਾਬਲਤਨ ਸਸਤਾ ਮਿਲਦਾ ਹੈ। ਇਸ ਕਰਕੇ ਇਥੇ ਬੇਹੱਦ ਭੀੜ ਰਹਿੰਦੀ ਹੈ। ਇਹ 24 ਘੰਟੇ ਖੁੱਲ੍ਹਾ ਰਹਿੰਦਾ ਹੈ। ਮੁਸਤਫਾ ਸੈਂਟਰ ਵਿਦੇਸ਼ਾਂ ਤੋਂ ਆਮ ਵਰਤੋਂ ਦਾ ਸਸਤਾ ਸਾਮਾਨ ਦਰਾਮਦ ਕਰਕੇ ਘੱਟ ਕੀਮਤਾਂ 'ਤੇ ਸਪਲਾਈ ਕਰਦਾ ਹੈ। ਇਸ ਦੀ ਸਾਲਾਨਾ ਆਮਦਨ 725 ਮਿਲੀਅਨ ਸਿੰਗਾਪੁਰ ਡਾਲਰ (36 ਅਰਬ 25 ਕਰੋੜ ਰੁਪਏ) ਹੈ।

1971 ਵਿਚ ਮੁਸ਼ਤਾਕ ਅਹਿਮਦ, ਉਸ ਦੇ ਪਿਤਾ ਹਾਜੀ ਮੁਹੰਮਦ ਮੁਸਤਫਾ ਤੇ ਚਾਚੇ ਸ਼ਮਸੁਦੀਨ ਨੇ ਮੁਹੰਮਦ ਮੁਸਤਫਾ ਐਂਡ ਸ਼ਮਸੁਦੀਨ ਕੰਪਨੀ (ਐਮ.ਐਮ.ਐਸ.ਸੀ.) ਸਥਾਪਤ ਕਰਕੇ ਕਾਰੋਬਾਰ ਸ਼ੁਰੂ ਕੀਤਾ। ਮੁਹੰਮਦ ਮੁਸਤਫਾ ਖਾਨ ਭਾਰਤ ਦੇ ਉਤਰ ਪ੍ਰਦੇਸ਼ 'ਚ ਪਲਿਆ ਤੇ ਮਲੇਸ਼ੀਆ ਰਸਤੇ ਹੁੰਦਿਆਂ 1950 'ਚ ਸਿੰਗਾਪੁਰ ਪੁੱਜਿਆ। 1956 'ਚ ਉਸ ਨੇ ਆਪਣੇ ਪੰਜ ਸਾਲਾ ਪੁੱਤਰ ਮੁਸ਼ਤਾਕ ਨਾਲ ਇਥੇ ਚਾਹ ਅਤੇ ਬ੍ਰੈਡ ਵੇਚਣੀ ਸ਼ੁਰੂ ਕੀਤੀ ਅਤੇ ਮੁਸ਼ਤਾਕ ਨੇ ਰੁਮਾਲਾਂ ਦੀ ਸਟਾਲ ਲਾਈ। ਦੋਵੇਂ ਪਿਉ ਪੁੱਤ ਨੇ ਪਹਿਲਾਂ ਫੁੱਟਪਾਥ 'ਤੇ ਰੇਹੜੀ ਲਾ ਕੇ ਤੇ ਫਿਰ ਦੁਕਾਨ ਕਿਰਾਏ 'ਤੇ ਲੈ ਕੇ ਕੰਮ ਕੀਤਾ। ਅੱਜ ਇਨ੍ਹਾਂ ਦਾ ਕਾਰੋਬਾਰ ਭਾਰਤ, ਇੰਡੋਨੇਸ਼ੀਆ ਤੇ ਬੰਗਲਾਦੇਸ਼ ਤਕ ਫੈਲਿਆ ਹੋਇਆ ਹੈ।

ਇਸ ਸ਼ੌਪਿੰਗ ਸੈਂਟਰ ਵਿਚ ਇਕ ਗੱਲ ਧਿਆਨ ਦੇਣ ਵਾਲੀ ਹੈ ਕਿ ਇਥੇ ਮਸ਼ੀਨਾਂ ਤਾਂ ਹਨ ਪਰ ਹਰ ਥਾਂ ਮਨੁੱਖ ਬੈਠੇ ਹਨ ਜੋ ਮਸ਼ੀਨਾਂ ਦੀ ਮਦਦ ਨਾਲ ਗਾਹਕ ਭੁਗਤਾਉਂਦੇ ਹਨ। ਕਾਫੀ ਗਿਣਤੀ 'ਚ ਦੱਖਣੀ ਭਾਰਤੀਆਂ ਨੂੰ ਇਸ ਕਰਕੇ ਇਥੇ ਰੁਜ਼ਗਾਰ ਮਿਲਿਆ ਹੋਇਆ ਹੈ ਜਦੋਂਕਿ ਬਾਕੀ ਥਾਵਾਂ 'ਤੇ ਸੌ ਫੀਸਦੀ ਮਸ਼ੀਨੀਕਰਨ ਕੀਤਾ ਹੋਇਆ ਹੈ ਜਿਸ ਨਾਲ ਬੇਰੁਜ਼ਗਾਰੀ ਵਧਦੀ ਹੈ। ਮੈਨੂੰ ਇਹ ਭਾਰਤ ਵਾਂਗ ਹੀ ਲੱਗਿਆ ਪਰ ਬੇਈਮਾਨੀ ਤੋਂ ਰਹਿਤ ਹੈ। ਤਕਨਾਲੋਜੀ ਮਨੁੱਖ ਦੇ ਭਲੇ ਲਈ ਹੋਵੇ, ਨਾ ਕਿ ਮਨੁੱਖ ਨੂੰ ਉਜਾੜਨ ਲਈ। ਇਸ ਨੂੰ ਕੁਝ ਹੱਦ ਤਕ ਵਿਕਾਸ ਕਿਹਾ ਜਾ ਸਕਦਾ ਹੈ।

### ਸਿੰਗਾਪੁਰ ਸਮੁੰਦਰੀ ਜੀਵਸ਼ਾਲਾ

ਸਾਨੂੰ ਸਿੰਗਾਪੁਰ ਦੀ ਵਿਸ਼ੇਸ਼ ਥਾਂਵਾਂ ਦੇਖਣ ਦਾ ਮੌਕਾ ਮਿਲਿਆ ਜਿਸ ਨੂੰ ਸਿੰਗਾਪੁਰ ਅਕੁਏਰੀਅਮ ਕਿਹਾ ਜਾਂਦਾ ਹੈ। ਸਿੰਗਾਪੁਰ ਤੋਂ ਲਾਗਲੇ ਟਾਪੂ ਸੈਂਟੋਸਾ ਵਰਲਡ ਰਿਜ਼ੋਰਟਸ ਦੇ ਇਕ ਹਿੱਸੇ ਵਜੋਂ 20 ਏਕੜ ਇਲਾਕੇ 'ਚ ਫੈਲੀ ਇਹ ਜੀਵਸ਼ਾਲਾ ਦੇਖਦਿਆਂ ਲੱਗਦਾ ਹੈ ਕਿ ਜਿਵੇਂ ਤੁਸੀਂ ਸਮੁੰਦਰ ਅੰਦਰ ਘੁੰਮ ਰਹੇ ਹੋਵੋਂ। ਇਹ ਸਮੁੰਦਰੀ ਜੀਵਸ਼ਾਲਾ ਦਸ ਵੱਖ-ਵੱਖ ਹਿੱਸਿਆਂ ਵਿਚ ਵੰਡੀ ਹੋਈ ਹੈ। ਇਸ ਲਈ ਤਕਰੀਬਨ ਪੰਜਾਹ ਆਵਾਸ (ਪੌਦਿਆਂ ਜਾਂ ਜੀਵਾਂ ਦੇ ਕੁਦਰਤੀ ਨਿਵਾਸ ਸਥਾਨ) ਬਣਾਏ ਗਏ ਹਨ। ਇਸ ਵਿਚ ਤਕਰੀਬਨ ਇਕ ਲੱਖ ਸਮੁੰਦਰੀ ਜੀਵ ਪਾਣੀ 'ਚ ਵਿਚਰਦੇ ਅਤੇ ਤੈਰਦੇ ਦੇਖ ਸਕਦੇ ਹੋ। ਇਹ ਪਾਣੀ ਇੰਨਾ ਨਿਰਮਲ ਹੈ ਜਿਸ ਵਿਚਲੀ ਇਕੱਲੀ-ਇਕੱਲੀ ਚੀਜ਼ ਸਾਫ ਦਿਖਾਈ ਦਿੰਦੀ ਹੈ। ਇਨ੍ਹਾਂ ਜੀਵਾਂ ਦੀਆਂ ਤਕਰੀਬਨ ਇਕ ਹਜ਼ਾਰ ਜਾਤੀਆਂ ਇਸ ਵਿਚ ਰਹਿੰਦੀਆਂ ਹਨ।

ਇਹ ਸਮੁੰਦਰੀ ਜੀਵ ਸਿੰਗਾਪੁਰ ਦੇ ਸਮੁੰਦਰ ਤੋਂ ਇਲਾਵਾ ਬੰਗਾਲ ਦੀ ਖਾੜੀ, ਅੰਡੇਮਾਨ ਦੇ ਸਮੁੰਦਰਾਂ, ਪੂਰਬੀ ਅਫਰੀਕਾ ਦੀਆਂ ਵੱਡੀਆਂ ਝੀਲਾਂ ਆਦਿ ਤੋਂ ਇਥੇ ਲਿਆਂਦੇ ਗਏ ਹਨ। ਇਨ੍ਹਾਂ ਜੀਵਾਂ ਦੇ ਰਹਿਣ ਸਹਿਣ ਪਾਣੀ ਦੇ ਅੰਦਰ ਢੁਕਵੀਆਂ ਹਾਲਤਾਂ ਤੇ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ ਹਨ। ਤਕਰੀਬਨ 12 ਕਰੋੜ 50 ਲੱਖ ਗੈਲਨ ਪਾਣੀ ਇਨ੍ਹਾਂ ਜੀਵਾਂ ਲਈ ਲਗਾਤਾਰ ਵਗਦਾ ਰਹਿੰਦਾ ਹੈ ਜਿਸ ਦੀ ਲਗਾਤਾਰ ਸਫਾਈ ਕੀਤੀ ਜਾਂਦੀ ਹੈ। ਹਰ ਜਾਤੀ ਦੇ ਜੀਵਾਂ ਦੀ ਖਾਦ ਖੁਰਾਕ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ।

ਆਖਰੀ ਦਿਨ ਅਸੀਂ ਸਿਲਟ ਰੋਡ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ। ਮੈਂ ਇਸ ਗੁਰਦੁਆਰਾ ਸਾਹਿਬ ਦਾ ਇਤਿਹਾਸ ਜਾਣਨ ਲਈ ਉਤਸੁਕ ਸੀ।

ਇਸ ਦਾ ਪ੍ਰਬੰਧ ਸੈਂਟਰਲ ਗੁਰਦੁਆਰਾ ਸਿੱਖ ਬੋਰਡ ਚਲਾਉਂਦਾ ਹੈ। ਸਿੱਖ ਭਾਈਚਾਰੇ ਦਾ ਇਹ ਧਾਰਮਿਕ ਸਥਾਨ ਪੰਜਾਬੀ ਸਿੱਖ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਤੇ ਪਰਿਵਾਰਾਂ ਦੇ ਮੇਲ ਮਿਲਾਪ ਦਾ ਹੀ ਸਥਾਨ ਨਹੀਂ ਸਗੋਂ ਇਥੇ ਪੰਜਾਬੀ ਬੋਲੀ ਸਿਖਾਉਣ ਲਈ ਜਮਾਤਾਂ ਵੀ ਲਗਾਤਾਰ ਲਾਈਆਂ ਜਾਂਦੀਆਂ ਹਨ। ਇਸ ਗੁਰਦੁਆਰੇ ਦੀ ਇਮਾਰਤ ਦੀ ਉਸਾਰੀ 1920 ਵਿਚ ਸ਼ੁਰੂ ਹੋਈ ਅਤੇ ਪਿੱਛੋਂ 1955 ਤਕ ਇਸ ਵਿਚ ਹੋਰ ਵਾਧਾ ਕੀਤਾ ਜਾਂਦਾ ਰਿਹਾ। ਉਦੋਂ ਇਹ ਜਗ੍ਹਾ ਸਿੰਗਾਪੁਰ ਹਾਰਬਰ ਬੋਰਡ ਤੋਂ ਪਟੇ 'ਤੇ ਲਈ ਗਈ ਸੀ। ਸਿੱਖ ਭਾਈਚਾਰੇ ਵਲੋਂ ਇਕੱਠੇ ਕੀਤੇ ਗਏ 54 ਹਜ਼ਾਰ ਸਿੰਗਾਪੁਰ ਡਾਲਰ ਦੀ ਲਾਗਤ ਨਾਲ ਇਥੋਂ ਦੀ ਪੁਲਿਸ ਦੇ ਇੰਸਪੈਕਟਰ ਜਨਰਲ ਨੇ ਇਸ ਦਾ ਨੀਂਹ ਪੱਥਰ ਰੱਖਿਆ ਸੀ। ਮਲਾਇਆ ਅਤੇ ਸਿੰਗਾਪੁਰ ਪੁਲਿਸ ਦੇ ਜਵਾਨਾਂ ਤੋਂ ਇਲਾਵਾ ਨੇੜਲੇ ਮੁਲਕਾਂ ਦੇ ਸਿੱਖਾਂ ਨੇ ਵੀ ਇਸ ਵਿਚ ਯੋਗਦਾਨ ਪਾਇਆ। 1924 ਵਿਚ ਇਮਾਰਤ ਦੀ ਉਸਾਰੀ ਪੂਰੀ ਹੋਈ ਤਾਂ ਇਸ ਦਾ ਨਾਂ ਸਿਲਟ ਰੋਡ ਗੁਰਦੁਆਰਾ ਰੱਖਿਆ ਗਿਆ।

23 ਅਕਤੂਬਰ 1995 ਨੂੰ ਗੁਰਦੁਆਰੇ ਦੀ ਇਮਾਰਤ ਦੇ ਬਿਲਕੁਲ ਨਾਲ ਉਸਾਰੀ ਸੱਤ ਮੰਜ਼ਿਲਾ ਸਰਾਂ ਦੀ ਇਮਾਰਤ ਦੇ ਉਦਘਾਟਨ ਮੌਕੇ ਕਰੀਬ 7 ਹਜ਼ਾਰ ਸਿੱਖ ਇਥੇ ਇਕੱਠੇ ਹੋਏ ਸਨ।

ਗੁਰਦੁਆਰੇ 'ਚ ਸੁਸ਼ੋਭਿਤ 10 ਟਨ ਵਜ਼ਨ ਵਾਲੀ ਵੱਡੀ ਪਾਲਕੀ ਭਾਰਤ ਤੋਂ ਤਿਆਰ ਕਰਵਾ ਕੇ ਦਸ ਹਿੱਸਿਆਂ ਵਿਚ ਇਥੇ ਲਿਆਂਦੀ ਗਈ ਦੱਸੀ ਜਾਂਦੀ ਹੈ। ਗੁਰਦੁਆਰੇ ਦੀ ਇਮਾਰਤ ਦਾ ਗੁੰਬਦ ਤਕਰੀਬਨ 10 ਮੀਟਰ ਦਾਇਰੇ ਵਾਲਾ ਹੈ।

### ਸਿਲਟ ਰੋਡ ਗੁਰਦੁਆਰੇ ਸਾਹਿਬ ਦਾ ਸੰਖੇਪ ਇਤਿਹਾਸ

ਸਿੱਖ ਆਜ਼ਾਦੀ ਘੁਲਾਟੀਏ ਭਾਈ ਮਹਾਰਾਜ ਸਿੰਘ ਦੀ ਯਾਦਗਾਰ 12 ਅਕਤੂਬਰ 1966 ਨੂੰ ਜਨਰਲ ਹਸਪਤਾਲ ਦੇ ਵਿਹੜੇ 'ਚੋਂ ਹਟਾ ਕੇ ਇਥੇ ਸਥਾਪਤ ਕੀਤੀ ਗਈ ਅਤੇ ਕੌਮੀ ਵਿਰਾਸਤੀ ਬੋਰਡ ਨੇ ਇਸ ਨੂੰ ਇਤਿਹਾਸਕ ਗੁਰਦੁਆਰਾ ਐਲਾਨਿਆ।

ਭਾਈ ਮਹਾਰਾਜ ਸਿੰਘ ਭਾਰਤੀ ਇਨਕਲਾਬੀ ਸੀ ਜੋ 1850 ਵਿਚ ਕੈਦੀ ਵਜੋਂ ਸਿੰਗਾਪੁਰ ਸਜ਼ਾ ਦੇਣ ਲਈ ਲਿਆਂਦਾ ਗਿਆ ਸੀ, ਕਿਉਂਕਿ ਉਦੋਂ ਸਿੰਗਾਪੁਰ ਬ੍ਰਿਟਿਸ਼ ਬਸਤੀ ਸੀ। ਉਸ ਨੂੰ ਪਰਲਜ਼ ਹਿੱਲ ਕੈਦ ਵਿਚ ਰੱਖਿਆ ਗਿਆ ਜਿਥੇ ਉਹ ਅੰਨ੍ਹਾ ਹੋ ਗਿਆ ਤੇ ਕੈਂਸਰ ਦਾ ਸ਼ਿਕਾਰ ਹੋਣ ਕਰਕੇ 5 ਜੁਲਾਈ 1856 ਨੂੰ ਉਸ ਦਾ ਦੇਹਾਂਤ ਹੋ ਗਿਆ। ਉਸ ਦਾ ਸਸਕਾਰ ਜੇਲ੍ਹ ਕੰਪਲੈਕਸ ਤੋਂ ਬਾਹਰ ਕੀਤਾ ਗਿਆ ਤੇ ਸਿੰਗਾਪੁਰ ਜਨਰਲ ਹਸਪਤਾਲ ਦੇ ਵਿਹੜੇ ਵਿਚ ਉਸ ਦੀ ਯਾਦ 'ਚ ਛੋਟਾ ਜਿਹਾ ਗੁੰਬਦ ਬਣਾ ਦਿੱਤਾ ਗਿਆ। 1966 ਵਿਚ ਇਹ ਗੁੰਬਦ ਉਥੋਂ ਹਟਾ ਕੇ ਇਥੇ ਲਿਆਂਦਾ ਗਿਆ ਜਿਸ ਕਾਰਨ ਇਹ ਗੁਰਦੁਆਰਾ ਮਸ਼ਹੂਰ ਹੋਇਆ। ਇਹ ਗੁਰਦੁਆਰਾ ਸਿਲਟ ਰੋਡ ਦੀ ਬਜਾਏ ਪਹਿਲਾਂ ਪਰਲਜ਼ ਹਿੱਲ ਵਿਖੇ ਹੁੰਦਾ ਸੀ, ਕਿਉਂਕਿ ਪੁਲਿਸ ਕੌਂਟੀਨੈਂਟ ਵਿਚ ਉਦੋਂ ਕਾਫੀ ਸਿੱਖ ਸਨ।

ਉਨ੍ਹੀਵੀਂ ਸਦੀ ਵਿਚ ਅੰਗਰੇਜ਼ਾਂ ਵੱਲੋਂ ਪੰਜਾਬ ਤੋਂ ਕਾਫੀ ਪੰਜਾਬੀ ਸਿੰਗਾਪੁਰ ਪੁਲਿਸ ਵਿਚ ਸਿਪਾਹੀ, ਚੌਕੀਦਾਰ ਤੇ ਸਕਿਉਰਿਟੀ ਗਾਰਡ ਵਜੋਂ ਭਰਤੀ ਕੀਤੇ ਗਏ ਸਨ। ਇਸ ਦਾ ਵੱਡਾ ਕਾਰਨ ਇਹ ਸੀ ਕਿ ਸਿੱਖਾਂ ਨੂੰ ਅੰਗਰੇਜ਼ ਲੜਾਕੂ ਤੇ ਵਫਾਦਾਰ ਕੌਮ ਸਮਝਦੇ ਸਨ। ਉਦੋਂ ਇਨ੍ਹਾਂ ਸਿੱਖਾਂ ਦੀ ਲੋੜ ਸੀ ਕਿ ਇਥੇ ਪੂਜਾ ਪਾਠ ਅਤੇ ਮਿਲਣ ਜੁਲਣ ਲਈ ਕੋਈ ਥਾਂ ਬਣੇ। 1920 'ਚ ਸਿੱਖ ਸਿਪਾਹੀਆਂ ਨੇ ਵੱਡੇ ਗੁਰਦੁਆਰੇ ਦੀ ਲੋੜ ਮਹਿਸੂਸ ਕੀਤੀ। ਪਹਿਲਾਂ ਸਿੰਗਾਪੁਰ ਆਉਂਦੇ ਪਰਵਾਸੀ ਸਿੱਖਾਂ ਨੂੰ ਪਹਿਲੀ ਠਹਿਰ ਵਜੋਂ ਬੈਰਕਾਂ ਵਿਚ ਠਹਿਰਾਇਆ ਜਾਂਦਾ ਸੀ। ਹੌਲੀ-ਹੌਲੀ ਇਨ੍ਹਾਂ ਪਰਵਾਸੀਆਂ ਦੀ ਗਿਣਤੀ ਵਧ ਗਈ ਤੇ ਇਨ੍ਹਾਂ ਨੂੰ ਬੈਰਕਾਂ ਵਿਚ ਠਹਿਰਾਉਣਾ ਸੰਭਵ ਨਾ ਰਿਹਾ। ਅੰਗਰੇਜ਼ੀ ਪ੍ਰਸ਼ਾਸਨ ਵਲੋਂ ਸਿਪਾਹੀਆਂ ਨੂੰ ਆਪਣੇ ਕੁਆਰਟਰਾਂ ਅੰਦਰ ਹੀ ਰਹਿਣ ਦੀ ਕਾਨੂੰਨੀ ਹਦਾਇਤ ਜਾਰੀ ਹੋਈ।

1942 ਤੋਂ 1945 ਤਕ ਸਿੰਗਾਪੁਰ 'ਤੇ ਜਪਾਨ ਦਾ ਕਬਜ਼ਾ ਰਿਹਾ। ਇਹ ਗੁਰਦੁਆਰਾ ਉਦੋਂ ਜੰਗੀ ਵਿਧਵਾਵਾਂ ਤੇ ਬੱਚਿਆਂ ਲਈ ਪਨਾਹ ਬਣਿਆ ਹੋਇਆ ਸੀ। ਵਿਧਵਾਵਾਂ ਨੇ ਇਸ ਬਦਲੇ ਉਥੇ ਲੰਗਰ ਬਣਾਉਣਾ ਸ਼ੁਰੂ ਕਰ ਦਿੱਤਾ। ਜੰਗ ਮੁੱਕਣ ਪਿੱਛੋਂ ਵਿਧਵਾਵਾਂ ਤੇ ਔਰਤਾਂ ਨੂੰ ਸਥਾਨਕ ਸਿੱਖ ਭਾਈਚਾਰੇ ਦੀ ਮਦਦ ਨਾਲ ਭਾਰਤ ਭੇਜਿਆ ਗਿਆ।

ਉਦੋਂ ਤਕ ਅੰਗਰੇਜ਼ਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਸਿੱਖ ਲੜਾਕੂ, ਬਹਾਦਰ ਤੇ ਵਫਾਦਾਰ ਸਿਪਾਹੀ ਹਨ। ਇਸ ਕਰਕੇ ਉਨ੍ਹਾਂ ਨੂੰ ਸਿੰਗਾਪੁਰ ਦੀ ਪੁਲਿਸ ਵਿਚ ਭਰਤੀ ਕੀਤਾ ਗਿਆ।

ਸਿਲਕ ਰੋਡ ਗੁਰਦੁਆਰੇ ਵਿਚ ਚੌਵੀ ਘੰਟੇ ਲੰਗਰ ਦੀ ਸੇਵਾ ਚਲਦੀ ਹੈ ਜਿਥੇ ਵੱਡੀ ਗਿਣਤੀ ਵਿਚ ਮਿਹਨਤਕਸ਼ ਪਰਵਾਸੀ ਪੰਜਾਬੀ ਭਾਈਚਾਰਾ ਸਵੇਰੇ ਸ਼ਾਮ ਲੰਗਰ ਛਕ ਸਕਦਾ ਹੈ। ਇਸ ਨਾਲ ਉਨ੍ਹਾਂ ਦੀ ਆਰਥਿਕ ਬੱਚਤ ਤਾਂ ਹੁੰਦੀ ਹੀ ਹੈ ਸਗੋਂ ਇਥੇ ਉਹ ਆਪਸ 'ਚ ਮਿਲ ਵੀ ਲੈਂਦੇ ਹਨ। ਇਥੇ ਕਿਸੇ ਕਿਸਮ ਦੀ ਧਾਰਮਿਕ ਕੱਟੜਤਾ ਦੇਖਣ ਨੂੰ ਨਹੀਂ ਮਿਲਦੀ, ਸਗੋਂ ਸੇਵਾ ਭਾਵ ਤੇ ਸਾਦਗੀ ਹੀ ਨਜ਼ਰ ਆਉਂਦੀ ਹੈ।

ਪਰਵਾਸੀ ਕਾਮਿਆਂ ਨੂੰ ਸਿੰਗਾਪੁਰ ਵਿਚ ਗੁਜ਼ਾਰੇ ਲਾਇਕ ਤਨਖਾਹ ਤਾਂ ਮਿਲਦੀ ਹੈ ਪਰ ਮਹਿੰਗਾਈ ਹੋਣ ਕਰਕੇ ਮਕਾਨਾਂ ਦਾ ਕਿਰਾਇਆ ਤੇ ਘਰੇਲੂ ਖਰਚਿਆਂ ਤੋਂ ਬੱਚਤ ਕਰਨੀ ਹੀ ਪੈਂਦੀ ਹੈ। ਇਸ ਕਰਕੇ ਗੁਰਦੁਆਰਿਆਂ 'ਚ ਚੱਲਦੇ ਮੁਫਤ ਲੰਗਰ ਦੀ ਪ੍ਰਥਾ ਉਨ੍ਹਾਂ ਲਈ ਬਹੁਤ ਹੀ ਸਹਾਈ ਹੁੰਦੀ ਹੈ। ਇਸ ਤੋਂ ਇਲਾਵਾ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਅਤੇ ਸੈਂਟਰਲ ਗੁਰਦੁਆਰਾ ਸਾਹਿਬ ਵੀ ਇਥੇ ਦੇਖਣ ਯੋਗ ਹਨ।

# ਪਰਦੇਸੀ ਸੁੰਦਰੀਆਂ ਦਾ ਫਿਲਮੀ ਜਲੌਅ

ਵਿਦੇਸ਼ਾਂ ਤੋਂ ਆਈਆਂ ਕਈ ਨਾਇਕਾਵਾਂ ਬੌਲੀਵੁੱਡ ਵਿਚ ਸਥਾਪਤ ਤਾਂ ਹੋ ਗਈਆਂ, ਫਿਰ ਵੀ ਫਿਲਮਾਂ ਵਿਚ ਉਨ੍ਹਾਂ ਨੂੰ ਕਦੇ ਬਿਹਤਰੀਨ ਅਭਿਨੇਤਰੀ ਦਾ ਤਮਗਾ ਹਾਸਲ ਨਹੀਂ ਹੋ ਸਕਿਆ। ਕਾਰਨ ਭਾਸ਼ਾਈ ਭਿੰਨਤਾ ਹੈ, ਭਾਵ ਹਿੰਦੀ ਵਿਚ ਡਾਇਲਾਗ ਨਾ ਬੋਲ ਸਕਣਾ। ਸਖਤ ਸਿਖਲਾਈ ਦੇ ਬਾਵਜੂਦ ਇਹ ਅਭਿਨੇਤਰੀਆਂ ਆਪਣਾ ਲਹਿਜ਼ਾ ਨਹੀਂ ਸੁਧਾਰ ਸਕੀਆਂ। ਸ਼ੁਰੂਆਤ ਵਿਚ ਇਨ੍ਹਾਂ ਲਈ ਦਰਸ਼ਕਾਂ ਅੰਦਰ ਵੀ ਦੀਵਾਨਗੀ ਦੇਖੀ ਜਾਂਦੀ ਸੀ ਪਰ ਕੁਝ ਸਾਲਾਂ ਵਿਚ ਉਨ੍ਹਾਂ ਦੀ ਪਸੰਦ ਵੀ ਬਦਲ ਗਈ ਹੈ। ਇਹੀ ਵਜ੍ਹਾ ਹੈ ਕਿ ਜ਼ਿਆਦਾਤਰ ਫਿਲਮਾਂ ਵਿਚ ਵਿਦੇਸ਼ੀ ਅਭਿਨੇਤਰੀਆਂ ਹੁਣ ਆਈਟਮ ਬਣ ਕੇ ਰਹਿ ਗਈਆਂ ਹਨ। ਫਿਲਮ ਹੀਰੋ ਦੇ ਦਮ 'ਤੇ ਚੱਲ ਵੀ ਜਾਏ ਪਰ ਇਨ੍ਹਾਂ ਅਭਿਨੇਤਰੀਆਂ ਦਾ ਕੰਮ ਸਿਰਫ ਗਲੈਮਰ ਭਰਨਾ ਰਹਿ ਗਿਆ ਹੈ।

ਕੈਨੇਡਾ ਵਿਚ ਪੈਦਾ ਹੋਈ ਡਾਂਸਰ-ਅਭਿਨੇਤਰੀ ਨੋਰਾ ਫਤੇਹੀ ਨੇ ਹੌਲੀ-ਹੌਲੀ ਭਾਰਤੀ ਫਿਲਮਾਂ ਵਿਚ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ ਹਨ। ਉਹ ਸ਼ਾਇਦ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਗਈ ਹੈ ਕਿ ਹਿੰਦੀ ਫਿਲਮਾਂ ਵਿਚ ਜੇ ਆਪਣਾ ਮੁਕਾਮ ਹਾਸਲ ਕਰਨਾ ਹੈ ਤਾਂ ਇਥੋਂ ਦੇ ਤੌਰ ਤਰੀਕੇ ਜਲਦੀ ਸਿੱਖਣੇ ਪੈਣਗੇ। ਇਸ ਲਈ ਉਹ ਅੱਜ ਕੱਲ੍ਹ ਜ਼ੋਰਦਾਰ ਤਿਆਰੀ ਕਰ ਰਹੀ ਹੈ। ਉਸ ਨੇ ਹੁਣ ਠੀਕ-ਠਾਕ ਹਿੰਦੀ ਬੋਲਣੀ ਸ਼ੁਰੂ ਵੀ ਕਰ ਦਿੱਤੀ ਹੈ। ਉਂਜ ਕੁਝ ਅਪਵਾਦਾਂ ਨੂੰ ਛੱਡ ਦਈਏ ਤਾਂ ਜ਼ਿਆਦਾਤਰ ਅਭਿਨੇਤਰੀਆਂ ਮੁੱਢਲੀ ਤਿਆਰੀ ਨਾਲ ਫਿਲਮਾਂ ਵਿਚ ਆਉਂਦੀਆਂ ਹਨ ਜਿਸ ਵਿਚ ਅਦਾਕਾਰੀ ਦੀ ਥੋੜ੍ਹੀ ਬਹੁਤ ਸਮਝ ਦੇ ਨਾਲ ਹੀ ਹਿੰਦੀ ਦਾ ਗਿਆਨ ਅਤੇ ਡਾਂਸ ਸਿੱਖਿਆ ਸ਼ਾਮਲ ਹੈ। ਸਕਰੀਨ 'ਤੇ ਪੇਸ਼ਕਾਰੀ ਲਈ ਬਾਕੀ ਚੀਜ਼ਾਂ ਉਹ ਸ਼ੂਟਿੰਗ ਦੌਰਾਨ ਸਿੱਖਦੀਆਂ ਹਨ।

ਜਿਥੋਂ ਤਕ ਵਿਦੇਸ਼ੀ ਅਭਿਨੇਤਰੀਆਂ ਦਾ ਸੁਆਲ ਹੈ, ਜ਼ਿਆਦਾਤਰ ਪੈਸੇ ਕਮਾਉਣ ਦੇ ਉਦੇਸ਼ ਨਾਲ ਸਿਰਫ ਆਪਣੇ ਗਲੈਮਰ ਦੇ ਭਰੋਸੇ ਹੀ ਰਹਿੰਦੀਆਂ ਹਨ। ਇਹ ਗੱਲ ਠੀਕ ਹੈ ਕਿ ਭਾਰਤੀ ਹੀਰੋਇਨਾਂ ਦੀ ਤੁਲਨਾ ਵਿਚ ਉਨ੍ਹਾਂ ਨੂੰ ਹਰ ਮਾਮਲੇ ਵਿਚ ਇਥੇ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਹਿੰਦੀ ਫਿਲਮਾਂ ਦਾ ਸਾਰਾ ਸੈੱਟਅਪ ਉਨ੍ਹਾਂ ਲਈ ਜ਼ਿਆਦਾਤਰ ਓਪਰਾ ਹੁੰਦਾ ਹੈ। ਇਸ ਸੂਰਤ ਵਿਚ ਹਿੰਦੀ ਅਧਿਆਪਕ ਦੇ ਇਲਾਵਾ ਸਹਿਯੋਗੀ ਕਲਾਕਾਰ ਅਤੇ ਨਿਰਦੇਸ਼ਕ ਦੀ ਮਦਦ ਨਾਲ ਉਹ ਹਿੰਦੀ ਦੇ ਨਾਲ-ਨਾਲ ਬੌਲੀਵੁਡ ਦੇ ਸਾਰੇ ਤੌਰ ਤਰੀਕੇ ਸਿੱਖਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਦੀ ਵਧੀਆ ਮਿਸਾਲ ਵਜੋਂ ਅਭਿਨੇਤਰੀ ਹੈਲਨ ਦਾ ਨਾਂ ਲਿਆ ਜਾ ਸਕਦਾ ਹੈ। ਬਰਮਾ ਵਿਚ ਪੈਦਾ ਹੋਈ ਹੈਲਨ ਦਾ ਫਿਲਮੀ ਗਿਆਨ ਜ਼ੀਰੋ ਹੀ ਸੀ। ਉਹ ਦੱਸਦੀ ਹੈ, "ਮੈਂ ਸ਼ੁਰੂ-ਸ਼ੁਰੂ ਵਿਚ ਹਿੰਦੀ ਦੇ ਇਕ ਪੰਡਿਤ ਜੀ ਦੀਆਂ ਸੇਵਾਵਾਂ ਲਈਆਂ, ਆਪਣੇ ਸੀਨੀਅਰ ਅਦਾਕਾਰਾਂ ਤੋਂ ਇਹ ਸਿੱਖਿਆ ਕਿ ਕੈਮਰੇ ਦੇ ਸਾਹਮਣੇ ਕਿਵੇਂ ਆਉਣਾ ਹੈ। ਦਾਦਾਮੁਨੀ ਅਸ਼ੋਕ ਕਮੁਾਰ ਨੇ ਮੈਨੂੰ ਸਮਝਾਇਆ ਕਿ ਹਿੰਦੀ ਸਿੱਖਣਾ ਬਹੁਤ ਆਸਾਨ ਹੈ। ਮੈਂ ਜਲਦੀ ਹੀ ਟੁੱਟੀ ਫੁੱਟੀ ਹਿੰਦੀ ਬੋਲਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦਿਨਾਂ ਵਿਚ ਹਿੰਦੀ ਸਿੱਖਣ ਲਈ ਹੀ ਲੋਕਾਂ ਨਾਲ ਹਿੰਦੀ ਵਿਚ ਹੀ ਗੱਲ ਕਰਦੀ ਸੀ।"

ਹਿੰਦੀ-ਉਰਦੂ ਦੇ ਚੰਗੇ ਜਾਣਕਾਰ ਜਮਾਲ ਹੈਦਰ ਪਿਛਲੇ ਕਈ ਸਾਲਾਂ ਤੋਂ ਵਿਦੇਸ਼ ਤੋਂ ਆਈਆਂ ਅਭਿਨੇਤਰੀਆਂ ਨੂੰ ਹਿੰਦੀ-ਉਰਦੂ ਦਾ ਪਾਠ ਪੜ੍ਹਾ ਰਹੇ ਹਨ। ਜਦੋਂ ਉਨ੍ਹਾਂ ਨਾਲ ਗੱਲ ਕੀਤੀ ਤਾਂ ਉਹ ਕੈਨੇਡਾ ਤੋਂ ਆਈ ਇਕ ਗਾਇਕਾ-ਅਭਿਨੇਤਰੀ ਨਤਾਲੀ ਨੂੰ ਹਿੰਦੀ ਸਿੱਖਾ ਰਹੇ ਸਨ। ਦੂਜੇ ਪਾਸੇ ਉਸ ਦੀ ਇਕ ਵਿਦਿਆਰਥਣ ਐਲੀ ਅਵਰਾਮ



ਕੈਟਰੀਨਾ ਕੈਫ

ਕਾਫੀ ਸਿੱਖਣ ਦੇ ਬਾਵਜੂਦ ਹਿੰਦੀ ਫਿਲਮਾਂ ਵਿਚ ਕੋਈ ਜਗ੍ਹਾ ਨਹੀਂ ਬਣਾ ਸਕੀ। ਐਲੀ ਦੱਸਦੀ ਹੈ, "ਵਿਦੇਸ਼ ਵਿਚ ਰਹਿਣ ਦੌਰਾਨ ਹੀ ਭਾਰਤ ਅਤੇ ਇਥੋਂ ਦੀਆਂ ਹਿੰਦੀ ਫਿਲਮਾਂ ਪ੍ਰਤੀ ਮੇਰਾ ਖਾਸ



ਨੋਰਾ ਫਤੇਹੀ

ਝੁਕਾਅ ਰਿਹਾ ਹੈ। ਛੋਟੀ ਉਮਰ ਵਿਚ ਹੀ ਮੈਂ ਸਟਾਕਹੋਮ ਵਿਚ ਹਿੰਦੀ ਫਿਲਮਾਂ ਦੇਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਫਿਰ ਜਦੋਂ ਹਿੰਦੀ ਫਿਲਮਾਂ ਵਿਚ ਕੰਮ ਕਰਨ ਦਾ ਮਨ ਬਣਾਇਆ ਤਾਂ ਉਦੋਂ ਤੋਂ ਹੀ ਭਾਸ਼ਾ, ਅਦਾਕਾਰੀ ਅਤੇ ਡਾਂਸ ਦੀਆਂ ਕਲਾਸਾਂ ਸ਼ੁਰੂ ਕਰ ਦਿੱਤੀਆਂ ਸਨ।"

ਕੈਟਰੀਨਾ ਕੈਫ, ਜੈਕੁਲਿਨ ਫਰਨਾਂਡੇਜ਼ ਆਦਿ ਕੁਝ ਵਿਦੇਸ਼ੀ ਅਭਿਨੇਤਰੀਆਂ ਸਲਮਾਨ ਖਾਨ ਦੇ ਦਿਸ਼ਾ ਨਿਰਦੇਸ਼ਾਂ ਅਤੇ ਮਦਦ ਦੇ ਬਾਵਜੂਦ ਫਿਲਮਾਂ ਵਿਚ ਆਪਣਾ ਕੋਈ ਆਧਾਰ ਨਹੀਂ ਬਣਾ ਸਕੀਆਂ। ਅਜੇ ਵੀ ਇਨ੍ਹਾਂ ਨੂੰ ਸਿਰਫ ਸ਼ੋਅ ਪੀਸ ਸਮਝਿਆ ਜਾਂਦਾ ਹੈ। ਉਂਜ ਫਿਲਮ ਇੰਡਸਟਰੀ ਵਿਚ ਅਦਾਕਾਰੀ ਅਤੇ ਡਾਂਸ ਦੇ ਇਲਾਵਾ ਸਿੱਖਿਆ ਦੇਣ ਲਈ ਕਈ ਅਧਿਆਪਕ ਮੌਜੂਦ ਹਨ। ਇਹ ਅਧਿਆਪਕ ਪਾਰਟ ਟਾਈਮ ਹਿੰਦੀ ਦੀਆਂ ਕਲਾਸਾਂ ਲੈਣ ਦੇ ਨਾਲ ਹੀ ਸਿਤਾਰਿਆਂ ਨੂੰ ਸਹੀ ਢੰਗ ਨਾਲ ਸੰਵਾਦ ਬੋਲਣਾ ਵੀ ਸਿਖਾਉਂਦੇ ਹਨ। ਅਜਿਹੇ ਹੀ ਇਕ ਅਧਿਆਪਕ ਵੀ.ਪੀ. ਦੀ ਕਲਾਸ ਬਹੁਤ ਮਸ਼ਹੂਰ ਹੈ। ਜ਼ਰੂਰਤ ਪੈਣ 'ਤੇ ਉਹ ਇਨ੍ਹਾਂ ਵਿਦੇਸ਼ੀ ਅਭਿਨੇਤਰੀਆਂ ਨੂੰ ਘਰੇ ਜਾ ਕੇ ਵੀ ਸਿਖਾਉਂਦੇ ਹਨ। ਵੀ.ਪੀ. ਅਨੁਸਾਰ, "ਮੈਂ ਰੋਮਨ ਵਿਚ ਸਾਰੇ ਮੁਸ਼ਕਿਲ ਸੰਵਾਦ ਤਿਆਰ ਕਰਕੇ ਰੱਖੇ ਹੋਏ ਹਨ ਜਿਸ ਦਾ ਅਰਥ ਅੰਗਰੇਜ਼ੀ ਵਿਚ ਵੀ ਲਿਖਿਆ ਹੁੰਦਾ ਹੈ। ਪਹਿਲਾਂ ਮੈਂ ਉਨ੍ਹਾਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਧਿਆਨ ਨਾਲ ਇਸ ਨੂੰ ਇਕ-ਦੋ ਵਾਰ ਪੜ੍ਹ ਲੈਣ। ਇਸ ਤੋਂ ਬਾਅਦ ਮੇਰੀ ਸਿੱਖਿਆ ਸ਼ੁਰੂ ਹੁੰਦੀ ਹੈ।"

ਡਾਂਸ ਦੇ ਮਾਮਲੇ ਵਿਚ ਪ੍ਰਸਿਧ ਕੋਰਿਓਗ੍ਰਾਫਰ ਗਣੇਸ਼ ਆਚਾਰਿਆ ਦੀਆਂ ਡਾਂਸ ਕਲਾਸਾਂ ਬਹੁਤ ਮਸ਼ਹੂਰ ਹਨ। ਕੈਟਰੀਨਾ, ਸਨੀ ਲਿਓਨ, ਜੈਕੁਲਿਨ ਵਰਗੀਆਂ ਕਈ ਵਿਦੇਸ਼ੀ ਅਭਿਨੇਤਰੀਆਂ ਵੀ ਉਸ ਦੀਆਂ ਵਿਦਿਆਰਥਣਾਂ ਰਹਿ ਚੁੱਕੀਆਂ ਹਨ। ਗਣੇਸ਼ ਕਹਿੰਦਾ ਹੈ, "ਆਤਮਵਿਸ਼ਵਾਸ ਨਾਲ ਭਰੇ ਹੋਣ ਦੇ ਬਾਵਜੂਦ ਸਿਰਫ ਕੈਟਰੀਨਾ ਹੀ ਨਹੀਂ, ਜੈਕੁਲਿਨ ਫਰਨਾਂਡੇਜ਼, ਯਾਨਾ ਗੁਪਤਾ, ਸਨੀ ਲਿਓਨ, ਨਰਗਿਸ ਫਾਖਰੀ, ਐਮੀ ਜੈਕਸਨ ਆਦਿ ਵਿਦੇਸ਼ੀ ਅਭਿਨੇਤਰੀਆਂ ਦੇ ਅੰਦਰ ਦੀ ਹਿਚਕਿਚਾਹਟ ਦੇਰ ਨਾਲ ਹੀ ਜਾਂਦੀ ਹੈ। ਇਸ ਬਾਰੇ ਸਨੀ ਲਿਓਨ ਦਾ ਜਵਾਬ ਬਹੁਤ ਦਿਲਚਸਪ ਹੈ, "ਸ਼ੁਰੂ ਸ਼ੁਰੂ ਵਿਚ ਮੈਂ ਪੜ੍ਹ-ਪੜ੍ਹ ਕੇ 'ਜਿਸਮ-2' ਦੀ ਪੂਰੀ ਸਕਰਿਪਟ ਯਾਦ ਕਰ ਲਈ ਸੀ। ਹੁਣ ਮੈਂ ਆਪਣੀਆਂ ਹੋਰ ਫਿਲਮਾਂ ਦੀ ਸਕਰਿਪਟ ਨੂੰ ਲੈ ਕੇ ਵੀ ਇਸ ਤਰ੍ਹਾਂ ਹੀ ਕਰਦੀ ਹਾਂ ਪਰ ਮੇਰੀ ਗੱਲਬਾਤ ਵਿਚ ਅੰਗਰੇਜ਼ੀ ਦਾ ਲਹਿਜ਼ਾ ਜ਼ਿਆਦਾ ਹੈ। ਦਰਅਸਲ ਮੈਂ ਅਦਾਕਾਰੀ ਅਤੇ ਡਾਂਸ ਸਿੱਖਣ ਵਿਚ ਇੰਨੀ ਮਸਰੂਫ ਹੋ ਗਈ ਸੀ ਕਿ ਹਿੰਦੀ ਸਿੱਖਣ ਵੱਲ ਮੇਰਾ ਧਿਆਨ ਹੀ ਨਹੀਂ ਗਿਆ। ਫਿਰ ਵੀ, ਮੈਂ ਹਾਰ ਨਹੀਂ ਮੰਨੀ।"



ਜੈਕੁਲਿਨ ਫਰਨਾਂਡੇਜ਼

ਉਂਜ ਇਹ ਅਭਿਨੇਤਰੀਆਂ ਇਸ ਗੱਲ ਦਾ ਢਿੰਡੋਰਾ ਪਿੱਟਦੀਆਂ ਰਹਿੰਦੀਆਂ ਹਨ ਕਿ ਉਹ ਆਪਣੀ ਟਰੇਨਿੰਗ ਬਾਰੇ ਬਹੁਤ ਸੁਚੇਤ ਹਨ ਜਦਕਿ ਕੈਟਰੀਨਾ, ਜੈਕੁਲਿਨ, ਨਰਗਿਸ ਫਾਖਰੀ ਦੀਆਂ ਉਪਲਬਧੀਆਂ ਤੋਂ ਤਾਂ ਅਜਿਹਾ ਲੱਗਦਾ ਨਹੀਂ ਹੈ। ਸ੍ਰੀਲੰਕਾ ਤੋਂ ਆਈ ਜੈਕੁਲਿਨ ਕਹਿੰਦੀ ਹੈ, "ਲਗਾਤਾਰ ਡਾਂਸ ਪ੍ਰੈਕਟਿਸ ਅਤੇ ਸੀਨੀਅਰ ਸਹਿ ਅਦਾਕਾਰਾਂ ਤੋਂ ਅਦਾਕਾਰੀ ਨੁਕਤੇ ਲੈਣੇ ਮੈਂ ਕਦੇ ਨਹੀਂ ਭੁੱਲਦੀ। ਸਿੱਖਣ ਦੀ ਇਛਾ ਹੈ, ਇਸ ਲਈ ਰਿਤੇਸ਼ ਦੇਸ਼ਮੁਖ ਦੀ ਮਦਦ ਨਾਲ ਮੈਂ ਕਾਫੀ ਮਰਾਠੀ ਸਿੱਖ ਲਈ ਹੈ। ਅਕਸਰ ਮੈਂ ਹੁਣ ਮਰਾਠੀ ਲੋਕਾਂ ਨਾਲ ਮਰਾਠੀ ਵਿਚ ਹੀ ਗੱਲ ਕਰਦੀ ਹਾਂ। ਹਿੰਦੀ ਦੇ ਮਾਮਲੇ ਵਿਚ ਮੈਂ ਸ਼ੁਰੂ ਤੋਂ ਹੀ ਸੁਚੇਤ ਸੀ। ਸਲਮਾਨ ਵੀ ਇਸ ਮਾਮਲੇ ਵਿਚ ਮੇਰੀ ਬਹੁਤ ਮਦਦ ਕਰਦੇ ਹਨ।" ਪਰ ਹਾਲਤ ਇਹ ਹੈ ਕਿ ਹਿੰਦੀ ਫਿਲਮਾਂ ਵਿਚ ਉਸ ਨੂੰ ਹੁਣ ਜ਼ਿਆਦਾ ਤਵੱਜੋ ਨਹੀਂ ਮਿਲ ਰਹੀ। ਕੁਝ ਅਜਿਹਾ ਹੀ ਹਾਲ ਕੈਟਰੀਨਾ ਦਾ ਹੈ। ਬਸ ਉਹ ਇੰਨੀ ਕੁ ਕਿਸਮਤ ਵਾਲੀ ਹੈ ਕਿ ਉਸ ਨੂੰ ਸਲਮਾਨ ਖਾਨ ਦੀ ਮਦਦ ਮਿਲਦੀ ਰਹਿੰਦੀ ਹੈ।

ਨਿਰਦੇਸ਼ਕ ਮਹੇਸ਼ ਭੱਟ ਦਾ ਕਹਿਣਾ ਹੈ, "ਬੌਲੀਵੁੱਡ ਫਿਲਮਾਂ ਲਈ ਸਨੀ ਲਿਓਨ ਦੇ ਲਗਾਓ ਨੂੰ ਦੇਖਦੇ ਹੋਏ ਮੈਂ ਖੁਦ ਉਸ ਨੂੰ ਬਹੁਤ ਕੁਝ ਸਮਝਾਇਆ, ਫਿਰ ਵੀ ਸੰਵਾਦਾਂ ਦੀ ਬਿਹਤਰੀ ਲਈ ਅਸੀਂ ਉਸ ਦੇ ਕੁਝ ਸੰਵਾਦਾਂ ਦੀ ਡਬਿੰਗ ਕੀਤੀ ਹੈ। ਮੈਂ ਸਨੀ ਨਾਲ ਵਾਅਦਾ ਕੀਤਾ ਹੋਇਆ ਹੈ ਕਿ ਅਗਲੀ ਵਾਰ ਉਸ ਨਾਲ ਕੰਮ ਕਰਾਂਗਾ ਤਾਂ ਆਪਣੀ ਸਾਰੀ ਡਬਿੰਗ ਉਹ ਖੁਦ ਹੀ ਕਰੇਗੀ।" ਅਸਲ ਵਿਚ ਸਿੱਖਣ ਦੀ ਇਛਾ ਵੀ ਹੋਣੀ ਚਾਹੀਦੀ ਹੈ। ਇਸੇ ਕਰਕੇ ਨਰਗਿਸ ਫਾਖਰੀ ਦੀ ਵਿਦਾਈ ਹੋ ਗਈ। ਉਹ ਮੰਨਦੀ ਹੈ ਕਿ ਇਸ ਮਾਮਲੇ ਵਿਚ ਫਿਲਮੀ ਕਲਾਸਾਂ ਤੋਂ ਇਲਾਵਾ ਕਈ ਡਾਇਰੈਕਟਰਾਂ ਨੇ ਵੀ ਉਸ ਦੀ ਕਾਫੀ ਮਦਦ ਕੀਤੀ ਪਰ ਉਹ ਕਦੇ ਆਪਣੀ ਅਦਾਕਾਰੀ ਨੂੰ ਲੈ ਕੇ ਜ਼ਿਆਦਾ ਸੰਜੀਦਾ ਨਹੀਂ ਹੋ ਸਕੀ। ਸਾਫ ਹੈ ਕਿ ਅਭਿਨੇਤਰੀ ਦੇਸ਼ ਤੋਂ ਹੋਵੇ ਜਾਂ ਵਿਦੇਸ਼ ਤੋਂ, ਜੋ ਲਗਾਤਾਰ ਸੰਘਰਸ਼ ਕਰੇਗੀ, ਉਸ ਨੂੰ ਹੀ ਮਾਨਤਾ ਮਿਲੇਗੀ। ਕੰਗਨਾ, ਦੀਪਿਕਾ, ਪ੍ਰਿਅੰਕਾ ਸਮੇਤ ਕਈ ਅਭਿਨੇਤਰੀਆਂ ਇਸ ਦੀਆਂ ਮਿਸਾਲਾਂ ਹਨ।

-ਏ. ਚੱਕਰਵਰਤੀ

# ਨਸ਼ਿਆਂ ਦਾ ਕਿੱਸਾ: 'ਧੂੰਆਂ' ਅਤੇ 'ਉੜਤਾ ਪੰਜਾਬ'


ਪੰਜਾਬ ਮੌਜੂਦਾ ਦੌਰ ਵਿਚ ਕਈ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਇਸ ਵਿਚ ਨਸ਼ਾ ਅਹਿਮ ਹੈ ਜੋ ਪੰਜਾਬ ਨੂੰ ਦਿਨ-ਬ-ਦਿਨ ਘੁਣ ਵਾਂਗ ਖਾ ਰਿਹਾ ਹੈ। ਇਹੀ ਕਾਰਨ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵੱਲ ਧੱਕ ਰਹੇ ਹਨ। ਇਹ ਸਮੁੱਚਾ ਵਰਤਾਰਾ ਪੰਜਾਬ ਨੂੰ ਆਸਹੀਣ ਤੇ ਭਵਿਖ ਲਈ ਦਿਸ਼ਾਹੀਣ ਬਣਾਉਂਦਾ ਹੈ। ਇਸ ਤਰ੍ਹਾਂ ਦੀਆਂ ਮੁਸੀਬਤਾਂ ਨਾਲ ਨਜਿੱਠਣਾ ਜਿਥੇ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ, ਉਥੇ ਸਾਹਿਤਕਾਰ, ਕਲਾਕਾਰ, ਬੁੱਧੀਜੀਵੀ ਤੇ ਫਿਲਮਸਾਜ਼ਾਂ ਨੂੰ ਵੀ ਸਾਰਥਕ ਭੂਮਿਕਾ ਨਿਭਾਉਣੀ ਚਾਹੀਦੀ ਹੈ।

'ਧੂੰਆਂ' ਪਾਕਿਸਤਾਨੀ ਨਾਟਕ ਹੈ ਜਿਸ ਦਾ ਲੇਖਕ ਅਸ਼ਿਰ ਅਜ਼ੀਮ ਅਤੇ ਨਿਰਦੇਸ਼ਕ ਸਾਜਿਦ ਅਹਿਮਦ ਹੈ। ਇਹ ਨਾਟਕ 1994 ਵਿਚ ਪਾਕਿਸਤਾਨੀ ਟੀ.ਵੀ. ਚੈਨਲ 'ਤੇ ਦਿਖਾਇਆ ਗਿਆ। ਆਪਣੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦੇ ਲੋਕਾਂ ਨੇ ਵੀ ਟੀ.ਵੀ. 'ਤੇ ਇਸ ਨਾਟਕ ਨੂੰ ਦੇਖਿਆ। ਸਰਹੱਦੀ ਇਲਾਕੇ ਦੇ ਲੋਕ, ਭਾਵੇਂ ਉਹ ਪੂਰਬੀ ਪੰਜਾਬ ਦੇ ਹੋਣ ਜਾਂ ਫਿਰ ਪੱਛਮੀ ਪੰਜਾਬ ਦੇ ਟੀ.ਵੀ. ਤੇ ਰੇਡੀਓ ਦੇ ਮਾਧਿਅਮ ਰਾਹੀਂ ਇਕ-ਦੂਜੇ ਨਾਲ ਸਾਂਝ ਬਣਾਈ ਰੱਖਦੇ ਹਨ।

'ਧੂੰਆਂ' ਨਾਟਕ ਦਾ ਬਿਰਤਾਂਤ ਨਸ਼ੇ ਦੇ ਤਸਕਰਾਂ ਅਤੇ ਨਸ਼ੇ ਖਿਲਾਫ ਲੜਨ ਵਾਲੇ ਦੋਸਤਾਂ ਦੁਆਲੇ ਘੁੰਮਦਾ ਹੈ। ਇਹ ਪੰਜ ਦੋਸਤ ਪੜ੍ਹੇ-ਲਿਖੇ, ਸੂਝਵਾਨ ਤੇ ਇਮਾਨਦਾਰ ਹਨ ਜਿਨ੍ਹਾਂ ਵਿਚ ਅਜ਼ਹਰ ਪੁਲਿਸ ਅਫਸਰ ਦੀ ਅਹਿਮ ਭੂਮਿਕਾ ਨਿਭਾਉਂਦਾ ਹੈ। ਬਾਕੀ ਦੋਸਤਾਂ ਵਿਚ ਡਾਕਟਰ, ਪੱਤਰਕਾਰ, ਬਿਜ਼ਨਸਮੈਨ, ਪੜ੍ਹਿਆ-ਲਿਖਿਆ ਜ਼ਿਮੀਂਦਾਰ ਹੈ। ਇਹ ਸਾਰੇ ਨਸ਼ੇ ਦੇ ਕਾਰੋਬਾਰ ਨੂੰ ਠੱਲ੍ਹ ਪਾਉਣ ਦਾ ਯਤਨ ਕਰਦੇ ਹਨ।

ਨਾਟਕ ਦਾ ਬਿਰਤਾਂਤ ਅੱਸੀਵੇਂ ਦੇ ਦਹਾਕੇ ਜਦੋਂ ਪਾਕਿਸਤਾਨ ਵਿਚ ਕੋਇਟਾ ਵਿਖੇ ਨਸ਼ੇ ਦੇ ਤਸਕਰਾਂ ਨੇ ਆਪਣੇ ਪੈਰ ਜਮਾ ਲਏ ਸਨ, ਦੁਆਲੇ ਘੁੰਮਦਾ ਹੈ। ਇਸ ਨਾਲ ਉਥੋਂ ਦੇ ਲੋਕ ਲਪੇਟ ਵਿਚ ਆ ਗਏ ਸਨ। ਇਸ ਮੰਜ਼ਰ ਦੀ ਤਸਵੀਰ ਇਸ ਨਾਟਕ ਨੂੰ ਦੇਖਣ ਤੋਂ ਮਿਲ ਜਾਂਦੀ ਹੈ, ਜਦੋਂ ਨਾਟਕ ਦੀ ਪਹਿਲੀ ਕਿਸ਼ਤ ਦੇ ਪਹਿਲੇ ਵਿਸ਼ੇ ਵਿਚ ਅਜ਼ਹਰ ਐਸ.ਪੀ. ਦਾ ਚਾਰਜ ਲੈਂਦਾ ਹੈ ਤਾਂ ਪੁਲਿਸ ਦੇ ਕਰਮਚਾਰੀ ਕੁਝ ਛੋਟੇ ਨਸ਼ਾ ਤਸਕਰਾਂ ਅਤੇ ਨਸ਼ੇੜੀਆਂ ਨੂੰ ਫੜ ਲੈਂਦੀ ਹੈ। ਇਨ੍ਹਾਂ ਨਸ਼ੇੜੀਆਂ ਵਿਚੋਂ ਇਕ ਦੀ ਬੀਵੀ ਆਪਣੇ ਖਾਵੰਦ ਨੂੰ ਪੁਲਿਸ ਤੋਂ ਬਚਾਉਣ ਲਈ ਥਾਣੇ ਆਉਂਦੀ ਹੈ ਅਤੇ ਕਹਿੰਦੀ ਹੈ ਕਿ ਉਸ ਦੇ ਖਾਵੰਦ ਨੂੰ ਇਕ ਪੁੜੀ ਹੈਰੋਇਨ ਦੀ ਦੇ ਦਿੱਤੀ ਜਾਵੇ, ਨਹੀਂ ਤਾਂ ਉਹ ਮਰ ਜਾਵੇਗਾ। ਉਹ ਔਰਤ ਪੁਲਿਸ ਅਤੇ ਸਰਕਾਰ ਨੂੰ ਇਸ ਸਾਰੇ ਵਰਤਾਰੇ ਦਾ ਜ਼ਿੰਮੇਵਾਰ ਕਹਿੰਦੀ ਹੈ ਜੋ ਲੋਕਾਂ ਨੂੰ ਨਸ਼ੇ ਦੀ ਦਲਦਲ ਵਿਚ ਧੱਕ ਰਹੇ ਹਨ।

ਨਾਟਕ ਵਿਚਲੇ ਉਹ ਪੰਜ ਦੋਸਤ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਲਈ ਵੱਡੇ ਤਸਕਰਾਂ ਨਾਲ ਭਿੜ ਜਾਂਦੇ ਹਨ। ਨਤੀਜੇ ਵਜੋਂ ਨਸ਼ੇ ਦੇ ਕਾਰੋਬਾਰ ਨੂੰ ਠੱਲ੍ਹ ਤਾਂ ਪਾ ਦਿੰਦੇ ਹਨ ਪਰ ਆਪ ਉਹ ਨਸ਼ੇ ਦੀ ਭੇਟ ਚੜ੍ਹ ਕੇ ਨਸ਼ੇ ਦੇ ਤਸਕਰਾਂ ਹੱਥੋਂ ਮਾਰੇ ਜਾਂਦੇ ਹਨ। ਇਸ ਨਾਟਕ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਨਾਟਕ ਰਾਹੀਂ ਨਸ਼ੇ ਦੇ ਕਾਰੋਬਾਰੀਆਂ ਦੀ ਪੋਲ ਖੋਲ੍ਹੀ ਗਈ ਅਤੇ ਉਸ ਸਮੇਂ ਦੇ



ਫਿਲਮ 'ਉੜਤਾ ਪੰਜਾਬ' ਵਿਚ ਅਦਾਕਾਰਾ ਕਰੀਨਾ ਕਪੂਰ

ਪਾਕਿਸਤਾਨੀ ਨੌਜਵਾਨਾਂ ਵਿਚ ਇਹ ਨਾਟਕ ਦੇਖ ਕੇ ਉਤਸ਼ਾਹ ਪੈਦਾ ਹੋਇਆ ਕਿ ਸਮਾਜ ਨੂੰ ਸੁਧਾਰਨ ਲਈ ਪੁਲਿਸ ਵਿਚ ਭਰਤੀ ਹੋਇਆ ਜਾਵੇ। ਨਤੀਜੇ ਵਜੋਂ ਉਸ ਸਮੇਂ ਸਭ ਤੋਂ ਵੱਧ ਪੜ੍ਹੇ-ਲਿਖੇ ਨੌਜਵਾਨ ਪੁਲਿਸ ਵਿਚ ਭਰਤੀ ਹੋਏ।

ਦੂਜੇ ਪਾਸੇ ਹਿੰਦੋਸਤਾਨੀ ਪੰਜਾਬ ਦੇ ਮੌਜੂਦਾ ਹਾਲਾਤ ਦੀ ਤਸਵੀਰ ਪੇਸ਼ ਕਰਨ ਵਾਲੀ ਫਿਲਮ 'ਉੜਤਾ ਪੰਜਾਬ' ਹੈ ਜਿਸ ਨੂੰ ਸੈਂਸਰ ਬੋਰਡ ਤੇ ਸਮੇਂ ਦੀਆਂ ਸਰਕਾਰਾਂ ਦੀ ਮੁਖਾਲਫਤ ਦਾ ਸਾਹਮਣਾ ਕਰਨਾ ਪਿਆ। ਹਾਲਾਤ ਦੋਹਾਂ ਪਾਸਿਆਂ ਦੇ ਇਕ ਤਰ੍ਹਾਂ ਦੇ ਹੀ ਹਨ ਪਰ ਫਰਕ ਸਿਰਫ ਪੁਲਿਸ ਦੇ ਕਿਰਦਾਰ ਦਾ ਹੈ। 'ਧੂੰਆਂ' ਨਾਟਕ ਵਿਚ ਪੁਲਿਸ ਨਸ਼ਿਆਂ ਖਿਲਾਫ ਅਤੇ 'ਉੜਤਾ ਪੰਜਾਬ' ਫਿਲਮ ਵਿਚ ਪੁਲਿਸ ਨਸ਼ਾ ਤਸਕਰਾਂ ਦੇ ਹੱਕ ਵਿਚ ਭੁਗਤਦੀ ਹੈ। ਉਂਜ, ਇਸ ਸਮੱਸਿਆ ਦਾ ਸਾਹਮਣਾ ਸਰਹੱਦੀ ਸੂਬੇ ਦੇ ਲੋਕ ਹੀ ਕਰਦੇ ਨਜ਼ਰ ਆਉਂਦੇ ਹਨ। ਕੋਇਟਾ ਅਫਗਾਨਿਸਤਾਨ ਨਾਲ ਲੱਗਦਾ ਹੈ ਅਤੇ ਪੰਜਾਬ ਪਾਕਿਸਤਾਨ ਨਾਲ ਲੱਗਦਾ ਸਰਹੱਦੀ ਸੂਬਾ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਤਰ੍ਹਾਂ ਦਾ ਵਰਤਾਰਾ ਸਰਹੱਦੀ ਸੂਬਿਆਂ ਵਿਚ ਹੀ ਕਿਉਂ ਹੈ? ਜੇ 'ਉੜਤਾ ਪੰਜਾਬ' ਦੇ ਬਿਰਤਾਂਤ ਬਾਰੇ ਗੱਲ ਕਰੀਏ ਤਾਂ ਇਸ ਵਿਚ ਵੀ 'ਧੂੰਆਂ' ਨਾਟਕ ਵਾਂਗ ਨੌਜਵਾਨਾਂ ਤੇ ਪੁਲਿਸ ਦੁਆਲੇ ਬਿਰਤਾਂਤ ਸਿਰਜਿਆ ਗਿਆ ਹੈ।

ਪੁਲਿਸ ਸਮਾਜ ਪ੍ਰਤੀ ਬਣਦੇ ਫਰਜ਼ ਤੋਂ ਭੱਜਦੀ ਨਜ਼ਰ ਆਉਂਦੀ ਹੈ ਅਤੇ ਨਸ਼ਾ ਤਸਕਰਾਂ ਦਾ ਸਾਥ ਦਿੰਦੀ ਹੈ। ਜਦੋਂ ਪੁਲਿਸ ਵਾਲਿਆਂ ਦੇ ਪਰਿਵਾਰ ਵਾਲੇ ਨਸ਼ੇ ਦੀ ਗ੍ਰਿਫਤ ਵਿਚ ਫਸਦੇ ਹਨ ਤਾਂ ਫਿਰ ਉਹ ਨਸ਼ਿਆਂ ਖਿਲਾਫ ਹੁੰਦੇ ਹਨ। ਦੂਜੇ ਪਾਸੇ, ਨੌਜਵਾਨਾਂ ਦੇ ਰੋਲ ਮਾਡਲ, ਭਾਵ ਨਾਇਕ ਨਸ਼ੇੜੀ ਗਾਇਕ ਹਨ। ਫਿਲਮ ਬਹੁਤ ਹੱਦ ਤਕ ਪੰਜਾਬ ਦੀ ਹਕੀਕੀ ਤਸਵੀਰ ਪੇਸ਼ ਕਰਦੀ ਹੈ। ਨਸ਼ੇ ਦੀ ਗ੍ਰਿਫਤ ਇਥੋਂ ਤਕ ਪਹੁੰਚ ਕਰਦੀ ਹੈ ਕਿ ਬਿਹਾਰ ਦੀ ਮਜ਼ਦੂਰ ਕੁੜੀ ਵੀ ਇਸ ਤੋਂ ਬਚ ਨਹੀਂ ਸਕੀ।

'ਧੂੰਆਂ' ਨਾਟਕ ਅਤੇ 'ਉੜਤਾ ਪੰਜਾਬ' ਫਿਲਮ ਵਿਚ ਇਹ ਫਰਕ ਹੈ ਕਿ ਨਾਟਕ ਇਸ ਤਰ੍ਹਾਂ ਦੀ ਸਮੱਸਿਆ ਨੂੰ ਹੱਲ ਕਰਨ ਵਿਚ ਸਫਲ ਹੁੰਦਾ ਨਜ਼ਰ ਆਉਂਦਾ ਹੈ, ਜਦੋਂ ਕਿ 'ਉੜਤਾ ਪੰਜਾਬ' ਫਿਲਮ ਪੰਜਾਬ ਦੇ ਹਾਲਾਤ ਵਾਂਗ ਦਿਸ਼ਾਹੀਣ ਨਜ਼ਰ ਆਉਂਦੀ ਹੈ। ਨਾਟਕ ਵਿਚਲੇ ਨਾਇਕ ਪੁਲਿਸ ਤੇ ਪੜ੍ਹੇ-ਲਿਖੇ ਲੋਕ ਬਣਦੇ ਹਨ ਜੋ ਲੋਕਾਂ ਅੰਦਰ ਉਮੀਦ ਦੀ ਕਿਰਨ ਜਗਾਉਂਦੇ ਹਨ ਅਤੇ ਸਫਲ ਵੀ ਹੋਏ; ਜਦੋਂਕਿ ਫਿਲਮ 'ਉੜਤਾ ਪੰਜਾਬ' ਵਿਚਲਾ ਨਾਇਕ ਨਸ਼ੇੜੀ ਗਾਇਕ ਤੇ ਰਿਸ਼ਵਤਖੋਰ ਪੁਲਿਸ ਵਾਲੇ ਹਨ ਜੋ ਪੰਜਾਬ ਨੂੰ ਭਵਿਖ ਵਿਚ ਹਨੇਰੇ ਵੱਲ ਲੈ ਕੇ ਜਾਂਦੇ ਹਨ। ਇਕੋ-ਇਕ ਆਸ ਦੀ ਕਿਰਨ ਨਰਸ ਕੁੜੀ ਵਿਚੋਂ ਨਜ਼ਰ ਆਉਂਦੀ ਹੈ ਜੋ ਨਸ਼ੇ ਦੇ ਤਸਕਰਾਂ ਤੋਂ ਖੁਦ ਨੂੰ ਬਚਾ ਨਹੀਂ ਸਕੀ। ਉਹ ਪੰਜਾਬ ਦੀ ਹੋਣੀ ਦੀ ਪ੍ਰਤੀਕ ਬਣਦੀ ਹੈ। ਜੇ ਨਸ਼ੇ ਦੀ ਅਲਾਮਤ ਨੂੰ ਜੜ੍ਹ ਤੋਂ ਖਤਮ ਕਰਨ ਦਾ ਉਪਰਾਲਾ ਨਾ ਕੀਤਾ ਗਿਆ ਤਾਂ ਪੰਜਾਬ ਸਿਰਫ ਸੁਪਨਿਆਂ 'ਚ ਹੀ ਪੰਜਾਬ ਰਹਿ ਜਾਵੇਗਾ।

-ਜਤਿੰਦਰ ਸਿੰਘ

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**

## ਪ੍ਰਥਮ ਪਾਤਿਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ

**ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ 12 ਨਵੰਬਰ 2019, ਦਿਨ ਮੰਗਲਵਾਰ ਨੂੰ ਆ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਗੁਰੂ ਘਰ ਵਲੋਂ ਉਲੀਕੇ ਪ੍ਰੋਗਰਾਮਾਂ ਦਾ ਵੇਰਵਾ ਇਸ ਤਰ੍ਹਾਂ ਹੈ:**

### 14ਵਾਂ ਮਹਾਨ ਨਗਰ ਕੀਰਤਨ

2 ਨਵੰਬਰ 2019, ਸਨਿਚਰਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਤੇ ਪੰਜ ਨਗਾਰਿਆਂ ਦੀ ਗੂੰਜ ਵਿਚ ਸਵੇਰੇ ਕਰੀਬ 11:30 ਵਜੇ 14ਵਾਂ ਮਹਾਨ ਨਗਰ ਕੀਰਤਨ ਗੁਰੂ ਘਰ ਤੋਂ ਅਰੰਭ ਹੋ ਕੇ ਹਿਲਸਾਈਡ 263 ਸਟਰੀਟ ਤੇ 82 ਐਵੇਨਿਊ ਤੋਂ ਹੁੰਦਾ ਹੋਇਆ ਸ਼ਾਮ ਤਿੰਨ ਵਜੇ ਗੁਰਦੁਆਰਾ ਸੰਤ ਸਾਗਰ ਵਿਖੇ ਵਾਪਸ ਪਹੁੰਚੇਗਾ। ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਟੈਕਸੀ ਵਾਲੇ ਵੀਰਾਂ ਵਲੋਂ ਸੇਂਟ ਗਰੈਗਰੀ ਚਰਚ ਦੇ ਪਾਰਕਿੰਗ ਲਾਟ (ਕਰੌਸ ਆਈਲੈਂਡ ਤੇ ਸਰਵਿਸ ਰੋਡ) ਵਿਖੇ ਹੋਵੇਗੀ।



### ਰੈਣ ਸਬਾਈ ਕੀਰਤਨ

8 ਨਵੰਬਰ 2019 ਨੂੰ ਸ਼ਾਮ 7 ਵਜੇ ਤੋਂ ਲੈ ਕੇ 2 ਵਜੇ ਤੱਕ ਅਖੰਡ ਕੀਰਤਨੀ ਜਥੇ ਵਲੋਂ ਰੈਣ ਸਬਾਈ ਕੀਰਤਨ ਹੋਵੇਗਾ।

### ਸਹਿਜ ਪਾਠਾਂ ਦਾ ਸਮੂਹਕ ਭੋਗ

9 ਨਵੰਬਰ ਨੂੰ ਪ੍ਰੇਮੀਆਂ ਵਲੋਂ ਘਰੋ ਘਰੀ ਕੀਤੇ ਗਏ ਸਹਿਜ ਪਾਠਾਂ ਦਾ ਸਮੂਹਕ ਭੋਗ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸ਼ਾਮ 6:30 ਵਜੇ ਪਾਇਆ ਜਾਵੇਗਾ।

ਉਪਰੰਤ ਕੀਰਤਨੀ ਜਥੇ ਰਲ ਕੇ ਆਤਮ ਰਸ ਕੀਰਤਨ ਰਾਤ 10 ਵਜੇ ਤੱਕ ਕਰਨਗੇ।

### 11 ਨਵੰਬਰ 2019, ਸੋਮਵਾਰ ਦਾ ਪ੍ਰੋਗਰਾਮ

ਸ਼ਾਮ ਨੂੰ 5:30 ਤੋਂ ਰਾਤ 12:30 ਵਜੇ ਤੱਕ
ਭਾਈ ਅਮਰੀਕ ਸਿੰਘ ਗੁਰਦਾਸਪੁਰੀ ਤੇ ਭਾਈ ਬਲਜਿੰਦਰ ਸਿੰਘ ਪਿਹੋਵੇ ਵਾਲੇ
10:30 ਤੋਂ 11:30 ਵਜੇ ਤੱਕ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਕੀਰਤਨ ਕਰਨਗੇ
11:30 ਤੋਂ 12:05 ਤੱਕ ਪ੍ਰਕਾਸ਼ ਦਿਹਾੜੇ ਦੀ ਕਥਾ ਤੋਂ ਉਪਰੰਤ ਆਰਤੀ ਕੀਰਤਨ ਅਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ।

### 12 ਨਵੰਬਰ, ਮੰਗਲਵਾਰ ਦੇ ਪ੍ਰੋਗਰਾਮ

ਸਵੇਰੇ 10 ਵਜੇ ਅਖੰਡ ਪਾਠ ਦੇ ਭੋਗ ਉਪਰੰਤ 2 ਵਜੇ ਤੱਕ ਦੀਵਾਨ ਸਜਾਏ ਜਾਣਗੇ। ਬਾਕੀ ਜਥਿਆਂ ਪਿਛੋਂ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦਾ ਪ੍ਰੋਗਰਾਮ ਇਕ ਵਜੇ ਤੋਂ ਦੋ ਵਜੇ ਤੱਕ ਹੋਵੇਗਾ।

ਅਖੰਡ ਪਾਠ ਤੇ ਲੰਗਰ ਦੀ ਸੇਵਾ ਜਸਵੀਰ ਸਿੰਘ ਲਾਲੀ ਅਤੇ ਪਰਿਵਾਰ ਵਲੋਂ ਹੋਵੇਗੀ

**ਸ਼ਾਮ ਦਾ ਪ੍ਰੋਗਰਾਮ**

ਸ਼ਾਮ 5 ਵਜੇ ਦੋ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ। ਉਪਰੰਤ 5:30 ਤੋਂ 10:30 ਵਜੇ ਤੱਕ ਮਹਾਨ ਕੀਰਤਨ ਦਰਬਾਰ ਹੋਵੇਗਾ।

ਬਾਕੀ ਜਥਿਆਂ ਪਿਛੋਂ 9:30 ਤੋਂ 10:30 ਵਜੇ ਤੱਕ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਕੀਰਤਨ ਕਰਨਗੇ।

ਅਖੰਡ ਪਾਠਾਂ ਅਤੇ ਲੰਗਰ ਦੀ ਸੇਵਾ ਭਾਈ ਨਿਸ਼ਾਨ ਸਿੰਘ ਅਤੇ ਭਾਈ ਮਸਤਾਨ ਸਿੰਘ ਦੇ ਪਰਿਵਾਰ ਵਲੋਂ ਹੋਵੇਗੀ।

### 16 ਨਵੰਬਰ ਦਾ ਵਿਸ਼ੇਸ਼ ਪ੍ਰੋਗਰਾਮ

16 ਨਵੰਬਰ, ਸਨਿਚਰਵਾਰ ਨੂੰ ਵਿਸ਼ੇਸ਼ ਪ੍ਰੋਗਰਾਮ ਵਾਈ.ਐਮ.ਸੀ.ਏ. ਪਾਰਕ, ਹਿਲਸਾਈਡ ਐਵੇਨਿਊ 'ਤੇ ਹੋਵੇਗਾ। ਗੁਰਦੁਆਰਾ ਸੰਤ ਸਾਗਰ ਤੋਂ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸਵੇਰੇ 10 ਵਜੇ ਰਵਾਨਾ ਹੋਵੇਗੀ। ਬਾਕੀ ਸੰਗਤ ਗੱਡੀਆਂ ਵਿਚ ਪਿਛੇ ਪਿਛੇ ਜਾਵੇਗੀ। 10:30 ਤੋਂ ਬਾਅਦ ਦੁਪਹਿਰ 3:30 ਵਜੇ ਤੱਕ ਮਹਾਨ ਕੀਰਤਨ ਦੀਵਾਨ ਹੋਵੇਗਾ, ਜਿਸ ਵਿਚ ਭਾਈ ਅਮਰੀਕ ਸਿੰਘ ਗੁਰਦਾਸਪੁਰੀ ਤੇ ਭਾਈ ਬਲਜਿੰਦਰ ਸਿੰਘ ਪਿਹੋਵੇ ਵਾਲੇ ਦਾ ਕੀਰਤਨੀ ਜਥਾ; ਭਾਈ ਮੋਹਣ ਸਿੰਘ ਬਡਾਣਾ ਦਾ ਢਾਡੀ ਜਥਾ; ਕਥਾਵਾਚਕ ਭਾਈ ਸੁਖਦੇਵ ਸਿੰਘ ਪਾਉਂਟਾ ਸਾਹਿਬ ਵਾਲੇ ਤੇ ਗਿਆਨੀ ਦਲਜੀਤ ਸਿੰਘ ਦਮਦਮੀ ਟਕਸਾਲ ਵਾਲੇ ਗੁਰਬਾਣੀ ਕੀਰਤਨ, ਢਾਡੀ ਵਾਰਾਂ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨਿਹਾਲ ਕਰਨਗੇ। ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਲੋਂ ਕੀਰਤਨ ਇਕ ਵਜੇ ਤੋਂ ਦੋ ਵਜੇ ਤੱਕ ਹੋਵੇਗਾ।

**ਵਿਸ਼ੇਸ਼ ਬੁਲਾਰੇ:** ਡਾ. ਅਮਰਜੀਤ ਸਿੰਘ ਅਤੇ ਡਾ. ਇਕਤਦਾਰ ਕਰਾਮਾਤ ਚੀਮਾ (ਪਾਕਿਸਤਾਨ) ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਇਸ ਦਿਨ ਪਾਰਕ 'ਚ ਲੰਗਰ ਦੀ ਸੇਵਾ ਬਲ ਪਰਿਵਾਰ, ਪੱਡਾ ਪਰਿਵਾਰ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਹੋਵੇਗੀ।

### 17 ਨਵੰਬਰ, ਐਤਵਾਰ ਦੇ ਪ੍ਰੋਗਰਾਮ

ਇਨ੍ਹਾਂ ਸਾਰੇ ਪ੍ਰੋਗਰਾਮਾਂ ਦੀ ਸਮਾਪਤੀ 17 ਨਵੰਬਰ, ਐਤਵਾਰ ਨੂੰ ਹੋਵੇਗੀ। ਅਖੰਡ ਪਾਠ ਦੇ ਭੋਗ ਉਪਰੰਤ 9:30 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਦੀਵਾਨ ਸਜਾਏ ਜਾਣਗੇ। ਬਾਕੀ ਜਥਿਆਂ ਤੋਂ ਇਲਾਵਾ 1:30 ਤੋਂ 2:30 ਵਜੇ ਤੱਕ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਕੀਰਤਨ ਕਰਨਗੇ। ਐਤਵਾਰ ਦੇ ਅਖੰਡ ਪਾਠ ਤੇ ਲੰਗਰ ਦੀ ਸੇਵਾ ਭਾਈ ਜਸਵੀਰ ਸਿੰਘ ਲਾਲੀ ਤੇ ਪਰਿਵਾਰ ਵਲੋਂ ਹੋਵੇਗੀ।

**ਸਾਰੇ ਪ੍ਰੋਗਰਾਮਾਂ 'ਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ**

**ਸਾਰੇ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ 11 ਨਵੰਬਰ ਅਤੇ 16 ਨਵੰਬਰ ਨੂੰ ਟੀ. ਵੀ. 'ਤੇ ਦਿਖਾਇਆ ਜਾਵੇਗਾ।**

**ਨੋਟ:** ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਅਮਰੀਕ ਸਿੰਘ ਗੁਰਦਾਸਪੁਰੀ ਅਤੇ ਭਾਈ ਸੁਖਦੇਵ ਸਿੰਘ ਪਾਉਂਟਾ ਸਾਹਿਬ ਵਾਲੇ ਹਰ ਰੋਜ਼ ਸ਼ਾਮ ਨੂੰ ਕੀਰਤਨ ਤੇ ਕਥਾ ਵਿਆਖਿਆ ਨਾਲ ਸੰਗਤ ਨੂੰ ਨਿਹਾਲ ਕਰਨਗੇ।

**ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**

**ਗੁਰੂ-ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: ਫੋਨ: 718-347-5659 ਜਾਂ 718-343-1030**
ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)